ابرائے نامہ —[ਇਬ-ਰਾਏ ਨਾਮ:] ਅਰ. ਫ਼ਾ. ਪੁ. ਦਾਵੇ ਛੱਡਣ ਦੀ ਲਿਖਤ; ਬਰੀ ਕਰਨ ਦਾ ਲਿਖਤੀ ਇਕਰਾਰ ।

[इब-राए नाम:] अर० फ़ा० पु० दावा छोड़ने की लिखित; मुक्त करने का लिखित इक़रार ।

ابرار —[ਅਬ-ਰਾਰ] ਅਰ. ਪੁ. 'ਬਰ' ਦਾ ਬਹੁਵਚਨ, ਭਲੇਮਾਣਸ ।

[अब-रार] अर० पु० 'बर' का बहुवचन, भलेमानस ।

ابراہیم —[ਇਬ-ਰਾਹੀਮ] ਅਰ. ਪੁ. ਹਜ਼ਰਤ ਇਬਰਾਹੀਮ, ਜਿਨ੍ਹਾਂ ਦਾ ਸਮਾਂ ੧੫੦੦ ਈ. ਪੂ. ਮੰਨਿਆ ਜਾਂਦਾ ਹੈ, ਹਜ਼ਰਤ ਮੁਹੰਮਦ ਸਾਹਿਬ ਆਪ ਦੀ ਔਲਾਦ ਵਿਚੋਂ ਹੀ ਸਨ ।

[इब-राहीम] अर० पु० हज़रत इब्राहीम, इन का समय १५०० ई० पू० माना जाता है, हज़रत मुहम्मद साहिब आप ही के वंशज थे ।

ابراہیم ادہم —[ਇਬ-ਰਾਹੀਮ ਅਦ-ਹਮ] ਅਰ. ਪੁ. ਅਧਮ ਦਾ ਪੁਤਰ ਇਬਰਾਹੀਮ ਜੋ ਬਲਖ਼ ਦਾ ਬਾਦਸ਼ਾਹ ਸੀ ਅਤੇ ਬਾਦਸ਼ਾਹੀ ਨੂੰ ਠੋਕਰ ਮਾਰ ਕੇ ਫ਼ਕੀਰ ਬਣ ਗਿਆ ਸੀ ।

[इब-राहीम अद-हम] अर० पु० अधम का पुत्र इब्राहीम जो बलख़ का बादशाह था और बादशाही को ठुकरा कर फ़कीर बन गया था ।

ابرص —[ਅਬ-ਰ:ਸ] ਅਰ. ਵਿ. ਕੋੜ੍ਹਾ, ਫੁਲਬਹਿਰੀਆ ।

[अब-र:स] अर० वि० कुष्ठ का रोगी, फुलबहरी का रोगी ।

ابرق (ابرک) —[ਅਬ-ਰਕ (ਅਬ-ਰਕ)] ਅਰ. ਉਰ. ਪੁ. ਅਬਰਕ ।

[अब-रक़ (अब-रक)] अर० उर्दू, पु० अभ्रक ।

ابرن —[ਅਬ-ਰਨ] ਪੁ. ਟੂਮ, ਗਹਿਣਾ, ਜ਼ੇਵਰ; ਕੰਨ, ਸਿਰ, ਨਕ, ਮੱਥੇ, ਛਾਤੀ, ਬਾਹਾਂ, ਗਲ, ਹੱਥ, ਹਥ ਦੀਆਂ ਉਂਗਲਾਂ, ਲੱਕ, ਪੈਰ ਤੇ ਪੈਰਾਂ ਦੀਆਂ ਉਂਗਲਾਂ ਵਿਚ ਪਹਿਨਣ ਦੇ ਬਾਰਾਂ ਗਹਿਣੇ ।

[अब-रन] पु० गहना, ज़ेवर, आभूषण; कान, सिर, नाक, माथा, छाती, बाँह, कण्ठ, हाथ, हाथ की उंगलियें, कटि, पैर और पैरों की उंगलियों में पहनने के बारह गहने ।

ابرو —[ਅਬ-ਰੂ] ਫ਼ਾ. ਇ. ਭਰਵੱਟਾ, ਭੌਂ ।

[अब-रू] फ़ा० स्त्री० भृकुटी, भौंह ।

ابرو پر میل نہ آنا —[ਅਬ-ਰੂ ਪਰ ਮੈਲ ਨ: ਆਣਾ] ਮੁਹਾ. ਹਰ ਦੁਖ ਸੁਖ ਨੂੰ ਖਿੜੇ ਮੱਥੇ ਬਰਦਾਸ਼ਤ ਕਰਨਾ ।

[अब-रू पर मैल न: आना] मुहा० प्रत्येक दुःख सुख को हर्ष से सहन करना ।

ابرو میں بل آنا یا پڑنا —[ਅਬ-ਰੂ ਮੇਂ ਬਲ ਆਨਾ ਯਾ ਪੜ-ਨਾ] ਮੁਹਾ. ਤਿਊੜੀ ਚੜ੍ਹਨਾ, ਗੁੱਸਾ ਚੜ੍ਹਨਾ ।

[अब-रू में बल आना या पड़-ना] मुहा० त्योरी चढ़ना, गुस्सा चढ़ना ।

ابروئے پیوستہ —[ਅਬ-ਰੂਏ ਪੈਵਸ-ਤ:] ਫ਼ਾ. ਪੁ. ਆਪੋ ਵਿਚ ਜੁੜੇ ਹੋਏ ਭਰਵੱਟੇ ।

[अब-रुए पैवस-त:] फ़ा० पु० आपस में जुड़ी हुई भौंहें ।

ابروئے فلک —[ਅਬ-ਰੂਏ ਫ਼ਲਕ] ਫ਼ਾ. ਪੁ. ਦੂਜ ਦਾ ਚੰਨ ।

[अब-रुए फ़लक] फ़ा० पु० बालेन्दु ।

ابرہ —[ਅਬ-ਰਹ] ਫ਼ਾ. ਪੁ. ਦੂਹਰੇ ਕਪੜੇ ਦੀ ਉਪਰਲੀ ਪਰਤ ।

[अब-रह] फ़ा० पु० दोहरे कपड़े की ऊपर वाली परत ।

ابرہہ —[ਅਬ-ਰਹ:] ਅਰ. ਪੁ. ਹਬਸ਼ ਦਾ ਇਕ ਬਾਦਸ਼ਾਹ ਜਿਸ ਨੇ ੫੭੦ ਈ. ਵਿਚ ਮੱਕੇ ਉਤੇ ਹਾਥੀਆਂ ਨਾਲ ਹਮਲਾ ਕੀਤਾ ਸੀ ।

[अब-रह:] अर० पु० हब्श का एक बादशाह जिस ने ५७० ई० में मक्के पर हाथियों के साथ हमला किया था ।

ابری —[ਅਬ-ਰੀ] ਫ਼ਾ. ਇ. ਵੇਲਦਾਰ ਤੇ ਫੁੱਲਦਾਰ ਕਾਗ਼ਜ਼ ਜੋ ਕਿਤਾਬਾਂ ਦੀਆਂ ਜਿਲਦਾਂ ਉਤੇ ਲਾਇਆ ਜਾਂਦਾ ਹੈ ।

[अब-री] फ़ा० स्त्री० एक प्रकार का चिकना बूटीदार काग़ज़ जो किताबों की जिल्दों पर चढ़ाया जाता है ।

ابریشم —[ਅਬ-ਰੇਸ਼ਮ] ਫ਼ਾ. ਪੁ. ਕੱਚਾ ਰੇਸ਼ਮ, ਰੇਸ਼ਮ ।

[अब-रेशम] फ़ा० पु० कच्चा रेशम, रेशम ।

ابریق —[ਇਬ-ਰੀਕ] ਅਰ. ਪੁ. ਲੋਟਾ, ਸੁਰਾਹੀ, ਗੜਵਾ; ਚਮਕਦਾਰ ਤਲਵਾਰ ।

[इब-रीक़] अर० पु० लोटा, सुराही, पानी रखने का टूटीदार पात्र; चमकीली तलवार ।

ابسنا —[ਉਬਸ-ਨਾ] ਕ੍ਰਿ. ਅਕ. ਹੁੰਮਸਣਾ, ਸੜਨਾ ।

[उब-सना] क्रि० अक० सड़ना, दुर्गन्धयुक्त होना ।

ابصار —[ਅਬ-ਸਾਰ] ਅਰ. ਇ. 'ਬ:ਸਰ' ਦਾ ਬਹੁਵਚਨ, ਅੱਖਾਂ ।

[अब-सार] अर० स्त्री० 'ब:सर' का बहुवचन, आँखें ।

ابطاء —[ਇਬ-ਤਾਅ] ਅਰ. ਪੁ. ਢਿੱਲ, ਦੇਰ ।

[इब-ताअ] अर० पु० ढील, देर ।

ابطال —[ਇਬ-ਤਾਲ] ਅਰ. ਪੁ. ਝੂਠੇ ਕਰਨ ਦਾ ਭਾਵ ।

[इब-ताल] अर० पु० झूठा करने का भाव ।

ابعاد ثلاثہ —[ਅਬ-ਆਦੇ ਸੁਲਾਸ:] ਅਰ. ਪੁ. ਤਿੰਨ ਪਾਸੇ, ਲੰਬਾਈ, ਚੌੜਾਈ, ਮੁਟਿਆਈ ।

[अब-आदे सलासः] अर० पु० लम्बाई, चौड़ाई, मोटाई आदि तीन तरफ़ ।

ابکار —[ਅਬ-ਕਾਰ] ਅਰ. ਇ. 'ਬਿਕ-ਰ' ਦਾ ਬਹੁਵਚਨ, ਕੁਆਰੀਆਂ ।

[अब-कार] अर० स्त्री० 'बिक-र' का बहुवचन, कुँवारियाँ ।

ابکائی —[ਉਬ-ਕਾਈ] ਇ. ਉਬੱਤ, ਕੈ ।

[उब काई] स्त्री० कै, वमन ।

ابلا —[ਅਬਲਾ] ਇ. ਇਸਤ੍ਰੀ ।

[अबला] स्त्री० स्त्री ।

ابلاغ —[ਇਬ-ਲਾਗ਼] ਅਰ. ਪੁ. ਪਹੁੰਚਾਉਣ ਦਾ ਭਾਵ, ਭੇਜਣ ਦਾ ਭਾਵ ।

[इब-लाग़] अर० पु० पहुँचाने का भाव; भेजने का भाव ।

ابلق —[ਅਬ-ਲਕ਼] ਅਰ. ਪੁ. ਚਿਤਕਬਰਾ ਘੋੜਾ ।

[अब-लक़] अर० पु० चित-कबरा घोड़ा ।

ابلقا —[ਅਬ-ਲਕ਼ਾ] ਅਰ. ਪੁ. ਤਿਲੀਅਰ ਦੇ ਬਰਾਬਰ ਕਾਲੇ ਖੰਭਾਂ ਤੇ ਸਫ਼ੈਦ ਪੇਟ ਵਾਲਾ ਪੰਛੀ ਜੋ ਬਹੁਤ ਸੁੰਦਰ ਰਾਗ ਅਲਾਪਦਾ ਹੈ ।

[अब-लक़ा] अर० पु० एक पक्षी जिस के पंख काले और पेट सफ़ेद होता है और अति सुन्दर राग अलापता है ।

ابلق ایام —[ਅਬ ਲਕ਼ੇ ਅੱਯਾਮ] ਅਰ. ਫ਼ਾ. ਪੁ. ਦਿਨ ਰਾਤ ।

[अब लक़े अय्याम] अर० फ़ा० पु० दिन रात ।

ابلق چشم —[ਅਬ-ਲਕ਼ ਚਸ਼-ਮ] ਅਰ. ਫ਼ਾ. ਵਿ. ਸੁੰਦਰ ਅੱਖਾਂ ਵਾਲਾ; ਕਾਲੀਆਂ ਤੇ ਚਿੱਟੀਆਂ ਅੱਖਾਂ ਵਾਲਾ ।

[अब-लक़ चश-म] अर० फ़ा० वि० सुन्दर नेत्रों वाला; सफ़ेद तथा काली आँखों वाला ।

ابلق لیل و نہار —[ਅਬ-ਲਕ਼ੇ ਲੈਲੋ ਨਹਾਰ] ਅਰ. ਫ਼ਾ. ਪੁ. ਦਿਨ ਰਾਤ ।

[अब लक़े लैलो नहार] अर० फ़ा० पु० दिन रात ।

ابلنا —[ਉਬਲ-ਨਾ] ਕ੍ਰਿ. ਅਕ. ਜੋਸ਼ ਖਾਣਾ; ਆਪੇ ਤੋਂ ਬਾਹਰ ਹੋਣਾ ।

[उबल-ना] क्रि० अक० जोश खाना; आपे से बाहर होना ।

ابل آنا —[ਉਬਲ ਆਣਾ] ਮੁਹਾ. ਉਬਲਣਾ; ਜੋਸ਼ ਨਾਲ ਬਾਹਰ ਨਿਕਲ ਪੈਣਾ ।

[उबल आना] मुहा० मन मोटा करना; आग पर चढ़े हुए तरल पदार्थ का फेन के साथ ऊपर चढ़ना ।

ابل پڑنا —[ਉਬਲ ਪੜ-ਨਾ] ਮੁਹਾ. ਬੁਰਾ ਭਲਾ ਕਹਿਣਾ; ਬਹੁਤ ਗੁੱਸੇ ਹੋਣਾ; ਉਦੇਗ ਕਾਰਨ ਭੇਤ ਨਾ ਲੁਕਾ ਸਕਣਾ ।

[उबल पड़-ना] मुहा० बुरा भला कहना, बहुत गुस्से होना; उद्वेग के कारण भेद न छुपा सकना ।

ابلہ —[ਅਬ-ਲਹ] ਅਰ. ਪੁ. ਅਹਿਮਕ, ਮੂਰਖ ।

[अब-लः] अर० पु० मूर्ख, मूढ़ ।

ابلہ فریب —[ਅਬ-ਲਹ ਫ਼ਰੇਬ] ਫ਼ਾ. ਵਿ. ਮੱਕਾਰ, ਦੰਭੀ, ਚਾਲਬਾਜ਼ ।

[अब-लः फ़रेब] फ़ा० वि० मक्कार, दम्भी, छलिया ।

ابلہی —[ਅਬ-ਲਹੀ] ਫ਼ਾ. ਇ. ਮੂਰਖਤਾ ।

[अब-लही] फ़ा० स्त्री० मूर्खता ।

ابلیس —[ਇਬ-ਲੀਸ] ਅਰ. ਪੁ. ਸ਼ੈਤਾਨ, ਖ਼ਬੀਸ, ਪਲੀਤ; ਮੱਕਾਰ, ਫ਼ਰੇਬੀ ।

[इब-लीस] अर० पु० शैतान, दुष्ट आत्मा, मक्कार, छली, धोखा देने वाला ।

ابلیس کا پیشاب —[ਇਬ-ਲੀਸ ਕਾ ਪੇਸ਼ਾਬ] ਪੁ. ਸ਼ੈਤਾਨ ਦਾ ਬੱਚਾ, ਬਦਮਾਸ਼ ।

[इब-लीस का पेशाब] पु० शैतान का बच्चा, बदमाश ।

ابن —[ਇਬ-ਨ] ਅਰ. ਪੁ. ਪੁੱਤਰ ।

[इब-न] अर० पु० पुत्र ।

ابن الرشد —[ਇਬ-ਨ ਰੁਸ਼-ਦ] ਸਪੇਨ ਦਾ ਮੁਸਲਮਾਨ ਲੇਖਕ ਜਿਸ ਨੇ ਅਰਸਤੂ ਦੀਆਂ ਪੁਸਤਕਾਂ ਦੇ ਟੀਕੇ ਕੀਤੇ ।

[इब-न रुश-द] अर० पु० स्पेन का मुसलमान लेखक जिस ने अरस्तू की पुस्तकों की टीकाएँ लिखी हैं ।

ابن السبیل —[ਇਬ-ਨੁੱਸਬੀਲ] ਅਰ. ਪੁ. ਮੁਸਾਫ਼ਰ, ਯਾਤਰੀ ।

[इब-नुस्सबील] अर० पु० मुसाफ़िर, यात्री ।

ابن الغرض —[ਇਬ-ਨੁਲ-ਗ਼ਰਜ਼] ਅਰ. ਪੁ. ਮਤਲਬੀ ਬੰਦਾ, ਖ਼ੁਦ ਗ਼ਰਜ਼ ਆਦਮੀ ।

[इब-नुल-ग़रज़] अर० पु० स्वार्थी मनुष्य, ख़ुदग़र्ज़ आदमी ।

ابن الوقت —[ਇਬ-ਨੁਲ-ਵਕ਼-ਤ] ਅਰ. ਪੁ. ਮੌਕਾ ਪਰਸਤ, (Time Server); ਡਾ० ਨਜ਼ੀਰ ਕ੍ਰਿਤ ਇਕ ਉਰਦੂ ਪੁਸਤਕ ਦਾ ਨਾਂ ।

[इब-नुल-वक़-त] अर० पु० अवसरवादी, (Time Server); डा० नज़ीर कृत एक उर्दू पुस्तक का नाम ।

ابنائے جہاں —[ਅਬ-ਨਾਏ ਜਹਾਂ] ਫ਼ਾ. ਪੁ. ਮਨੁੱਖ ਮਾਤਰ, ਪ੍ਰਾਣੀ ।

[अब-नाए जहाँ] फ़ा० पु० मनुष्य मात्र, प्राणी ।

ابن مریم—[ਇਬ-ਨੇ ਮਰ-ਯਮ, ਮਰੀਯਮ] ਅਰ. ਪੁ. ਹਜ਼ਰਤ ਮਰੀਯਮ ਦੇ ਪੁਤਰ ਹਜ਼ਰਤ ਈਸਾ।

[इब-ने मर-यम, मरीयम] अर॰ पु॰ हज़रत मरीयम के पुत्र हज़रत ईसा।

ابو—[ਅਬੂ] ਅਰ. ਪੁ. ਪਿਤਾ; ਮਾਲਕ।

[अबू] अर॰ पु॰ पिता; मालिक।

—ابوالبشر—[ਅਬੁਲ ਬਸ਼ਰ] ਅਰ. ਪੁ. ਬਾਬਾ ਆਦਮ।

[अबुल-बशर] अर॰ पु॰ बाबा आदम।

—ابوالبشر ثانی—[ਅਬੁਲ-ਬਸ਼ਰ ਸਾਨੀ] ਅਰ. ਪੁ. ਹਜ਼ਰਤ ਨੂਹ।

[अबुल-बशर सानी] हज़रत नूह।

—ابوالحسن—[ਅਬੁਲ-ਹਸਨ] ਅਰ. ਪੁ. ਇਕ ਪਰਸਿੱਧ ਮੁਸਲਮਾਨ ਵਿਦਵਾਨ ਦਾ ਨਾਂ ਹੈ ਜਿਸ ਨੇ ਗਣਿਤ ਜੋਤਸ਼ ਵਿਚ ਬਹੁਤ ਪਰਸਿੱਧੀ ਪਰਾਪਤ ਕੀਤੀ ਸੀ, ਉਮਰ ਖ਼ਿਆਮ ਇਸੇ ਦੇ ਸ਼ਾਗਿਰਦਾਂ ਵਿਚੋਂ ਸੀ।

[अबुल-हसन] अर॰ पु॰ एक प्रसिद्ध मुसलमान विद्वान् का नाम है, जिस ने गणित ज्योतिष में बहुत प्रसिद्धि प्राप्त की थी, उमर ख़य्याम इनके शिष्यों में से थे।

—ابوالفضل—[ਅਬੁਲ-ਫ਼ਜ਼-ਲ] ਅਰ. ਪੁ. ਅਕਬਰ ਬਾਦਸ਼ਾਹ ਦੇ ਨੌ ਰਤਨਾਂ ਵਿਚੋਂ ਇਕ ਜਿਸ ਨੇ ਅਕਬਰਨਾਮਾ, ਆਈਨੇ ਅਕਬਰੀ ਆਦਿ ਪੁਸਤਕਾਂ ਲਿਖੀਆਂ ਹਨ।

[अबुल-फ़ज़-ल] अर॰ पु॰ अकबर के नव रत्नों में से एक जिस ने अकबर नामा, आईने अकबरी आदि पुस्तकें लिखी हैं।

—ابوبکر—[ਅਬੂ-ਬਕ-ਰ] ਅਰ. ਪੁ. ਮੁਸਲਮਾਨਾਂ ਦੇ ਪਹਿਲੇ ਖ਼ਲੀਫ਼ਾ ਜੋ ੬੩੨ ਈ. ਵਿਚ ਤਖ਼ਤ ਤੇ ਬੈਠੇ ਤੇ ੬੩੪ ਵਿਚ ਚਲਾਣਾ ਕਰ ਗਏ।

[अबू-बक-र] अर॰ पु॰ मुसलमानों के पहले ख़लीफ़ा जो ६३२ ईस्वी में तख़्त पर बैठे और जिन का ६३४ में देहान्त हो गया।

—ابوتراب—[ਅਬੂਤੁਰਾਬ] ਅਰ. ਪੁ. ਹਜ਼ਰਤ ਅਲੀ।

[अबूतुराब] अर॰ पु॰ हज़रत अली।

—ابو جہل—[ਅਬੂਜਹ-ਲ] ਅਰ. ਪੁ. ਅਮਰ ਇਬਨ ਹੇਸ਼ਾਮ ਦੀ ਕੁਨੀਅਤ ਜੋ ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਸਨ ਪਰ ਆਪ ਜੀ ਦੇ ਪੱਕੇ ਵਿਰੋਧੀ ਸਨ, ਆਖ਼ਰਕਾਰ ਜੰਗ ਬਦਰ ਵਿਚ ਮਾਰੇ ਗਏ।

[अबूजह-ल] अर॰ पु॰ अमर इब्न हस्साम की कुनीयत जो हज़रत मुहम्मद साहिब के चाचे थे, परन्तु आपके पक्के विरोधी थे अन्ततः जंग बदर में मारे गये।

—ابو حنیفہ—[ਅਬੂ ਹਨੀਫ਼ਾ] ਅਰ. ਪੁ. ਸੁੰਨੀਆਂ ਦੇ ਚਾਰ ਇਮਾਮਾਂ ਵਿਚੋਂ ਇਕ, ਆਪ ਨੂੰ ਇਮਾਮੇ ਆਜ਼ਮ ਆਖਦੇ ਹਨ।

[अबू हनीफ़ः] अर॰ पु॰ सुन्नियों के चार इमामों में से एक, आप को इमामे आज़म कहते हैं।

ابواب—[ਅਬ-ਵਾਬ] ਅਰ. ਪੁ. 'ਬਾਬ' ਦਾ ਬਹੁਵਚਨ; ਦਰਵਾਜ਼ੇ, ਉਹ ਰੁਪਈਆ ਜੋ ਮਾਲਗੁਜ਼ਾਰੀ ਦੇ ਨਾਲ ਨਾਲ ਸੜਕਾਂ ਤੇ ਸਕੂਲਾਂ ਆਦਿ ਦੇ ਚੰਦੇ ਵਜੋਂ ਜ਼ਿਮੀਂਦਾਰਾਂ ਕੋਲੋਂ ਵਸੂਲ ਕੀਤਾ ਜਾਂਦਾ ਹੈ।

[अब-वाब] अर॰ पु॰ 'बाब' का बहुवचन; दरवाज़े; वह रुपया जो मालगुज़ारी के साथ साथ सड़कों तथा स्कूलों आदि के लिये चन्दे के तौर पर ज़िमींदारों से वसूल किया जाता है।

—ابواب ملکی—[ਅਬ-ਵਾਬੇ ਮੁਲ-ਕੀ] ਅਰ. ਫ਼ਾ. ਪੁ. ਪ੍ਰਾਂਤਕ ਮਾਲਗੁਜ਼ਾਰੀ।

[अब-वाबे मुल-की] अर॰ फ़ा॰ पु॰ प्रान्तीय मालगुज़ारी।

ابھارنا—[ਉਭਾਰ-ਨਾ] ਕ੍ਰਿ. ਸਕ. ਉਕਸਾਉਣਾ; ਉੱਚਾ ਕਰਨਾ; ਤਿਆਰ ਕਰਨਾ।

[उभार-ना] क्रि॰ सक॰ उकसाना; ऊँचा करना; तैयार करना।

ابہام—[ਇਬ-ਹਾਮ] ਅਰ. ਪੁ. ਅੰਗੂਠਾ; ਅਸਪਸ਼ਟਤਾ, ਇਕ ਅਲੰਕਾਰ।

[इब-हाम] अर॰ पु॰ अंगूठा; अस्पष्टता; एक अलंकार

ابہت—[ਉਬੱਹਤ] ਅਰ. ਇ. ਸ਼ਾਨ, ਵਡਿਆਈ।

[उब्बहत] अर॰ स्त्री॰ शान, बड़ाई।

ابھرنا—[ਉਭਰ-ਨਾ] ਕ੍ਰਿ. ਅਕ. ਉਤਾਂਹ ਵਲ ਉਠਣਾ, ਉੱਚਾ ਹੋਣਾ, ਪਾਣੀ ਵਿਚ ਡੁਬ ਕੇ ਉਪਰ ਆਉਣਾ, ਜ਼ਾਹਰ ਹੋਣਾ; ਗ਼ਰੂਰ ਕਰਨਾ।

[उभर-ना] क्रि॰ अ॰ ऊँचा होना; ऊपर को उठना; पानी में डूब कर ऊपर आना; प्रकट होना; गर्व करना।

—ابھر کر چلنا—[ਉਭਰ ਕਰ ਚਲ-ਨਾ] ਮੁਹਾ. ਆਕੜ ਕੇ ਤੁਰਨਾ, ਮਟਕ ਕੇ ਚਲਣਾ।

[उभर कर चल-ना] मुहा॰ ऐंठ कर चलना, मटक कर चलना।

ابھی—[ਅਭੀ] ਕ੍ਰਿ. ਵਿ. ਹੁਣੇ, ਹਾਲਾਂ, ਅਜੇ।

[अभी] क्रि॰ वि॰ इसी वक्त, इसी समय, इसी वक्त।

—ابھی دلّی دور ہے—[ਅਭੀ ਦਿੱਲੀ ਦੂਰ ਹੈ] ਅਖੌ. ਹਾਲੇ ਮੰਜ਼ਲ ਦੂਰ ਹੈ, ਅਜੇ ਸਫਲਤਾ ਹੋਣ ਵਿਚ ਚਿਰ ਹੈ।

[अभी दिल्ली दूर है] लोको॰ अभी लक्ष्य दूर है, अभी सफलता में देरी है।

—ابھی سے—[ਅਭੀ ਸੇ] ਕ੍ਰਿ. ਵਿ. ਹੁਣੇ ਤੋਂ।

[अभी से] क्रि० वि० अभी समय से, अब से ही ।

ابیات—[ਅਬ-ਯਾਤ] ਅਰ. ਪੁ. ਬੈਂਤ ਦਾ ਬਹੁਵਚਨ, ਸ਼ੇਅਰ, ਸ਼ਿਅਰ ।

[अब-यात] अर० पु० बैंत का बहुवचन, बैंते, पद ।

(عبیر) ابیر—[ਅਬੀਰ] ਅਰ. ਪੁ. ਅਬੀਰ, ਗੁਲਾਲ ।

[अबीर] अर० पु० लाल रंग की बुकनी, गुलाल ।

ابیض—[ਅਬ-ਯਜ਼] ਅਰ. ਪੁ. ਚਿੱਟਾ, ਸਫ਼ੈਦ ।

[अब-यज़] अर० पु० श्वेत, सफेद ।

—ابے—[ਅਬੇ] ਅਰ. ਆਮ ਤੌਰ ਤੇ ਘਿਰਣਾ ਵਜੋਂ ਵਰਤਿਆ ਜਾਣ ਵਾਲਾ ਸ਼ਬਦ, ਓਏ ।

[अबे] अव्य० आम तौर पर घृणा के रूप में प्रयुक्त किया जाने वाला शब्द, अरे ।

—ابے تبے کرنا—[ਅਬੇ ਤਬੇ ਕਰ-ਨਾ] ਮੁਹਾ. ਅਸੱਭ ਸ਼ਬਦ ਬੁਲਾਣਾ ਜਿਸ ਨੂੰ ਸੰਬੋਧਨ ਕਰਨਾ ।

[अबे तबे कर-ना] मुहा० असभ्यता के शब्द कहना ।

اپاڑ—[ਉਪਾੜ] ਪੁ. ਚਮੜੀ ਦੇ ਫਿੱਸੇ ਜਾਣ ਦਾ ਭਾਵ; ਛਾਲਾ ਪੈਣ ਦਾ ਭਾਵ ।

[उपाड़] पु० चमड़ी के उतर जाने का भाव, फफोले पड़ जाने का भाव ।

اپاڑنا—[ਉਪਾੜ-ਨਾ] ਕ੍ਰਿ. ਸਕ. ਉਖੇੜਨਾ ।

[उपाड़-ना] क्रि० सक० उखाड़ना ।

اپاہج—[ਅਪਾਹਜ] ਵਿ. ਪੁ. ਅੰਗਹੀਣ, ਲੰਗੜਾ, ਲੂਲਾ; ਬੇਕਾਰ ।

[अपाहज] वि० पु० अंगहीन, लूला, लंगड़ा; बेकार ।

اپج—[ਉਪਜ] ਇ. ਨਵੀਂ ਗੱਲ, ਕਾਢ; ਪੈਦਾਵਾਰ ।

[उपज] स्त्री० नई बात, नई सूझ; पैदावार ।

—اپج کی لینا—[ਉਪਜ ਕੀ ਲੇਣਾ] ਮੁਹਾ. ਨਵੀਂ ਗੱਲ ਆਖਣਾ, ਕਾਢ ਕੱਢਣਾ; ਨਵੀਂ ਤਾਨ ਲਾਉਣਾ ।

[उपज की लेना] मुहा० नई बात कहना, आविष्कार निकालना; नई तान लगाना ।

اپجاؤ—[ਉਪ-ਜਾਊ] ਵਿ. ਜ਼ਰਖ਼ੇਜ਼ ।

[उप-जाऊ] वि० जिस में अच्छी उपज हो ।

اپجنا—[ਉਪਜ-ਣਾ] ਕ੍ਰਿ. ਅਕ. ਉੱਗਣਾ, ਨਿਕਲਣਾ, ਪੈਦਾ ਹੋਣਾ, ਪ੍ਰਗਟ ਹੋਣਾ ।

[उपज-ना] क्रि० अक० उत्पन्न होना, पैदा होना, उगना; प्रगट होना ।

اپدیش—[ਉਪ-ਦੇਸ਼] ਸੰ. ਪੁ. ਨਸੀਹਤ, ਨੇਕ ਸਲਾਹ, ਹਿਦਾਇਤ ।

[उप-देश] सं० पु० शिक्षा, सीख, नसीहत ।

اپدیشک—[ਉਪ-ਦੇਸ਼ਕ] ਸੰ. ਪੁ. ਉਪਦੇਸ਼ ਕਰਨ ਵਾਲਾ, ਲੈਕਚਰਾਰ ।

[उप-देशक] सं० पु० उपदेश करने वाला, वक्ता ।

اپریل—[ਅਪ-ਰੈਲ] ਅੰਗ. ਪੁ. ਅੰਗਰੇਜ਼ੀ ਸਾਲ ਦਾ ਚੌਥਾ ਮਹੀਨਾ, (April) ।

[अप-रैल] अंग० पु० अंग्रेजी साल का चौथा महीना, (April) ।

اپسرا—[ਅਪ-ਸਰਾ] ਸੰ. ਇ. ਇੰਦਰ ਦੇ ਅਖਾੜੇ ਦੀ ਪਰੀ; ਪਾਣੀ, ਜੰਗਲ ਜਾਂ ਸਮੁੰਦਰ ਦੀ ਦੇਵੀ; ਸੁੰਦਰ ਇਸਤਰੀ, ਪਰੀ ।

[अप-सरा] सं० स्त्री० इन्द्र की सभा में नाचने वाली देवांगना; वन, पहाड़ या समुद्र की देवी, परम रूपवती स्त्री, परी ।

اپلا—[ਉਪ-ਲਾ] ਪੁ. ਪਾਥੀ, ਥਾਪੀ ।

[उप-ला] पु० जलाने के लिए सुखाया हुआ गोबर, कंडा ।

اپنا—[ਅਪ-ਣਾ] ਪੜ. ਪੁ. ਆਪਣਾ, ਅਪਣਾ, ਸਾਡਾ, ਨਿਜੀ, ਅਜ਼ੀਜ਼ ।

[अप-ना] सर्व० पु० निज का, दूसरे का नहीं, हमारा, निजी प्रिय मित्र या सम्बन्धी ।

—اپنا آپا—[ਅਪ-ਣਾ ਆਪਾ] ਪੁ. ਆਪਣਾ ਮਨ ।

[अप-ना आपा] पु० अपना मन ।

—اپنا اپنا—[ਅਪ-ਣਾ ਅਪ-ਣਾ] ਪੜ. ਆਪਣਾ ਆਪਣਾ, ਹਰੇਕ ਦਾ ਆਪਣਾ, ਨਿਜੀ ।

[अप-ना अप-ना] सर्व० निज का, अपना, हर एक का अपना ।

—اپنا اپنا، پرایا پرایا—[ਅਪ-ਣਾ ਅਪ-ਣਾ, ਪਰਾਇਆ ਪਰਾਇਆ] ਅਖੌ. ਗ਼ੈਰ ਗ਼ੈਰ ਹੀ ਤੇ ਆਪਣਾ ਆਪਣਾ ਹੈ; ਸਾਕ ਜੇਹਾ ਪ੍ਰੀਤ ਪਿੱਤਲ ।

[अप-ना अप-ना, पराया पराया] लोको० दूसरा तो है ही दूसरा और अपना अपना है; अपना भला और दूसरा बुरा ।

—اپنا اپنا کرنا اپنا اپنا بھرنا—[ਅਪ-ਨਾ ਅਪ-ਨਾ ਕਰ-ਨਾ ਅਪ-ਨਾ ਅਪ-ਨਾ ਭਰ-ਨਾ] ਅਖੌ. ਜੈਸਾ ਕਰੇਗਾ ਵੈਸਾ ਭਰੇਗਾ, ਜੈਸੀ ਕਰਨੀ ਵੈਸੀ ਭਰਨੀ।

[अप-ना अप-ना कर-ना अप-ना अप-ना भर-ना] लोको॰ जैसा करेगा वैसा भरेगा, जैसी करनी वैसी भरनी।

—اپنا الو سیدھا کرنا—[ਅਪ-ਨਾ ਉੱਲੂ ਸੀਧਾ ਕਰ-ਨਾ] ਮੁਹਾ. ਕਿਸੇ ਨੂੰ ਬੇਵਕੂਫ਼ ਬਣਾ ਕੇ ਆਪਣਾ ਮਤਲਬ ਕੱਢਣਾ।

[अप-ना उल्लू सीधा कर-ना] मुहा॰ अपना मतलब सिद्ध करना।

—اپنا بالا اور پرایا ڈھینگرا—[ਅਪ-ਨਾ ਬਾਲਾ ਔਰ ਪਰਾਯਾ ਢੀਂਗਰਾ] ਅਖੌ. ਆਪਣੀ ਚੀਜ਼ ਨੂੰ ਹਰ ਕੋਈ ਸਲਾਹੁੰਦਾ ਹੈ।

[अपना बाला और पराया ढींगरा] लोको॰ अपनी चीज़ की हर एक स्तुति करता है।

—اپنا بنا لینا—[ਅਪ-ਨਾ ਬਨਾ ਲੇਨਾ] ਮੁਹਾ. ਆਪਣੇ ਨਾਲ ਮਿਲਾ ਲੈਣਾ।

[अप-ना बना लेना] मुहा॰ अपने पक्ष का कर लेना।

—اپنا پوت پرایا ڈھینگر—[ਅਪ-ਨਾ ਪੂਤ ਪਰਾਯਾ ਢੀਂਗਰ] ਅਖੌ. ਆਪਣੀ ਚੀਜ਼ ਜ਼ਿਆਦਾ ਪਿਆਰੀ ਹੁੰਦੀ ਹੈ।

[अप-ना पूत पराया ढींगर] लोको॰ अपनी चीज़ बहुत प्यारी होती है।

—اپنا پیٹ تو کتا بھی پالتا ہے—[ਅਪ-ਨਾ ਪੇਟ ਤੋ ਕੁੱਤਾ ਭੀ ਪਾਲ-ਤਾ ਹੈ] ਅਖੌ. ਆਪਣੀ ਆਮਦਨ ਤੋਂ ਆਪ ਹੀ ਫ਼ਾਇਦਾ ਉਠਾਉਣਾ ਜਾਂ ਆਪਣੇ ਹੀ ਕੰਮ ਵਿਚ ਲਿਆਉਣ ਤੇ ਇਸ ਤੋਂ ਕਿਸੇ ਹੋਰ ਨੂੰ ਹਿੱਸਾ ਨਾ ਦੇਣ ਤੇ ਬੋਲੀ ਜਾਣ ਵਾਲੀ ਅਖੌਤ।

[अप-ना पेट तो कुत्ता भी पाल-ता है] लोको॰ स्वार्थ साधन तो प्रत्येक को ही सुलभ है परन्तु जो कोई परमार्थ की ओर बिलकुल ही ध्यान न दे और अपना ही मतलब सिद्ध करने में जुटा रहने पर प्रयुक्त लोकोक्ति।

—اپنا پیٹ کاٹ کر—[ਅਪ-ਨਾ ਪੇਟ ਕਾਟ ਕਰ] ਕ੍ਰਿ. ਵਿ. ਆਪ ਭੁੱਖਾ ਰਹਿ ਕੇ, ਆਪ ਪੈਸਾ ਬਚਾ ਕੇ।

[अप-ना पेट काट कर] क्रि॰ वि॰ आप भूखे रह कर, आप पैसा बचा कर।

—اپنا پیسہ کھوٹا پرکھنے والے کا کیا دوش—[ਅਪ-ਨਾ ਪੈਸਾ ਖੋਟਾ ਪਰਖ-ਨੇ ਵਾਲੇ ਕਾ ਕਯਾ ਦੋਸ਼] ਅਖੌ. ਜਦੋਂ ਆਪਣੀ ਔਲਾਦ ਹੀ ਨਾਲਾਇਕ ਨਿਕਲੇ ਤਾਂ ਦੂਜੇ ਦਾ ਕੀ ਕਸੂਰ ਹੈ।

[अप-ना पैसा खोटा परख-ने वाले का क्या दोष] लोको॰ जब अपनी सन्तान ही अयोग्य हो तो दूसरे का क्या कसूर है।

—اپنا ٹھکانا کرنا—[ਅਪ-ਨਾ ਠਿਕਾਨਾ ਕਰ-ਨਾ] ਮੁਹਾ. ਆਪਣੇ ਗੁਜ਼ਾਰੇ ਅਤੇ ਰਹਿਣ ਦਾ ਬੰਦੋਬਸਤ ਆਪ ਕਰਨਾ।

[अप-ना ठिकाना कर-ना] मुहा॰ अपने निर्वाह अथवा रहने का प्रबन्ध आप करना।

—اپنا جوہر دکھانا—[ਅਪ-ਨਾ ਜੌਹਰ ਦਿਖਾਨਾ] ਮੁਹਾ. ਆਪਣਾ ਹੁਨਰ ਵਿਖਾਉਣਾ।

[अप-ना जौहर दिखाना] मुहा॰ अपनी कला दिखाना।

—اپنا رکھ پرایا چکھ—[ਅਪ-ਨਾ ਰਖ ਪਰਾਯਾ ਚਖ] ਅਖੌ. ਸਿਆਣਪ ਨਾਲ ਆਪਣੀ ਚੀਜ਼ ਤਾਂ ਸੰਭਾਲ ਕੇ ਰਖਣਾ ਪਰ ਦੂਜੇ ਦਾ ਮਾਲ ਉਡਾਉਣ ਦਾ ਭਾਵ।

[अप-ना रख पराया चख] लोको॰ अपनी वस्तु को तो सम्भाल कर रखना परन्तु दूसरे की हड़प कर जाने का भाव।

—اپنا سا منہ لے کر رہ جانا—[ਅਪ-ਨਾ ਸਾ ਮੂੰਹ ਲੇ ਕਰ ਰਹ ਜਾਨਾ] ਮੁਹਾ. ਸ਼ਰਮਿੰਦਾ ਹੋਣਾ, ਕਿਸੇ ਗੱਲ ਦਾ ਜਵਾਬ ਨਾ ਸੁੱਝ ਸਕਣਾ।

[अप-ना सा मुँह लेकर रह जाना] मुहा॰ लज्जित होना, किसी बात का जवाब न आना।

—اپنا سبھیتا کرنا—[ਅਪ-ਨਾ ਸੁਭੀਤਾ ਕਰ-ਨਾ] ਮੁਹਾ. ਆਪਣੀ ਫ਼ਿਕਰ ਕਰਨਾ; ਆਪਣੇ ਲਈ ਆਰਾਮ ਦੀ ਸੂਰਤ ਕਢਣਾ।

[अप-ना सुभीता कर-ना] मुहा॰ अपनी चिन्ता करना; अपने लिये आराम की व्यवस्था करना।

—اپنا کام کرو—[ਅਪ-ਨਾ ਕਾਮ ਕਰੋ] ਵਾ. ਮੰ. ਜਾਓ ਆਪਣਾ ਰਸਤਾ ਫੜੋ (ਇਹ ਸ਼ਬਦ ਉਸ ਵਕਤ ਬੋਲਦੇ ਹਨ ਜਦੋਂ ਕੋਈ ਆਪਣਾ ਕੰਮ ਛਡ ਕੇ ਦੂਜੇ ਦੇ ਕੰਮ ਵਿਚ ਦਖ਼ਲ ਦੇਵੇ)।

[अप-ना काम करो] वाक्य॰ अपना रास्ता पकड़ो, (जब कोई व्यक्ति अपने काम को छोड़ कर दूसरे के काम में हस्तक्षेप करे तब ऐसा कहते हैं)।

—اپنا کتا باندھو ہم بھیک سے باز آئے—[ਅਪ-ਨਾ ਕੁੱਤਾ ਬਾਂਧੋ ਹਮ ਭੀਕ ਸੇ ਬਾਜ਼ ਆਏ] ਅਖੌ. 'ਜੇ ਨਫ਼ਾ ਨਹੀਂ ਪਹੁੰਚਾਉਂਦੇ ਤਾਂ ਦੁੱਖ ਨਾ ਦੇਵੋ'।

[अप-ना कुत्ता बांधो हम भीक से बाज़ आए] लोको॰ यदि कोई लाभ न पहुँचाता हो तो दुःख तो नहीं देना चाहिये।

—اپنا کیا پانا—[ਅਪ-ਣਾ ਕੀਤਾ ਪਾਣਾ] ਮੁਹਾ. ਜੇਹੀ ਕਰਨੀ ਤੇਹੀ ਭਰਨੀ।

[अप-ना किया पाना] मुहा० जैसी करनी वैसी भरनी।

—اپنا گھر بھرنا—[ਅਪ-ਣਾ ਘਰ ਭਰ-ਣਾ] ਮੁਹਾ. ਕਿਸੇ ਦਾ ਮਾਲ ਆਪਣੇ ਕਬਜ਼ੇ ਕਰਨਾ।

[अप-ना घर भर-ना] मुहा० किसी का माल अपने अधिकार में कर लेना।

—اپنا لال گنوا کے در در مانگیں بھیک—[ਅਪ-ਣਾ ਲਾਲ ਗੰਵਾ ਕੇ ਦਰ-ਦਰ ਮਾਂਗੇਂ ਭੀਖ] ਅਖੌ. ਆਪਣਾ ਮਾਲ ਖੋ ਕੇ ਦੂਜੇ ਦਾ ਸਹਾਰਾ ਭਾਲਣਾ।

[अप-ना लाल गंवा के दर-दर मांगे भीख] लोको० अपना माल खो कर दूसरे का आसरा देखना।

—اپنا لہو پینا—[ਅਪ-ਣਾ ਲਹੂ ਪੀਣਾ] ਮੁਹਾ. ਗੁੱਸਾ ਖਾਣਾ।

[अप-ना लहू पीना] मुहा० गुस्सा खाना।

—اپنا مارے گا تو پھر چھاؤں میں بٹھائے گا—[ਅਪ-ਣਾ ਮਾਰੇਗਾ ਤੋ ਫਿਰ ਛਾਉਂ ਮੇਂ ਬਿਠਾਇਗਾ] ਅਖੌ. ਆਪਣਾ ਜੇ ਦੁਖ ਵੀ ਦੇਵੇਗਾ ਤਾਂ ਵੀ ਗ਼ੈਰ ਦੀ ਬਨਿਸਬਤ ਉਸ ਦੇ ਦਿਲ ਵਿਚ ਰਹਿਮ ਜ਼ਰੂਰ ਆ ਜਾਵੇਗਾ।

[अप-ना मारेगा तो फिर छांव में बिठाएगा] लोको० अपना यदि दुःख भी देगा तो भी अन्य की अपेक्षा उसके हृदय में दया होगी।

—اپنا مال اپنی چھاتی تلے—[ਅਪ-ਣਾ ਮਾਲ ਅਪ-ਣੀ ਛਾਤੀ ਤਲੇ] ਅਖੌ. ਆਪਣਾ ਮਾਲ ਆਪਣੇ ਕੋਲ ਹੀ ਠੀਕ ਹੁੰਦਾ ਹੈ।

[अप-ना माल अप-नी छाती तले] लोको० अपना माल अपने ही अधिकार में होना चाहिए।

—اپنا مرن جگت کی ہنسی—[ਅਪ-ਣਾ ਮਰਨ ਜਗਤ ਕੀ ਹੰਸੀ] ਅਖੌ. ਵਿਰੋਧੀਆਂ ਦੀ ਮੌਤ ਗੁਆਂਢੀਆਂ ਦਾ ਹਾਸਾ।

[अप-ना मरन जगत की हंसी] लोको० निर्धनों की मौत गँवारों की हँसी।

—اپنانا—[ਅਪ-ਣਾਨਾ] ਕ੍ਰਿ. ਸਕ. ਆਪਣਾ ਬਣਾਉਣਾ, ਆਪਣੀ ਵਰਤੋਂ ਵਿਚ ਲਿਆਉਣਾ।

[अप-नाना] क्रि० सक० अपना बनाना; अपने उपयोग में लाना।

—اپنا ہی رونا رونا—[ਅਪ-ਣਾ ਹੀ ਰੋਣਾ ਰੋਣਾ] ਮੁਹਾ. ਆਪਣੀ ਹੀ ਬਿਪਤਾ ਦਾ ਬਿਆਨ ਕਰਨਾ, ਆਪਣੀ ਹੀ ਗੱਲ ਕਰੀ ਜਾਣਾ।

[अप-ना ही रोना रोना] मुहा० अपनी ही कठिनाइयाँ बताना, अपना ही राग अलापना।

—اپنائیت—[ਅਪ-ਣਾਇਤ] ਇ. ਆਪਣਾਪਣ, ਰਿਸ਼ਤੇਦਾਰੀ।

[अप-नायत] स्त्री० अपनत्व, सम्बन्ध।

اپنشد—[ਉਪ ਨਿਸ਼ਦ] ਸੰ. ਪੁ. ਹਿੰਦੂਆਂ ਦੀਆਂ ਧਾਰਮਕ ਪੁਸਤਕਾਂ ਜਿਨ੍ਹਾਂ ਵਿਚ ਆਤਮਾ ਪਰਮਾਤਮਾ ਆਦਿ ਦਾ ਬਿਆਨ ਹੈ।

[उप-निषद्] सं० पु० हिन्दुओं की धार्मिक पुस्तकें जिन में आत्मा परमात्मा आदि का निरूपण है।

اپنی—[ਅਪ-ਣੀ] ਪੜ. ਆਪਣੀ।

[अप-नी] सर्व० निजी।

—اپنی اپنی بولی بولنا—[ਅਪ-ਣੀ ਅਪ-ਣੀ ਬੋਲੀ ਬੋਲ-ਣਾ] ਮੁਹਾ. ਹਰੇਕ ਦਾ ਆਪਣੀ ਰਾਇ ਜ਼ਾਹਰ ਕਰਨਾ।

[अप-नी अप-नी बोली बोल-ना] मुहा० अपनी अपनी सम्मति पृथक् रूप में रखना।

—اپنی اپنی پڑنا—[ਅਪ-ਣੀ ਅਪ-ਣੀ ਪੜ-ਣਾ] ਮੁਹਾ. ਆਪੋ-ਧਾਪੀ ਪੈਣਾ।

[अप-नी अप-नी पड़-ना] मुहा० आपा-धापी पड़ना।

—اپنی اپنی ڈفلی ، اپنا اپنا راگ—[ਅਪ-ਣੀ ਅਪ-ਣੀ ਡਫ਼-ਲੀ ਅਪ-ਣਾ ਅਪ-ਣਾ ਰਾਗ] ਅਖੌ. ਹਰ ਆਦਮੀ ਦੀ ਰੁਚੀ ਤੇ ਮਜ਼ਾਜ ਅਲਗ ਅਲਗ ਹੁੰਦਾ ਹੈ।

[अप-नी अप-नी डफ़-ली अप-ना अप-ना राग] लोको० एक साथ मिल कर कोई काम न करने की विधि।

—اپنی اپنی گور اپنی اپنی منزل—[ਅਪ-ਣੀ ਅਪ-ਣੀ ਗੋਰ ਅਪ-ਣੀ ਅਪ-ਣੀ ਮਨ-ਜ਼ਿਲ] ਅਖੌ. ਕੋਈ ਕਿਸੇ ਦਾ ਸਾਥੀ ਨਹੀਂ।

[अप-नी अप-नी गोर अप-नी अप-नी मन-ज़िल] लोको० कोई किसी का साथी नहीं।

—اپنی بات اپنے ہاتھ ہے—[ਅਪ-ਣੀ ਬਾਤ ਅਪ-ਣੇ ਹਾਥ ਹੈ] ਅਖੌ. ਆਪਣੀ ਇੱਜ਼ਤ ਆਪਣੇ ਹੱਥ ਹੈ।

[अप-नी बात अप-ने हाथ है] लोको० अपनी इज़्ज़त अपने हाथ है।

—اپنی بات پر آ جانا—[ਅਪ-ਣੀ ਬਾਤ ਪਰ ਆ ਜਾਣਾ] ਮੁਹਾ. ਆਪਣੀ ਗੱਲ ਤੇ ਅੜ ਜਾਣਾ।

[अप-नी बात पर आ जाना] मुहा० अपनी बात पर अड़ जाना।

—اپنی ڈیڑھ اینٹ کی مسجد الگ بنانا—[ਅਪ-ਨੀ ਡੇਢ਼ ਈਂਟ ਕੀ ਮਸ-ਜਿਦ ਅਲਗ ਬਨਾਨਾ] ਮੁਹਾ. ਕਿਸੇ ਦੀ ਰਾਏ ਨਾ ਮੰਨਣਾ।

[अप-नी डेढ़ ईंट की मस-जिद अलग बनाना] मुहा॰ किसी की राय न मानना।

—اپنی رادھا کو یاد کرو—[ਅਪ-ਨੀ ਰਾਧਾ ਕੋ ਯਾਦ ਕਰੋ] ਵਾ. ਸੰ. ਆਪਣਾ ਕੰਮ ਕਰੋ।

[अप-नी राधा को याद करो] वाक्य॰ अपना काम करो।

—اپنی عقل اور پرائی دولت بہت بڑی معلوم ہوتی ہے—[ਅਪ-ਨੀ ਅਕ-ਲ ਔਰ ਪਰਾਈ ਦੌਲਤ ਬਹੁਤ ਬੜੀ ਮਾ'ਅਲੂਮ ਹੋਤੀ ਹੈ] ਅਖੌ. ਲੋਕ ਆਪਣੀ ਅਕਲ ਤੇ ਪਰਾਏ ਧਨ ਨੂੰ ਵਧੇਰੇ ਸਮਝਦੇ ਹਨ।

[अप-नी अ़क़-ल और पराई दौलत बहुत बड़ी मा'लूम होती है] मुहा॰ लोग अपनी बुद्धि और पराए धन को बढ़ कर मानते हैं।

—اپنی غرض کو لوگ گدھے کو بھی باپ بناتے ہیں—[ਅਪ-ਨੀ ਗ਼ਰਜ਼ ਕੋ ਲੋਗ ਗਧੇ ਕੋ ਭੀ ਬਾਪ ਬਨਾਤੇ ਹੈਂ] ਅਖੌ. ਗ਼ਰਜ਼ ਕਾਰਣ ਨੀਚ ਬੰਦਿਆਂ ਦੀਆਂ ਖੁਸ਼ਾਮਦਾਂ ਕਰਨੀਆਂ ਪੈਂਦੀਆਂ ਹਨ।

[अप-नी ग़र्ज़ को लोग गधे को भी बाप बनाते हैं] लोको॰ स्वार्थ साधन के लिये नीच पुरुषों की भी खुशामद करनी पड़ती है।

—اپنی قسمت کو رونا—[ਅਪ-ਨੀ ਕ਼ਿਸ-ਮਤ ਕੋ ਰੋਨਾ] ਮੁਹਾ. ਆਪਣੇ ਕਰਮਾਂ ਦੀ ਸ਼ਿਕਾਇਤ ਕਰਨਾ।

[अप-नी क़िस-मत को रोना] मुहा॰ अपने ही कर्मों की शिकायत करना।

—اپنی کرنی پار اترنی—[ਅਪ-ਨੀ ਕਰ-ਨੀ ਪਾਰ ਉਤਰ-ਨੀ] ਅਖੌ. ਆਪਣੇ ਅਮਲ ਹੀ ਕੰਮ ਆਉਂਦੇ ਹਨ।

[अप-नी कर-नी पार उतर-नी] लोको॰ अपना किया ही काम आता है।

—اپنے حال میں مست ہونا—[ਅਪ-ਨੀ ਹਾਲ ਮੇਂ ਮਸ-ਤ ਹੋਨਾ] ਮੁਹਾ. ਆਪਣੇ ਹਾਲ ਵਿਚ ਮਗਨ ਹੋਣਾ, ਗ਼ਰੀਬੀ ਵਿਚ ਮਗਨ ਰਹਿਣਾ।

[अप-नी हाल में मस-त होना] मुहा॰ अपने आप में ही मस्त रहना, कंगाली में भी मस्त रहना।

—اپنی گرہ سے کیا جاتا ہے—[ਅਪ-ਨੀ ਗਿਰਹ ਸੇ ਕਯਾ ਜਾਤਾ ਹੈ] ਵਾ. ਸੰ. ਆਪਣਾ ਕੀ ਹਰਜ ਹੁੰਦਾ ਹੈ?

[अप-नी गिरह से क्या जाता है] वाक्य॰ अपनी हस में क्या हानि है!

—اپنی گرہ کا—[ਅਪ-ਨੀ ਗਿਰਹ ਕਾ] ਵਾ.ਸੰ. ਆਪਣੇ ਪੱਲੇ ਦਾ।

[अप-नी गिरह का] वाक्य॰ अपने पल्ले का।

—اپنی گلی میں کتا بھی شیر ہے—[ਅਪ-ਨੀ ਗਲੀ ਮੇਂ ਕੁੱਤਾ ਭੀ ਸ਼ੇਰ ਹੈ] ਅਖੌ. ਆਪਣੇ ਘਰ ਕਮਜ਼ੋਰ ਨੂੰ ਵੀ ਹੌਸਲਾ ਹੁੰਦਾ ਹੈ।

[अप-नी गली में कुत्ता भी शेर है] लोको॰ अपने घर पर निर्बल को भी हौसला होता है।

—اپنی گوں گانٹھنا—[ਅਪ-ਨੀ ਗੌਂ ਗਾਂਠ-ਨਾ] ਮੁਹਾ. ਚਾਪਲੂਸੀ ਨਾਲ ਕੰਮ ਕੱਢਣਾ।

[अप-नी गौं गांठ-ना] मुहा॰ चापलूसी से काम निकालना।

—اپنی گوں کا یار—[ਅਪ-ਨੀ ਗੌਂ ਕਾ ਯਾਰ] ਪੁ. ਆਪਣੇ ਮਤਲਬ ਦਾ ਬੰਦਾ, ਮਤਲਬੀ।

[अप-नी गौं का यार] पु॰ अपने मतलब का आदमी, स्वार्थ-साधक।

—اپنی نیند سونا اپنی نیند جاگنا—[ਅਪ-ਨੀ ਨੀਂਦ ਸੋਨਾ ਅਪ-ਨੀ ਨੀਂਦ ਜਾਗ-ਨਾ] ਮੁਹਾ. ਬੇਫ਼ਿਕਰੀ ਨਾਲ ਜੀਵਨ ਬਤੀਤ ਕਰਨਾ, ਕਿਸੇ ਦਾ ਪਾਬੰਦ ਨਾ ਹੋਣਾ।

[अप-नी नींद सोना अप-नी नींद जाग-ना] मुहा॰ निश्चिन्तता से जीवन व्यतीत करना, पराधीन न होना।

اپنے—[ਅਪ-ਨੇ] ਪੜ. 'ਅਪਨਾ' ਦਾ ਬਹੁਵਚਨ, ਰਿਸ਼ਤੇਦਾਰ।

[अप-ने] सर्व॰ 'अपना का' बहुवचन, रिश्तेदार।

—اپنے آپ—[ਅਪ-ਨੇ ਆਪ] ਕ੍ਰਿ. ਵਿ. ਆਪਣੇ ਆਪ, ਖ਼ੁਦ-ਬਖ਼ੁਦ।

[अप-ने आप] क्रि॰ वि॰ स्वयं, खुद बखुद।

—اپنے آپ کو—[ਅਪ-ਨੇ ਆਪ ਕੋ] ਪੜ. ਆਪਣੀ ਜ਼ਾਤ ਨੂੰ।

[अप-ने आप को] सर्व॰ स्वयं को।

—اپنے اپنے حال میں مست ہیں—[ਅਪ-ਨੇ ਅਪ-ਨੇ ਹਾਲ ਮੇਂ ਮਸ-ਤ ਹੈਂ] ਵਾ. ਸੰ. ਜੋ ਜਿਸ ਹਾਲਤ ਵਿਚ ਹੈ ਉਸੇ ਵਿਚ ਖ਼ੁਸ਼ ਹੈ।

[अप-ने अप-ने हाल में मस-त हैं] वाक्य॰ जो जिस हालत में है उसी में प्रसन्न है।

—اپنے اپنے گھر سب بادشاہ ہیں—[ਅਪ-ਣੇ ਅਪ-ਣੇ ਘਰ ਸਭ ਬਾਦ-ਸ਼ਾਹ ਹੈਂ] ਕਾ. ਕੀ. ਆਪਣੇ ਆਪਣੇ ਘਰ ਸਭੇ ਅਮੀਰ ਹਨ।

[अप-ने अप-ने घर सब बाद-शाह हैं] लोकोº अपने अपने घर सभी साहूकार हैं।

—اپنے پاؤں پر آپ کلہاڑی مارنا—[ਅਪ-ਣੇ ਪਾਉਂ ਪਰ ਆਪ ਕੁਲਹਾ-ੜੀ ਮਾਰ-ਨਾ] ਮੁਹਾ. ਆਪਣਾ ਨੁਕਸਾਨ ਆਪ ਕਰਨਾ।

[अप-ने पाँव पर आप कुल्हा-ड़ी मार-ना] मुहाº अपना नुकसान आप करना।

—اپنے تئیں—[ਅਪਣੇ ਤਈਂ] ਪੜ. ਆਪਣੇ ਆਪ ਨੂੰ।

[अपने तईं] सर्वº अपने आप को।

—اپنے جامے سے باہر ہونا—[ਅਪ-ਣੇ ਜਾਮੇ ਸੇ ਬਾਹਰ ਹੋਨਾ] ਮੁਹਾ. ਕਪੜਿਆਂ ਤੋਂ ਬਾਹਰ ਹੋਣਾ, ਬਹੁਤ ਗੁੱਸੇ ਹੋਣਾ, ਬਹੁਤ ਖੁਸ਼ ਹੋਣਾ।

[अप-ने जामे से बाहर होना] मुहाº अति कुपित होना; अति प्रसन्न होना।

—اپنے حال میں نہ رہنا—[ਅਪ-ਣੇ ਹਾਲ ਮੇਂ ਨਃ ਰਹ-ਨਾ] ਮੁਹਾ. ਆਪੇ ਤੋਂ ਬਾਹਰ ਹੋ ਜਾਣਾ।

[अप-ने हाल में नः रह-ना] मुहाº आपे से बाहर हो जाना।

—اپنے حق میں کانٹے بونا—[ਅਪ-ਣੇ ਹੱਕ ਮੇਂ ਕਾਂਟੇ ਬੋ-ਨਾ] ਮੁਹਾ. ਆਪਣੇ ਲਈ ਖੂਹ ਪੁੱਟਣਾ।

[अप-ने हक़ में कांटे बो-ना] मुहाº अपने लिये कुआँ खोदना।

—اپنے دام کھوٹے پرکھنے والے کو کیا دوش—[ਅਪ-ਣੇ ਦਾਮ ਖੋਟੇ ਪਰਖ-ਨੇ ਵਾਲੇ ਕੋ ਕਯਾ ਦੋਸ਼] ਅਖੌ. ਆਪਣੇ ਐਬਾਂ ਵਲ ਧਿਆਨ ਦੇਵੋ, ਐਬ ਫੜਨ ਵਾਲੇ ਨੂੰ ਬੁਰਾ ਭਲਾ ਨਾ ਆਖੋ।

[अप-ने दाम खोटे परख-ने वाले को क्या दोष] लोकोº अपनी त्रुटियों की ओर ध्यान दो, त्रुटियाँ निकालने वाले को बुरा भला न कहो।

—اپنے دنوں کو رونا—[ਅਪ-ਣੇ ਦਿਨੋਂ ਕੋ ਰੋਨਾ] ਮੁਹਾ. ਆਪਣੀ ਮੰਦਹਾਲੀ ਤੇ ਅਫ਼ਸੋਸ ਕਰਨਾ, ਬੀਤੇ ਸਮੇਂ ਦੇ ਐਸ਼ ਅਰਾਮ ਨੂੰ ਯਾਦ ਕਰਕੇ ਪਛਤਾਉਣਾ।

[अप-ने दिनों को रोना] मुहाº अपने बुरे दिनों का पश्चात्ताप करना, विपत्ति में सुख के दिन याद करना और पछताना।

—اپنے دہی کو کون کھٹا کہتا ہے—[ਅਪ-ਣੇ ਦਹੀ ਕੋ ਕੌਨ ਖੱਟਾ ਕਹ-ਤਾ ਹੈ] ਅਖੌ. ਕੋਈ ਵੀ ਆਪਣੀ ਚੀਜ਼ ਨੂੰ ਬੁਰਾ ਨਹੀਂ ਆਖਦਾ।

[अप-ने दही को कौन खट्टा कह-ता है] लोकोº अपनी वस्तु को कोई भी बुरा नहीं कहता।

—اپنے ڈھائی چاول الگ پکانا—[ਅਪ-ਣੇ ਢਾਈ ਚਾਵਲ ਅਲਗ ਪਕਾਨਾ] ਮੁਹਾ. ਸਭ ਨਾਲੋਂ ਵੱਖਰੀ ਰਾਏ ਰੱਖਣਾ; ਆਪਣੀ ਮਰਜ਼ੀ ਦੇ ਮੁਤਾਬਕ ਕੰਮ ਕਰਨਾ; ਕਿਸੇ ਦੇ ਸਮਝਾਉਣ ਤੇ ਅਸਰ ਨਾ ਕਰਨਾ; ਮਨ ਆਈ ਕਰਨਾ।

[अप-ने ढाई चावल अलग पकाना] मुहाº सब से पृथक् ही राय देना; अपनी इच्छानुसार काम करना; किसी के समझाने का कोई प्रभाव न मानना; मन भाई करना।

—اپنے ڈھب کا—[ਅਪ-ਣੇ ਢਬ ਕਾ] ਵਿ. ਆਪਣੇ ਮਤਲਬ ਦਾ, ਆਪਣੀ ਪਸੰਦ ਦਾ।

[अप-ने ढब का] विº अपने मतलब का, अपनी पसन्द का।

—اپنے ساتھ لپیٹنا—[ਅਪ-ਣੇ ਸਾਥ ਲਪੇਟ-ਨਾ] ਮੁਹਾ. ਆਪਣੇ ਨਾਲ ਸ਼ਾਮਲ ਕਰਨਾ।

[अप-ने साथ लपेट-ना] मुहाº अपने साथ शामिल करना।

—اپنے سائے سے وحشت ہونا—[ਅਪ-ਣੇ ਸਾਏ ਸੇ ਵਹ-ਸ਼ਤ ਹੋਨਾ] ਮੁਹਾ. ਹੱਦੋਂ ਵੱਧ ਵਹਿਮੀ ਹੋਣਾ।

[अप-ने साए से वह-शत होना] मुहाº बहुत बढ़ चढ़ कर शङ्कालु होना।

—اپنے قبح کی خیر منانا—[ਅਪਣੇ ਕੁਬ-ਹ ਕੀ ਖ਼ੈਰ ਮਨਾਨਾ] ਮੁਹਾ. ਆਪਣਾ ਭਲਾ ਚਾਹੁਣਾ, ਆਪਣੇ ਫ਼ਾਇਦੇ ਦਾ ਖ਼ਿਆਲ ਰੱਖਣਾ।

[अपने क़ब-ह की ख़ैर मना-ना] मुहाº अपना भला चाहना, अपने लाभ का ध्यान रखना।

—اپنے کام سے کام رکھنا—[ਅਪ-ਣੇ ਕਾਮ ਸੇ ਕਾਮ ਰਖ-ਨਾ] ਮੁਹਾ. ਆਪਣੇ ਕੰਮ ਤਾਈਂ ਮਤਲਬ ਰੱਖਣਾ; ਆਪਣੇ ਕੰਮ ਵਿਚ ਲੱਗੇ ਰਹਿਣਾ।

[अप-ने काम से काम रख-ना] मुहाº अपने काम से मतलब रखना; अपने काम में लगे रहना।

—اپنے کئے پر پچھتانا—[ਅਪ-ਣੇ ਕੀਏ ਪਰ ਪਛ-ਤਾਨਾ] ਮੁਹਾ. ਕੋਈ ਕੰਮ ਕਰਕੇ ਪਿੱਛੋਂ ਪਛਤਾਉਣਾ ।

[अप-ने किये पर पछ-ताना] मुहा० कोई काम कर के पछताना ।

—اپنے کئے کا کیا علاج—[ਅਪ-ਣੇ ਕਿਯੇ ਕਾ ਕਯਾ ਇਲਾਜ] ਅਖੌ. ਆਪਣੀ ਕੀਤੀ ਗ਼ਲਤੀ ਦਾ ਆਪ ਖਮਿਆਜ਼ਾ ਭੁਗਤਣਾ ਪੈਂਦਾ ਹੈ ।

[अप-ने किये का क्या इलाज] लोको० अपनी की हुई ग़लती का फल आप ही भुगतना पड़ता है ।

—اپنے گریبان میں منہ ڈالنا—[ਅਪਣੇ ਗਿਰੇਬਾਨ ਮੇਂ ਮੂੰਹ ਡਾਲ-ਨਾ] ਮੁਹਾ. ਆਪਣੇ ਐਬ ਦੇਖਣਾ ।

[अप-ने गिरेबान में मुँह डाल-ना] मुहा० अपनी त्रुटियाँ देखना ।

—اپنے منہ میاں مٹھو بننا—[ਅਪ-ਣੇ ਮੂੰਹ ਮਿਯਾਂ ਮਿੱਠੂ ਬਨ-ਨਾ] ਮੁਹਾ. ਆਪਣੀ ਤਾਰੀਫ਼ ਆਪ ਕਰਨਾ ।

[अप-ने मुँह मियाँ मिट्ठू बन-ना] मुहा० अपनी प्रशंसा आप ही करना ।

—اپنے نینا مجھے دے تو گھوم پھر کے دیکھ—[ਅਪ-ਣੇ ਨੈਨਾ ਮੁਝੇ ਦੇ ਤੂ ਘੂਮ ਫਿਰ ਕੇ ਦੇਖ] ਅਖੌ. ਆਪਣੇ ਨੈਣ ਮੈਨੂੰ ਦੇ ਤੂੰ ਮਟਕਾਉਂਦੀ ਫਿਰ ।

[अप-ने नैना मुझे दे तू घूम फिर के देख] लोको० अपने नयन मुझे दे तू मटकाती फिर ।

—اپنے نین گنوا کے در در مانگی بھیک—[ਅਪ-ਣੇ ਨੈਨ ਗੰਵਾ ਕੇ ਦਰ ਦਰ ਮਾਂਗੀ ਭੀਖ] ਅਖੌ. ਆਪਣੀ ਦੌਲਤ ਗੁਆ ਕੇ ਦੁਨੀਆਂ ਦਾ ਮੁਥਾਜ ਹੋਣ ਦਾ ਭਾਵ ।

[अप-ने नैन गंवा के दर-दर मांगी भीख] लोको० अपने हाथों सम्पत्ति लुटा कर पराधीन हो जाने का भाव ।

—اپنے وقت کا حاتم—[ਅਪ-ਣੇ ਵਕ਼-ਤ ਕਾ ਹਾਤਿਮ] ਪੁ. ਬੜਾ ਸਖੀ, ਬੜਾ ਦਰਿਆ ਦਿਲ ।

[अप-ने वक़-त का हातिम] पु० महान् दानी, अत्यन्त उदारचित्त ।

—اپنے ہاتھوں—[ਅਪ-ਣੇ ਹਾਥੋਂ] ਕ੍ਰਿ. ਵਿ. ਆਪਣੇ ਹੱਥੀਂ, ਜਾਣ ਬੁਝ ਕੇ ।

[अप-ने हाथों] क्रि० वि० अपने ही हाथों से, जान बूझ कर ।

—اپنے ہاتھوں اپنی قبر کھودنا—[ਅਪ-ਣੇ ਹਾਥੋਂ ਅਪ-ਨੀ ਕ਼ਬ-ਰ ਖੋਦ-ਨਾ] ਮੁਹਾ. ਆਪਣੇ ਹੱਥੀਂ ਕੰਡੇ ਬੀਜਣਾ ।

[अप-ने हाथों अप-नी क़ब-र खोद-ना] मुहा० जान बूझ कर कष्ट में पड़ना ।

—اپنے ہاتھ ہونا—[ਅਪ-ਣੇ ਹਾਥ ਹੋਨਾ] ਮੁਹਾ. ਆਪਣੇ ਕਾਬੂ ਵਿਚ ਹੋਣਾ, ਆਪਣੇ ਵੱਸ ਹੋਣਾ ।

[अप-ने हाथ होना] मुहा० अपने अधीन होना, अपने अधिकार में होना ।

اپھارا—[ਅਫਾਰਾ] ਪੁ. ਇਕ ਰੋਗ ਜਿਸ ਵਿਚ ਪੇਟ ਫੁੱਲ ਜਾਂਦਾ ਹੈ ।

[अफारा] पु० एक रोग जिस में पेट फूल जाता है ।

اپھرنا—[ਅਫਰ-ਨਾ] ਕ੍ਰਿ. ਅਕ. ਆਫਰਨਾ ।

[अफर-ना] क्रि० अक० अफर जाना ।

اپیل—[ਅਪੀਲ] ਅੰਗ. ਪੁ. ਛੋਟੇ ਹਾਕਮ ਦੇ ਫ਼ੈਸਲੇ ਤੋਂ ਸੰਤੁਸ਼ਟ ਨਾ ਹੋਣ ਕਰਕੇ ਵੱਡੇ ਹਾਕਮ ਕੋਲ ਪਹਿਲੇ ਹਾਕਮ ਦਾ ਫ਼ੈਸਲਾ ਮਨਸੂਖ਼ ਕਰਨ ਲਈ ਕੀਤੀ ਬਿਨੈ ।

[अपील] अंग० पु० छोटे हाकिम के फ़ैसले से असंतुष्ट हो कर बड़े हाकिम से पहले हाकिम का फ़ैसला मनसूख़ करने की विनय ।

—اپیل خارج ہونا—[ਅਪੀਲ ਖ਼ਾਰਿਜ ਹੋਨਾ] ਮੁਹਾ. ਮੁਕਦਮੇ ਦਾ ਫ਼ੈਸਲਾ ਅਪੀਲ ਕਰਨ ਤੇ ਵੀ ਜਿਉਂ ਦਾ ਤਿਉਂ ਰਹਿਣਾ ।

[अपील ख़ारिज होना] मुहा० अभियोग का फ़ैसला अपील करने पर भी ज्यों का त्यों रहना ।

—اپیل خاص—[ਅਪੀਲ ਖ਼ਾਸ] ਪੁ. ਪਰੀਵੀ-ਕੌਂਸਲ ਵਿਚ ਕੀਤੀ ਗਈ ਅਪੀਲ ।

[अपील ख़ास] पु० प्रिवी-कौंसिल में की गई अपील ।

—اپیل داخل کرنا—[ਅਪੀਲ ਦਾਖ਼ਿਲ ਕਰ-ਨਾ] ਮੁਹਾ. ਉਤਲੇ ਹਾਕਮ ਦੇ ਪਾਸ ਮੁਕਦਮਾ ਲੈ ਜਾਣਾ ।

[अपील दाख़िल कर-ना] मुहा० उच्च-अधिकारी के पास मुकदमा ले जाना ।

—اپیل سرسری—[ਅਪੀਲੇ ਸਰ-ਸਰੀ] ਪੁ. ਉਹ ਅਪੀਲ ਜਿਸ ਦਾ ਇਕੋ ਗਵਾਹੀ ਤੋਂ ਫ਼ੈਸਲਾ ਹੋ ਜਾਵੇ ।

[अपीले सर-सरी] पु० वह अपील जिसका एक ही गवाही पर फ़ैसला हो जाए ।

—اپیل متخالف—[ਅਪੀਲੇ ਮੁਤਖ਼ਾਲਿਫ਼] ਪੁ. ਇਕ ਦੂਜੇ ਦੇ ਵਿਰੁਧ ਕੀਤੀ ਅਪੀਲ ।

[अपील मुतरद्दालिफ़] पु० एक दूसरे के विरुद्ध की गई अपील

اپیل مسترد ہونا—[ਅਪੀਲ ਮੁਸ-ਤਰੱਦ ਹੋਣਾ] ਮੁਹਾ. ਅਪੀਲ ਖਾਰਜ ਹੋਣਾ।

[अपील मुस-तरद होना] मुहा० अपील खारिज होना।

اتا—[ਅਤਾ] ਤੁਰ. ਪੁ. ਪਿਤਾ।

[अता] तुर० पु० पिता।

اتاترک—[ਅਤਾਤੁਰ-ਕ] ਤੁਰ. ਪੁ. ਤੁਰਕਾਂ ਦਾ ਪਿਤਾ; ਗ਼ਾਜ਼ੀ ਮੁਸਤਫ਼ਾ ਕਮਾਲ ਪਾਸ਼ਾ ਦੀ ਉਪਾਧੀ।

[अतातुर-क] तुर० पु० तुर्कों के पिता; गाज़ी मुस्तफ़ा कमाल पाशा की उपाधि।

اتابک—[ਅਤਾਬਕ] ਤੁਰ. ਪੁ. ਮਾਲਕ; ਉਸਤਾਦ; ਈਰਾਨ ਵਿਚ ਬਾਦਸ਼ਾਹਾਂ ਅਤੇ ਵਜ਼ੀਰਾਂ ਦੀ ਉਪਾਧੀ।

[अताबक] तुर० पु० मालिक; उस्ताद; ईरान में बादशाहों तथा मन्त्रियों की उपाधि।

اتار—[ਉਤਾਰ] ਪੁ. ਉਤਰਨ ਦਾ ਭਾਵ; ਢਲਾਣ; ਘਟ ਜਾਣ ਦਾ ਭਾਵ

[उतार] पु० उतरने का भाव; ढलान; घट जाने का भाव।

اتار چڑھاؤ—[ਉਤਾਰ ਚੜ੍ਹਾਉ] ਪੁ. ਉਚ-ਨੀਚ; ਵਧਾਰ ਘਾਟਾ; ਵੱਧ ਘੱਟ।

[उतार चढ़ाव] पु० ऊंच-नीच; ज्वारभाटा; घटती बढ़ती।

اتارن—[ਉਤਾਰਨ] ਇ. ਹੰਢਾ ਕੇ ਲਾਹ ਛੱਡਿਆ ਕਪੜਾ।

[उतारन] स्त्री० पहन कर उतारी हुई पोशाक।

اتارنا—[ਉਤਾਰ-ਨਾ] ਕ੍ਰਿ. ਸਕ. ਲਾਹੁਣਾ; ਦਰਿਆ ਤੋਂ ਪਾਰ ਲੈ ਜਾਣਾ; ਨਕਲ ਕਰਨਾ, ਠਹਿਰਾਉਣਾ, ਡੇਗਣਾ, ਵਾਰਨਾ।

[उतार-ना] क्रि० सक० ऊंचे से नीचे को लाना; दरिया के पार ले जाना; नकल करना; ठहराना; गिराना; न्योछावर करना।

اتالیق—[ਅਤਾਲੀਕ] ਤੁਰ. ਪੁ. ਉਸਤਾਦ, ਸਰਪਰਸਤ, ਸਰ-ਪਰਸਤ।

[अतालीक] तुर० पु० उस्ताद, गुरु, सरपरस्त।

اتالیقی—[ਅਤਾਲੀਕੀ] ਤ. ਇ. ਉਸਤਾਦ ਹੋਣ ਦਾ ਭਾਵ, ਸਰਪਰਸਤੀ।

[अतालीक़ी] फ़ा० स्त्री० गुरु होने का भाव, सरपरस्ती।

اتائی—[ਅਤਾਈ] ਵਿ. ਜਿਸਨੇ ਕਿਸੇ ਕਲਾ ਦੀ ਸਿਖਿਆ ਬਾਕਾਇਦਾ ਪ੍ਰਾਪਤ ਨਾ ਕੀਤੀ ਹੋਵੇ, ਬੇਉਸਤਾਦਾ।

[अताई] वि० जिस ने कोई शिक्षा विधि से न प्राप्त की हो, निगुरा।

اتباع—[ਅਤ-ਬਾਅ] ਅਰ. ਪੁ. ਪੈਰੋਕਾਰ, ਅਨੁਯਾਈ; ਮੁਰੀਦ, ਚੇਲੇ ਬਾਲਕੇ।

[अत-बाअ] अ० पु० अनुयायी, अनुगामी; शिष्य, शिष्यानुशिष्य।

اتباع—[ਇਤ-ਬਾਅ] ਅਰ. ਪੁ. ਆਗਿਆ ਮੰਨਣ ਦਾ ਭਾਵ, ਪੈਰਵੀ।

[इत-बाअ] अर० पु० आज्ञा मानने का भाव, पैरवी।

اتباع—[ਇਤਿੱਬਾਅ] ਅਰ. ਪੁ. ਪੈਰਵੀ ਕਰਨ ਦਾ ਭਾਵ।

[इत्तिबाअ] अर० पु० पैरवी करने का भाव।

اتحاد—[ਇਤਿ-ਹਾਦ] ਅਰ. ਪੁ. ਇਤਫ਼ਾਕ, ਮੇਲ ਮਿਲਾਪ, ਮਿੱਤਰਤਾ।

[इत्ति-हाद] अर० पु० संगठन, मेल मिलाप, मित्रता।

اترا شحنہ مرورک نام—[ਉਤ-ਰਾ ਸ਼ਹ-ਨ: ਮਰ-ਦੂਕ ਨਾਮ] ਅਖੌ. ਅਹੁਦੇ ਤੋਂ ਅਲਗ ਹੋਣ ਤੇ ਇੱਜ਼ਤ ਨਹੀਂ ਰਹਿੰਦੀ।

[उत-रा शह-नः मर-दक नाम] लोको० पदच्युत होने पर उतना सम्मान नहीं रहता।

اترانا—[ਇਤ-ਰਾਨਾ] ਕ੍ਰਿ. ਅਕ. ਗ਼ਰੂਰ ਕਰਨਾ।

[इत-राना] क्रि० अक० अभिमान करना।

اترسوں—[ਅਤਰ-ਸੋਂ] ਅਵ. ਚੌਥੇ ਦਿਨ।

[अतर-सों] अव्य० चौथे दिन।

اترنا—[ਉਤਰ-ਨਾ] ਕ੍ਰਿ. ਅਕ. ਉਤਾਂਹ ਥੱਲੇ ਆਉਣਾ; ਪਹਿਨਣ ਦੀ ਵਸਤੂ ਦਾ ਅਲਗ ਹੋਣਾ; ਠਹਿਰਨਾ; ਨਾਜ਼ਲ ਹੋਣਾ; ਘਟਣਾ; ਦਰਿਆ ਤੋਂ ਪਾਰ ਹੋਣਾ; ਨਕਲ ਹੋ ਜਾਣਾ; ਮਕਬੂਲ ਹੋਣਾ; ਕਿਸੇ ਅੰਗ ਦਾ ਉਖੜ ਜਾਣਾ।

[उतर-ना] क्रि० अक० ऊपर से नीचे को आना; पहनने ओढ़ने की चीज़ का अलग होना; ठहरना; अवतार लेना; घटना; दरिया से पार होना; नकल बन जाना; किसी अंग का उखड़ जाना।

اتر آنا—[ਉਤਰ ਆਉਣਾ] ਮੁਹਾ. ਤਿਆਰ ਹੋਣਾ।

[उतर आना] मुहा० तैयार होना।

اترنگ—[ਉਤ-ਰੰਗ] ਪੁ. ਉਹ ਲਕੜੀ ਜੋ ਦਰਵਾਜ਼ੇ ਵਿਚ ਉਪਰ ਵਲ ਚੋਗਾਠ ਦੇ ਸਾਹਮਣੇ ਲਾਈ ਜਾਂਦੀ ਹੈ।

[उत-रंग] पु० वह लकड़ी जो दरवाज़े में ऊपर की ओर चौखट के सामने लगाई जाती है।

اِتّصال—[ਇੱਤਿ:ਸਾਲ] ਅਰ. ਪੁ. ਮਿਲਾਪ, ਮੇਲ, ਸੰਗਮ ।
[इत्ति:साल] अर० पु० मिलाप, मेल, संगम ।

اِتّفاق—[ਇੱਤਿਫ਼ਾਕ] ਅਰ. ਪੁ. ਮੇਲ ਜੋਲ, ਏਕਾ; ਪ੍ਰੇਮ ।
[इत्तिफ़ाक़] अर० पु० मेल मिलाप, एका ; प्रेम ।

—اِتّفاقاً—[ਇੱਤਿਫ਼ਾਕਨ] ਅਰ. ਕ੍ਰਿ. ਵਿ. ਅਚਨਚੇਤ, ਅਚਾਨਕ ।
[इत्तिफ़ाक़न] अर० क्रि० वि० अचानक, अकस्मात् ।

—اِتّفاقات—[ਇੱਤਿਫ਼ਾਕਾਤ] ਅਰ. ਪੁ. ਘਟਨਾਵਾਂ ।
[इत्ति-फ़ाक़ात] अर० पु० घटनाएँ ।

—اِتّفاقِ حسنہ—[ਇੱਤਿਫ਼ਾਕੇ ਹੁਸਨ:] ਅਰ. ਪੁ. ਮੁਬਾਰਕ ਮੌਕਾ, ਸ਼ੁਭ ਅਵਸਰ ।
[इत्ति-फ़ाक़े हुसन:] अर० पु० मुबारिक मौका, शुभ-अवसर ।

—اِتّفاقِ رائے—[ਇੱਤਿਫ਼ਾਕ ਰਾਏ] ਅਰ. ਪੁ. ਸਰਬ-ਸੰਮਤੀ ।
[इत्तिफ़ाक़ राए] अर० पु० सर्व-सम्मति ।

—اِتّفاق کرنا—[ਇੱਤਿਫ਼ਾਕ ਕਰ-ਨਾ] ਮੁਹਾ. ਏਕਾ ਕਰਨਾ, ਇਕ ਹੋ ਜਾਣਾ ।
[इत्तिफ़ाक़ कर-ना] मुहा० एका करना, एक हो जाना ।

—اِتّفاقی—[ਇੱਤਿਫ਼ਾਕੀ] ਅਰ. ਫ਼ਾ. ਵਿ. ਅਚਨਚੇਤੀ ।
[इत्तिफ़ाक़ी] अर० फ़ा० वि० आकस्मिक ।

—اِتّفاقی شگوفہ—[ਇੱਤਿਫ਼ਾਕੀ ਸ਼ਿਗੂਫ਼:] ਅਰ. ਫ਼ਾ. ਪੁ. ਬਨਾਸਪਤੀ ਵਿਗਿਆਨ ਵਿਚ ਉਹ ਫੁੱਲ ਜੋ ਆਪਣੇ ਆਪ ਧਰਤੀ ਤੋਂ ਉਗਦਾ ਹੈ, ਖ਼ੁਦਰੋ ਫੁੱਲ ।
[इत्तिफ़ाक़ी शिगूफ़:] अर० फ़ा० पु० वनस्पति विज्ञान में वह फूल जो अपने आप उपजता है, स्वयंभू पुष्प ।

—اِتّفاقی واقعہ—[ਇੱਤਿਫ਼ਾਕੀ ਵਾਕਿਅ:] ਅਰ. ਪੁ. ਅਚਨਚੇਤੀ ਘਟਨਾ ।
[इत्तिफ़ाक़ी वाक़िअ:] अर० पु० आकस्मिक घटना ।

—اِتّفاقی ہنگامہ—[ਇੱਤਿਫ਼ਾਕੀ ਹੰਗਾਮ:] ਅਰ. ਫ਼ਾ. ਪੁ. ਅਚਨਚੇਤੀ ਘਟਨਾ ।
[इत्तिफ़ाक़ी हंगाम:] अर० फ़ा० पु० आकस्मिक घटना ।

—اِتّفاقیہ—[ਇੱਤਿਫ਼ਾਕੀਯ:] ਅਰ. ਵਿ. ਅਚਨਚੇਤੀ ।
[इत्तिफ़ाक़ीय:] अर० वि० आकस्मिक ।

اِتّقا—[ਇੱਤਕਾ] ਅਰ. ਪੁ. ਪਾਰਸਾਈ, ਪਰਹੇਜ਼ਗਾਰੀ ।
[इत्तक़ा] अर० पु० धर्मभीरुता, परहेज़गारी ।

اَتقیا—[ਅਤ-ਕ਼ਿਯਾ] ਅਰ. ਪੁ. 'ਤਕ਼ੀ' ਦਾ ਬਹੁਵਚਨ, ਪਾਰਸੇ ।
[अत-क़िया] अर० पु० 'तक़ी' का बहुवचन, पारसे ।

اِتّکا—[ਇੱਤਿਕਾ] ਅਰ. ਪੁ. ਭਰੋਸਾ ਕਰਨ ਦਾ ਭਾਵ ।
[इत्तिका] अर० पु० भरोसा करने का भाव ।

اَت گت—[ਅਤ-ਗਤ] ਵਿ. ਬੇਹੱਦ, ਬੇਓੜਕ ।
[अत-गत] वि० बे हद, असीम ।

اَتگہ—[ਅਤਗ:] ਤੁਰ. ਪੁ. ਦਾਇਆ ਦਾ ਘਰ ਵਾਲਾ ।
[अतग:] तुर० पु० धाय का पति ।

اِتلاف—[ਇਤ-ਲਾਫ਼] ਅਰ. ਪੁ. ਤਲਫ਼ ਕਰਨ ਦੀ ਕ੍ਰਿਆ, ਜ਼ਾਇਆ ਕਰਨ ਦੀ ਕ੍ਰਿਆ ।
[इत-लाफ़] अर० पु० नष्ट करने की क्रिया, बाधा करने की क्रिया ।

—اَتم—[ਅੱਤਮ] ਅਰ. ਵਿ. ਅਤਿ ਪੂਰਨ ।
[अतम] अर० वि० अति पूर्ण ।

اِتمام—[ਇਤ-ਮਾਮ] ਅਰ. ਪੁ. ਪੂਰਾ ਕਰਨ ਦਾ ਭਾਵ, ਪੂਰਨਤਾ ।
[इत-माम] अर० पु० पूरा करने का भाव, पूर्णता ।

—اِتمامِ حجت—[ਇਤ-ਮਾਮੇ ਹੁੱਜਤ] ਅਰ. ਪੁ. ਫ਼ੈਸਲਾ ਕਰਨ ਦਾ ਭਾਵ, ਨਜ਼ੀਆ ਨਬੇੜਨ ਦਾ ਭਾਵ, ਝਗੜਾ ਮਿਟਾਉਣ ਦਾ ਭਾਵ ।
[इत-मामे हुज्जत] अर० पु० निर्णय करने का भाव, झगड़ा निबटाने का भाव, फ़ैसला करने का भाव ।

اِتنا—[ਇਤ-ਨਾ] ਵਿ. ਇਸ ਜਿਤਨਾ, ਇੰਨਾ ।
[इत-ना] वि० इस जितना, इस परिमाण का ।

—اِتنا سا منہ نکل آنا—[ਇਤ-ਨਾ ਸਾ ਮੂੰਹ ਨਿਕਲ ਆਨਾ] ਮੁਹਾ. ਚਿਹਰਾ ਉਤਰ ਜਾਣਾ, ਬਹੁਤ ਕਮਜ਼ੋਰ ਹੋ ਜਾਣਾ ।
[इत-ना सा मुँह निकल आना] मुहा० मुख पर आभा न रहना, बहुत निर्बल हो जाना ।

—اِتنے—[ਇਤ-ਨੇ] ਵਿ. ਇੰਨੇ ।
[इत-ने] वि० इस जितने ।

اُتنا—[ਉਤ-ਨਾ] ਵਿ. ਉੱਨਾ, ਉਸ ਜਿਤਨਾ ।
[उत-ना] वि० उस जितना, उस परिमाण का ।

—اُتنے—[ਉਤ-ਨੇ] ਵਿ. ਉੱਨੇ ।
[उत-ने] उस जितने ।

اِتوار—[ਇਤ-ਵਾਰ] ਪੁ. ਐਤਵਾਰ, ਐਤ ।
[इत-वार] पु० रविवार, ऐतवार ।

اُتّو—[ਉੱਤੂ] ਫ਼ਾ. ਪੁ. ਉਹ ਯੰਤਰ ਜਿਸ ਨਾਲ ਕਪੜਿਆਂ ਤੇ ਵੇਲ-ਬੂਟੇ ਬਣਾਉਂਦੇ ਹਨ, ਪਰ ਹੁਣ ਕਸੀਦੇ ਨੂੰ ਹੀ ਉੱਤੂ ਆਖਦੇ ਹਨ ।
[उत्तू] फ़ा० पु० वह यंत्र जिस से कपड़ों पर बेल-बूटे बनाते हैं, परन्तु अब कसीदे को ही उत्तू कहते हैं ।

—آتو ساز—[ਉੱਤੂ ਸਾਜ਼] ਫ਼ਾ. ਵਿ. ਉੱਤੂ ਕਰਨ ਵਾਲਾ, ਵੇਲ-ਬੂਟੇ ਕੱਢਣ ਵਾਲਾ।
[उत्तू साज़] फ़ा० वि० उत्तू करने वाला, बेल-बूटे निकालने वाला।

—اتو کرنا—[ਉੱਤੂ ਕਰ-ਨਾ] ਮੁਹਾ. ਮਾਰ ਮਾਰ ਕੇ ਖੱਲ ਉਧੇੜ ਦੇਣਾ, ਮਾਰ ਮਾਰ ਕੇ ਕੀਮਾ ਬਣਾ ਦੇਣਾ।
[उत्तू कर-ना] मुहा० मार मार कर चमड़ी उधेड़ देना, मार मार कर कीमा बना देना।

—اتو گر ، اتو کش—[ਉੱਤੂ-ਕਸ਼, ਉੱਤੂ-ਗਰ] ਫ਼ਾ. ਵਿ. ਉੱਤੂ ਸਾਜ਼।
[उत्तू कश, उत्तू गर] फ़ा० वि० उत्तू साज़।

اتہاس—[ਇਤਿਹਾਸ] ਸੰ. ਪੁ. ਤਾਰੀਖ਼, ਇਤਿਹਾਸ।
[इतिहास] सं० पु० तवारीख़, इतिहास।

اتہام—[ਇੱਤਿਹਾਮ] ਅਰ. ਪੁ. ਇਲਜ਼ਾਮ ਥੋਪਣ ਦਾ ਭਾਵ, ਤੁਹਮਤ, ਦੋਸ਼।
[इत्तिहाम] अर० पु० इलज़ाम थोपने का भाव, लाञ्छन, दोष।

اتھاہ—[ਅਥਾਹ] ਵਿ. ਜਿਸ ਦਾ ਥਾਹ ਨਾ ਮਿਲੇ।
[अथाह] वि० जिस का थाह नहीं।

اتھک—[ਅਥੱਕ] ਵਿ. ਨਾ ਥੱਕਣ ਵਾਲਾ।
[अथक] वि० न थकने वाला।

اٹالا—[ਅਟਾਲਾ] ਪੁ. ਘਰੇਲੂ ਅਸਬਾਬ।
[अटाला] पु० घर की सामग्री।

اٹک—[ਅਟਕ] ਵਿ. ਰੋਕ, ਨਿਸ਼ਚਲ, ਅਟਪਾ।
[अटक] स्त्री० रोक, रुकावट, अटकाव।

اٹکانا—[ਅਟਕਾਉਣਾ] ਕ੍ਰਿ. ਸਕ. ਰੋਕਣਾ; ਝਗੜਾ ਪਾਉਣਾ; ਉਲਝਾਉਣਾ; ਨੌਕਰ ਰਖਾ ਦੇਣਾ; ਲਟਕਾ ਦੇਣਾ
[अट-काना] क्रि० सक० रोकना; झगड़ा डालना; उलझाना; नौकर करा देना; लटका देना।

اٹکاؤ—[ਅਟ-ਕਾਉ] ਪੁ. ਰੋਕ; ਦੇਰ।
[अट-काव] पु० रोक; देर।

اٹکل—[ਅਟ-ਕਲ] ਵਿ. ਅੰਦਾਜ਼ਾ, ਅਨੁਮਾਨ।
[अट-कल] स्त्री० अन्दाज़ा, अनुमान।

—اٹکل باز—[ਅਟ-ਕਲ ਬਾਜ਼] ਵਿ. ਅਨੁਮਾਨ ਲਾਉਣ ਵਾਲਾ।
[अट-कल बाज़] वि० अनुमान लगाने वाला।

—اٹکل پچو—[ਅਟ-ਕਲ ਪੱਚੂ] ਕ੍ਰਿ.ਵਿ. ਵਿ. ਖ਼ਿਆਲੀ, ਕਿਆਸੀ, ਅੰਟ ਸ਼ੰਟ।
[अट-कल पच्चू] वि० क्रि० वि० केवल अटकल या अनुमान से सोचा या समझा हुआ, ख़्याली, अंट संट।

اٹکنا—[ਅਟ-ਕਣਾ] ਕ੍ਰਿ. ਅਕ. ਰੁਕਣਾ, ਠਹਿਰਨਾ; ਫਸਣਾ; ਦਿਲ ਲੱਗਣਾ; ਨੌਕਰ ਹੋਣਾ; ਰੁਕ ਰੁਕ ਕੇ ਗੱਲ ਕਰਨਾ, ਤੋਤਲਾ ਹੋਣਾ।
[अट-कना] क्रि० अक० रुकना, ठहरना; फंसना; दिल लगना; नौकर होना; रुक रुक कर बात करना, तोतला होना।

اٹکھیلی—[ਅਟ-ਖੇਲੀ] ਇ. ਮਸਤਾਨੀ ਚਾਲ; ਦਿਲ ਲਗੀ, ਮਜ਼ਾਕ, ਨਖ਼ਰਾ।
[अट-खेली] स्त्री० मस्तानी चाल; दिल लगी, मज़ाक, नाज़-नखरा।

اٹکھیلیوں سے چلنا—[ਅਟ-ਖੇਲੀਆਂ ਸੇ ਚਲ-ਨਾ] ਕ੍ਰਿ. ਸਮਾ. ਮਟਕ ਨਾਲ ਤੁਰਨਾ।
[अट-खेलियों से चल-ना] क्रि० समा० मटक से चलना।

اٹل—[ਅਟਲ] ਵਿ. ਆਪਣੀ ਥਾਂ ਤੋਂ ਨਾ ਟਲਣ ਵਾਲਾ।
[अटल] वि० अपने स्थान से न टलने वाला।

اٹلس—[ਅਟ-ਲਸ] ਅੰਗ. ਪੁ. ਨਕਸ਼ਿਆਂ ਦੀ ਕਿਤਾਬ, ਐਟਲਸ।
[अट-लस] अंग० पु० नक्शों की किताब, एटलिस।

اٹم—[ਅਟਮ] ਪੁ. ਢੇਰ।
[अटम] पु० ढेर।

اٹنگا—[ਉਟੰਗਾ] ਵਿ. ਉੱਚੇ ਰਹਿਆ ਹੋਇਆ; ਉੱਚਾ (ਕਪੜਾ)।
[उटंगा] वि० ऊँचा चढ़ा हुआ, ऊँचा (कपड़ा)।

اٹنگن—[ਉਟੰਗਨ] ਪੁ. ਇਕ ਕੰਡਿਆਲਾ ਬਿਰਛ ਜਿਸ ਦੇ ਬੀ ਦਵਾਈਆਂ ਵਿਚ ਵਰਤੇ ਜਾਂਦੇ ਹਨ, ਜਿਨ੍ਹਾਂ ਦੇ ਪਿੰਡੇ ਨੂੰ ਛੁਹਣ ਤੋਂ ਖਾਜ ਹੋਣ ਲਗ ਪੈਂਦੀ ਹੈ।
[उटंगन] पु० एक कांटेदार वृक्ष जिस के बीज औषध में प्रयुक्त किये जाते हैं, शरीर के साथ स्पर्श होने पर खुजली हो जाती है।

اٹواٹی کھٹواٹی—[ਅਟ-ਵਾਟੀ ਖਟ-ਵਾਟੀ] ਇ. ਖਾਟ ਖਟੋਲਾ ਅਸਬਾਬ ਸਮੇਤ।
[अट-वाटी खट-वाटी] स्त्री० खाट-खटोला; फरश-फरूश।

—اٹواٹی کھٹواٹی لے کر پڑنا—[ਅਟ-ਵਾਟੀ ਖਟ-ਵਾਟੀ ਲੈ ਪੈ-ਨਾ] ਮੁਹਾ. ਖਟ-ਪੱਟੀ ਲੈ ਕੇ ਪੈਣਾ, ਗੁੱਸੇ ਜਾਂ ਨਰਾਜ਼ਗੀ ਵਿਚ ਮੰਜੇ ਤੇ ਚਾਦਰ ਲੈ ਕੇ ਪੈ ਜਾਣਾ; ਰੁਸੇਵਾਂ ਕਰਨਾ।
[अट-वाटी खट-वाटी ले कर पड़ना] मुहा० कोप भवन में जाना, शोकावस्था में सब से अलग एकान्त में पड़े रहना, अलग पलंग पर सो रहना।

اٹھا —[ਅੱਠਾ] ਪੁ. ਤਾਸ਼ ਦਾ ਉਹ ਪੱਤਾ ਜਿਸ ਤੇ ਅੱਠ ਨਿਸ਼ਾਨ ਬਣੇ ਹੁੰਦੇ ਹਨ, ਅੱਠੀ ।

[अट्ठा] पु० ताश का आठ निशान वाला दल पत्ता, अट्ठी ।

اٹھا بیٹھی —[ਉਠਾ ਬੈਠੀ] ਇ. ਛੇਤੀ ਛੇਤੀ ਉਠੱਣ ਤੇ ਬੈਠਣ ਦਾ ਭਾਵ ; ਉਠਕ ਬੈਠਕ; ਬੇਚੈਨੀ ।

[उठा बैठी] स्त्री० जल्दी जल्दी उठने और बैठने का भाव; उठक बैठक ; बेचैनी ।

—اٹھا بیٹھی لگا رکھنا —[ਉਠਾ ਬੈਠੀ ਲਗਾ ਰਖ-ਣਾ] ਮੁਹਾ. ਲਗਾਤਾਰ ਉੱਠਣਾ ਬੈਠਣਾ ।

[उठा बैठी लगा रख-ना] मुहा० लगातार उठना बैठना ।

اٹھارہ —[ਅਠਾਰਹ] ਵਿ. ਅਠਾਰਾਂ, ੧੮ ।

[अठारह] वि० दस और आठ, १८।

اٹھاسی —[ਅਠਾਸੀ] ਵਿ. ਅਠ ਤੇ ਅੱਸੀ, ੮੮ ।

[अठासी] वि० आठ ऊपर अस्सी, ८८ ।

اٹھان —[ਉਠਾਨ] ਇ. ਉਭਾਰ; ਆਰੰਭ; ਜਵਾਨੀ ।

[उठान] स्त्री० उभार; आरम्भ; जवानी ।

اٹھانا —[ਉਠਾਨਾ] ਕ੍ਰਿ. ਸਕ. ਲੰਮੇ ਪਏ ਨੂੰ ਬਹਾਉਣਾ ਜਾਂ ਬੈਠੇ ਹੋਏ ਨੂੰ ਖੜਾ ਕਰਨਾ; ਉੱਚਾ ਕਰਨਾ; ਚੱਲਣਾ; ਸਾਫ ਕਰਨਾ ; ਕੱਢਣਾ; ਕਿਸੇ ਚੀਜ਼ ਨੂੰ ਕਿਸੇ ਥਾਂ ਤੋਂ ਹਟਾਉਣਾ; ਪੜ੍ਹਨਾ; ਬਣਾਉਣਾ; ਚੁਕਣਾ; ਜਗਾਉਣਾ; ਲੈ ਲੈਣਾ; ਮੁਲਤਵੀ ਕਰਨਾ; ਮਿਟਾਉਣਾ; ਉਭਾਰਨਾ ।

[उठाना] क्रि० सक० लेटे हुए को बिठाना और बैठे हुए को खड़ा करना; ऊँचा करना; सहारना, ; साफ़ करना ; निकालना ; किसी चीज को किसी स्थान से हटाना; पढ़ना; बनाना; उठा लेना; जगाना; ले लेना; मुल्तवी करना; मिटाना; उभारना ।

—اٹھا مارنا —[ਉਠਾ ਮਾਰਨਾ] ਕ੍ਰਿ ਸਮਾ. ਪਟਕ ਕੇ ਧਰਤੀ ਤੇ ਮਾਰਨਾ, ਕਿਸੇ ਤੇ ਚੋਟ ਪਹੁੰਚਾਉਣ ਲਈ ਡੰਡਾ ਆਦਿ ਮਾਰਨਾ ।

[उठा मारना] क्रि० समा० पटका के जमीन पर मारना, किसी पर प्रहार के रूप में डंडा आदि चलाना ।

—اٹھاؤ چولہا —[ਉਠਾਊ ਚੁਲ੍ਹਾ] ਪੁ. ਚੁੱਕਵਾਂ ਚੁੱਲ੍ਹਾ, ਚਾਵਾਂ ਚੁੱਲ੍ਹਾ; ਟੱਪਰੀਵਾਸ; ਆਵਾਰਾਗਰਦ ।

[उठाऊ चूल्हा] पु० उठाने का चूल्हा; खानाबदोश; आवारा गर्द ।

—اٹھائی گیر —[ਉਠਾਈਗੀਰ] ਪੁ. ਉਚੱਕਾ, ਠੱਗ, ਜੇਬ-ਕਤਰਾ ।

[उठाईगीर] पु० उचक्का, ठग, जेब कतरा, गठ-कट ।

اٹھاون —[ਅਠਾਵਨ] ਵਿ. ਅਠਵੰਜਾ, ੫੮ ।

[अठावन] वि० पचास और आठ, ५८ ।

اٹھلانا —[ਇਠ-ਲਾਨਾ] ਕ੍ਰਿ.ਅਕ. ਮਟਕ ਨਾਲ ਤੁਰਨਾ ।

[इठ-लाना] क्रि० अक० मटक कर चलना ।

اٹھلو —[ਉਠੱਲੂ] ਵਿ.ਪੁ. ਅਟਿਕਵੀ ਤਬੀਅਤ ਦਾ, ਜਮ ਕੇ ਕੰਮ ਨਾ ਕਰਨ ਵਾਲਾ ।

[उठल्लू] वि० पु० अस्थिर स्वभाव का, जम कर काम न करने वाला ।

—اٹھ ملاری —[ਅਠ-ਮਲਾਰੀ] ਪੁ. ਅੱਠਾਂ ਫਾਇਰਾਂ ਵਾਲਾ ਪਿਸਤੌਲ ।

[अठ-मलारी] पु० आठ फायरों वाला पिस्तौल ।

اٹھنا —[ਉਠ-ਣਾ] ਕ੍ਰਿ. ਅਕ. ਖੜਾ ਹੋਣਾ; ਉੱਚਾ ਹੋਣਾ; ਨਿਕਲਣਾ; ਉਗਣਾ ; ਚਲਣਾ ; ਜਾਣਾ ; ਬਰਦਾਸ਼ਤ ਕਰਨਾ ; ਮਿਟਣਾ ; ਖਰਚ ਹੋ ਜਾਣਾ ; ਤਿਆਰ ਹੋਣਾ ; ਜਾਗਣਾ ; ਬਰਖ਼ਾਸਤ ਹੋਣਾ ।

[उठ-ना] क्रि० अक० खड़े होना ; ऊँचे होना ; निकलना ; अंकुरित होना ; चलना ; जाना ; सहन करना ; मिटना ; खर्च हो जाना ; तैयार होना ; जागना ; बरखास्त होना ।

—اٹھ بیٹھنا —[ਉਠ ਬੈਠ-ਣਾ] ਮੁਹਾ. ਜਾਗ ਉੱਠਣਾ; ਰਾਜ਼ੀ ਹੋ ਜਾਣਾ ; ਬੇਹੋਸ਼ੀ ਤੋਂ ਹੋਸ਼ ਵਿਚ ਆਉਣਾ ।

[उठ बैठ-ना] मुहा० जाग उठना ; नीरोग होना ; बे होशी से होश में आना ।

—اٹھتا بیٹھتا —[ਉਠ-ਤਾ ਬੈਠ-ਤਾ] ਕ੍ਰਿ.ਵਿ. ਡਿਗਦਾ ਢਹਿੰਦਾ ।

[उठ-ता बैठ-ता] क्रि० वि० गिरता पड़ता ।

—اٹھتا جوبن —[ਉਠ-ਤਾ ਜੋਬਨ] ਪੁ. ਛਾਤੀ ਦਾ ਉਭਾਰ ।

[उठ-ता जोबन] पु० छाती का उभार ।

—اٹھتی جوانی —[ਉਠ-ਤੀ ਜਵਾਨੀ] ਇ. ਜਵਾਨੀ ਦਾ ਆਰੰਭ, ਚੜ੍ਹਦੀ ਜਵਾਨੀ ।

[उठ-ती जवानी] स्त्री० युवावस्था का आरम्भ, चढ़ती जवानी ।

—اٹھ جانا —[ਉਠ ਜਾਣਾ] ਕ੍ਰਿ. ਸਮਾ. ਚਲਿਆ ਜਾਣਾ ; ਮਰ ਜਾਣਾ ; ਖਰਚ ਹੋ ਜਾਣਾ ।

[उठ जाना] क्रि० समा० विदा होना; मर जाना, खर्च हो जाना

—اٹھک بیٹھک —[ਉਠ-ਕ ਬੈਠ-ਕ] ਇ. ਉਠਣ ਬੈਠਣ ਦਾ ਭਾਵ; ਨਮਾਜ਼ ।

[उठ-क बैठ-क] स्त्री० उठने बैठने का भाव ; नमाज़ ।

—اٹھ کھڑا ہونا —[ਉਠ ਖੜਾ ਹੋਣਾ] ਮੁਹਾ. ਚੱਲਣ ਲਈ ਤਿਆਰ ਹੋਣਾ; ਠੀਕ ਹੋ ਜਾਣਾ, ਸਿਹਤ ਹਾਸਲ ਹੋਣੀ ।

[उठ खड़ा होना] मुहा० चलने के लिये तैयार होना; अच्छा हो जाना, स्वस्थ होना ।

اٹھنّی—[ਅਠੱਨੀ] ਇ. ਧੇਲੀ, ਅਠਿਆਨੀ।
[अठन्नी] स्त्री० आठ आने का सिक्का, आधा रुपया।

اٹھوارہ—[ਅਠ-ਵਾਰ:] ਪੁ. ਅੱਠਾਂ ਦਿਨਾਂ ਦਾ ਸਮਾਂ, ਹਫ਼ਤਾ।
[अठ-वार:] पु० आठ दिन का समय, सप्ताह।

اٹھوانس—[ਅਠ-ਵਾਂਸ] ਵਿ. ਅਠ ਕੋਨਾ।
[अठ-वांस] वि० आठ कोना।

اٹھوانسا—[ਅਠ-ਵਾਂਸਾ] ਪੁ. ਅੱਠ-ਮਾਹਾਂ; ਅਠ ਕੋਨਾ।
[अठ-वांसा] पु० आठमासा; आठ कोना।

اٹی—[ਅੱਟੀ] ਇ. ਅੱਟੀ, ਸੂਤ ਦਾ ਲੱਛਾ; ਪੂਣੀ; ਪਗੜੀ।
[अट्टी] स्त्री० सूत का लच्छा; पूनी; पगड़ी।

—اٹیا—[ਅਟਿਆ] ਇ. ਅੱਟੀ; ਕੋਠੇ ਉੱਤਲਾ ਛੋਟਾ ਕਮਰਾ; ਪਗੜੀ।
[अटिया] स्त्री० अट्टी; छत पर की ऊपर का छोटा कमरा; पगड़ी।

اٹیرن—[ਅਟੇਰਨ] ਪੁ. ਸੂਤ ਦੀਆਂ ਅੱਟੀਆਂ ਬਣਾਉਣ ਵਾਲਾ ਲਕੜੀ ਦਾ ਜੰਤਰ; ਪਹਿਲਵਾਨਾਂ ਦਾ ਇਕ ਦਾਅ; ਘੋੜੇ ਨੂੰ ਉਲਟਾ-ਸਿੱਧਾ ਚੱਕਰ ਦੇਣ ਦਾ ਭਾਵ।
[अटेरन] पु० सूत की अट्टी बनाने वाला लकड़ी का एक यन्त्र; कुश्ती का एक दांव; घोड़े को उलटा सीधा चक्कर देने का भाव।

—اٹیرن پھیرنا—[ਅਟੇਰਨ ਫੇਰਨਾ] ਮੁਹਾ. ਘੋੜੇ ਨੂੰ ਉਲਟਾ-ਸਿੱਧਾ ਚੱਕਰ ਦੇਣਾ।
[अटेरन फेरना] मुहा० घोड़े को उलटा-सीधा चक्कर देना।

—اٹیرن کر دینا—[ਅਟੇਰਨ ਕਰ ਦੇਣਾ] ਮੁਹਾ. ਬੰਨ੍ਹ ਦੇਣਾ; ਚੱਕਰਾ ਦੇਣਾ; ਦਮ ਨਾ ਲੈਣ ਦੇਣਾ।
[अटेरन कर देना] मुहा० बाँध देना; चकरा देना; साँस न लेने देना।

اٹیرنا—[ਅਟੇਰਨਾ] ਕ੍ਰਿ. ਸਕ. ਕੱਤੇ ਹੋਏ ਸੂਤ ਨੂੰ ਅਟੇਰਨ ਉੱਤੇ ਲਪੇਟ ਕੇ ਅੱਟੀਆਂ ਤਿਆਰ ਕਰਨਾ; ਘੋੜੇ ਨੂੰ ਸਿਖਾਉਣ ਲਈ ਚੱਕਰ ਦੇਣਾ।
[अटेरना] क्रि० सक० काते हुए सूत को अटेरन पर लपेट कर अट्टी बनाना; घोड़े को सिखाने के लिये चक्कर देना।

اثاث البیت—[ਅਸਾਸੁਲ-ਬੈਤ] ਅਰ. ਪੁ. ਫ਼ਰਨੀਚਰ, ਘਰ ਦਾ ਸਾਜ਼ੋ ਸਾਮਾਨ।
[असासुल-बैत] अर० पु० फर्नीचर; घर की सामग्री।

اثاثہ—[ਅਸਾਸ:] ਅਰ. ਪੁ. ਜਮ੍ਹਾਂ ਕੀਤਾ ਮਾਲ, ਸਰਮਾਇਆ।
[असास:] अर० पु० जमा किया हुआ तथा जोड़ा हुआ धन, पूँजी।

اثبات—[ਇਸਬਾਤ] ਅਰ. ਪੁ. ਸਿੱਧ ਕਰਨ ਦਾ ਭਾਵ; ਸਬੂਤ ਦੇਣ ਦਾ ਭਾਵ।
[इस्बात] अर० पु० सिद्ध करने का भाव; प्रमाण देने का भाव।

—اثبات جرم—[ਇਸਬਾਤੇ ਜੁਰ-ਮ] ਅਰ. ਪੁ. ਜੁਰਮ ਸਾਬਤ ਹੋਣ ਦਾ ਭਾਵ।
[इस्बाते जुर्म] जुर्म के साबित होने का भाव।

اثباتی—[ਇਸਬਾਤੀ] ਵਿ. ਇਸਬਾਤ ਨਾਲ ਸਬੰਧਤ।
[इसबाती] वि० इसबात से सम्बंधित।

اثر—[ਅਸਰ] ਅਰ. ਪੁ. ਨਿਸ਼ਾਨ; ਚਿੰਨ੍ਹ; ਤਾਸੀਰ; ਖ਼ਾਸੀਅਤ; ਨਤੀਜਾ; ਹਦੀਸ ਦੀਆਂ ਕਿਸਮਾਂ ਵਿਚੋਂ ਇਕ ਕਿਸਮ।
[असर] अर० पु० चिन्ह; खोज; प्रभाव; गुण; नतीजा; हदीस की एक किस्म।

—اثر پذیر—[ਅਸਰ ਪਜ਼ੀਰ] ਅਰ. ਫ਼ਾ. ਵਿ. ਅਸਰ ਕਬੂਲ ਕਰਨ ਵਾਲਾ।
[असर पज़ीर] अर० फ़ा० वि० असर कबूल करने वाला।

—اثردار—[ਅਸਰਦਾਰ] ਅਰ. ਫ਼ਾ. ਵਿ. ਅਸਰ ਵਾਲਾ।
[असरदार] अर० फ़ा० वि० असर वाला।

—اثر طراز—[ਅਸਰ ਤਿਰਾਜ਼] ਅਰ. ਫ਼ਾ. ਵਿ. ਇਤਿਹਾਸਕਾਰ; ਲੇਖਕ।
[असर तिराज़] अर० फ़ा० वि० इतिहासकार; लेखक।

اثقال—[ਅਸ-ਕ਼ਾਲ] ਅਰ. ਪੁ. 'ਸਿਕ਼-ਲ' ਦਾ ਬਹੁਵਚਨ, ਭਾਰ।
[अस-क़ाल] अर० पु० सिक़्-ल' का बहुवचन; भार।

اثمار—[ਅਸ-ਮਾਰ] ਅਰ. ਪੁ. 'ਸਮਰ' ਦਾ ਬਹੁਵਚਨ, ਫਲ; ਮੇਵਾ।
[अस-मार] अर० पु० 'समर' का बहुवचन, फल; मेवा।

اثنا—[ਅਸ-ਨਾ] ਅਰ. ਪੁ. 'ਸਿਨੀ' ਦਾ ਬਹੁਵਚਨ; ਵਕਤ; ਦੌਰਾਨ; ਅਰਸਾ।
[अस-ना] अर० पु० 'सिनी' का बहुवचन; वक्त; दौरान अर्सा।

—اثنائے تحقیق—[ਅਸ-ਨਾ-ਏ ਤਹਕੀਕ਼] ਕ੍ਰਿ. ਵਿ. ਤਹਿਕੀਕਾਤ ਦੇ ਸਮੇਂ।
[असनाए तह-क़ीक़] क्रि० वि० अनुसंधान के दौरान में।

اثنا—[ਇਸ-ਨਾ] ਅਰ. ਵਿ. ਦੋ।
[इस-ना] अर० वि० दो।

—اثنا عشر—[ਇਸ-ਨਾ ਅਸ਼ਰ] ਅਰ. ਵਿ. ਬਾਰਾਂ; ਸ਼ੀਆਂ ਦੇ ਬਾਰਾਂ ਇਮਾਮ।
[इस-ना अशर] अर० वि० बारह; शीयों के बारह इमाम।

—اثنا عشری—[ਇਸ-ਨਾ ਅਸ਼ਰੀ] ਅਰ. ਪੁ.
—اثنا عشریہ—[ਇਸ-ਨਾ ਅਸ਼ਰਿਯ:] ਅਰ. ਪੁ.
} ਸ਼ੀਆ ਜੋ ਬਾਰਾਂ ਇਮਾਮਾਂ ਨੂੰ ਮੰਨਦੇ ਹਨ।

[इस-ना अशरी] अर० पु०
[इस-ना अशरिय:] अर० पु०
} शीया जो बारह इमामों को मानते हैं।

اِثنان—[ਇਸ-ਨਾਨ] ਅਰ. ਵਿ. ਦੋ; ਦੂਸਰਾ ।

[इस-नान] अर० वि० दो; दूसरा ।

اثیر—[ਅਸੀਰ] ਅਰ. ਵਿ. ਉੱਚਾ; ਈਥਰੀ;

ਅਰ. ਪੁ. ਅਸਮਾਨ; ਈਥਰੀ ਅਸਮਾਨ ।

[असीर] अर० वि० ऊँचा; ईथरी;

अर० पु० आसमान; ईथरी आसमान ।

اثیم—[ਅਸੀਮ] ਅਰ. ਪੁ. ਅਪਰਾਧੀ; ਪਾਪੀ ।

[असीम] अर० पु० अपराधी; पापी ।

اِجابت—[ਇਜਾਬਤ] ਅਰ. ਪੁ. ਕਬੂਲੀਅਤ; ਜਵਾਬ ਦੇਣ ਦਾ ਭਾਵ; ਟੱਟੀ, ਪਖਾਨਾ ।

[इजाबत] अर० पु० स्वीकृति; जवाब देने का भाव; पाखाना, टट्टी ।

اِجارہ—[ਇਜਾਰਹ] ਅਰ. ਪੁ. ਠੇਕਾ; ਕਿਰਾਇਆ; ਇਖ਼ਤਿਆਰ; ਹੱਕ ।

[इजारह] अर० पु० ठेका; किराया; अधिकार; हक ।

اِجارہ دار—[ਇਜਾਰਹਦਾਰ] ਅਰ. ਫ਼ਾ. ਪੁ. ਠੇਕੇਦਾਰ; ਦਾਵੇਦਾਰ; ਹਾਕਮ; ਮਾਲਕ ।

[इजारहदार] अर० फ़ा० पु० ठेकेदार; दावेदार; हाकिम; मालिक ।

اِجارہ داری—[ਇਜਾਰਹਦਾਰੀ] ਅਰ. ਫ਼ਾ. ਇ. ਠੇਕੇਦਾਰੀ; ਮਲਕੀਅਤ ।

[इजारहदारी] अर० फ़ा० स्त्री० ठेकेदारी; स्वामित्व ।

اِجارے دینا—[ਇਜਾਰੇ ਦੇਣਾ] ਮੁਹਾ. ਠੇਕੇ ਤੇ ਦੇਣਾ (ਜ਼ਮੀਨ ਆਦਿ) ।

[इजारे देना] मुहा० ठेके पर देना (भूमि आदि) ।

اُجاڑ—[ਉਜਾੜ] ਵਿ. ਪੁ. ਖਰਾਬ; ਬਰਬਾਦ; ਗ਼ੈਰ-ਆਬਾਦ ਬੀਆਬਾਨ ।

[उजाड़] वि० पु० खराब; बरबाद; गैर आबाद; निर्जन ।

اُجاڑنا—[ਉਜਾੜ-ਨਾ] ਕ੍ਰਿ. ਸਕ. ਵੀਰਾਨ ਕਰਨਾ, ਤਬਾਹ ਕਰਨਾ ।

[उजाड़-ना] क्रि० सक० नष्ट करना, तबाह करना ।

اِجازت—[ਇਜਾਜ਼ਤ] ਅਰ. ਇ. ਆਗਿਆ; ਮਨਜ਼ੂਰੀ; ਛੁੱਟੀ ।

[इजाज़त] अर० स्त्री० आज्ञा; स्वीकृति; छुट्टी ।

اِجازت طلب—[ਇਜਾਜ਼ਤ ਤਲਬ] ਅਰ. ਫ਼ਾ. ਵਿ. ਇਜਾਜ਼ਤ ਮੰਗਣ ਵਾਲਾ, ਬਿਨੈ-ਪੱਤਰ ਦੇਣ ਵਾਲਾ ।

[इजाज़त तलब] अर० फ़ा० वि० आज्ञा मांगने वाला; विनय-पत्र देने वाला ।

اِجازت نامہ—[ਇਜਾਜ਼ਤ ਨਾਮਹ] ਫ਼ਾ. ਪੁ. ਕਿਸੇ ਕੰਮ ਦੇ ਕਰਨ ਲਈ ਲਿਖਤੀ ਮਿਲੀ ਸਰਕਾਰੀ ਆਗਿਆ, ਆਗਿਆ-ਪੱਤਰ ।

[इजाज़त नामः] फ़ा० पु० किसी काम के करने के लिये मिली सरकारी आज्ञा, आज्ञा-पत्र ।

اُجاغ—[ਉਜਾਗ਼] ਤੁਰ. ਪੁ. ਚੁੱਲ੍ਹਾ ।

[उजाग़] तुर० पु० चूल्हा ।

اُجاق—[ਉਜਾਕ] ਤੁਰ. ਪੁ. ਚੁੱਲ੍ਹਾ ।

[उजाक] तुर० पु० चूल्हा ।

اُجاگر—[ਉਜਾਗਰ] ਵਿ. ਰੌਸ਼ਨ; ਉੱਘਾ, ਮਸ਼ਹੂਰ ।

[उजागर] वि० प्रकाशित; प्रसिद्ध, विख्यात ।

اُجالا—[ਉਜਾਲਾ] ਪੁ. ਰੌਸ਼ਨੀ, ਉਜਿਆਲਾ ।

[उजाला] पु० प्रकाश, रोशनी ।

اُجالنا—[ਉਜਾਲ-ਨਾ] ਕ੍ਰਿ. ਸਕ. ਮੈਲ ਉਤਾਰ ਕੇ ਚਮਕਾਉਣਾ; ਸਾਫ਼ ਕਰਨਾ, ਨਿਖਾਰਨਾ ।

[उजाल-ना] क्रि० सक० मैल उतार कर चमकाना; साफ करना; निखारना ।

اجانب—[ਅਜਾਨਿਬ] ਅਰ. ਪੁ. ਅਜਨਬੀ ਲੋਕ, ਗ਼ੈਰ ਲੋਕ, ਓਪਰੇ ਬੰਦੇ ।

[अजानिब] अर० पु० अजनबी लोग, गैर लोग, अपरिचित व्यक्ति ।

اِجتماع—[ਇਜ-ਤਿਮਾਅ] ਅਰ. ਪੁ. ਭੀੜ, ਇਕੱਠ; (ਜੋਤਸ਼) ਸੂਰਜ ਚੰਨ ਦਾ ਇਕੋ ਬੁਰਜ ਤੇ ਇਕੋ ਦਰਜੇ ਤੇ ਇਕੋ ਦਕਾਇਕ ਵਿਚ ਇਕੱਠੇ ਹੋਣ ਦਾ ਭਾਵ ।

[इज-तिमाअ] अर० पु० भीड़, इकट्ठ; (ज्योतिष) सूर्य चन्द्रमा का एक ही राशि, एक ही नक्षत्र अथवा एक ही दर्जा-अंश पर इकट्ठे होने का भाव ।

اِجتماع ضدین—[ਇਜ-ਤਿਮਾ-ਏ ਜ਼ਿੱਦੈਨ] ਅਰ. ਪੁ. ਦੋ ਵਿਰੋਧੀ ਚੀਜ਼ਾਂ ਦਾ ਇਕ ਥਾਂ ਤੇ ਇਕੱਠਾ ਹੋਣ ਦਾ ਭਾਵ ।

[इज-तिमा-ए ज़िद्दैन] अर० पु० दो विरोधी चीज़ों का एक स्थान पर इकट्ठे होने का भाव ।

اِجتماعی—[ਇਜ-ਤਿਮਾਈ] ਅਰ. ਵਿ. ਇਕੱਠਾ; ਸਮੂਹੀ ।

[इज-तिमाई] इकट्ठा; सामूहिक ।

اِجتماعی طور پر—[ਇਜ-ਤਿਮਾਈ ਤੌਰ ਪਰ] ਕ੍ਰਿ. ਵਿ. ਸਮੂਹਕ ਰੂਪ ਵਿਚ ।

[इज-तिमाई तौर पर] क्रि० वि० सामूहिक रूप में

اِجتماعی فلاح—[ਇਜ-ਤਿਮਾਈ ਫ਼ਲਾਹ] ਅਰ. ਵਿ. ਸਮਾਜ ਕਲਿਆਣ; ਜਨ-ਕਲਿਆਣ ।

[इज-तिमाईई फ़लाह] अर० स्त्री० समाज कल्याण, जन-कल्याण ।

—اجتماعی نظام—[ਇਜ-ਤਿਮਾਈ ਨਿਜ਼ਾਮ] ਅਰ. ਪੁ. ਸਮਾਜਵਾਦੀ ਵਿਵਸਥਾ ।

[इज-तिमाईई निज़ाम] अर० पु० समाजवादी व्यवस्था ।

—اجتماعی نظریہ—[ਇਜ-ਤਿਮਾਈ ਨਜ਼ਰਿਯਾ:] ਅਰ. ਪੁ. ਸਮਾਜਿਕ ਦ੍ਰਿਸ਼ਟੀਕੋਣ ।

[इजतिमाईई नज़रिय:] अर० पु० सामाजिक दृष्टिकोण ।

اجتماعیت—[ਇਜ-ਤਿਮਾਈਯਤ] ਅਰ. ਇ. ਇਕੇ ਥਾਂ ਇਕੱਠੇ ਹੋਣ ਦਾ ਭਾਵ ।

[इज-तिमाईयत] अर० स्त्री० एक जगह इकट्ठे होने का भाव ।

—اجتماعیت پسند—[ਇਜ-ਤਿਮਾਈਯਤ ਪਸੰਦ] ਅਰ.ਫ਼ਾ. ਵਿ. ਸਮਾਜਿਕ ।

[इज-तिमाईयत पसन्द] अर० फ़ा० वि० सामाजिक ।

اجتناب—[ਇਜ-ਤਿਨਾਬ] ਅਰ. ਪੁ. ਪਰਹੇਜ਼ ; ਘਿਰਣਾ ; ਅਲਹਿਦਗੀ ।

[इज-तिनाब] अर० पु० परहेज़; घृणा; अलहदगी ।

اجتہاد—[ਇਜ-ਤਿਹਾਦ] ਅਰ. ਪੁ. ਕੋਸ਼ਿਸ਼, ਜਤਨ ।

[इज-तिहाद] अर० पु० कोशिश, यत्न ।

اجداد—[ਅਜ-ਦਾਦ] ਅਰ. ਪੁ. 'ਜੱਦ' ਦਾ ਬਹੁਵਚਨ, ਵੱਡ-ਵਡੇਰੇ ।

[अज-दाद] अर० पु० 'जद' का बहुवचन, पितर ।

—اجداد پرستی—[ਅਜ-ਦਾਦ ਪਰਸ-ਤੀ] ਅਰ. ਫ਼ਾ.ਇ. ਵੱਡ-ਵਡੇਰਿਆਂ ਦੀ ਪੂਜਾ ।

[अज-दाद परस-ती] अर० फ़ा० स्त्री० पूर्वजोपासना ।

—اجدادی—[ਅਜ-ਦਾਦੀ] ਫ਼ਾ. ਵਿ. ਜੱਦੀ ।

[अज-दादी] फ़ा० वि० पैतृक ।

اجڈ—[ਉਜੱਡ] ਪੁ. ਵਿ. ਮੂਰਖ; ਅਗਿਆਨ; ਜਾਹਲ; ਅੱਖੜ ।

[उजड्ड] पु० वि० मूर्ख; धूर्त; अक्खड़; गँवार ।

اجر—[ਅਜ-ਰ] ਅਰ. ਪੁ. ਨੇਕ ਕੰਮ ਦਾ ਬਦਲਾ; ਉਜਰਤ; ਇਨਾਮ ।

[अज-र] अर० पु० भले काम का बदला; उजरत; इनाम ।

—اجر جائز—[ਅਜ-ਰੇ ਜਾਇਜ਼]ਅਰ. ਪੁ. ਕਾਨੂੰਨੀ ਤੌਰ ਤੇ ਜਾਇਜ਼ ਫ਼ੀਸ ਜਾਂ ਮਿਹਨਤਾਨਾ ।

[अज-रे जाइज़] अर० पु० क़ानूनी तौर पर उचित फ़ीस या पारिश्रमिक ।

اجراء—[ਇਜ-ਰਾਅ] ਅਰ. ਪੁ. ਜਾਰੀ ਕਰਨ ਦਾ ਭਾਵ, ਚਾਲੂ ਕਰਨ ਦਾ ਭਾਵ ।

[इज-राअ] अर० पु० जारी करने का भाव, चालू करने का भाव ।

—اجرائے سفینہ—[ਇਜ-ਰਾਏ ਸਫ਼ੀਨ:] ਅਰ. ਫ਼ਾ. ਪੁ. ਸੰਮਣ ਜਾਰੀ ਕਰਨ ਦਾ ਭਾਵ ।

[इज-राए सफ़ीन:] अर० फ़ा० पु० सम्मन जारी करने का भाव ।

اجرام—[ਅਜ-ਰਾਮ] ਅਰ.ਪੁ. 'ਜਿਰਮ' ਦਾ ਬਹੁਵਚਨ, ਬਹੁਤ ਸਾਰੇ ਚੰਗਾਲ ਜਿਸਮ ।

[अज-राम] अर० पु० 'जिरम' का बहुवचन, बहुत से निष्प्राण देह ।

—اجرام سماوی—[ਅਜ-ਰਾਮੇ ਸਮਾਵੀ] ਅਰ. ਫ਼ਾ. ਪੁ. ਖਗੋਲੀ ਜਿਸਮ ਅਥਵਾ ਗ੍ਰਹਿ ਨਛੱਤਰ ਸੂਰਜ ਚੰਨ ਆਦਿ ।

[अज-रामे समावी] अर० फ़ा० पु० खगोलीय जिस्म ग्रह नक्षत्र सूर्य चाँद आदि ।

—اجرام فلکی—[ਅਜ-ਰਾਮੇ ਫ਼ਲਕੀ] ਅਰ. ਫ਼ਾ. ਪੁ. ਖਗੋਲੀ ਜਿਸਮ ਅਥਵਾ ਨਛੱਤਰ, ਗ੍ਰਹਿ, ਸੂਰਜ, ਚੰਨ ਆਦਿ ।

[अज-रामे फ़लकी] अर० फ़ा० पु० खगोलीय जिस्म अथवा नक्षत्र, ग्रह, सूर्य, चाँद आदि ।

اجرام—[ਇਜ-ਰਾਮ] ਅਰ ਪੁ ਗੁਨਾਹ ਕਰਨ ਦਾ ਭਾਵ ।

[इज-राम] अर० पु० पाप करने का भाव ।

اجرت—[ਉਜ-ਰਤ] ਅਰ ਇ. ਮਜ਼ੂਰੀ, ਮਿਹਨਤਾਨਾ ।

[उज-रत] अर० स्त्री० मज़दूरी, पारिश्रमिक ।

—اجرت خالص—[ਉਜ-ਰਤੇ ਖ਼ਾਲਿਸ] ਅਰ. ਇ. ਨਕਦ ਮਜ਼ੂਰੀ ।

[उज-रते ख़ालिस] अर० स्त्री० नक़द मज़दूरी ।

اجڑنا—[ਉ'ਜੜ-ਨਾ] ਕ੍ਰਿ. ਅਕ. ਬਰਬਾਦ ਹੋਣਾ, ਤਬਾਹ ਹੋਣਾ ।

[उजड़-ना] क्रि० अक० बरबाद होना, ध्वस्त होना ।

اجزا—[ਅਜ਼-ਜ਼ਾ] ਅਰ. ਪੁ. 'ਜੁਜ਼' ਦਾ ਬਹੁਵਚਨ, ਹਿੱਸੇ; ਅੰਗ ।

[अज-ज़ा] अर० पु० 'जुज़' का बहुवचन, भाग; अंश ।

—اجزائے ترکیبی—[ਅਜ-ਜ਼ਾਏ ਤਰ-ਕੀਬੀ] ਅਰ. ਫ਼ਾ. ਪੁ. ਕਿਸੇ ਮਿਸ਼ਰਤ ਚੀਜ਼ ਦੇ ਵੱਖ ਵੱਖ ਅੰਗ ।

[अज-ज़ाए तर-कीबी] अर० फ़ा० पु० किसी मिश्रित वस्तु के भिन्न भिन्न अंग ।

—اجزائے متناسبہ—[ਅਜ-ਜ਼ਾਏ ਮੁਤ-ਨਾਸਬ:] ਅਰ. ਪੁ. ਅਨੁਪਾਤੀ ਅੰਗ ।

[अज-ज़ाए मुत-नासब:] अर० पु० अनुपाती अंश।

اجزا خانہ—[ਅਜ਼-ਜ਼ਾ ਖ਼ਾਨ:] ਫ਼ਾ. ਪੁ. ਅਤਾਰ ਦੀ ਦੁਕਾਨ।

[अज-ज़ा ख़ान:] फ़ा० पु० अत्तार की दुकान।

اجساد—[ਅਜ-ਸਾਦ] ਅਰ. ਪੁ. 'ਜਸਦ' ਦਾ ਬਹੁਵਚਨ, ਸਰੀਰ।

[अज-साद] अर० पु० 'जसद' का बहुवचन, शरीर।

اجگر—[ਅਜ-ਗਰ] ਸੰ. ਪੁ. ਅਜਗਰ।

[अज-गर] सं० पु० एक प्रकार का बहुत बड़ा और मोटा साँप।

اجل—[ਅਜੱਲ] ਅਰ. ਵਿ. ਬਹੁਤ ਵੱਡਾ।

[अजल्ल] अर० वि० बहुत बड़ा।

اجل—[ਅਜਲ] ਅਰ. ਇ. ਮੌਤ।

[अजल] अर० स्त्री० मृत्यु।

اجل رسیدہ—[ਅਜਲ ਰਸੀਦ:] ਫ਼ਾ. ਵਿ. ਮਰਨ-ਕਿਨਾਰੇ; ਬਹੁਤ ਬੁੱਢਾ।

[अजल रसीद:] फ़ा० वि० मरणासन्न; वयोवृद्ध।

اجل سر پر کھیلنا—[ਅਜਲ ਸਿਰ ਪਰ ਖੇਲਨਾ] ਮੁਹਾ. ਮੌਤ ਦਾ ਆ ਪੁੱਜਣਾ।

[अजल सिर पर खेलना] मुहा० मृत्यु का आ पहुँचना।

اجل طبعی—[ਅਜਲੇ ਤਬਾਈ] ਅਰ. ਫ਼ਾ. ਇ. ਸੁਭਾਵਕ ਮੌਤ; ਕੁਦਰਤੀ ਮੌਤ।

[अजले तबाई] अर० फ़ा० स्त्री० स्वाभाविक मृत्यु, कुदरती मौत।

اجل غیر طبعی—[ਅਜਲੇ ਗ਼ੈਰ ਤਬਾਈ] ਅਰ.ਫ਼ਾ.ਇ. ਅਚਾਨਕ ਮੌਤ।

[अजले ग़ैर तबाई] अर० फ़ा० स्त्री० आकस्मिक मृत्यु।

اجلاس—[ਇਜ-ਲਾਸ] ਅਰ. ਪੁ. ਬਿਠਾਉਣ ਦੀ ਕਿਰਿਆ; ਕਚਹਿਰੀ ਵਿਚ ਇਨਸਾਫ਼ ਕਰਨ ਲਈ ਹਾਕਮ ਦੇ ਬੈਠਣ ਦੀ ਕਿਰਿਆ।

[इज-लास] अर० पु० बिठाने की क्रिया; न्यायालय में न्यायार्थ अफ़सर के बैठने की क्रिया।

اجلاس کامل—[ਇਜ-ਲਾਸੇ ਕਾਮਿਲ] ਅਰ. ਫ਼ਾ.ਪੁ. ਉਹ ਇਜ-ਲਾਸ ਜਿਸ ਵਿਚ ਅਦਾਲਤ ਦੇ ਸਭੇ ਮੈਂਬਰ ਸ਼ਾਮਲ ਹੋਣ।

[इज-लासे कामिल] अर० फ़ा० पु० वह इजलास जिस में अदालत के सभी सदस्य सम्मिलित हों।

اجلاس واحد—[ਇਜ-ਲਾਸੇ ਵਾਹਿਦ] ਅਰ. ਫ਼ਾ. ਪੁ. ਇਕ ਕਮਰੇ ਵਿਚ ਇਕੋ ਜੱਜ ਦੇ ਕਚਹਿਰੀ ਕਰਨ ਦਾ ਭਾਵ ਜਾਂ ਕਿਰਿਆ।

[इज-लासे वाहिद] अर० फ़ा० पु० एक कमरे में एक ही जज के कचहरी करने का भाव या क्रिया।

اجلاف—[ਅਜ-ਲਾਫ਼] ਅਰ. ਪੁ. 'ਜਲਫ਼' ਦਾ ਬਹੁਵਚਨ, ਕਮੀਨੇ; ਨੀਚ, ਗੰਵਾਰ; ਉਜੱਡ।

[अज-लाफ़] अर० पु० 'जलफ़' का बहुवचन, कमीने, नीच; गंवार; उजड्ड।

اجلال—[ਇਜ-ਲਾਲ] ਅਰ. ਪੁ. ਸ਼ਾਨ ਸ਼ੌਕਤ।

[इज-लाल] अर० पु० शान शौकत।

اجلہ—[ਅਜਿਲ:] ਅਰ. ਪੁ. 'ਜਲੀਲ' ਦਾ ਬਹੁਵਚਨ, ਵੱਡੇ ਆਦਮੀ।

[अजिल्ल:] अर० पु० 'जलील' का बहुवचन, बड़े आदमी।

اجماع—[ਇਜ-ਮਾਅ] ਅਰ.ਪੁ. ਜਮ੍ਹਾ ਹੋਣ ਦਾ ਭਾਵ; ਇਤਫ਼ਾਕ; ਭੀੜ, ਇਕੱਠ, ਜਮਘਟਾ।

[इज-मा'अ] अर० पु० जमा होने का भाव; सहमत होने का भाव; भीड़, इकट्ठ, जमघटा।

اجمال—[ਇਜ-ਮਾਲ] ਅਰ. ਪੁ. ਸੰਖੇਪ।

[इज-माल] अर० पु० संक्षेप।

اجمالاً—[ਅਜ-ਮਾਲਨ] ਅਰ. ਕ੍ਰਿ. ਵਿ. ਸੰਖੇਪ ਤੌਰ ਤੇ।

[अज-मालन] अर० क्रि० वि० संक्षेपतः।

اجمالی—[ਅਜ-ਮਾਲੀ] ਅਰ. ਵਿ. ਥੋੜ੍ਹੀ, ਸੰਖੇਪ।

[अज-माली] अर० वि० थोड़ी; संक्षेप।

اجمل—[ਅਜ-ਮਲ] ਅਰ. ਪੁ. ਬਹੁਤ ਸੋਹਣਾ।

[अज-मल] अर० पु० अति सुन्दर।

اجناب—[ਅਜ-ਨਾਬ] ਅਰ. ਪੁ. 'ਜਨਬ' ਦਾ ਬਹੁਵਚਨ, ਪੂਛਾਂ, ਪੁਛਲਾ।

[अज-नाब] अर० पु० 'जनब' का बहुवचन, पूँछें, दुमें।

اجناد—[ਅਜ-ਨਾਦ] ਅਰ. ਪੁ. 'ਜੁੰਦ' ਦਾ ਬਹੁਵਚਨ, ਫ਼ੌਜਾਂ।

[अज-नाद] अर० पु० 'जुंद' का बहुवचन, सेनाएँ।

اجناس—[ਅਜ-ਨਾਸ] ਅਰ. ਪੁ. 'ਜਿਨਸ' ਦਾ ਬਹੁਵਚਨ, ਚੀਜ਼ਾਂ।

[अज-नास] अर० पु० 'जिन्स' का बहुवचन, वस्तुएँ।

اجنبی—[ਅਜ-ਨਬੀ] ਅਰ. ਪੁ. ਨਾਵਾਕਫ਼; ਅਣਜਾਣ; ਗ਼ੈਰ; ਓਪਰਾ, ਪਰਦੇਸੀ।

[अज-नबी] अर० पु० अपरिचित; अनजान; ग़ैर; दूसरा; परदेसी

اجنبیت—[ਅਜ-ਨਬੀਯਤ] ਅਰ. ਇ. ਓਪਰਾਪਨ; ਨਾਵਾਕਫ਼ੀ।

[अज-नबीयत] अर० पु० अपरिचित होने का भाव; नावाक़िफ़ी।

اجوائن—[ਅਜ-ਵਾਇਨ] ਇ. ਜਵੈਣ।

[अज-वाइन] स्त्री० अजवायन ।

اجورہ—[ਅਜੂਰਹ] ਅਰ. ਪੁ. ਉਜਰਤ, ਮਜੂਰੀ, ਮਿਹਨਤਾਨਾ ।

[अजूरह] अर० पु० उजरत, मजदूरी, पारिश्रमिक ।

اجہل—[ਅਜ-ਹਲ] ਅਰ. ਵਿ. ਬਹੁਤਾ ਜਾਹਲ ।

[अज-हल] अर० वि० अत्यन्त मूर्ख ।

اجود—[ਅਜ-ਵਦ] ਅਰ. ਵਿ. ਬਹੁਤ ਵਧੀਆ; ਬਹੁਤ ਉਮਦਾ ।

[अज-वद] अर० वि० सर्वोत्तम, अत्युत्तम ।

اجیر—[ਅਜੀਰ] ਅਰ. ਵਿ. ਦਿਹਾੜੀਦਾਰ, ਤਨਖਾਹਦਾਰ, ਮਜ਼ਦੂਰ, ਗੁਲਾਮ ।

[अजीर] अर० वि० दैनिक मजदूरी पर काम करने वाला, वैतनिक, श्रमिक, दास ।

اجیرن—[ਅਜੀਰਨ] ਪੁ. ਵਿ. ਦੁੱਭਰ; ਕਠਨਾਈ ।

[अजीरन] पु० वि० दूभर; शुष्क ।

اچاٹ—[ਉਚਾਟ] ਵਿ. ਉਕਤਾਇਆ ਹੋਇਆ, ਅੱਕਿਆ ਹੋਇਆ, ਬੇਜ਼ਾਰ ।

[उचाट] वि० उकताया हुआ, तंग आया हुआ, बेजार ।

اچانک—[ਅਚਾਨਕ] ਅਕ. ਅਚਾਨਕ ।

[अचानक] अव्य० अकस्मात् ।

اچٹنا—[ਉਚਟ-ਣਾ] ਕ੍ਰਿ. ਅਕ. ਉਚਾਟ ਹੋਣਾ ।

[उचट-ना] क्रि० अक० उचाट होना ।

اچکا—[ਉਚੱਕਾ] ਪੁ. ਉਠਾਈਗੀਰ, ਜੇਬ-ਕੁਤਰਾ ।

[उचक्का] पु० उठाईगीर, गठकटा ।

—اچکا پن—[ਉਚੱਕਾਪਨ] ਪ. ਲੁੱਚਪੁਣਾ; ਬਦਮਾਸ਼ੀ ।

[उचक्कापन] पु० लुच्चापन, बदमाशी ।

اچکن—[ਅਚਕਨ] ਵਿ. ਇਕ ਕਿਸਮ ਦਾ ਲੰਮਾ ਅਤੇ ਤੰਗ ਕੋਟ ।

[अचकन] स्त्री० एक प्रकार का लम्बा तथा तंग कोट ।

اچکنا—[ਉਚਕਣਾ] ਕ੍ਰਿ. ਅਕ. ਉਛਲਣਾ ; ਉਭਰਨਾ ; ਲੈ ਕੇ ਨੱਸ ਜਾਣਾ; ਉਪਰੋਂ ਹੀ ਉਪਰੋਂ ਕੋਈ ਚੀਜ਼ ਲੁਚ ਲੈਣਾ ।

[उचकना] क्रि० अक० उछलना; उभरना; ले कर भाग जाना; ऊपर ही ऊपर से कोई चीज उठा लेना ।

اچنبھا ، اچنبا—[ਅਚੰਭਾ, ਅਚੰਭਾ] ਪੁ. ਹੈਰਾਨੀ ।

[अचंबा, अचंभा] पु० आश्चर्य ।

اچھا—[ਅੱਛਾ] ਵਿ. ਨੇਕ; ਚੰਗਾ, ਵਧੀਆ ; ਪਿਆਰਾ, ਠੀਕ ; ਤੰਦਰੁਸਤ; ਮੁਬਾਰਕ; ਲਾਹੇਵੰਦ ।

[अच्छा] वि० नेक उत्तम; बढ़िया; श्रेष्ठ; ठीक; स्वस्थ; मुबारिक; लाभदायक ।

—اچھا خاصا—[ਅੱਛਾ ਖ਼ਾਸਾ] ਉਰਦੂ. ਵਿ. ਚੰਗਾ ਭਲਾ; ਠੀਕ-ਠਾਕ; ਤੰਦਰੁਸਤ ।

[अच्छा खासा] उर्दू० वि० अच्छा भला; ठीक ठाक; स्वस्थ ।

—اچھے اچھے—[ਅੱਛੇ ਅੱਛੇ] ਵਿ. ਪੁ. ਬਹੁਤ ਚੰਗੇ; ਦੌਲਤਮੰਦ; ਪਤਵੰਤੇ; ਖੂਬਸੂਰਤ ਲੋਕ; ਔਲੀਆ ।

[अच्छे अच्छे] वि० पु० बहुत अच्छे; धनवान; प्रतिष्ठित; सुन्दर लोग; औलिया ।

—اچھے برے میں چار انگل کا فرق ہے—[ਅੱਛੇ ਬੁਰੇ ਮੇਂ ਚਾਰ ਉਂਗਲ ਕਾ ਫ਼ਰਕ ਹੈ] ਅਖੌ. ਚੰਗਾ ਕੰਮ ਕਰਨ ਵਿਚ ਭੈੜਾ ਕੰਮ ਕਰਨ ਨਾਲੋਂ ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ ।

[अच्छे बुरे में चार अंगुल का फ़र्क़ है] लोको० अच्छा काम करने में बुरे काम करने की अपेक्षा कोई अधिक परिश्रम नहीं करना पड़ता ।

اچھالنا—[ਉਛਾਲ-ਣਾ] ਕ੍ਰਿ. ਸਕ. ਕਿਸੇ ਚੀਜ਼ ਨੂੰ ਉੱਪਰ ਸੁੱਟਣਾ; ਕਿਸੇ ਗੱਲ ਨੂੰ ਬਹੁਤਾ ਮਸ਼ਹੂਰ ਕਰਨਾ ।

[उछाल-ना] क्रि० सक० ऊपर की ओर फेंकना ; किसी बात को बहुत फैलाना ।

اچھلنا—[ਉਛਲ-ਣਾ] ਕ੍ਰਿ. ਅਕ. ਟੱਪਣਾ; ਤੇਜ਼ੀ ਨਾਲ ਤੜਫ਼ ਕੇ ਨਿਕਲਣਾ; ਉਭਰਨਾ; ਧੜਕਣਾ; ਖੁਸ਼ੀ ਕਰਨਾ ।

[उछल-ना] क्रि० अक० कूदना; तेजी से तड़प कर निकलना; उभरना; धड़कना; इतराना ।

اچھل پڑنا—[ਉਛਲ ਪੜ-ਣਾ] ਮੁਹਾ. ਬਿਨਾ ਕਿਸੇ ਇਰਾਦੇ, ਮੁਹੱਬਤ, ਖੁਸ਼ੀ, ਮੋਹ ਜਾਂ ਤਾਪ ਦੀ ਜ਼ਿਆਦਤੀ ਕਾਰਣ ਉੱਪਰ ਨੂੰ ਕੁੱਦਣਾ ।

[उछल पड़-ना] मुहा० बिना किसी आशय, प्रेम, खुशी, मद या ज्वर आदि की अधिकता से ऊपर को कूदना ।

اچھوت—[ਅਛੂਤ] ਉਰ. ਵਿ. ਜਿਸ ਨੂੰ ਛੂਹਣਾ ਚੰਗਾ ਨਾ ਸਮਝਿਆ ਜਾਂਦਾ ਹੋਵੇ ।

[अछूत] उर्दू० वि० जिस को स्पर्श करना अच्छा न समझा जाता हो ।

اچھوتا—[ਅਛੂਤਾ] ਵਿ. ਨਵਾਂ; ਅਜੀਬ, ਅਨੋਖਾ (ਵਿਚਾਰ) ।

[अछूता] वि० नया; अद्भुत, अनोखा (विचार) ।

—اچھوتی کوکھ—[ਅਛੂਤੀ ਕੁੱਖ] ਵਿ. ਉਹ ਔਰਤ ਜਿਸ ਦਾ ਕੋਈ ਬੱਚਾ ਨਾ ਮਰਿਆ ਹੋਵੇ ।

[अछूती कोख] स्त्री० वह स्त्री जिस का कोई बालक न मरा हो ।

—اچھے دن ہونا—[ਅੱਛੇ ਦਿਨ ਹੋਣਾ] ਮੁਹਾ. ਚੰਗੇ ਭਾਗਾਂ ਵਾਲਾ ਹੋਣਾ।
[अच्छे दिन होना] मुहा० भाग्यशाली होना।

اَح—[ਅੱਹ] ਅਰ. ਪੁ. ਖੰਘਣ ਦੀ ਕਿਰਿਆ।
[अह्‌ह] अर० पु० खाँसने की क्रिया।

احادیث—[ਅਹਾਦੀਸ] ਅਰ. ਇ. 'ਹਦੀਸ' ਦਾ ਬਹੁਵਚਨ, ਹਦੀਸਾਂ।
[अ-हादीस] अर० स्त्री० 'हदीस' का बहुवचन, हदीसें।

احاطہ—[ਇਹਾਤਾ] ਅਰ. ਪੁ. ਘੇਰਾ; ਹਾਤਾ।
[इहातः] अर० पु० घेरा; हाता।

—احاطہ کرنا—[ਇਹਾਤਾ ਕਰ-ਨਾ] ਕ੍ਰਿ. ਸਮਾ. ਘੇਰਾ ਪਾਉਣਾ, ਘੇਰਨਾ।
[इहातः कर-ना] क्रि० समा० घेरा डालना, घेरना।

احبا—[ਅਹਿੱਬਾ] ਅਰ. ਪੁ. 'ਹਬੀਬ' ਦਾ ਬਹੁਵਚਨ, ਦੋਸਤ, ਮਿੱਤਰ।
[अहिब्बा] अर० पु० 'हबीब' का बहुवचन, मित्र, दोस्त।

احباب—[ਅਹਬਾਬ] ਅਰ. ਪੁ. 'ਹਬੀਬ' ਦਾ ਬਹੁਵਚਨ, ਦੋਸਤ, ਮਿੱਤਰ।
[अह्‌बाब] अर० पु० 'हबीब' का बहु वचन, मित्र, दोस्त।

احبار—[ਅਹ-ਬਾਰ] ਅਰ. ਪੁ. 'ਹਬਰ' ਦਾ ਬਹੁਵਚਨ, ਸਿਆਣੇ ਆਦਮੀ; ਯਹੂਦੀ ਉਲਮਾ।
[अह्-बार] अर० पु० 'हब्र' का बहुवचन, बुद्धिमान पुरुष; यहूदी विद्वान्।

احتباس—[ਇਹ-ਤਿਬਾਸ] ਅਰ. ਪੁ. ਹੈਜ਼ ਬੰਦ ਹੋਣ ਦਾ ਰੋਗ।
[एह्-तिबास] अर० पु० मासिक-धर्म न आने का रोग।

احتجاج—[ਇਹ-ਤਿਜਾਜ] ਅਰ. ਪੁ. ਰੋਸ, ਪ੍ਰੋਟੈਸਟ, ਅੰਦੋਲਨ।
[एह्-तिजाज] अर० पु० रोष, विरोध, आन्दोलन।

—احتجاجی یادداشت—[ਇਹ-ਤਿਜਾਜੀ ਯਾਦ-ਦਾਸ਼-ਤ] ਅਰ. ਫ਼ਾ. ਇ. ਵਿਰੋਧ-ਪੱਤਰ।
[एह्-तिजाजी याद-दाश्-त] अर० फ़ा० स्त्री० विरोध-पत्र।

احتراز—[ਇਹ-ਤਿਰਾਜ਼] ਅਰ. ਪੁ. ਪਰਹੇਜ਼, ਬਚਾ।
[एह्-तिराज़] अर० पु० परहेज़, बचाव।

احتراق—[ਇਹ-ਤਿਰਾਕ਼] ਅਰ. ਪੁ. ਸੜਨ ਦਾ ਭਾਵ; ਕਿਸੇ ਗ੍ਰਹਿ ਦੇ ਸੂਰਜ ਦੇ ਨਾਲ ਇਕੋ ਰਾਸ ਵਿਚ ਹੋਣ ਕਾਰਣ ਉਸ ਦੀਆਂ ਕਿਰਨਾਂ ਵਿਚ ਛੁਪ ਜਾਣ ਦੀ ਕਿਰਿਆ; ਸਖ਼ਤ ਗਰਮੀ।
[एह्-तिराक़] अर० पु० जलने का भाव; किसी नक्षत्र के सूर्य के साथ एक ही राशि में होने के कारण उस की किरणों में छुप जाने की क्रिया; सख़्त गर्मी।

احترام—[ਇਹ-ਤਿਰਾਮ] ਅਰ. ਪੁ. ਇੱਜ਼ਤ; ਆਉ-ਭਗਤ।
[एह्-तिराम] अर० पु० सम्मान; स्वागत।

—احترام نفس—[ਇਹ-ਤਿਰਾਮੇ ਨਫ਼-ਸ] ਅਰ. ਪੁ. ਆਤਮ-ਸਨਮਾਨ।
[एह्-तिरामे नफ़्-स] अर० पु० आत्म-सम्मान।

احتساب—[ਇਹ-ਤਿਸਾਬ] ਅਰ. ਪੁ. ਹਿਸਾਬ ਕਰਨ ਦੀ ਕਿਰਿਆ ਜਾਂ ਭਾਵ।
[एह्-तिसाब] अर० पु० हिसाब करने की क्रिया या भाव।

احتشام—[ਇਹ-ਤਿਸ਼ਾਮ] ਅਰ. ਪੁ. ਸ਼ਾਨ; ਦਬਦਬਾ; ਲਾਉ ਲਸ਼ਕਰ।
[एह्-तिशाम] अर० पु० प्रतिष्ठा; दबदबा; नौकर चाकर।

احتضار—[ਇਹ-ਤਿਜ਼ਾਰ] ਅਰ. ਪੁ. ਪ੍ਰਾਣ ਨਿਕਲਣ ਦੀ ਹਾਲਤ; ਮੌਤ ਆਉਣ ਦਾ ਵੇਲਾ।
[एह्-तिज़ार] अर० पु० प्राण निकलने की हालत; मृत्यु आने का समय।

—احتضار علم—[ਇਹ-ਤਿਜ਼ਾਰੇ ਇਲ-ਮ] ਅਰ. ਪੁ. ਗਿਆਨ ਦੇ ਤਾਜ਼ਾ ਹੋਣ ਦੀ ਕਿਰਿਆ।
[एह्-तिज़ारे इल्-म] अर० पु० ज्ञान के ताज़ा होने की क्रिया।

احتظاظ—[ਇਹ-ਤਿਜ਼ਾਜ਼] ਅਰ. ਪੁ. ਸੁਆਦ ਲੈਣ ਦੀ ਕਿਰਿਆ, ਸੁਆਦ ਲੈਣ ਦਾ ਭਾਵ।
[एह्-तिज़ाज़] अर० पु० आनन्द लेने की क्रिया, मज़ा लूटने का भाव।

احتقار—[ਇਹ-ਤਿਕ਼ਾਰ] ਅਰ. ਪੁ. ਨਫ਼ਰਤ ਕਰਨ ਦਾ ਭਾਵ।
[एह्-तिक़ार] अर० पु० घृणा करने का भाव।

احتقاق—[ਇਹ-ਤਿਕ਼ਾਕ਼] ਅਰ. ਪੁ. ਕਿਸੇ ਚੀਜ਼ ਤੇ ਹੱਕ ਜਤਾਉਣ ਦਾ ਭਾਵ।
[एह्-तिक़ाक़] अर० पु० किसी वस्तु पर अधिकार जताने का भाव।

احتقان—[ਇਹ-ਤਿਕ਼ਾਨ] ਅਰ. ਪੁ. ਅਨੀਮਾ ਕਰਨ ਦਾ ਭਾਵ; ਟੀਕਾ ਲਾਉਣ ਦਾ ਭਾਵ।
[एह्-तिक़ान] अर० पु० अनीमा करने का भाव; टीका लगाने का भाव।

احتکار—[ਇਹ-ਤਿਕਾਰ] ਅਰ. ਪੁ. ਅਨਾਜ ਨੂੰ ਮਹਿੰਗਾ ਹੋਣ ਤੇ ਵੇਚਣ ਦੀ ਨੀਯਤ ਨਾਲ ਜਮ੍ਹਾਂ ਕਰਨ ਦਾ ਭਾਵ; ਜ਼ਖੀਰਾ ਅੰਦੋਜ਼ੀ।

[एह्-तिकार] अर० पु० अनाज को महँगा होने पर बेचने की भावना से संग्रह करने का भाव, जखीरा अंदोजी।

احتکاک—[ਇਹ-ਤਿਕਾਕ] ਅਰ. ਪੁ. ਰਗੜਨ ਦੀ ਕਿਰਿਆ, ਰਗੜ।

[एह्-तिकाक] अर० पु० रगड़ने की क्रिया, रगड़।

احتلام—[ਇਹ-ਤਿਲਾਮ] ਅਰ. ਪੁ. ਸੁਪਨਦੋਸ਼।

[एह्-तिलाम] अर० पु० स्वप्नदोष।

احتمال—[ਇਹ-ਤਿਮਾਲ] ਅਰ. ਪੁ. ਸ਼ੱਕ; ਡਰ; ਫ਼ਿਕਰ।

[एह्-तिमाल] अर० पु० आशंका; डर; चिन्ता।

—احتمالاً—[ਇਹ-ਤਿਮਾਲਨ] ਅਰ. ਕ੍ਰਿ. ਵਿ. ਸ਼ੱਕ ਵਜੋਂ।

[एह्-तिमालन] अर० क्रि० वि० सन्देह के रूप में।

—احتمال قانونی—[ਇਹ-ਤਿਮਾਲੇ ਕਾਨੂਨੀ] ਅਰ. ਪੁ. ਕਨੂੰਨੀ ਸ਼ੁਬਹ।

[एह्-तिमाले क़ानूनी] अर० पु० क़ानूनी शंका।

احتمالی—[ਇਹ-ਤਿਮਾਲੀ] ਅਰ. ਵਿ. ਸ਼ੱਕ ਨਾਲ ਸਬੰਧਤ।

[एह्-तिमाली] अर० वि० सन्देह से सम्बंधित।

احتیاج—[ਇਹ-ਤਿਯਾਜ] ਅਰ. ਇ. ਲੋੜ, ਥੋੜ; ਗ਼ਰੀਬੀ।

[एह्-तियाज] अर० स्त्री० ज़रूरत, आवश्यकता; निर्धनता।

—احتیاج بشری—[ਇਹ-ਤਿਯਾਜੇ ਬਸ਼ਰੀ] ਅਰ. ਫ਼ਾ. ਇ. ਮਨੁੱਖ ਦੀਆਂ ਮੁਢਲੀਆਂ ਲੋੜਾਂ।

[एह्-तियाजे बशरी] अर० फ़ा० स्त्री० मनुष्य की मूल आवश्यकताएँ।

احتیاط—[ਇਹ-ਤਿਯਾਤ] ਅਰ. ਇ. ਹੋਸ਼ਿਆਰੀ; ਬਚਾ; ਸੰਭਾਲ।

[एह्-तियात] अर० स्त्री० सतर्कता; बचाव; संभाल।

—احتیاطاً—[ਇਹ-ਤਿਯਾਤਨ] ਅਰ. ਕ੍ਰਿ. ਵਿ. ਇਹਤਿਆਤ ਵਜੋਂ।

[एह्-तियातन] अर० क्रि० वि० सावधानी के रूप में।

احجار—[ਅਹਜਾਰ] ਅਰ. ਪੁ. 'ਹਜਰ' ਦਾ ਬਹੁਵਚਨ, ਪੱਥਰ; 'ਹਿਜਰ' ਦਾ ਬਹੁਵਚਨ, ਘੋੜੀਆਂ।

[अह्जार] अर० पु० 'हजर' का बहुवचन, पत्थर; 'हिजर' का बहुवचन, घोड़ियाँ।

احد—[ਅਹਦ] ਅਰ. ਵਿ. ਇਕ; ਇਕੱਲਾ;

[अहद] अर० वि० एक; अकेला।

—احدالطرفین—[ਅਹਦੁੱਤਰਫ਼ੈਨ] ਅਰ. ਪੁ. ਦੋ ਧਿਰਾਂ ਵਿਚੋਂ ਇਕ।

[अहदुत्तरफ़ैन] अर० पु० दो पक्षों में से एक।

—احدالفریقین—[ਅਹਦੁਲ-ਫ਼ਰੀਕ਼ੈਨ] ਅਰ. ਪੁ. ਦੋ ਧਿਰਾਂ ਵਿਚੋਂ ਇਕ।

[अहदुल-फ़रीक़ैन] अर० पु० दो पक्षों में से एक।

—احدالمتخاصمین—[ਅਹਦੁਲ-ਮੁਤ-ਖ਼ਾਸਮੈਨ] ਅਰ. ਪੁ. ਮੁਕਦਮਾ ਕਰਨ ਵਾਲੇ ਦੋ ਵਿਰੋਧੀ ਧਿਰਾਂ ਵਿਚੋਂ ਇਕ ਧਿਰ।

[अहदुल-मुत-ख़ासिमैन] अर० पु० अभियोग करने वाले दो विरोधी पक्षों में से एक पक्ष।

احدی—[ਅਹਦੀ] ਅਰ. ਵਿ. ਅਹਿਦ (ਖ਼ੁਦਾ) ਨਾਲ ਸਬੰਧਤ।

[अहदी] अर० वि० अहद (ख़ुदा) से सम्बंधित।

احدیت—[ਅਹਦੀਯਤ] ਅਰ. ਇ. ਏਕਤਾ।

[अहदीयत] अर० स्त्री० एकता।

احرار—[ਅਹ-ਰਾਰ] ਅਰ. ਪੁ. 'ਹੁੱਰ' ਦਾ ਬਹੁਵਚਨ, ਸੁਤੰਤਰ; ਸਾਊ।

[अह्-रार] अर० पु० 'हुर' का बहुवचन, स्वतन्त्र; सौम्य।

احراز—[ਇਹ-ਰਾਜ਼] ਅਰ. ਪੁ. ਹਿਫ਼ਾਜ਼ਤ ਕਰਨ ਜਾਂ ਸੰਭਾਲ ਕੇ ਰਖਣ ਦੀ ਕਿਰਿਆ।

[एह्-राज़] अर० पु० रक्षा करने या संभाल कर रखने की क्रिया।

احراق—[ਇਹ-ਰਾਕ਼] ਅਰ. ਪੁ. ਅੱਗ ਲਾਉਣ ਦੀ ਕਿਰਿਆ।

[एह्-राक़] अर० पु० आग लगाने की क्रिया।

احرام—[ਇਹ-ਰਾਮ] ਅਰ. ਪੁ. ਨਿਸ਼ਚਿਤ ਥਾਵਾਂ ਤੋਂ ਖ਼ਾਨਾ-ਕਾਬਾ ਤਕ ਦੀ ਯਾਤਰਾ ਕਰਨ ਤਕ ਕੁਝ ਜਾਇਜ਼ ਕੰਮਾਂ ਨੂੰ ਆਪਣੇ ਲਈ ਹਰਾਮ ਸਮਝ ਲੈਣ ਦਾ ਭਾਵ।

[एह्-राम] अर० पु० निश्चित स्थानों से ख़ाना-काबा तक की यात्रा करते समय तक कुछ उपयुक्त कार्यों को अपने लिये हराम समझ लेने का भाव।

—احرام باندھنا—[ਇਹ-ਰਾਮ ਬੰਨ੍ਹ-ਨਾ] ਮੁਹਾ. ਨਿਸ਼ਚਿਤ ਥਾਵਾਂ ਤੋਂ ਖ਼ਾਨਾ-ਕਾਬਾ ਤਕ ਦੀ ਯਾਤਰਾ ਕਰਨ ਤਕ ਕੁਝ ਕੁ ਜਾਇਜ਼ ਕੰਮਾਂ ਨੂੰ ਆਪਣੇ ਲਈ ਹਰਾਮ ਸਮਝਦੇ ਹੋਏ ਅਣ-ਸੀਤੇ ਕਪੜਿਆਂ ਨਾਲ ਸਰੀਰ ਢੱਕਣ ਦੀ ਕਿਰਿਆ।

[एह्राम बाँध-ना] मुहा० निश्चित स्थानों पर से ख़ाना-काबा तक की यात्रा करते समय तक कुछ ठीक बातों को अपने लिये हराम समझते हुए बिना सिले कपड़ों से शरीर को ढाँकने की क्रिया।

احرامی—[ਇਹ-ਰਾਮੀ] ਅਰ. ਵਿ. ਜਿਸ ਨੇ 'ਇਹਰਾਮ' ਬੰਨ੍ਹਿਆ ਹੋਵੇ।

ਇ. 'ਇਹਰਾਮ' ਦੀ ਚਾਦਰ।

[एह्-रामी] फ़ा॰ वि॰ जिस ने 'एहराम' बांधा हो।

स्त्री॰ 'एहराम' की चादर।

احزاب—[ਅਹ਼ਜ਼ਾਬ] ਅਰ. ਪੁ. 'ਹਿਜ਼ਬ' ਦਾ ਬਹੁਵਚਨ, ਫ਼ੌਜਾਂ।

[अह्ज़ाब] अर॰ पु॰ 'हिज़्ब' का बहुवचन, सेनाएँ।

احزان—[ਅਹ਼ਜ਼ਾਨ] ਅਰ. ਪੁ. 'ਹੁਜ਼ਨ' ਦਾ ਬਹੁਵਚਨ, ਦੁਖ; ਚਿੰਤਾਵਾਂ।

[अह्ज़ान] अर॰ पु॰ 'हुज़्न' का बहुवचन, दुःख; चिन्ताएं।

احساس—[ਇਹ਼ਸਾਸ] ਅਰ. ਪੁ. ਮਹਿਸੂਸ ਕਰਨ ਦਾ ਭਾਵ।

[एह्-सास] अर॰ पु॰ महसूस करने का भाव।

—احساس کہتری—[ਇਹ਼ਸਾਸੇ ਕਿਹ-ਤਰੀ] ਅਰ. ਫ਼ਾ. ਪ. ਹੀਨਤਾ ਭਾਵ।

[एह्-सासे किह्-तरी] अर॰ फ़ा॰ पु॰ हीनता भाव।

احسان—[ਇਹ਼ਸਾਨ] ਅਰ. ਪੁ. ਨੇਕੀ, ਭਲਾ ਕੰਮ; ਮਿਹਰ-ਬਾਨੀ।

[एह्सान] अर॰ पु॰ नेकी, भला काम; कृपा।

—احسانات—[ਇਹ਼ਸਾਨਾਤ] ਅਰ. ਪੁ. 'ਇਹਸਾਨ' ਦਾ ਬਹੁਵਚਨ, ਨੇਕੀਆਂ, ਭਲਾਈਆਂ; ਮਿਹਰਬਾਨੀਆਂ।

[एह्-सानात] अर॰ पु॰ 'एह्सान' का बहुवचन, नेकियाँ, भलाइयाँ; कृपाएँ।

—احسان اٹھانا—[ਇਹ਼ਸਾਨ ਉਠਾਨਾ] ਮੁਹਾ. ਇਹਸਾਨਮੰਦ ਹੋਣਾ, ਸ਼ੁਕਰਗੁਜ਼ਾਰ ਹੋਣਾ।

[एह्-सान उठाना] मुहा॰ कृतज्ञ होना, उपकार मानने वाला होना।

—احسان رکھنا—[ਇਹ਼ਸਾਨ ਰਖ-ਨਾ] ਮੁਹਾ. ਸ਼ੁਕਰਗੁਜ਼ਾਰ ਹੋਣਾ।

[एह्-सान रख-ना] मुहा॰ कृतज्ञ होना।

—احسان عظیم—[ਇਹ਼ਸਾਨੇ 'ਅਜ਼ੀਮ] ਅਰ. ਪੁ. ਮਹਾਨ ਉਪਕਾਰ।

[एह्-साने 'अज़ीम] अर॰ पु॰ महान् उपकार।

—احسان فراموش—[ਇਹ਼ਸਾਨ ਫ਼ਰਾਮੋਸ਼] ਅਰ.ਫ਼ਾ. ਵਿ.ਪੁ. ਅਕਿਰਤਘਣ।

[एह्-सान फ़रामोश] अर॰ फ़ा॰ वि॰ पु॰ कृतघ्न।

—احسان فراموشی—[ਇਹ਼ਸਾਨ ਫ਼ਰਾਮੋਸ਼ੀ] ਅਰ. ਫ਼ਾ. ਇ. ਕੀਤਾ ਨਾ ਜਾਣਣ ਦਾ ਭਾਵ।

[एह्-सान फ़रामोशी] अर॰ फ़ा॰ स्त्री॰ किया न मानने का भाव।

—احسان ماننا—[ਇਹ਼ਸਾਨ ਮਾਨ-ਨਾ] ਮੁਹਾ. ਸ਼ੁਕਰਗੁਜ਼ਾਰ ਹੋਣਾ।

[एह्-सान मान-ना] मुहा॰ उपकार मानना।

—احسان مند—[ਇਹ਼ਸਾਨਮੰਦ] ਅਰ. ਫ਼ਾ. ਪੁ. ਇਹਸਾਨ ਮੰਨਣ ਵਾਲਾ, ਰਿਣੀ।

[एह्-सानमन्द] अर॰ फ़ा॰ पु॰ एहसान या उपकार मानने वाला, ऋणी।

—احسان مندی—[ਇਹ਼ਸਾਨਮੰਦੀ] ਅਰ. ਫ਼ਾ. ਇ. ਕੀਤਾ ਮੰਨਣ ਦਾ ਭਾਵ।

[एह्-सानमन्दी] अर॰ फ़ा॰ स्त्री॰ उपकार मानने का भाव।

—احسان ناشناس—[ਇਹ਼ਸਾਨ ਨਾ-ਸ਼ਨਾਸ] ਅਰ. ਫ਼ਾ. ਵਿ. ਇਹਸਾਨ ਨਾ ਮੰਨਣ ਵਾਲਾ; ਅਕਿਰਤਘਣ।

[एह्-सान ना-शनास] अर॰ फ़ा॰ वि॰ एहसान न मानने वाला; कृतघ्न।

احسن—[ਅਹ਼ਸਨ] ਅਰ. ਵਿ. ਬਹੁਤ ਨੇਕ, ਬਹੁਤ ਚੰਗਾ।

[अह्-सन] अर॰ वि॰ बहुत नेक, बहुत अच्छा।

—احسن وجوہ—[ਅਹ਼ਸਨ ਵੁਜੂਹ] ਕ੍ਰਿ. ਵਿ. ਚੰਗੀ ਤਰ੍ਹਾਂ।

[अह्-सन वुजूह] क्रि॰ वि॰ अच्छी तरह।

احسنت—[ਅਹ਼ਸਨਤ] ਅਰ. ਅਵ. ਸ਼ਾਬਾਸ਼; ਵਾਹ ਵਾਹ।

[अह्-सनत] अर॰ अव्य॰ वाहवाह; शाबाश।

—احسنت کہنا—[ਅਹ਼ਸਨਤ ਕਹਿਣਾ] ਮੁਹਾ. ਤਾਰੀਫ਼ ਕਰਨਾ; ਸ਼ਾਬਾਸ਼ ਕਹਿਣਾ।

[अह्-सनत कहना] मुहा॰ प्रशंसा करना; शाबाश कहना।

احشا—[ਅਹ਼ਸ਼ਾ] ਅਰ. ਪੁ. ਜੋ ਕੁਝ ਮਿਅਦੇ ਅਤੇ ਆਂਦਰਾਂ ਦੇ ਅੰਦਰ ਹੋਵੇ।

[अह्-शा] अर॰ पु॰ जो कुछ मेदे और आन्तों में हो।

احشام—[ਅਹ਼ਸ਼ਾਮ] ਅਰ. ਪੁ. 'ਹਸ਼ਮ' ਦਾ ਬਹੁਵਚਨ, ਨੌਕਰ ਚਾਕਰ।

[अह्-शाम[अर॰ पु॰ 'हशम' का बहुवचन, नौकर-चाकर।

احصا—[ਇਹ਼-ਸਾਅ] ਅਰ. ਪੁ. ਗਿਣਤੀ।

[एह्-साअ] अर॰ पु॰ गिनती।

احصار—[ਇਹ਼-ਸਾਰ] ਅਰ. ਪੁ. ਘੇਰਨ ਦੀ ਕਿਰਿਆ ਜਾਂ ਭਾਵ, ਘੇਰਾ।

[एह्-सार] अर॰ पु॰ घेरने की क्रिया या भाव; घेरा।

احضار—[ਇਹ਼-ਜ਼ਾਰ] ਅਰ. ਪੁ. ਹਾਜ਼ਰ ਕਰਨ ਜਾਂ ਬੁਲਾਉਣ ਦਾ ਭਾਵ; ਹਾਜ਼ਰੀ; ਤਲਬੀ ਦਾ ਹੁਕਮ-ਨਾਮਾ, ਸੰਮਨ।

[इह्-ज़ार] अर॰ पु॰ उपस्थित करने या बुलाने का भाव; उपस्थिति ; तलबी का आज्ञापत्र, सम्मन

احضار بالجبر—[ਇਹ-ਜ਼ਾਰ ਬਿਲ-ਜਬ-ਰ] ਅਰ. ਪੁ. ਜ਼ਬਰਦਸਤੀ ਹਾਜ਼ਰ ਕਰਨ ਦੀ ਕਿਰਿਆ।

[इह्-ज़ार बिल-जब-र] अर॰ पु॰ बलात् उपस्थित करने की क्रिया।

احفاد—[ਅਹ-ਫ਼ਾਦ] ਅਰ. ਪੁ. 'ਹਾਫ਼ਿਦ' ਦਾ ਬਹੁਵਚਨ, ਪੋਤਰੇ ਤੇ ਦੋਹਤਰੇ।

[अह्-फ़ाद] अर॰ पु॰ 'हाफ़िद' का बहुवचन, पौत्र तथा दोहते।

احقاق—[ਇਹ-ਕ਼ਾਕ਼] ਅਰ. ਪੁ. ਕਿਸੇ ਗੱਲ ਦੀ ਸਚਾਈ ਸਿੱਧ ਕਰਨ ਦਾ ਭਾਵ, ਕਿਸੇ ਦਾ ਹੱਕ ਕਾਇਮ ਕਰਨ ਦਾ ਭਾਵ; ਹੱਕ ਦਿਵਾਉਣ ਦੀ ਕਿਰਿਆ।

[इह्-क़ाक़] अर॰ पु॰ किसी बात की सचाई सिद्ध करने का भाव; किसी का हक़ कायम करने का भाव ; हक़ दिलाने की क्रिया।

احقر—[ਅਹ-ਕ਼ਰ] ਅਰ. ਵਿ. ਨੀਚ, ਵਧੇਰੇ ਹਕੀਰ।

[अह्-क़र] अर॰ वि॰ तुच्छ, अति क्षुद्र।

احقر العباد—[ਅਹ-ਕ਼ਰੁਲ-ਇਬਾਦ] ਅਰ. ਪੁ. ਸਾਰੇ ਬੰਦਿਆਂ ਵਿਚੋਂ ਵਧੇਰੇ ਨੀਚ, ਦਾਸਨ ਦਾਸ।

[अह्-क़रुल-इबाद] अर॰ पु॰ सब पुरुषों में से बहुत तुच्छ, दासानुदास।

احکام—[ਅਹ-ਕਾਮ] ਅਰ. ਪੁ. 'ਹੁਕਮ' ਦਾ ਬਹੁਵਚਨ, ਹੁਕਮ-ਨਾਮੇ।

[अह्-काम] अर॰ पु॰ 'हुक्म' का बहुवचन, हुक्मनामे।

احکامات—[ਅਹਕਾਮਾਤ] ਅਰ.ਪੁ. 'ਹੁਕਮ' ਦੇ ਬਹੁਵਚਨ ਦਾ ਬਹੁਵਚਨ।

[अह्-कामात] अर॰ पु॰ 'हुक्म' के बहुवचन का बहुवचन।

احکام درمیانی—[ਅਹ-ਕਾਮੇ ਦਰ-ਮਿਯਾਨੀ] ਅਰ. ਫ਼ਾ. ਪੁ. ਵਿਚਲੀ ਅਥਵਾ ਵਿਚਕਾਰਲੇ ਹੁਕਮ ; ਅਖ਼ੀਰੀ ਫ਼ੈਸਲੇ ਤੋਂ ਪਹਿਲਾਂ ਦੇ ਹੁਕਮ।

[अह्-कामे दमियानी] अर॰ फ़ा॰ पु॰ बिचली अथवा बीच के हुक्म ; अन्तिम फ़ैसले से पहले के हुक्म।

احکام مستزاد—[ਅਹ-ਕਾਮੇ ਮੁਸ-ਤਜ਼ਾਦ] ਅਰ. ਪੁ. ਵਧੇਰੇ ਹੁਕਮ, ਗ਼ੈਰ ਜ਼ਰੂਰੀ ਹੁਕਮ, ਵਾਧੂ ਹੁਕਮ।

[अह्-कामे मुस-तज़ाद] अर॰ पु॰ अनावश्यक आदेश ; व्यर्थ की आज्ञाएं ; अतिरिक्त हुक्म।

احکام ناطق—[ਅਹ-ਕਾਮੇ ਨਾ-ਤਿਕ਼] ਅਰ. ਪੁ. ਕਤਈ ਹੁਕਮ।

[अह्-कामे नातिक़] अर॰ पु॰ क़तई हुक्म।

احکم—[ਅਹ-ਕਮ] ਅਰ. ਵਿ. ਬਹੁਤ ਮਜ਼ਬੂਤ, ਮੁਹਕਮ, ਬਹੁਤ ਪੱਕਾ।

[अह्-कम] अर॰ वि॰ बहुत मज़बूत, दृढ़, बहुत पक्का।

احکم الحاکمین—[ਅਹ-ਕਮੁਲ-ਹਾਕਿਮੀਨ] ਅਰ. ਪੁ. ਸਾਰਿਆਂ ਹਾਕਮਾਂ ਨਾਲੋਂ ਵਧ ਸਿਆਣਾ ਤੇ ਸ਼ਕਤੀਵਾਨ ਹਾਕਮ ਅਥਵਾ ਰੱਬ।

[अह्-कमुल-हाकिमीन] अर॰ पु॰ सब हाकिमों से बढ़ कर बुद्धिमान् तथा शक्तिवान हाकिम अथवा ईश्वर।

احلاف—[ਅਹ-ਲਾਫ਼] ਅਰ. ਪੁ. 'ਹਿਲਫ਼' ਦਾ ਬਹੁਵਚਨ, ਮਦਦਗਾਰ, ਸਾਥੀ।

[अह्-लाफ़] अर॰ पु॰ 'हिलफ़' का बहुवचन, सहायक, साथी।

احمد—[ਅਹ-ਮਦ] ਅਰ. ਪੁ. ਬਹੁਤ ਸਲਾਹਿਆ ਗਿਆ; ਮਹੰਮਦ ਸਾਹਿਬ ਦਾ ਨਾਂ।

[अह्-मद] अर॰ पु॰ जिस की बहुत सराहना की गई हो ; मुहम्मद साहिब का नाम।

احمد کی پگڑی محمود کے سر—[ਅਹ-ਮਦ ਦੀ ਪਗੜੀ ਮਹ-ਮੂਦ ਦੇ ਸਿਰ] ਅਖੌ. ਇਕ ਦਾ ਹੱਕ ਦੂਸਰੇ ਨੂੰ ਦੇ ਦੇਣ ਦਾ ਭਾਵ, ਹੱਕ-ਤਲਫ਼ੀ ਕਰਨ ਦਾ ਭਾਵ।

[अह्-मद की पगड़ी मह्-मूद के सिर] लोको॰ एक का अधिकार दूसरे को दे देने का भाव, किसी के अधिकार को छीन लेने का भाव।

احمد کی داڑھی بڑی ہے یا محمود کی—[ਅਹ-ਮਦ ਦੀ ਦਾੜ੍ਹੀ ਵਡੀ ਹੈ ਜਾਂ ਮਹ-ਮੂਦ ਦੀ] ਅਖੌ. ਫ਼ਜ਼ੂਲ ਗੱਲਾਂ ਤੇ ਫ਼ਾਲਤੂ ਬਹਿਸ ਕਰਨ ਸਮੇਂ ਆਖਦੇ ਹਨ।

[अह्-मद की दाढ़ी बड़ी है या मह्-मूद की] लोको॰ व्यर्थ की बातें और फ़ज़ूल बहस करते समय कहते हैं।

احمدی—[ਅਹ-ਮਦੀ] ਅਰ. ਪੁ. ਕਾਦੀਆਂ ਦੇ ਮਿਰਜ਼ਾ ਗ਼ੁਲਾਮ ਅਹਮਦ ਦੇ ਪੈਰੋਕਾਰ, ਮਿਰਜ਼ਈ ; ਸੋਨੇ ਦਾ ਇਕ ਸਿੱਕਾ ਜੋ ਟੀਪੂ ਦੇ ਸਮੇਂ ਚਾਲੂ ਹੋਇਆ ; ਅਹਿਮਦ ਸ਼ਾਹ ਦਾ ਸਿੱਕਾ ਜੋ ਉਸ ਨੇ ਦਿੱਲੀ ਵਿਚ ਜਾਰੀ ਕੀਤਾ ਸੀ।

[अह्-मदी] अर॰ पु॰ क़ादियाँ के मिरज़ा ग़ुलाम अहमद के अनुयायी, मिरज़ाई ; सोने का एक सिक्का जो टीपू के समय चालू हुआ था ; अहमद शाह का सिक्का जो उस ने देहली में जारी किया था।

—احمدیہ—[ਅਹ-ਮਦਿਯ:] ਫ਼ਾ. ਪੁ. ਵਿ. ਕਾਦੀਆਨੀ ਮੁਸਲਮਾਨ, ਮਿਰਜ਼ਈ ।

[अह्-मदिय:] फ़ा० पु० वि० कादियानी मुसलमान, मिरज़ई ।

احمر—[ਅਹ-ਮਰ] ਅਰ. ਪੁ. ਬਹੁਤ ਜ਼ਿਆਦਾ ਲਾਲ ।

[अह्-मर] अर० पु० बहुत ज़यादा लाल ।

احمق—[ਅਹ-ਮਕ਼] ਅਰ. ਪੁ. ਬੇਵਕੂਫ਼, ਬੇ-ਅਕਲ ।

[अह्-मक़] अर० पु० मूर्ख, बेवक़ूफ़ ।

—احمق الذی—[ਅਹ-ਮਕ਼ੁੱਲ-ਜ਼ੀ] ਅਰ. ਪੁ. ਵਿ. ਬੇਵਕੂਫ਼ ਦੀ ਔਲਾਦ ; ਬੇਵਕੂਫ਼ ।

[अह्-मक़ुल्-ज़ी] अर० वि० मूर्ख की सन्तान ; बेवक़ूफ़ ।

—احمق الناس—[ਅਹ-ਮਕ਼ੁੱਨਾਸ] ਅਰ. ਪੁ. ਸਾਰਿਆਂ ਨਾਲੋਂ ਵਧੇਰੇ ਮੂਰਖ, ਜਹਾਨ ਦਾ ਅਹਿਮਕ ।

[अह्-मक़ुन्नास] अर० पु० सब से अधिक मूर्ख ; दुनिया का मूर्ख ।

—احمقانہ—[ਅਹ-ਮਕ਼ਾਨ:] ਫ਼ਾ. ਵਿ. ਬੇਵਕੂਫ਼ਾਂ ਵਾਲਾ ।

[अह्-मक़ान:] फ़ा० वि० मूर्खों वाला ।

احناف—[ਅਹ-ਨਾਫ਼] ਅਰ. ਪੁ. 'ਹਨਫ਼ੀ' ਦਾ ਬਹੁਵਚਨ ।

[अह्-नाफ़] अर० पु० 'हनफ़ी' का बहुवचन ।

احوال—[ਅਹ-ਵਾਲ] ਅਰ. ਪੁ. 'ਹਾਲ' ਦਾ ਬਹੁਵਚਨ, ਹਾਲਾਤ, ਹਾਲ ਹਵਾਲ ।

[अह्-वाल] अर० पु० 'हाल' का बहुवचन, हालात, हाल हवाल ।

—احوال پرسی—[ਅਹ-ਵਾਲ ਪੁਰ-ਸੀ] ਅਰ. ਫ਼ਾ. ਵਿ. ਹਾਲ ਪੁੱਛਣ ਦੀ ਕਿਰਿਆ ਜਾਂ ਭਾਵ ।

[अह्-वाल पुर-सी] अर० फ़ा० स्त्री० हाल-पूछने की क्रिया या भाव ।

احول—[ਅਹ-ਵਲ] ਅਰ. ਪੁ. ਟੀਰਾ ।

[अह्-वल] अर० पु० भैंगा ।

احیاء—[ਇਹ-ਯਾਅ] ਅਰ. ਪੁ. ਮੁੜ ਜੀਉਂਦਾ ਕਰਨ ਦਾ ਭਾਵ ।

[एह्-याअ] अर० पु० पुनः जीवित करने का भाव ।

—احیاء العلوم—[ਇਹ-ਯਾਅ ਉਲ-ਉਲੂਮ] ਅਰ. ਵਿ. ਇਮਾਮ ਗ਼ਜ਼ਾਲੀ ਦੀ ਇਕ ਪ੍ਰਸਿੱਧ ਪੁਸਤਕ ।

[एह्-याअ उल-उलूम] अर० स्त्री० इमाम ग़ज़ाली की एक प्रसिद्ध पुस्तक ।

—احیاء الموات—[ਇਹ-ਯਾਅ ਉਲ-ਮਵਾਤ] ਅਰ. ਪੁ. ਬੰਜਰ ਧਰਤੀ ਨੂੰ ਵਾਹੁਣ ਦੀ ਕਿਰਿਆ ।

[एह्-याअ उल-मवात] अर० पु० बंजर भूमि को जोतने की क्रिया ।

احیاناً—[ਅਹ-ਯਾਨਨ] ਅਰ. ਕ੍ਰਿ. ਵਿ. ਅਚਾਨਚੇਤ ; ਕਦੇ ਕਦੇ ।

[अह्-यानन] अर० क्रि० वि० अचानक ; कभी कभी ।

اخ—[ਅਖ਼] ਅਰ. ਪੁ. ਮਾਂ-ਜਾਇਆ ਭਰਾ ।

[अख़] अर० पु० सहोदर भ्राता ।

—اخوی—[ਅਖ਼-ਵੀ] ਅਰ. ਵਿ. ਭਰਾ ਦਾ ।

[अख़्-वी] अर० वि० भ्राता का ।

—اخی—[ਅਖ਼ੀ] ਅਰ. ਪੁ. ਮੇਰਾ ਭਰਾ ।

[अख़ी] अर० पु० मेरा भाई ।

اخ—[ਅਖ਼] ਵਿ. ਉਹ ਆਵਾਜ਼ ਜੋ ਥੁੱਕਣ ਤੋਂ ਪਹਿਲਾਂ ਕੱਢੀ ਜਾਂਦੀ ਹੈ ।

[अख़] स्त्री० एक प्रकार की आवाज़ जो थूकने से पहले निकाली जाती है ।

—اخ تھو—[ਅਖ਼ ਥੂ] ਵਿ. ਹਾਖ਼ੂ ; ਖੰਘਾਰ ਕੇ ਥੁੱਕਣ ਦੀ ਆਵਾਜ਼ ।

[अख़ थू] स्त्री० हाख़ू ; खंखार के थूकने की आवाज़ ।

—اخ تھو کہتے ہیں—[ਅੱਖ਼ ਥੂ ਕਹਤੇ ਹੈਂ] ਅਖੌ. ਕੋਈ ਚੀਜ਼ ਨਾ ਮਿਲਣ ਤੇ ਉਸ ਦੀ ਬੁਰਿਆਈ ਬਿਆਨ ਕਰਕੇ ਦਿਲ ਨੂੰ ਤਸੱਲੀ ਦੇਣ ਦੀ ਕਿਰਿਆ ।

[अख़ थू कहते हैं] लोको० कोई चीज़ न मिल सकने पर उस को बुराई बता कर मन को आश्वासन देने की क्रिया ।

اخاہ—[ਅੱਖ਼ਾਹ] ਅਰ. ਵਾਹ ਵਾਹ ; ਬਹੁਤ ਚੰਗਾ ।

[अख़्ख़ाह] अव्य० वाह-वाह ; बहुत अच्छा ।

اخبار—[ਅਖ਼-ਬਾਰ] ਅਰ. ਪੁ. 'ਖ਼ਬਰ' ਦਾ ਬਹੁਵਚਨ, ਖ਼ਬਰਾਂ; ਉਹ ਪਰਚਾ ਜਿਸ ਵਿਚ ਭਿੰਨ ਭਿੰਨ ਅਸਥਾਨਾਂ ਦੀਆਂ ਖ਼ਬਰਾਂ ਲਿਖੀਆਂ ਜਾਂਦੀਆਂ ਹਨ, ਨਿਊਜ਼ ਪੇਪਰ, ਸਮਾਚਾਰ ਪੱਤਰ ।

[अख़-बार] अर० पु० 'ख़बर' का बहुवचन, ख़बरें; वह पर्चा जिस में भिन्न भिन्न स्थानों की ख़बरें लिखी जाती हैं, संवाद पत्र, समाचार पत्र ।

—اخبارات—[ਅਖ਼-ਬਾਰਾਤ] ਅਰ. ਪੁ. 'ਅਖ਼ਬਾਰ' ਦਾ ਬਹੁਵਚਨ, ਅਖ਼ਬਾਰਾਂ ।

[अख़बारात] अर० पु० 'अख़बार' का बहुवचन, समाचार पत्र ।

—اخبار نویس—[ਅਖ਼-ਬਾਰ ਨਵੀਸ] ਅਰ. ਫ਼ਾ. ਵਿ. ਅਖ਼ਬਾਰ ਲਿਖਣ ਵਾਲਾ ; ਐਡੀਟਰ ; ਪੱਤਰਕਾਰ ।

[अख़-बार नवीस] अर० फ़ा० वि० अख़बार लिखने वाला ; सम्पादक ; पत्रकार ।

—اخبار نویسی—[ਅਖ਼-ਬਾਰ ਨਵੀਸੀ] ਅਰ. ਫ਼ਾ. ਇ. ਐਡੀਟਰੀ ।

[अख़-बार नवीसी] अर० फ़ा० स्त्री० सम्पादकता ।

—اخباری—[ਅਖ਼-ਬਾਰੀ] ਅਰ. ਫ਼ਾ. ਵਿ. ਅਖ਼ਬਾਰ ਨਾਲ ਸਬੰਧਤ ।

[अख़-बारी] अर० फ़ा० वि० अख़बार से सम्बंधित ।

اخت—[ਉਖ਼-ਤ] ਅਰ. ਇ. ਭੈਣ ।

[उख़्-त] अर० स्त्री० बहन ।

اختتام—[ਇਖ਼-ਤਿਤਾਮ] ਅਰ. ਪੁ. ਅੰਤ, ਖ਼ਾਤਮਾ ।

[इख़-तिताम] अर० पु० अन्त, समाप्ति ।

—اختتامِ روئداد—[ਇਖ਼-ਤਿਤਾਮੇ ਰੂਏ ਦਾਦ] ਅਰ. ਫ਼ਾ. ਪੁ. ਮੁਕੱਦਮੇ ਦੇ ਮੁਕ ਚੁਕ ਜਾਣ ਦਾ ਭਾਵ ।

[इख़-तितामे रूए दाद] अर० फ़ा० पु० मुक़दमे के समाप्त होने का भाव ।

اختر—[ਅਖ਼-ਤਰ] ਫ਼ਾ. ਪੁ. ਤਾਰਾ ; ਗ੍ਰਹਿ ।

[अख़्-तर] नक्षत्र ; ग्रह ।

—اختر شمار—[ਅਖ਼-ਤਰ ਸ਼ੁਮਾਰ] ਫ਼ਾ. ਵਿ. ਨਜੂਮੀ ।

[अख़्-तर शुमार] फ़ा० वि० ग्रह विधाता ।

—اختر شماری—[ਅਖ਼-ਤਰ ਸ਼ੁਮਾਰੀ] ਫ਼ਾ. ਵਿ. ਤਾਰੇ ਗਿਣਨ ਦਾ ਭਾਵ ; ਬੇਚੈਨੀ ਨਾਲ ਰਾਤ ਕਟਣ ਦਾ ਭਾਵ ।

अख़्-तर शुमारी] फ़ा० स्त्री० तारे गिनने का भाव ; व्याकुलता से रात काटने का भाव ।

—اختر شناس—[ਅਖ਼-ਤਰ ਸ਼ਨਾਸ] ਫ਼ਾ. ਵਿ. ਨਜੂਮੀ ।

[अख़्-तर शनास] फ़ा० वि० ग्रह-विधाता ।

—اختر شناسی—[ਅਖ਼-ਤਰ ਸ਼ਨਾਸੀ] ਫ਼ਾ. ਵਿ. ਨਜੂਮ ।

[अख़्तर शनासी] फ़ा० वि० ग्रह विज्ञान ।

اختراع—[ਇਖ਼-ਤਿਰਾਅ] ਅਰ. ਪੁ. ਈਜਾਦ, ਕਾਢ ।

[इख़्-तिराअ] अर० पु० ईजाद, आविष्कार ।

—اختراعی—[ਇਖ਼-ਤਰਾਈ] ਫ਼ਾ. ਵਿ. ਘੜਿਆ ਹੋਇਆ, ਬਨਾਉਟੀ ।

इख़्-तराई] फ़ा० वि० गढ़ा हुआ, कृत्रिम ।

اختر بختر—[ਅਖ਼-ਤਰ ਬਖ਼-ਤਰ] ਫ਼ਾ. ਪੁ. ਅਸਬਾਬ ।

[अख़्-तर बख़्-तर] फ़ा० पु० असबाब ।

—اخترا بخترا—[ਅਖ਼-ਤਰਾ ਬਖ਼-ਤਰਾ] ਪੁ. ਅਸਬਾਬ; ਡਾਂਗਾ-ਟੀਂਗਾ ।

[अख़्-तरा बख़्-तरा] पु० अस्त्र वस्त्र ; माल असबाब ।

اختصار—[ਇਖ਼-ਤਿਸਾਰ] ਅਰ. ਪੁ. ਛੋਟਾ ਕਰਨ ਦੀ ਕਿਰਿਆ ; ਖੁਲਾਸਾ ਬਣਾਉਣ ਦੀ ਕਿਰਿਆ ।

[इख़्-तिसार] अर० पु० संक्षेप या खुलासा करने की क्रिया ।

—اختصار نویس—[ਇਖ਼-ਤਿਸਾਰ ਨਵੀਸ] ਰ. ਫ਼ਾ. ਪੁ. ਸ਼ਾਰਟ-ਹੈਂਡ ਲਿਖਾਰੀ, ਸਟੈਨੋਗ੍ਰਾਫ਼ਰ ।

[इख़्-तिसार नवीस] अर० फ़ा० पु० संकेत-लिपिक स्टैनोग्राफ़र ।

—اختصار نویسی—[ਇਖ਼-ਤਿਸਾਰ ਨਵੀਸੀ] ਅਰ. ਫ਼ਾ. ਇ. ਸ਼ਾਰਟ ਹੈਂਡ ।

इख़्-तिसार नवीसी — अर० फ़ा० स्त्री० संकेत लिपि ।

اختصاص—[ਇਖ਼-ਤਿਸਾਸ] ਅਰ. ਪੁ. ਵਿਸ਼ੇਸ਼ਤਾ ।

[इख़्-तिसास] अर० पु० विशेषता ।

اختفا—[ਇਖ਼-ਤਿਫ਼ਾ] ਅਰ. ਪੁ. ਲੁਕਾਉਣ ਦਾ ਭਾਵ ।

[इख़्-तिफ़ा] अर० पु० गुप्त रखने का भाव ।

اختلاج—[ਇਖ਼-ਤਿਲਾਜ] ਅਰ. ਪੁ. ਦਿਲ ਦੇ ਧੜਕਣ ਜਾਂ ਬੇਚੈਨ ਹੋਣ ਦੀ ਕਿਰਿਆ ।

[इख़-तिलाज] अर० पु० दिल के धड़कने या बेचैन होने की क्रिया ।

—اختلاج قلب—[ਇਖ਼-ਤਿਲਾਜੇ ਕ਼ਲਬ] ਅਰ. ਪੁ. ਦਿਲ ਦੀ ਇਕ ਬੀਮਾਰੀ ; ਦਿਲ ਦੀ ਤੇਜ਼ ਧੜਕਣ ।

[इख़-तिलाजे क़ल्ब] अर० पु० दिल की एक बीमारी ; दिल की तेज़ धड़कन ।

اختلاط—[ਇਖ਼-ਤਿਲਾਤ] ਅਰ. ਪੁ. ਮੇਲ ਮਿਲਾਪ, ਪਿਆਰ, ਦੋਸਤੀ ।

[इख़्-तिलात] अर० पु० मेल मिलाप, प्यार, दोस्ती ।

اختلاف—[ਇਖ਼-ਤਿਲਾਫ਼] ਅਰ. ਪੁ. ਇਕ ਰਾਏ ਨਾ ਹੋਣ ਦਾ ਭਾਵ ।

[इख़्-तिलाफ़] अर० पु० मतैक्य न होने का भाव ।

—اختلافات—[ਇਖ਼-ਤਿਲਾਫ਼ਾਤ] ਅਰ. ਪੁ. 'ਇਖ਼ਤਿਲਾਫ਼' ਦਾ ਬਹੁਵਚਨ ।

[इख़्-तिलाफ़ात] 'इख़्तिलाफ़' का बहुवचन ।

—اختلافِ رائے—[ਇਖ਼-ਤਿਲਾਫ਼ੇ ਰਾਏ] ਅਰ. ਪੁ. ਮਤ-ਭੇਦ ।

[इख़्-तिलाफ़े राए] अर० पु० मत-भेद ।

اختلال—[ਇਖ਼-ਤਿਲਾਲ] ਅਰ. ਪੁ. ਵਿਘਨ ; ਫ਼ਤੂਰ ।

[इख़्-तिलाल] अर० पु० विघ्न ; गड़बड़ ।

—اختلال حواس—[ਇਖ਼-ਤਿਲਾਲੇ ਹਵਾਸ] ਅਰ. ਪੁ. ਘਬਰਾਹਟ; ਬਦਹਵਾਸੀ।

[इख़-तिलाले हवास] अर० पु० घबराहट ; बदहवासी।

اختہ—[ਅਖ਼-ਤਾ] ਫ਼ਾ. ਵਿ. ਖੱਸੀ।

[अख़-ता] फ़ा० वि० बधिया।

اختیار—[ਇਖ਼-ਤਿਯਾਰ] ਅਰ. ਪੁ. ਕਾਬੂ, ਵੱਸ।

[इख़-तियार] अर० पु० अधिकार, काबू।

—اختیارات—[ਇਖ਼-ਤਿਯਾਰਾਤ] ਅਰ. ਪੁ. 'ਇਖ਼ਤਿਯਾਰ' ਦਾ ਬਹੁਵਚਨ।

[इख़्तियारात] अर० पु० 'इख़्तियार' का बहुवचन।

—اختیارات ابتدائی—[ਇਖ਼-ਤਿਯਾਰਾਤੇ-ਇਬ-ਤਿਦਾਈ] ਅਰ. ਪੁ. ਮੁਢਲੇ ਅਧਿਕਾਰ।

[इख़-तियाराते इब्तिदाई] अर० पु० आरम्भिक अधिकार।

—اختیارات انفکاک رہن—[ਇਖ਼-ਤਿਯਾਰਾਤੇ ਇਨ-ਫ਼ਿਕਾਕੇ ਰਹ-ਨ] ਅਰ. ਪੁ. ਰਹਿਨ ਤੋੜਨ ਦੇ ਅਧਿਕਾਰ।

[इख़-तियाराते इन-फ़िकाके रह-न] अर० पु० रहन तोड़ने के अधिकार।

—اختیارات سرسری—[ਇਖ਼-ਤਿਯਾਰਾਤੇ ਸਰਸਰੀ] ਅਰ. ਫ਼ਾ. ਪੁ. ਮੁਕਦਮੇ ਦਾ ਛੇਤੀ ਫ਼ੈਸਲਾ ਕਰਨ ਦੇ ਅਖ਼ਤਿਆਰ।

[इख़्तियाराते सरसरी] अर० फ़ा० पु० मुक़दमे का तुरंत निर्णय करने के अधिकार।

—اختیار بدست مختار—[ਇਖ਼-ਤਿਯਾਰ ਬਦਸ-ਤੇ ਮੁਖ਼-ਤਾਰ] ਫ਼ਾ. ਅਖੌ. ਹਕੂਮਤ ਹਾਕਮ ਦੇ ਹੱਥ ਵਿਚ ਹੈ।

[इख़-तियार बदस-ते मुख़-तार] फ़ा० लोको० हकूमत हाकिम के हाथ में है।

—اختیار چلنا—[ਇਖ਼-ਤਿਯਾਰ ਚਲ-ਨਾ] ਮੁਹਾ. ਜ਼ੋਰ ਚੱਲਣਾ।

[इख़-तियार चल-ना] मुहा० ज़ोर चलना।

—اختیار حکومت—[ਇਖ਼-ਤਿਯਾਰੇ ਹੁਕੂਮਤ] ਪੁ. ਰਾਜ-ਅਧਿਕਾਰ।

[इख़्तियारे हुकूमत] पु० राज्याधिकार।

—اختیار خصوصی—[ਇਖ਼ਤਿਯਾਰੇ ਖ਼ੁਸੂਸੀ] ਅਰ. ਪੁ. ਵਿਸ਼ੇਸ਼ ਅਧਿਕਾਰ।

[इख़्तियारे ख़ुसूसी] अर० पु० विशेषाधिकार।

—اختیار میں ہونا—[ਇਖ਼-ਤਿਯਾਰ ਮੇਂ ਹੋਨਾ] ਮੁਹਾ. ਮਰਜ਼ੀ ਨਾਲ ਕੰਮ ਕਰ ਸਕਣਾ।

[इख़-तियार में होना] मुहा० इच्छानुसार कार्य कर सकना।

—اختیار نا منظوری—[ਇਖ਼-ਤਿਯਾਰੇ ਨਾ ਮੰਜ਼ੂਰੀ] ਅਰ. ਫ਼ਾ. ਪੁ. ਗਵਰਨਰ ਜਾਂ ਬਾਦਸ਼ਾਹ ਦੇ ਉਹ ਅਖ਼ਤਿਆਰ ਜਿਨ੍ਹਾਂ ਰਾਹੀਂ ਪਾਰਲੀਮੈਂਟ ਜਾਂ ਅਸੈਂਬਲੀ ਦੇ ਪਾਸ ਕੀਤੇ ਬਿੱਲ ਨੂੰ ਰੱਦ ਕੀਤਾ ਜਾਵੇ।

[इख़्तियारे ना मन्ज़ूरी] अर० फ़ा० पु० राज्यपाल या बादशाह के वे अधिकार जिन के द्वारा संसद या विधान-सभा के पास किये बिल को रद्द किया जाए।

—اختیاری—[ਇਖ਼-ਤਿਯਾਰੀ] ਅਰ. ਵਿ. ਆਪਣੇ ਵਸ ਦਾ; ਆਪਣੇ ਅਖ਼ਤਿਆਰ ਵਾਲਾ ਜੋ ਲਾਜ਼ਮੀ ਨਹੀਂ।

[इख़-तियारी] अर० वि० अपने वस का ; अपने अख़्त्यार का जो लाज़मी नहीं।

اخذ—[ਅਖ਼-ਜ਼] ਅਰ. ਪੁ. ਪ੍ਰਾਪਤ ਕਰ ਲੈਣ ਦਾ ਭਾਵ; ਸਿੱਟਾ ਕੱਢਣ ਦਾ ਭਾਵ।

[अख़-ज़] अर० पु० प्राप्त करने या लेने का भाव ; परिणाम निकालने का भाव।

—اخذ بالجبر—[ਅਖ਼ਜ਼ ਬਿਲਜਬ-ਰ] ਅਰ. ਪੁ. ਧੱਕੇ ਨਾਲ ਕੋਈ ਵਸਤੂ ਲੈਣ ਦੀ ਕਿਰਿਆ।

[अख़्ज़ बिलजब-र] अर० पु० बल पूर्वक कोई वस्तु लेने की क्रिया।

اخراج—[ਇਖ਼-ਰਾਜ] ਅਰ. ਪੁ. ਬਾਹਰ ਕੱਢਣ ਦਾ ਭਾਵ, ਨਿਕਾਸ; ਸ਼ਹਿਰੋਂ ਬਾਹਰ ਕੱਢਣ ਦਾ ਭਾਵ; ਬੇ-ਦਖ਼ਲ ਕਰਨ ਦਾ ਭਾਵ।

[इख़्राज] अर० पु० बाहर निकालने का भाव, निकास ; नगर से बाहर निकालने का भाव ; बेदख़ल करने का भाव।

—اخراج مذہبی—[ਇਖ਼-ਰਾਜੇ ਮਜ਼-ਹਬੀ] ਅਰ. ਫ਼ਾ. ਪੁ. ਜਾਤ ਬਰਾਦਰੀ ਤੋਂ ਕੱਢ ਦੇਣ ਦਾ ਭਾਵ।

[इख़-राजे मज़-हबी] अर० फ़ा० पु० जात बिरादरी में से निकालने का भाव।

اخراجات—[ਇਖ਼-ਰਾਜਾਤ] ਅਰ. ਪੁ. 'ਖ਼ਰਜ' ਦੇ ਬਹੁਵਚਨ ਦਾ ਬਹੁਵਚਨ, ਬਹੁਤੇ ਖ਼ਰਚ।

[इख़-राजात] अर० पु० 'ख़र्ज' के बहुवचन का बहुवचन, बहुत से ख़र्चे।

اخروٹ—[ਅਖ਼-ਰੋਟ] ਪੁ. ਇਕ ਤਰ੍ਹਾਂ ਦਾ ਫਲ, ਖਰੋਟ।

[अख़-रोट] पु० एक प्रकार का फल, अख़रोट।

اخروی—[ਉਖ਼-ਰਵੀ] ਅਰ. ਫ਼ਾ. ਵਿ. ਅਗਲੇ ਜਹਾਨ ਸਬੰਧੀ।

[उख़-रवी] अर० फ़ा० वि० परलोक सम्बंधी।

اخص—[ਅਖ਼-ਸ] ਅਰ. ਵਿ. ਵਿਸ਼ੇਸ਼; ਬਹੁਤ ਵਧੀਆ।

[अख़-स] अर० वि० विशेष ; बहुत बढ़िया।

اخضر—[ਅਖ਼-ਜ਼ਰ] ਅਰ. ਵਿ. ਹਰਿਆ ਭਰਿਆ।

[अख़-ज़र] अर० वि० हरा भरा।

اخفا—[ਇਖ਼-ਫ਼ਾਅ] ਅਰ. ਪੁ. ਲੁਕਾਉਣ ਜਾਂ ਛੁਪਾਉਣ ਦਾ ਭਾਵ।

[इख़-फ़ाS] अर० पु० गुप्त रखने या छुपाने का भाव।

—إخفائے تولد—[ਇਖ਼-ਫ਼ਾਏ ਤਵੱਲੁਦ] ਅਰ. ਪੁ. ਨਾਜਾਇਜ਼ ਬੱਚੇ ਦੀ ਲਾਸ਼ ਚੁਪ-ਚਪੀਤੇ ਦੱਬ ਦੇਣ ਦਾ ਭਾਵ ਜਾਂ ਕਿਰਿਆ।

[इख़-फ़ाए तवल्लुद] अर० पु० नाजाइज़ बच्चे की लाश को चुप चाप दबा देने का भाव या क्रिया।

—إخفائے واردات—[ਇਖ਼-ਫ਼ਾਏ ਵਾਰਦਾਤ] ਅਰ. ਪੁ. ਕਿਸੇ ਕਸੂਰ ਜਾਂ ਘਟਨਾ ਨੂੰ ਛੁਪਾਉਣ ਦੀ ਕਿਰਿਆ ਜਾਂ ਭਾਵ।

[इख़-फ़ाए वारदात] अर० पु० किसी कसूर या घटना के छुपाने की क्रिया या भाव।

اخفش—[ਅਖ਼-ਫ਼ਸ਼] ਅਰ. ਵਿ. ਪੁ. ਚੁੰਨ੍ਹਾ।

[अख़-फ़श] अर० वि० पु० चुन्धा।

اخگر—[ਅਖ਼-ਗਰ] ਫ਼ਾ. ਪੁ. ਅੰਗਿਆਰਾ।

[अख़-गर] फ़ा० पु० अंगार।

إخلاص—[ਇਖ਼-ਲਾਸ] ਅਰ. ਪੁ. ਪਿਆਰ; ਸ਼ਰਧਾ; ਕੁਰਾਨ ਦੀ ਇਕ ਸੂਰਤ ਦਾ ਨਾਂ।

[इख़-लास] अर० पु० प्यार; श्रद्धा; कुरान की एक सूरत का नाम।

—إخلاص بڑھانا—[ਇਖ਼-ਲਾਸ-ਵਧਾਣਾ] ਮੁਹਾ. ਦੋਹਾਂ ਧਿਰਾਂ ਵਿਚ ਪਿਆਰ ਵਧਾਉਣਾ।

[इख़-लास बढ़ाना] मुहा० दो पक्षों में परस्पर प्यार बढ़ाना।

—إخلاص مند—[ਇਖ਼-ਲਾਸ ਮੰਦ] ਅਰ. ਫ਼ਾ. ਵਿ. ਸ਼ਰਧਾਲੂ; ਸੱਚਾ ਮਿੱਤਰ।

[इख़-लास मन्द] अर० फ़ा० वि० श्रद्धालु; सच्चा मित्र।

—إخلاص مندی—[ਇਖ਼-ਲਾਸ ਮੰਦੀ] ਅਰ. ਫ਼ਾ. ਇ. ਸੱਚੀ ਦੋਸਤੀ; ਸ਼ਰਧਾ।

[इख़-लास मन्दी] अर० फ़ा० स्त्री० सच्ची मित्रता; श्रद्धा।

أخلاط—[ਅਖ਼-ਲਾਤ] ਅਰ. ਪੁ. 'ਖ਼ਿਲਤ' ਦਾ ਬਹੁਵਚਨ, ਹਿਕਮਤ ਅਨੁਸਾਰ ਖ਼ੂਨ, ਬਲਗਮ, ਸੌਦਾ ਤੇ ਪਿਤ ਚਾਰ ਖ਼ਿਲਤਾਂ ਹਨ।

[अख़-लात] अर० पु० 'ख़िलत' का बहुवचन, हिकमत के अनुसार रक्त, वात, पित्त, कफ़ जो मनुष्य शरीर में पाए जाते हैं।

—أخلاط اربعہ—[ਅਖ਼-ਲਾਤੇ ਅਰਬਾਅ:] ਅਰ. ਪੁ. ਸਰੀਰ ਦੀਆਂ ਚਾਰ ਖ਼ਿਲਤਾਂ ਗਰਮੀ, ਸਰਦੀ ਆਦਿ।

[अख़-लाते अरबाअ:] अर० पु० शरीर की चार ख़िलतें गर्मी, सर्दी आदि।

—أخلاط فاسدہ—[ਅਖ਼-ਲਾਤੇ ਫ਼ਾਸਿਦ:] ਅਰ. ਪੁ. ਵਿਗੜੀਆਂ ਹੋਈਆਂ ਖ਼ਿਲਤਾਂ।

[अख़-लाते फ़ासिद:] अर० पु० बिगड़ी हुई ख़िलतें।

أخلاق—[ਅਖ਼-ਲਾਕ] ਅਰ. ਪੁ. 'ਖ਼ੁਲਕ' ਦਾ ਬਹੁਵਚਨ, ਇਖ਼ਲਾਕ।

[अख़-लाक़] अर० पु० 'ख़ुल्क़' का बहुवचन, अच्छी आदत।

أخلاقی—[ਅਖ਼-ਲਾਕੀ] ਅਰ. ਵਿ. ਇਖ਼ਲਾਕ ਸੰਬੰਧੀ।

[अख़-लाक़ी] अर० वि० नैतिक।

—أخلاقی ذمہ‌واری—[ਅਖ਼-ਲਾਕੀ ਜ਼ਿੰਮਾਵਾਰੀ] ਅਰ. ਫ਼ਾ. ਇ. ਇਖ਼ਲਾਕੀ ਜ਼ਿੰਮੇਵਾਰੀ।

[अख़-लाक़ी ज़िम्मा:वारी] अर० फ़ा० स्त्री० नैतिक ज़िम्मेदारी।

—أخلاقی محاسن—[ਅਖ਼-ਲਾਕੀ ਮੁਹਾਸਿਨ] ਅਰ. ਪੁ. ਆਚਰਣ ਸੰਬੰਧੀ ਗੁਣ।

[अख़-लाक़ी म:हासिन] अर० पु० नैतिक गुण।

—أخلاقی معائب—[ਅਖ਼-ਲਾਕੀ ਮੁਆਇਬ] ਅਰ. ਪੁ. ਆਚਰਣ ਸੰਬੰਧੀ ਔਗੁਣ।

[अख़-लाक़ी मु:आइब] अर० पु० नैतिक दोष।

أخلاقیات—[ਅਖ਼-ਲਾਕਿਯਾਤ] ਅਰ. ਇ. 'ਅਖ਼-ਲਾਕ' ਦਾ ਬਹੁਵਚਨ, ਇਖ਼ਲਾਕ ਵਿਗਿਆਨ; ਇਖ਼ਲਾਕ ਦੇ ਅਸੂਲ।

[अख़-लाक़ियात] अर० स्त्री० अख़लाक़ का बहुवचन, नीति-विज्ञान, नैतिकता के सिद्धान्त।

أخنی—[ਅਖ਼-ਨੀ] ਅਰ. ਇ. ਯਖ਼ਨੀ।

[अख़्-नी] अर० स्त्री० यख़नी।

أخوات—[ਅਖ਼ਵਾਤ] ਅਰ. ਇ. 'ਉਖ਼-ਤ' ਦਾ ਬਹੁਵਚਨ, ਭੈਣਾਂ।

[अख़वात] अर० स्त्री० 'उख़्त' का बहुवचन, बहनें।

إخوان—[ਇਖ਼-ਵਾਨ] ਅਰ. ਪੁ. 'ਅਖ਼' ਦਾ ਬਹੁਵਚਨ, ਦੋਸਤ, ਮਿੱਤਰ।

[इख़-वान] अर० पु० 'अख़' का बहुवचन, भाई-बन्धु; मित्र।

—إخوان الزمان—[ਇਖ਼-ਵਾਨੁੱਜ਼ਮਾਂ] ਅਰ. ਵਿ. ਸਮਕਾਲੀ।

[इख़्वानुज़-ज़माँ] अर० वि० समकालीन।

—إخوان الشیاطین—[ਇਖ਼-ਵਾਨੁਸ਼-ਸ਼ਯਾਤੀਨ] ਅਰ. ਪੁ. ਸ਼ੈਤਾਨਾਂ ਦੇ ਭਰਾ; ਸ਼ਰਾਰਤੀ ਲੋਕ।

[इख़-वानुश-शयातीन] अर० पु० शैतानों के भाई; शरारती लोग।

—إخوان الصفا—[ਇਖ਼-ਵਾਨੁਸ-ਸਫ਼ਾ] ਅਰ. ਪੁ. ਚੰਗੇ ਲੋਕ, ਭਲੇ ਲੋਕ।

[इख़-वानुस-सफ़ा] अर० पु० भले लोग, सज्जन पुरुष।

أخوت—[ਉਖ਼-ਵੱਤ] ਅਰ. ਇ. ਭਾਈ ਚਾਰਾ; ਭਰਾਤਰੀ ਭਾਵ।

[उख़्-वत] अर० स्त्री० बन्धुत्व, भाईचारा।

أخیار—[ਅਖ਼-ਯਾਰ] ਅਰ. ਪੁ. ਭਲੇ ਲੋਕ, ਭਲੇ ਪੁਰਸ਼।

[अख़्-यार] अर० पु० भले लोग, भले आदमी।

اَخیاف—[ਅਖ਼-ਯਾਫ਼] } ਅਰ. ਪੁ. ਉਹ ਭਰਾ ਜਾਂ ਭੈਣਾਂ ਜਿਨ੍ਹਾਂ ਦੀ
اخیافی—[ਅਖ਼-ਯਾਫ਼ੀ] } ਮਾਂ ਇਕ ਹੋਵੇ ਅਤੇ ਪਿਤਾ ਵੱਖੋ ਵੱਖ।

[अख़्याफ़] } अर० पु० वे भाई बहन जिन की माता एक हो
[अख़्याफ़ी] } परन्तु पिता पृथक पृथक।

اخیر—[ਅਖ਼ੀਰ] ਅਰ. ਪੁ. ਅੰਤ।

[अख़ीर] अर० पु० अन्त।

اخیرن—[ਅਖ਼ੀਰਨ] ਅਰ. ਕ੍ਰਿ. ਵਿ. ਅੰਤ ਵਿਚ, ਅਖ਼ੀਰ ਨੂੰ।

[अख़ीरन] अर० क्रि० वि० अन्त में, अख़ीर को।

ادا—[ਅਦਾ] ਪੁ. ਨਿਬੇੜਨ ਜਾਂ ਚੁਕਾਉਣ ਦਾ ਭਾਵ ਜਾਂ ਕਿਰਿਆ; ਭੁਗਤਾਨ ਕਰਨ ਦਾ ਭਾਵ।

[अदा] पु० निबेड़ने अथवा चुकाने का भाव या क्रिया; भुगतान कर देने का भाव।

—ادا کنندہ—[ਅਦਾ ਕੁਨੰਦ:] ਅਰ. ਫ਼ਾ. ਵਿ. ਅਦਾ ਕਰਨ ਵਾਲਾ।

[अदा कुनंदः] अर० फ़ा० वि० अदा करने वाला।

—ادائگی—[ਅਦਾਇਗੀ] ਫ਼ਾ. ਇ. ਅਦਾ ਕਰਨ ਦਾ ਭਾਵ।

[अदाइगी] फ़ा० स्त्री० अदा करने का भाव।

—ادائگی فرض—[ਅਦਾਇਗੀ-ਏ ਫ਼ਰ-ਜ਼] ਫ਼ਾ. ਅਰ. ਇ. ਕਰਤਵ-ਪਾਲਣ।

[अदाइगी-ए फ़र्ज़] फ़ा० अर० स्त्री० कर्तव्य पालन।

ادا—[ਅਦਾ] ਫ਼ਾ. ਇ. ਚੋਜ, ਨਖ਼ਰਾ; ਢੰਗ, ਤਰੀਕਾ; ਆਦਤ; ਇਸ਼ਾਰਾ।

[अदा] फ़ा० स्त्री० हावभाव, नख़रा; ढंग, तरीका; आदत; इशारा।

—ادا شناس—[ਅਦਾ ਸ਼ਨਾਸ] ਫ਼ਾ. ਵਿ. ਇਸ਼ਾਰੇ ਨੂੰ ਸਮਝਣ ਵਾਲਾ।

[अदा शनास] फ़ा० वि० इशारे को समझने वाला।

—ادا شناسی—[ਅਦਾ ਸ਼ਨਾਸੀ] ਫ਼ਾ. ਇ. ਇਸ਼ਾਰਾ ਸਮਝਣ ਦੀ ਕਿਰਿਆ ਜਾਂ ਭਾਵ।

[अदा शनासी] फ़ा० स्त्री० संकेत समझने की क्रिया या भाव।

—ادا فہم—[ਅਦਾ ਫ਼ਹਮ] ਫ਼ਾ. ਵਿ. ਇਸ਼ਾਰੇ ਨੂੰ ਸਮਝਣ ਵਾਲਾ।

[अदा फ़हम] फ़ा० वि० इशारे को समझने वाला।

—ادا کار—[ਅਦਾਕਾਰ] ਅਰ. ਫ਼ਾ. ਪੁ. ਐਕਟਰ ਜਾਂ ਐਕਟਰੈਸ।

[अदाकार] अर० फ़ा० पु० अभिनेता अथवा अभिनेत्री।

—ادا کاری—[ਅਦਾਕਾਰੀ] ਅਰ. ਫ਼ਾ. ਇ. ਐਕਟਿੰਗ।

[अदाकारी] अर० फ़ा० स्त्री० अभिनय।

—ادائے دلفریب [ਅਦਾਏ ਦਿਲ-ਫ਼ਰੇਬ] } ਫ਼ਾ. ਇ. ਬਹੁਤ
—ادائے ہوشربا [ਅਦਾਏ ਹੋਸ਼-ਰੁਬਾ] } ਪਿਆਰਾ ਨਖ਼ਰਾ।

[अदाए दिल-फ़रेब] } फ़ा० स्त्री० बहुत अधिक नख़रा।
[अदाए होश-रुबा] }

ادات—[ਅਦਾਤ] ਅਰ. ਪੁ. ਸੰਦ, ਹਥਿਆਰ; ਭਾਂਡਾ।

[अदात] अर० पु० औज़ार, हथियार; पात्र।

—ادات تشبیہ—[ਅਦਾਤੇ ਤਸ਼-ਬੀਹ] ਅਰ. ਪੁ. ਤਸ਼ਬੀਹ ਦੇ ਸ਼ਬਦ ਜਿਵੇਂ ਵਾਂਗੂੰ; ਤਰ੍ਹਾਂ ਆਦਿ।

[अदाते तश-बीह] अर० पु० उपमा वाचक शब्द जैसे तरह, भान्ति आदि।

ادارات—[ਇਦਾਰਾਤ] ਅਰ. ਪੁ. 'ਇਦਾਰਾ' ਦਾ ਬਹੁਵਚਨ, ਇਦਾਰੇ।

[इदारात] अर० पु० 'इदारा' का बहुवचन, इदारे।

—ادارات دولتی—[ਇਦਾਰਾਤੇ ਦੌਲਤੀ] ਅਰ. ਫ਼ਾ. ਪੁ. ਸਰਕਾਰੀ ਸੰਸਥਾਵਾਂ।

[इदाराते दौलती] अर० फ़ा० पु० सरकारी संस्थाएँ।

—ادارات قانونی—[ਇਦਾਰਾਤੇ ਕ਼ਾਨੂਨੀ] ਅਰ. ਪੁ. ਕਿਸੇ ਕਨੂੰਨ ਅਧੀਨ ਕਾਇਮ ਕੀਤੀਆਂ ਸਭਾਵਾਂ।

[इदाराते कानूनी] अर० पु० किसी कानून के अधीन स्थापित सभाएँ।

ادارت—[ਇਦਾਰਤ] ਅਰ. ਇ. ਵੇਖੋ ਇਦਾਰ:।

[इदारत] अर० स्त्री० देखो इदार:।

ادارہ—[ਇਦਾਰ:] ਅਰ. ਪੁ. ਡਿਸਿਪਲਨ; ਮਹਿਕਮਾ; ਦਫ਼ਤਰ।

[इदार:] अर० पु० अनुशासन; विभाग; दफ़तर।

—ادارۂ قلمی—[ਇਦਾਰਾਏ ਕ਼ਲਮੀ] ਅਰ. ਫ਼ਾ. ਪੁ. ਮਹਿਕਮਾ ਮਾਲ; ਸਿਵਲ ਡੀਪਾਰਟਮੈਂਟ।

[इदाराए कलमी] अर० फ़ा० पु० माल विभाग; सिविल-विभाग।

—ادارۂ نظامی—[ਇਦਾਰਾਏ ਨਿਜ਼ਾਮੀ] ਅਰ. ਫ਼ਾ. ਪੁ. ਫ਼ੌਜੀ ਮਹਿਕਮਾ।

[इदाराए निज़ामी] अर० फ़ा० पु० सेना-विभाग।

اداس—[ਉਦਾਸ] ਵਿ. ਮੁਰਝਾਇਆ ਹੋਇਆ; ਬੇਰੌਣਕ; ਦੁਖੀ; ਮੱਧਮ ਜਾਂ ਬੁਝੀ ਬੁਝੀ (ਲੋ)।

[उदास] वि० मुरझाया हुआ; बेरौनक; जिसका चित्त किसी पदार्थ से दुखी हो कर हट गया हो; मध्यम या बुझी बुझी (लौ)।

—اداسی—[ਉਦਾਸੀ] ਇ. ਉਦਾਸ ਹੋਣ ਦੀ ਕਿਰਿਆ; ਸਾਧੂਆਂ ਦਾ ਇਕ ਫ਼ਿਰਕਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸ੍ਰੀ ਬਾਬਾ ਸ੍ਰੀਚੰਦ ਜੀ ਮਹਾਰਾਜ ਦਾ ਚਲਾਇਆ ਹੋਇਆ ਹੈ।

[उदासी] स्त्री० उदास होने की क्रिया ; साधुओं का एक सम्प्रदाय जो गुरु नानक साहिब जी के पुत्र श्री बाबा श्रीचंद जी महाराज का चलाया हुआ है ।

ادام—[ਅਦਾਮ] ਅਰ. ਵਾ. ਸੰ. ਇਕ ਅਸੀਸ ਜਿਸ ਦੇ ਅਰਥ ਹਨ ਹਮੇਸ਼ ਰਖੇ, ਹਮੇਸ਼ ਰਹੇ ।

[अदाम] अर० वाक्य० एक आशीर्वाद जिसका अर्थ है सदैव रखे, हमेशा रहे ।

—ادام اللہ—[ਅਦਾਮੱਲਾਹ] ਅਰ. ਵਾ. ਸੰ. ਇਕ ਅਸੀਸ ਜਿਸ ਦੇ ਅਰਥ ਹਨ ਰੱਬ ਹਮੇਸ਼ਾ ਕਾਇਮ ਰਖੇ ।

[अदामल्लाह] अर० वाक्य० एक आशीर्वाद जिस का अर्थ है ईश्वर हमेशा कायम रखे ।

اداسی—[ਉਦਾਸਟ] ਇ. ਬੈਂਗਣੀ ਰੰਗਾ ਹੋਣ ਦਾ ਭਾਵ ; ਊਦਾਪਨ ।

[ऊदाहट] स्त्री० बैंगनी रंगा होने का भाव, ऊदापन ।

ادائی—[ਅਦਾਈ] ਅਰ. ਫ਼ਾ. ਇ. ਅਦਾਇਗੀ , ਭੁਗਤਾਨ ।

[अदाई] अर० फ़ा० स्त्री० अदायगी, भुगतान ।

—ادائے شہادت—[ਅਦਾਏ ਸ਼ਹਾਦਤ] ਅਰ. ਪੁ. ਗਵਾਹੀ ਦੇਣ ਦਾ ਕੰਮ ।

[अदाए शहादत] अर० पु० गवाही देने का काम ।

—ادائے لگان—[ਅਦਾਏ ਲਗਾਨ] ਇ. ਮਾਮਲਾ ਅਦਾ ਕਰਨ ਦੀ ਕਿਰਿਆ ।

[अदाए लगान] स्त्री० मामला अदा करने की क्रिया

—ادائے مالگزاری—[ਅਦਾਏ ਮਾਲ-ਗੁਜ਼ਾਰੀ] ਅਰ. ਫ਼ਾ. ਪੁ. ਮਾਲਗੁਜ਼ਾਰੀ ਅਦਾ ਕਰਨ ਦਾ ਭਾਵ ।

[अदाए माल-गुज़ारी] अर० फ़ा० पु० मालगुज़ारी अदा करने का भाव ।

ادب—[ਅਦਬ] ਅਰ. ਪੁ. ਸਤਕਾਰ ; ਸਭਿਅਤਾ ; ਸਾਹਿਤ ; ਸ਼ਰਮ, ਲਾਜ ।

[अदब] अर० पु० सत्कार ; सभ्यता ; साहित्य ; लज्जा, शर्म ।

—ادبا—[ਉਦਬਾ] ਅਰ. ਪੁ. 'ਅਦੀਬ' ਦਾ ਬਹੁਵਚਨ, ਸਾਹਿਤਕਾਰ ।

[उदबा] अर० पु० 'अदीब' का बहुवचन, साहित्यकार ।

—ادب آموز—[ਅਦਬ ਆਮੋਜ਼] ਅਰ. ਫ਼ਾ. ਪੁ. ਸਾਹਿਤ ਦੀ ਸਿਖਿਆ ਦੇਣ ਵਾਲਾ ਸੋਤਾ ।

[अदब आमोज़] अर० फ़ा० पु० साहित्य की शिक्षा देने वाला स्रोत ।

—ادب العالیہ—[ਅਦਬ-ਉਲ ਆਲਿਯਹ] ਅਰ.ਪੁ. ਉੱਚ ਕੋਟੀ ਦਾ ਸਾਹਿਤ ।

[अदब-उल आलियः] अर० पु० उच्चकोटि का साहित्य ।

—ادبی—[ਅਦਬੀ] ਵਿ. ਸਾਹਿਤਕ ।

[अदबी] वि० साहित्यिक ।

ادبار—[ਇਦ-ਬਾਰ] ਅਰ. ਪੁ. ਪਿੱਠ ਮੋੜਨ ਦਾ ਭਾਵ ; ਮਨਹੂਸੀ; ਨਿਰਧਨਤਾ ।

[इद-बार] अर० पु० पीठ मोड़ने का भाव ; मनहूसी ; निर्धनता ।

ادخال—[ਇਦ-ਖ਼ਾਲ] ਅਰ. ਪੁ. ਦਾਖ਼ਲ ਕਰਨ ਕਰਾਉਣ ਜਾਂ ਰਜਿਸਟਰ ਵਿਚ ਚੜ੍ਹਨ ਚੜ੍ਹਾਉਣ ਦਾ ਭਾਵ ।

[इद-ख़ाल] अर० पु० प्रविष्ट करने, कराने अथवा रजिस्टर में अंकित कराने का भाव ।

—ادخال شہادت—[ਇਦ-ਖ਼ਾਲੇ ਸ਼ਹਾਦਤ] ਅਰ ਪੁ. ਗਵਾਹ ਪੇਸ਼ ਕਰਨ ਦਾ ਭਾਵ ।

[इद-ख़ाले शहादत] अर० पु० गवाह पेश करने का भाव ।

ادرار—[ਇਦ-ਰਾਰ] ਅਰ. ਪੁ. ਜਾਰੀ ਹੋਣ ਦਾ ਭਾਵ ; ਪੇਸ਼ਾਬ ਖੁਲ੍ਹ ਕੇ ਆਉਣ ਦੀ ਕਿਰਿਆ ।

[इद-रार] अर० पु० जारी होने का भाव ; पेशाब के खुल कर आने की क्रिया ।

ادراک—[ਇਦ-ਰਾਕ] ਅਰ. ਪੁ. ਸਮਝ ।

[इद-राक] अर० पु० समझ ।

ادرسا—[ਅਦ-ਰਸਾ] ਪੁ. ਇਕ ਤਰ੍ਹਾਂ ਦੀ ਵਧੀਆ ਮਲਮਲ, ਬਰੀਕ ਸਫ਼ੇਦ ਸੂਤੀ ਕਪੜਾ; ਅੰਦਰਸਾ (ਮਠਿਆਈ) ।

[अद-रसा] पु० एक प्रकार की बढ़िया मलमल, बारीक सफ़ेद सूती कपड़ा; अंदरसा (मिठाई) ।

ادرک—[ਅਦ-ਰਕ] ਫ਼ਾ. ਇ. ਹਰੀ ਸੁੰਢ, ਅਦਰਕ ।

[अद-रक] फ़ा० स्त्री० हरी सोंठ, अदरक ।

—ادرکی—[ਅਦ-ਰਕੀ] ਇ. ਇਕ ਕਿਸਮ ਦੀ ਮਿਠਿਆਈ ; ਅਦਰਕ ਦਾ ਮੁਰੱਬਾ ।

[अद-रकी] स्त्री० एक प्रकार की मिठाई ; अदरक का मुरब्बा ।

ادریس—[ਇਦ-ਰੀਸ] ਅਰ. ਪੁ. ਅਖ਼ਨੂਖ਼ ਪੈਗ਼ੰਬਰ ਦਾ ਉਪਨਾਮ

[इद-रीस] अर० पु० अख़नूख़ पैग़म्बर का उपनाम ।

ادعا—[ਇਦਿ'ਆ] ਅਰ. ਪੁ. 'ਦਾਅਵਾ' ਕਰਨ ਦੀ ਕਿਰਿਆ ; ਹੱਕ ਜਿਤਾਉਣ ਦੀ ਕਿਰਿਆ ।

[इदि'आ] अर० पु० 'दावा' करने की क्रिया, हक जताने की क्रिया ।

—اِدعائے مالکیت—[ਇਦਿਆਏ ਮਾਲ-ਕੀਯਤ] ਅਰ. ਪੁ. ਝੂਠੀ ਮਾਲਕੀ ਜਤਾਉਣ ਦਾ ਭਾਵ ।

[इदि-आए माल-कीयत] अर० पु० व्यर्थ का स्वामित्व जताने का भाव ।

اَدعیہ—[ਅਦ-ਇਯ:] ਅਰ. ਇ. 'ਦੁਆ' ਦਾ ਬਹੁਵਚਨ ।

[अद-इय:] अर० स्त्री० 'दुआ' का बहुवचन ।

—اَدعیۂ ماثورہ—[ਅਦ-ਇਯਏ ਮਾਸੂਰ:] ਅਰ. ਇ. ਹਜ਼ਰਤ ਮੁਹੰਮਦ ਸਾਹਿਬ ਦੀਆਂ ਦੱਸੀਆਂ ਹੋਈਆਂ ਦੁਆਵਾਂ ।

[अद-इयए मासूर:] अर० स्त्री० हज़रत मुहम्मद साहिब की बताई हुई दुआएँ ।

اِدغام—[ਇਦ-ਗ਼ਾਮ] ਅਰ. ਪੁ. ਇਕੋ ਕਿਸਮ ਦੇ ਦੋ ਅੱਖਰਾਂ ਦੀ ਸੰਧੀ ; ਇਕੋ ਜਿਹੀਆਂ ਦੋ ਚੀਜ਼ਾਂ ਦਾ ਆਪਸ ਵਿਚ ਮਿਲ ਕੇ ਇਕ-ਰੂਪ ਹੋ ਜਾਣ ਦਾ ਭਾਵ ।

[इद-ग़ाम] अर० पु० एक ही प्रकार के दो अक्षरों की संधि; एक जैसी दो वस्तुओं का परस्पर मिल कर एक रूप हो जाने का भाव ।

اَدق—[ਅਦੱਕ] ਅਰ. ਵਿ. ਬਹੁਤੇ ਬਰੀਕ ; ਬਹੁਤਾ ਔਖਾ ।

[अदक़] अर० वि० अधिकतर बारीक ; अति दुष्कर ।

اَدرکہ—[ਅਦਰ੍ਕ-ਹ:] ਤੁਰ. ਪੁ. ਵਿਛਾਉਣ ਵਾਲੀ ਉਹ ਚਾਦਰ ਜਿਸ ਦੇ ਕਿਨਾਰਿਆਂ ਤੇ ਚਿੱਟਾ ਗੋਟਾ ਲੱਗਾ ਹੋਵੇ ।

[अदक्र-ह:] तुर० पु० बिछाने वाली वह चादर जिस के किनारे पर सफ़ेद गोटा लगा हो ।

اَدگدرا—[ਅਦ-ਗਦ-ਰਾ] ਵਿ. ਅੱਧ ਪੱਕਾ ।

[अध-गद-रा] वि० अध पक्का ।

اَدلا—[ਅਦ-ਲਾ] ਅਰ. ਪੁ. ਪਸ਼ੂਆਂ ਦੀ ਲੱਤ ਦਾ ਬੇਸੂਦ ਮਾਸ ।

[अद-ला] अर० पु० पशुओं की टांग का बेसूद माँस ।

—اَدل بدل، اَدلا بدلا—[ਅਦ-ਲ ਬਦ-ਲ, ਅਦ-ਲਾ ਬਦ-ਲਾ] ਪੁ. ਵਿਟਾਂਦਰਾ ; ਵਟਾਂਦਰਾ ।

[अ-दल बद-ल, अद-ला बद-ला] पु० उलट पुलट ; एक चीज़ लेने के लिये उस के बदले में दूसरी चीज़ देने का भाव ।

—اَدلی بدلی—[ਅਦਲੀ ਬਦਲੀ] ਇ. ਅਦਲਾ ਬਦਲਾ ।

[अदली बदली] स्त्री० अदला बदला ।

—اَدلے کا بدلہ—[ਅਦ-ਲੇ ਕਾ ਬਦ-ਲ:] ਪੁ. ਜਿਹੀ ਕਰਨੀ ਤਿਹੀ ਭਰਨੀ ।

[अद-ले का बद-ल:] पु० जैसे को तैसा ।

اَدنیٰ—[ਅਦ-ਨਾ] ਅਰ. ਵਿ. ਘਟੀਆ, ਕਮੀਨਾ, ਨੀਚ ।

[अद-ना] अर० वि० घटिया, कमीना, नीच ।

اَدوات—[ਅਦਵਾਤ] ਅਰ. ਪੁ. 'ਅਦਾਤ' ਦਾ ਬਹੁਵਚਨ, ਔਜ਼ਾਰ ।

[अदवात] अर० पु० 'अदात' का बहुवचन, औज़ार ।

اَدوار—[ਅਦ-ਵਾਰ] ਅਰ. ਪੁ. 'ਦੌਰ' ਦਾ ਬਹੁਵਚਨ, ਸਮੇਂ ।

[अद-वार] अर० पु० 'दौर' का बहुवचन, समय ।

اَدوان—[ਅਦ-ਵਾਨ] ਇ. ਦੌਣ ।

[अद-वान] स्त्री० अदवायन ।

اَدون—[ਅਦ-ਵਨ] ਅਰ. ਵਿ. ਬਹੁਤ ਕਮੀਨਾ, ਬਹੁਤ ਨੀਚ ।

[अद-वन] अर० वि० बहुत कमीना, बहुत नीच ।

اَدویات—[ਅਦ-ਵਿਯਾਤ] ਅਰ. ਇ. 'ਦਵਾ' ਦੇ ਬਹੁਵਚਨ ਦਾ ਬਹੁਵਚਨ ।

[अद-वियात] अर० स्त्री० 'दवा' के बहुवचन का बहुवचन ।

اَدویہ—[ਅਦ-ਵਿਯ:] ਅਰ. ਇ. 'ਦਵਾ' ਦਾ ਬਹੁਵਚਨ ।

[अद-विय:] अर० स्त्री० 'दवा' का बहुवचन ।

اُدھار—[ਉਧਾਰ] ਪੁ. ਕਰਜ਼ਾ ।

[उधार] पु० ऋण ।

—اُدھار کھائے بیٹھنا—[ਉਧਾਰ ਖਾਏ ਬੈਠਣਾ] ਮੁਹਾ. ਤਿਆਰ ਰਹਿਣਾ, ਤੁਲੇ ਬੈਠਣਾ ।

[उधार खाये बैठना] मुहा० तैयार रहना, तुले बैठना ।

—اُدھار کی کیا ماں مری بیٹھی ہے—[ਉਧਾਰ ਕੀ ਕਯਾ ਮਾਂ ਮਰੀ ਬੈਠੀ ਹੈ] ਅਖੌ. ਉਧਾਰ ਮਿਲਣਾ ਕੋਈ ਔਖੀ ਗੱਲ ਨਹੀਂ ।

[उधार की क्या माँ मरी बैठी है] लोको० उधार मिलना कोई मुश्किल बात नहीं ।

اِدھر—[ਇਧਰ] ਕ੍ਰਿ. ਵਿ. ਏਧਰ, ਇਸ ਤਰਫ਼ ।

[इधर] क्रि० वि० इस ओर, इस तरफ़ ।

—اِدھر اُدھر—[ਇਧਰ ਉਧਰ] ਕ੍ਰਿ. ਵਿ. ਇ. ਇਧਰ-ਉਧਰ ।

[इधर उधर] क्रि० वि० स्त्री० इस ओर और उस ओर ।

—اِدھر اُدھر کرنا—[ਇਧਰ ਉਧਰ ਕਰਨਾ] ਮੁਹਾ. ਤਿਤਰ-ਬਿਤਰ ਕਰਨਾ ; ਟਾਲਣਾ ।

[इधर उधर कर-ना] मुहा० विसर्जित करना ; टालना ।

—اِدھر اُدھر ہونا—[ਇਧਰ ਉਧਰ ਹੋਣਾ] ਮੁਹਾ. ਖਿਸਕ ਜਾਣਾ; ਗੁਆਚ ਜਾਣਾ ।

[इधर उधर हो-ना] मुहा० खिसक जाना; गुम हो जाना ।

—اِدھر قبلہ اُدھر قطب بی خط پنجہ سوئے کدھر—[ਇਧਰ ਕਿਬ-ਲ: ਉਧਰ ਕੁ-ਤ-ਬ ਬੀ ਖ਼ਤੀਜ: ਸੋਵੇ ਕਿਧਰ] ਅਖੌ. ਔਖੇ ਪਾਸੇ ਮੁਸ਼ਕਲ ਹੋਣ ਦਾ ਭਾਵ; ਇਧਰ ਖੂਹ-ਉਧਰ ਖਾਈ ।

[इधर निकल-ल: उधर निकल-ब की अदोज: सोचे किधर] लोको० हर तरफ मुश्किल होने का भाव, इधर कुआँ उधर खाई।

اِدھر کھوہ اُدھر کھائی—[ਇਧਰ ਖੂਹ ਉਧਰ ਖਾਈ] ਅਖੌ. ਹਰ ਤਰ੍ਹਾਂ ਮੁਸ਼ਕਲ ਹੋਣ ਦਾ ਭਾਵ।

[इधर कुआँ उधर खाई] लोको० हर प्रकार से मुश्किल होने का भाव।

اِدھر کی اُدھر لگانا—[ਇਧਰ ਦੀ ਉਧਰ ਲਗਾਉਣਾ] ਮੁਹਾ. ਇਧਰ ਦੀਆਂ ਉਧਰ ਲਾਉਣਾ, ਚੁਗਲਖੋਰੀ ਕਰਨਾ।

[इधर की उधर लगाना] मुहा० इधर की उधर लगाना, चुगली करना।

اِدھر یا اُدھر ہونا—[ਇਧਰ ਜਾਂ ਉਧਰ ਹੋਣਾ] ਮੁਹਾ. ਐਥੇ ਜਾਂ ਓਥੇ ਹੋਣਾ।

[इधर या उधर होना] मुहा० एक तरफ फ़ैसला होना।

اُدھر—[ਉਧਰ] ਕ੍ਰਿ. ਵਿ. ਉਧਰ, ਉਸ ਤਰਫ਼।

[उधर] क्रि० वि० उस ओर, उस तरफ़।

اُدھڑنا—[ਉਧੜਨਾ] ਕ੍ਰਿ. ਅਕ. ਸੀਤੇ ਹੋਏ ਦਾ ਖੁਲ੍ਹ ਜਾਣਾ।

[उधड़-ना] क्रि० अक० सिलाई खुल जाना।

اَدھم—[ਅਦ-ਹਮ] ਪੁ. ਮੁਸ਼ਕੀ ; ਮੁਸ਼ਕੀ ਘੋੜਾ।

[अद-हम] वि० पु० मुश्की ; मुश्की घोड़ा।

اُدھم—[ਉਧੱਮ] ਵਿ. ਪੁ. ਸ਼ੋਰ-ਸ਼ਰਾਬਾ, ਧੱਪ।

[उधम] पु० कोलाहल, शोर-शराबा।

اَدھ مُوا—[ਅਧ-ਮੁਆ] ਵਿ. ਅੱਧਮੋਇਆ ; ਕਮਜ਼ੋਰ।

[अध-मुआ] वि० अधमरा, निर्बल।

اَدھنّا—[ਅਧੰਨਾ] ਪੁ० ਅਧਿਆਨੀ, ਟਕਾ।

[अधन्ना] पु० अधन्नी, टका।

اَدھ واڑ—[ਅਧ-ਵਾੜ] ਕ੍ਰਿ ਵਿ. ਵਿਚਾਲਿਓਂ, ਜਿੱਥੋਂ ਕੋਈ ਚੀਜ਼ ਅੱਧ-ਵਿਚ ਕੀਤੀ ਜਾਵੇ।

[अधब-बाड़] क्रि० वि० बीच में से, जहाँ से कोई चीज़ आधी आधी की गई हो।

اَدھورا—[ਅਧੂਰਾ] ਵਿ. ਨਾ ਮੁਕੰਮਲ ; ਨਾਕਸ।

[अधूरा] वि० अपूर्ण ; खंडित।

اَدھوڑی—[ਅਧੋੜੀ] ਵਿ. ਮੋਟਾ ਕੱਚਾ ਚਮੜਾ, ਧੋੜੀ।

[अधोड़ी] स्त्री० मोटा कच्चा चमड़ा, धौड़ी।

اَدھوڑی تاننا—[ਅਧੋੜੀ ਤਾਣ-ਨਾ] ਮੁਹਾ. ਇੰਨਾ ਖਾਣਾ ਕਿ ਪੇਟ ਪਾਟਣ ਲੱਗੇ।

[अधोड़ी तान-ना] मुहा० इतना खाना कि पेट फटने लगे।

اَدھیراج—[ਅਧੀਰਾਜ] ਪੁ० ਰਾਜਿਆਂ ਦਾ ਰਾਜਾ, ਮਹਾਰਾਜਾ।

[अधीराज] पु० राजाओं का राजा, महाराजा।

اَدھیڑ—[ਅਧੇੜ] ਵਿ. ਅਧਖੜ।

[अधेड़] वि० वह जो न वृद्ध हो और न ही युवक।

اُدھیڑ بُن—[ਉਧੇੜ ਬੁਨ] ਵਿ. ਸੋਚ ਵਿਚਾਰ, ਮਨਸੂਬਾ।

[उधेड़बुन] स्त्री० सोचविचार, मनसूबा।

اُدھیڑنا—[ਉਧੇੜ-ਨਾ] ਕ੍ਰਿ. ਸਕ. ਟਾਂਕੇ ਤੋੜਨਾ ; ਖੱਲ ਲਾਹੁਣਾ, ਮਾਰਨਾ।

[उधेड़-ना] क्रि० सक० टाँके तोड़ना ; चमड़ी उतारना ; मारना।

اَدھیلا—[ਅਧੇਲਾ] ਪੁ. ਧੇਲਾ।

[अधेला] पु० आधा पैसा।

اَدھیلی—[ਅਧੇਲੀ] ਵਿ. ਅਠਿਆਨੀ।

[अधेली] स्त्री० अठन्नी।

اَدھین—[ਅਧੀਨ] ਵਿ. ਮਤਹਿਤ ; ਮੁਲਾਜ਼ਮ।

[अधीन] वि० अधीन ; कर्मचारी।

اَدیان—[ਅਦ-ਯਾਨ] ਅਰ. ਪੁ. 'ਦੀਨ' ਦਾ ਬਹੁਵਚਨ, ਧਰਮ ; ਫ਼ਿਰਕੇ ; ਧਾਰਮਕ ਰਸਮਾਂ।

[अद-यान] अर० पु० 'दीन' का बहुवचन, धर्म, सम्प्रदाय ; धार्मिक रीतियाँ।

اَدیب—[ਅਦੀਬ] ਅਰ. ਵਿ. ਜ਼ਬਾਨਦਾਨ ; ਸਾਹਿਤਕਾਰ ਉਸਤਾਦ।

[अदीब] अर० वि० भाषा विज्ञानी ; साहित्याकार ; गुरु।

اَدیم—[ਅਦੀਮ] ਅਰ. ਪੁ. ਧੋੜੀ।

[अदीम] अर० पु० अधौड़ी।

اَڈا—[ਅੱਡਾ] ਪੁ. ਇਕੱਠੇ ਹੋਣ ਦੀ ਥਾਂ।

[अड्डा] पु० इकट्ठे होने का स्थान।

اَڈا جمانا—[ਅੱਡਾ ਜਮਾਉਣਾ] ਮੁਹਾ. ਗੱਪ ਸ਼ੱਪ ਮਾਰਨ ਲਈ ਕਿਸੇ ਥਾਂ ਤੇ ਇਕੱਠਿਆਂ ਹੋਣਾ।

[अड्डा जमाना] मुहा० गपशप मारने के लिये किसी स्थान पर एकत्र होना।

اَڈے دار—[ਅੱਡੇਦਾਰ] ਵਿ. ਅੱਡੇ ਦਾ ਮਾਲਕ ; ਚੌਕੀਦਾਰ।

[अड्डेदार] वि० अड्डे का स्वामी ; चौकीदार।

اَیڈیٹر—[ਅਡੀਟਰ] ਪੁ. ਐਡੀਟਰ।

[एडीटर] पु० सम्पादक।

اَیڈیٹوریل—[ਐਡੀਟੋਰੀਅਲ] ਵਿ. ਐਡੀਟਰ ਨਾਲ ਸਬੰਧਤ।

[ऐडीटोरीयल] वि० सम्पादकीय।

اَیڈیشن—[ਅਡੀਸ਼ਨ] ਪੁ. ਐਡੀਸ਼ਨ।

[एडीशन] पु० संस्करण।

اڈیشنل—[ਅਡੀਸ਼ਨਲ] ਵਿ. ਵਾਧੂ ; ਜ਼ਾਇਦ।

[अज़ीशमल] वि० अधिक ; अपार ।
اذا—[ਇਜ਼ਾ] ਅਰ. ਕ੍ਰਿ. ਵਿ. ਜਦੋਂ ।
[इज़ा] अर० क्रि० वि० जब ।
اذان—[ਅਜ਼ਾਨ] ਅਰ. ਇ. ਉੱਚੀ ਆਵਾਜ਼ ; ਬਾਂਗ ।
[अज़ान] अर० स्त्री० ऊँची आवाज़ ; बांग ।
ازبک—[ਉਜ਼-ਬਕ] ਤੁਰ. ਪੁ ਵਿ. ਤਾਤਾਰੀ ਤੁਰਕਾਂ ਦੇ ਇਕ ਕਬੀਲੇ ਦਾ ਨਾਂ ; ਤੁਰਕ ; ਬੇਵਕੂਫ਼ ; ਬਹੁਤ ਲੰਮਾ ।
[उज़-बक] तुर० पु० वि० तातारी तुर्कों के एक कबीले का नाम; तुर्क ; मूर्ख ; बहुत लम्बा ।
اذعان—[ਇਜ਼-ਆਨ] ਅਰ. ਪੁ. ਤਾਬਿਆਦਾਰੀ ; ਯਕੀਨ, ਭਰੋਸਾ ।
[इज़-आन] अर० पु० अधीनता ; यक़ीन, विश्वास ।
اذفر—[ਅਜ਼-ਫ਼ਰ] ਅਰ. ਵਿ. ਤੇਜ਼ ਬੂ ਵਾਲਾ ।
[अज़-फ़र] अर० वि० तेज़ गन्ध युक्त ।
اذکار—[ਅਜ਼-ਕਾਰ] ਅਰ. ਪੁ. 'ਜ਼ਿਕਰ' ਦਾ ਬਹੁਵਚਨ, ਵਜ਼ੀਫ਼ੇ; ਜਪ ।
[अज़-कार] अर० पु० 'ज़िक्र' का बहुवचन; वज़ीफ़े ; जप ।
اذکار—[ਇਜ਼-ਕਾਰ] ਅਰ. ਪੁ. ਜ਼ਿਕਰ ਕਰਨ ਦਾ ਭਾਵ ; ਮਾਲਾ ਫੇਰਨ ਦਾ ਭਾਵ ; ਉਸਤਤ ਕਰਨ ਦਾ ਭਾਵ ; ਹਦਾਇਤ ਕਰਨ ਦਾ ਭਾਵ ।
[इज़-कार] अर० पु० ज़िक्र करने का भाव ; माला फेरने का भाव ; स्तुति करने का भाव ; हिदायत करने का भाव ।
اذکیا—[ਅਜ਼-ਕਿਯਾ] ਅਰ. ਪੁ. 'ਜ਼ਕੀ' ਦਾ ਬਹੁਵਚਨ, ਹੁਸ਼ਿਆਰ ਤੇ ਸਿਆਣੇ ਲੋਕ ।
[अज़-किया] अर० पु० 'ज़की' का बहुवचन, हुशियार तथा बुद्धिमान लोग ।
اذن—[ਇਜ਼-ਨ] ਅਰ. ਇ. ਆਗਿਆ, ਇਜਾਜ਼ਤ ।
[इज़-न] अर० स्त्री० आज्ञा, इजाज़त ।
اذن عام—[ਇਜ਼ਨੇ-ਆਮ] ਅਰ. ਪੁ. ਸਭ ਲੋਕਾਂ ਨੂੰ ਆਉਣ ਦੀ ਆਮ ਆਗਿਆ, ਖੁਲ੍ਹੀ ਛੁੱਟੀ ।
[इज़ने-आम] अर० पु० सब लोगों को आने की आम आज्ञा, खुली छुट्टी ।
اذن نامہ—[ਇਜ਼-ਨ ਨਾਮ:] ਅਰ. ਪੁ. ਵਸੀਅਤ ਨਾਮਾ ।
[इज़-न नाम:] अर० पु० वसीयत नामा ।
اذن—[ਅਜ਼ਨ] ਅਰ. ਪੁ. ਕੁਰਾਨ ਸ਼ਰੀਫ਼ ਨੂੰ ਸੁਰ ਵਿਚ ਪੜ੍ਹਨ ਅਤੇ ਸੁਣਨ ਦੀ ਕਿਰਿਆ ।
[अज़न] अर० पु० क़ुरान शरीफ़ को सस्वर पढ़ने व सुनने की क्रिया ।
اذہان—[ਅਜ਼-ਹਾਨ] ਅਰ. ਪੁ. 'ਜ਼ਿਹ-ਨ' ਦਾ ਬਹੁਵਚਨ, ਅਕਲ ; ਸਮਝ ।
[अज़-हान] अर० पु० 'ज़िह-न' का बहुवचन, बुद्धि, समझ ।
اذیت—[ਅਜ਼ੀਯਤ] ਅਰ ਇ. ਤਕਲੀਫ਼, ਦੁੱਖ, ਕਸ਼ਟ ।
[अज़ीयत] अर० स्त्री० तकलीफ़, दुःख, कष्ट ।
ار—[ਅਰ] ਫ਼ਾ. ਯੋਜਕ. ਜੇ ।
[अर] फ़ा० अव्य० यदि ।
ارابہ—[ਅਰਾਬ:] ਫ਼ਾ. ਪੁ. ਗੱਡਾ ; ਛਕੜਾ ।
[अराब:] फ़ा० पु० बैलगाड़ी ; छकड़ा ।
ارادت—[ਇਰਾਦਤ] ਅਰ. ਇ. ਸ਼ਰਧਾ ।
[इरादत] अर० स्त्री० श्रद्धा ।
ارادت مند—[ਇਰਾਦਤਮੰਦ] ਫ਼ਾ. ਵਿ. ਪੁ. ਸ਼ਰਧਾਲੂ ।
[इरादतमन्द] फ़ा० वि० पु० श्रद्धालु ।
ارادت مندی—[ਇਰਾਦਤਮੰਦੀ] ਫ਼ਾ. ਇ. ਸ਼ਰਧਾ ।
[इरादतमन्दी] फ़ा० स्त्री० श्रद्धा ।
ارادہ—[ਇਰਾਦ:] ਅਰ. ਪੁ. ਇਰਾਦਾ ।
[इराद:] अर० पु० मनसूबा ।
ارادتاً—[ਇਰਾਦਤਨ] ਅਰ. ਕ੍ਰਿ. ਵਿ. ਮਨਸੂਬਾ ਬੰਨ੍ਹ ਕੇ, ਇਰਾਦੇ ਨਾਲ ।
[इरादतन] अर० क्रि० वि० मनसूबा बांध कर, इरादे के साथ ।
ارادہ باندھنا—[ਇਰਾਦ: ਬੰਨ੍ਹ-ਣਾ] ਮੁਹਾ. ਇਰਾਦਾ ਕਰਨਾ, ਇੱਛਿਆ ਕਰਨਾ, ਨੀਤ ਧਾਰਨਾ ।
[इराद: बांध-ना] : मुहा० इरादा करना, इच्छा करना, मनसूबा बनाना ।
ارادی—[ਇਰਾਦੀ] ਅਰ. ਫ਼ਾ. ਵਿ. ਇਖ਼ਤਿਆਰੀ, ਅਖ਼ਤਿਆਰੀ।
[इरादी] अर० फ़ा०वि० जो अपने इख़्तियार में हो, ऐच्छिक।
اراذل—[ਅਰਾਜ਼ਲ] ਅਰ. ਪੁ. 'ਅਰਜ਼ਲ' ਦਾ ਬਹੁਵਚਨ, ਕਮੀਨੇ, ਕਮਜ਼ਾਤ, ਨੀਚ ।
[अराज़िल] अर० पु० 'अरज़ल' का बहुवचन, कमीने, नीच, दुष्ट ।
اراروٹ—[ਅਰਾਰੂਟ] (ਅੰਗ. Arrow root) ਪੁ. ਇਕ ਕਿਸਮ ਦੀ ਗਰੀ ਜੋ ਹਿੰਦੁਸਤਾਨ ਵਿਚ ਇਕ ਰੁੱਖ ਦੀ ਜੜ੍ਹ ਤੋਂ ਪਰਾਪਤ ਕੀਤੀ ਜਾਂਦੀ ਹੈ, ਬੱਚਿਆਂ ਅਤੇ ਰੋਗੀਆਂ ਨੂੰ ਪਾਣੀ ਜਾਂ ਦੁੱਧ ਨਾਲ ਦਿੱਤੀ ਜਾਂਦੀ ਹੈ ।

[अराख्ट] (अं. Arrow root) पु० एक प्रकार का खाद्य पदार्थ जो भारत में एक वृक्ष की जड़ से प्राप्त किया जाता है और बच्चों अथवा रोगियों को पानी या दूध के साथ दिया जाता है।

اَراضی—[ਅਰਾਜ਼ੀ] ਅਰ. ਇ. 'ਅਰਜ਼' ਦਾ ਬਹੁਵਚਨ, ਭੋਏਂ ਖੇਤ।

[अराज़ी] अर० स्त्री० 'अरज़' का बहुवचन, ज़मीन; खेत।

—اَراضی افتادہ—[ਅਰਾਜ਼ੀਏ ਉਫ਼ਤਾਦਹ] ਅਰ. ਫ਼ਾ. ਇ. ਗ਼ੈਰ-ਆਬਾਦ ਜ਼ਮੀਨ।

[अराज़ीए उफ़्तादः] अर० फ़ा० स्त्री० ग़ैर-आबाद ज़मीन।

—اَراضی بندوبستی—[ਅਰਾਜ਼ੀਏ ਬੰਦੋਬਸਤੀ] ਅਰ ਫ਼ਾ.ਇ. ਬੰਦੋਬਸਤ ਵਿਚ ਆਈ ਭੋਏਂ।

[अराज़ीए बन्दोबस्ती] अर० फ़ा० स्त्री० बन्दोबस्त में आई हुई ज़मीन।

—اَراضی جلکر—[ਅਰਾਜ਼ੀਏ ਜਲ-ਕਰ] ਇ. ਉਹ ਧਰਤੀ ਜਿਸ ਵਿਚ ਬਾਰਸ਼ ਦਾ ਪਾਣੀ ਉਸ ਦੀ ਸਿੰਜਾਈ ਲਈ ਜਮ੍ਹਾਂ ਕੀਤਾ ਜਾਵੇ।

[अराज़ीए जल-कर] स्त्री० वह ज़मीन जिस में वर्षा का जल उस की सिंचाई के लिये जमा किया जाए।

—اَراضی خالصہ—[ਅਰਾਜ਼ੀਏ ਖ਼ਾਲਿਸਹ]ਇ. ਜਿਹੋਜਹੀ ਸਰਕਾਰੀ ਭੋਏਂ।

[अराज़ीए ख़ालिसः] स्त्री० सरकारी ज़मीन जिस में किसी दूसरे का दख़ल न हो।

—اَراضی دریا برآمد—[ਅਰਾਜ਼ੀਏ ਦਰ-ਯਾ ਬਰ-ਆਮਦ] ਫ਼ਾ. ਇ. ਦਰਿਆ ਕਾਰਣ ਬਣੀ ਹੋਈ ਧਰਤੀ।

[अराज़ीए दर-या बर-आमद] फ़ा० स्त्री० दरिया के कारण बनी हुई ज़मीन।

—اَراضی دریا برد—[ਅਰਾਜ਼ੀਏ ਦਰ-ਯਾ ਬੁਰ-ਦ] ਫ਼ਾ. ਇ. ਉਹ ਧਰਤੀ ਜੋ ਦਰਿਆ ਦੇ ਹੜ੍ਹ ਕਾਰਣ ਡੁੱਬ ਗਈ ਹੋਵੇ।

[अराज़ीए दर-या बुर-द] फ़ा० स्त्री० वह ज़मीन जो दरिया की बाढ़ के कारण डूब गई हो।

—اَراضی سکنی—[ਅਰਾਜ਼ੀਏ ਸਕਨੀ] ਅਰ.ਫ਼ਾ.ਇ. ਉਹ ਧਰਤੀ ਜਿਸ ਤੇ ਮਕਾਨ ਬਣਾਏ ਜਾਂਦੇ ਹਨ।

[अराज़ीए सकनी] अर० फ़ा० स्त्री० वह ज़मीन जिस पर मकान बनाए जाते हैं।

—اَراضی شاملات—[ਅਰਾਜ਼ੀਏ ਸ਼ਾਮਿਲਾਤ] ਅਰ. ਫ਼ਾ. ਇ. ਪਿੰਡ ਦੀ ਸਾਂਝੀ ਭੋਂ, ਸ਼ਾਮਲਾਟ।

[अराज़ीए शामिलात] अर० फ़ा० स्त्री० गाँव की साँझी ज़मीन, शामिलात।

—اَراضی شاملتی—[ਅਰਾਜ਼ੀਏ ਸ਼ਾਮਿ-ਲਾਤੀ] ਅਰ. ਫ਼ਾ. ਇ. ਪਿੰਡ ਦੀ ਸਾਂਝੀ ਹਾਲਤੀ ਭੋਏਂ, ਸ਼ਾਮਲਾਟ।

[अराज़ीए शामि-लाती] अर० फ़ा० स्त्री० गाँव की साँझी ज़मीन, शामिलात।

—اَراضی شور—[ਅਰਾਜ਼ੀਏ ਸ਼ੋਰ] ਅਰ. ਫ਼ਾ. ਇ. ਕੱਲਰ ਭੋਏਂ।

[अराज़ीए शोर] अर० फ़ा० स्त्री० ऊसर भूमि।

—اَراضی لا خراج—[ਅਰਾਜ਼ੀਏ ਲਾ ਖ਼ਰਾਜ] ਅਰ. ਇ. ਉਹ ਭੋਏਂ ਜਿਸ ਦਾ ਲਗਾਨ ਮੁਆਫ਼ ਹੋਵੇ।

[अराज़ीए ला ख़राज] अर० स्त्री० वह भूमि जिस का लगान मुआफ़ हो।

—اَراضی معافی—[ਅਰਾਜ਼ੀਏ ਮੁਆਫ਼ੀ] ਅਰ. ਇ. ਉਹ ਭੋਏਂ ਜਿਸ ਦਾ ਲਗਾਨ ਮੁਆਫ਼ ਹੋਵੇ।

[अराज़ीए मुआफ़ी] अर० स्त्री० वह भूमि जिस का लगान मुआफ़ हो।

—اَراضی منضبطہ—[ਅਰਾਜ਼ੀਏ ਮੁਨ-ਜ਼ਬ-ਤ:] ਅਰ. ਇ. ਜ਼ਬਤ ਹੋਈ ਭੋਏਂ।

[अराज़ीए मुन-ज़ब-तः] अर० स्त्री० ज़ब्त हुई भूमि।

—اَراضی نو تردد—[ਅਰਾਜ਼ੀਏ ਨੌ ਤਰਦੁਦ] ਅਰ. ਫ਼ਾ. ਇ. ਨਵੀਂ ਵਾਹੀ ਵਿਚ ਲਿਆਂਦੀ ਨਵੀਂ ਜ਼ਮੀਨ।

[अराज़ीए नौ तरद्दुद] अर० फ़ा० स्त्री० जोती हुई नई ज़मीन

—اَراضی وقف—[ਅਰਾਜ਼ੀਏ ਵ-ਕ-ਫ਼] ਅਰ. ਇ. ਉਹ ਧਰਤੀ ਜਿਹੜੀ ਕਿਸੇ ਇਕ ਦੀ ਮਲਕੀਅਤ ਨਾ ਹੋਵੇ ਸਗੋਂ ਕਿਸੇ ਧਰਮ-ਅਰਥ ਸੰਸਥਾ ਦੇ ਅਧੀਨ ਹੋਵੇ।

[अराज़ीए व-क़-फ़] अर० स्त्री० वह भूमि जिस पर किसी का स्वामित्व न हो अपितु किसी धर्मार्थ संस्था के अधीन हो।

—اَراضیات—[ਅਰਾਜ਼ਿਆਤ] ਅਰ. ਇ. ਜ਼ਮੀਨਾਂ; ਧਰਤੀ-ਵਿਗਿਆਨ।

[अराज़ियात] अर० स्त्री० ज़मीनें; भूमि विज्ञान।

اَراکین—[ਅਰਾਕੀਨ] ਅਰ. ਪੁ. 'ਰੁਕਨ' ਦੇ ਬਹੁਵਚਨ ਦਾ ਬਹੁਵਚਨ, ਥੰਮ੍ਹੇ, ਥੰਮ੍ਹ; ਅਹਿਲਕਾਰ।

[अराकीन] अर० पु० 'रुक्न' के बहुवचन का बहुवचन, खम्बे, स्तम्भ; कर्मचारीगण।

اَرب—[ਅਰ-ਬ] ਇ. ਸੌ ਕਰੋੜ।

[अर-ब] वि० सौ करोड़।

—اَرب کھرب—[ਅਰ-ਬ ਖਰਬ] ਵਿ. ਬੇ-ਸ਼ੁਮਾਰ।

[अर-बा अर-बा] वि० बेशुमार ।

ارباب—[ਅਰ-ਬਾਬ] ਅਰ. ਪੁ. 'ਰੱਬ' ਦਾ ਬਹੁਵਚਨ, ਮਾਲਕ, ਵਾਲੀ, ਮਿੱਤਰ, ਪਾਲਣਹਾਰ ।

[अर-बाब] अर० पु० 'रब' का बहुवचन. मालिक; वाली; मित्र ; पालक ।

—ارباب بصیرت—[ਅਰ-ਬਾਬੇ ਬਸੀਰਤ] ਅਰ. ਵਿ. ਅੱਖਾਂ ਵਾਲੇ; ਸਿਆਣੇ, ਸਮਝਦਾਰ ।

[अरबाबे बसीरत] अर० वि० आँखों वाले ; सूझवान. समझदार ।

—ارباب سخن—[ਅਰ-ਬਾਬੇ ਸੁਖ਼ਨ] ਅਰ. ਫ਼ਾ. ਪੁ. ਕਵੀ ਜਨ ।

[अर-बाबे सुख़न] अर० फ़ा० पु० कविजन ।

—ارباب عدالت—[ਅਰ-ਬਾਬੇ ਅ਼ਦਾਲਤ] ਅਰ. ਪੁ. ਕਚਹਿਰੀ ਦੇ ਅਹਿਲਕਾਰ ।

[अर-बाबे अदालत] अर० पु० कचहरी के कर्मचारी ।

—ارباب عشرت—[ਅਰ-ਬਾਬੇ ਇਸ਼ਰਤ] ਅਰ. ਪੁ. ਰੰਗ-ਰਲੀਆਂ ਮਨਾਉਣ ਵਾਲੇ ਲੋਕ, ਮੌਜਾਂ ਮਾਨਣ ਵਾਲੇ ਲੋਕ ।

[अर-बाबे इशरत] अर० पु० रंग-रलियाँ मनाने वाले लोग ; मौज उड़ाने वाले लोग ।

—ارباب نشاط—[ਅਰ-ਬਾਬੇ ਨਿਸ਼ਾਤ] ਅਰ. ਪੁ. ਨੱਚਣ ਗਾਉਣ ਵਾਲੇ ਲੋਕ ।

[अर-बाबे निशात] अर० पु० नाचने गाने वाले लोग ।

اربع—[ਅਰ-ਬਅ] ਅਰ. ਵਿ. ਚਾਰ ।

[अर-बअ] अर० वि० चार ।

—اربعہ عناصر—[ਅਰ-ਬਅਃ ਅਨਾਸਿਰ] ਅਰ.ਪੁ. ਚਾਰ ਤੱਤ:- ਅੱਗ, ਮਿੱਟੀ, ਪਾਣੀ, ਹਵਾ (ਪੰਜਵੇਂ ਤੱਤ ਅਕਾਸ਼ ਨੂੰ ਪੱਛਮੀ ਭੌਤਕ ਵਿਗਿਆਨੀ ਨਹੀਂ ਮੰਨਦੇ) ।

[अर-बअः अनासिर] अर० पु० चार तत्वः- आग, मिट्टी, पानी, हवा (पाँचवें तत्व आकाश को पश्चिमीय भौतिक विज्ञानी नहीं मानते) ।

—اربعہ متناسبہ—[ਅਰ-ਬਅਃ ਮੁਤਨਾਸਿਬਃ] ਅਰ. ਪੁ. ਗਣਿਤ ਦਾ ਇਕ ਕਾਇਦਾ ਜਿਸ ਵਿਚ ਤਿੰਨ ਸੰਖਿਆਵਾਂ ਦਾ ਪਤਾ ਹੁੰਦਾ ਹੈ ਤੇ ਚੌਥੀ ਲੱਭਣੀ ਪੈਂਦੀ ਹੈ (Ratio and Proportion) ।

[अर-बअः मुतनासिबः] अर० पु० गणित का एक कायदा जिस में तीन संख्याओं का ज्ञान होने से चौथी अज्ञात संख्या का मालूम करना होता है (Ratio and Proportion) ।

اربعین—[ਅਰ-ਬਅਈਨ] ਅਰ. ਵਿ. ਚਾਲੀ, ੪੦ ।

[अर-बअईन] अर० वि० चालीस, ४० ।

ارتباط—[ਇਰ-ਤਿਬਾਤ] ਅਰ. ਪੁ. ਮੇਲ-ਮਿਲਾਪ ।

[इर-तिबात] अर० पु० मेल-मिलाप ।

ارتحال—[ਇਰ-ਤਿਹਾਲ] ਅਰ. ਪੁ. ਕੂਚ ।

[इर-तिहाल] अर० पु० कूच ।

ارتداد—[ਇਰ-ਤਿਦਾਦ] ਅਰ. ਪੁ. ਧਰਮ ਤੋਂ ਪਤਤ ਹੋ ਜਾਣ ਦਾ ਭਾਵ ।

[इर-तिदाद] अर० पु० धर्म से पतित हो जाने का भाव ।

ارتعاش—[ਇਰ-ਤਿਆਸ਼] ਅਰ. ਪੁ. ਕੰਬਣ ਦੀ ਕਿਰਿਆ ;

[इर-तिआश] अर० पु० काँपने की क्रिया ।

ارتسام—[ਇਰ-ਤਿਸਾਮ] ਅਰ. ਪੁ. ਉੱਕਰਨ ਜਾਂ ਅੰਕਣ ਦੀ ਕਿਰਿਆ ।

[इर-तिसाम] अर० पु० खोद कर लिखने की क्रिया ।

ارتفاع—[ਇਰ-ਤਿਫ਼ਾਅ] ਅਰ. ਪੁ. ਉਚਾਈ (altitude) ।

[इर-तिफ़ाअ] अर० पु० ऊँचाई (altitude) ।

ارتفاعی—[ਇਰ-ਤਿਫ਼ਾਈ] ਫ਼ਾ. ਵਿ. ਉਚਾਈ ਸਬੰਧੀ ।

[इर-तिफ़ाई] फ़ा० वि० ऊँचाई सम्बंधी ।

ارتقا—[ਇਰ-ਤਿਕ਼ਾ] ਅਰ. ਪੁ. ਵਿਕਾਸ ।

[इर-तिक़ा] अर० पु० विकास ।

ارتکاب—[ਇਰ-ਤਿਕਾਬ] ਅਰ. ਪੁ. ਪਾਪ ਕਰਨ ਦੀ ਕਿਰਿਆ ਜਾਂ ਭਾਵ ।

[इर-तिकाब] अर० पु० पाप करने की क्रिया या भाव ।

ارتکاب جرم—[ਇਰ-ਤਿਕਾਬੇ ਜੁਰ-ਮ] ਅਰ. ਪੁ. ਜੁਰਮ ਕਰਨ ਦਾ ਭਾਵ ।

[इर-तिकाबे जुर-म] अर० पु० अपराध करने का भाव ।

ارتھ—[ਅਰ-ਥ] ਪੁ. ਮਤਲਬ ।

[अर-थ] पु० मतलब ।

ارتھی—[ਅਰ-ਥੀ] ਇ. ਉਹ ਚੀਜ਼ ਜਿਸ ਤੇ ਹਿੰਦੂ ਮੁਰਦੇ ਨੂੰ ਰੱਖ ਕੇ ਮੁਰਦਘਾਟ ਵੱਲ ਲੈ ਜਾਂਦੇ ਹਨ ।

[अर-थी] स्त्री० वह वस्तु जिस पर हिन्दू शव को रख कर या लिटा कर श्मशान भूमि की ओर ले जाते हैं ।

ارث—[ਇਰ-ਸ] ਅਰ. ਇ. ਵਿਰਸਾ ।

[इर-स] अर० स्त्री० विरसा ।

ارج—[ਅਰ-ਜ] ਫ਼ਾ. ਇ. ਕਦਰ ; ਕੀਮਤ ; ਲਿਆਕਤ ; ਇੱਜ਼ਤ ; ਸ਼ਾਨ, ਮਾਨ ।

[अर-ज] फ़ा० स्त्री० आदर ; कीमत ; योग्यता; सम्मान, प्रतिष्ठा, शान ।

ارجمند—[ਅਰ-ਜਮੰਦ] ਫ਼ਾ. ਵਿ. ਇੱਜ਼ਤ ਵਾਲਾ, ਪਤਵੰਤਾ।

[अर-जमंद] फ़ा० वि० प्रतिष्ठित, मान्य ।

ارجاع—[ਇਰ-ਜਾ-ਅ] ਅਰ. ਪੁ. ਰਜੂਅ ਕਰਨ ਦੀ ਕਿਰਿਆ ਜਾਂ ਭਾਵ ।
[इर-जाअ] अर० पु० रजूअ करने की क्रिया या भाव ।

ارجاع نالش—[ਇਰ-ਜਾ-ਏ ਨਾਲਿਸ਼] ਅਰ. ਫ਼ਾ. ਪੁ. ਦਾਵਾ ਦਾਇਰ ਕਰਨ ਦੀ ਕਿਰਿਆ ।
[इर-जा-ए नालिश] अर० फ़ा० पु० दावा दायर करने की क्रिया ।

أرجل—[ਅਰ-ਜਲ] ਅਰ. ਪੁ. ਉਹ ਘੋੜਾ ਜਿਸ ਦਾ ਇਕ ਪੈਰ ਚਿੱਟਾ ਤੇ ਤਿੰਨ ਪੈਰ ਹੋਰ ਰੰਗ ਦੇ ਹੋਣ (ਇਹ ਮਨਹੂਸ ਸਮਝਿਆ ਜਾਂਦਾ ਹੈ) ।
[अर-जल] अर० पु० वह घोड़ा जिस का एक पाँव सफ़ेद और तीन पाँव और रंग के हों (यह मनहूस समझा जाता है) ।

أرحام—[ਅਰ-ਹਾਮ] ਅਰ. ਪੁ. 'ਰਿਹਮ' ਦਾ ਬਹੁਵਚਨ, ਬੱਚੇਦਾਨੀਆਂ ।
[अर-हाम] अर० पु० 'रिहम' का बहुवचन, बच्चेदानियाँ ।

أرحم—[ਅਰ-ਹਮ] ਅਰ. ਪੁ. ਵਧੇਰੇ ਰਹਿਮ ਕਰਨ ਵਾਲਾ, ਰਹੀਮ, ਅਤੀ ਦਿਆਲੂ ।
[अर-हम] अर० पु० अधिक दया करने वाला, अत्यंत दयालु, अतिकृपालु ।

أرحم الراحمين—[ਅਰ-ਹਮੁੱਰ-ਰਾਹਮੀਨ] ਅਰ. ਪੁ. ਸਭ ਨਾਲੋਂ ਵੱਧ ਕ੍ਰਿਪਾਲੂ-ਦਿਆਲੂ ਰੱਬ ।
[अर-हमुर्रा-हमीन] अर० पु० सब से अधिक कृपालु-दयालु परमात्मा ।

ارد—[ਉਰ-ਦ] ਪੁ. ਉੜਦ, ਮਾਂਹ ।
[उर-द] पु० उड़द, माँह ।

اردا بیگنی—[ਉਰ-ਦਾ ਬੇਗ-ਨੀ] ਤੁਰ. ਇ. ਜ਼ਨਾਨਾ ਪੁਲਸ ਦੀ ਸਪਾਹੀ ਔਰਤ ।
[उर-दा बे-गनी] तुर० स्त्री० जनाना पुलिस की सिपाही औरत ।

ارد بہشت ، اردی بہشت—[ਅਰ-ਦ ਬਿਹਿਸ਼-ਤ, ਉਰ-ਦ ਬਿਹਿਸ਼-ਤ] ਫ਼ਾ. ਪੁ. ਈਰਾਨੀ ਕੈਲੰਡਰ ਦਾ ਦੂਜਾ ਮਹੀਨਾ ।
[अर-द बिहिश्त, उर-द बिहिश्त] फ़ा० पु० ईरानी कैलण्डर का दूसरा महीना ।

ارد گرد—[ਇਰ-ਦ ਗਿਰ-ਦ] ਕ੍ਰਿ. ਵਿ. ਆਲੇ ਦੁਆਲੇ ।
[इर-द गिर-द] क्रि० वि० चहुँ ओर ।

اردلی—[ਅਰ-ਦਲੀ] ਪੁ. ਸੇਵਾ ਵਿਚ ਹਾਜ਼ਰ ਰਹਿਣ ਵਾਲਾ ਆਦਮੀ ; ਪਿਆਦਾ, ਸਪਾਹੀ ।
[अर-दली] पु० सेवा में उपस्थित रहने वाला व्यक्ति ; पियादा, सिपाही ।

اردلی بازار—[ਅਰਦਲੀ ਬਾਜ਼ਾਰ] ਪੁ. ਬਾਦਸ਼ਾਹਾਂ ਤੇ ਅਧਿਕਾਰੀਆਂ ਦੇ ਦੌਰੇ ਸਮੇਂ ਉਨ੍ਹਾਂ ਦੇ ਨਾਲ ਰਹਿਣ ਵਾਲਾ ਬਜ਼ਾਰ ।
[अर-दली बाज़ार] पु० राजाओं तथा उच्चाधिकारियों के दौरे के समय उनके साथ रहने वाला बाज़ार ।

اردلی سارجنٹ—[ਅਰ-ਦਲੀ ਸਾਰਜੰਟ] ਪੁ. ਹੌਲਦਾਰ ; ਜਮਾਂਦਾਰ ; ਦਰੋਗਾ ।
[अर-दली सारजंट] पु० हवालदार ; जमादार ; दारोग़ा ।

اردو—[ਉਰ-ਦੂ] ਤੁਰ. ਪੁ. ਬਜ਼ਾਰ ; ਲਸ਼ਕਰ ; ਫ਼ੌਜ ; ਫ਼ੌਜੀ ਕੈਂਪ ; ਫ਼ੌਜੀ ਬੋਲੀ ; ਉਰਦੂ ਭਾਸ਼ਾ ।
[उर-दू] तुर० पु० बाज़ार ; लश्कर ; फ़ौज ; सैनिक शिविर ; फ़ौजी बोली ; उर्दू भाषा ।

اردو بازار—[ਉਰ-ਦੂ ਬਾਜ਼ਾਰ] ਤੁਰ.ਪੁ. ਸਦਰ-ਬਾਜ਼ਾਰ, ਛਾਉਣੀ ਦਾ ਬਾਜ਼ਾਰ ।
[उर-दू बाज़ार] तुर० पु० सदर-बाज़ार, छावनी का बाज़ार ।

اردی—[ਉਰ-ਦੀ] ਫ਼ਾ. ਪੁ. ਵੇਖੋ ਉਰ-ਦ ਬਿਹਿਸ਼-ਤ ।
[उर-दी] फ़ा० पु० देखो उर-द बिहिश्त ।

اردی بہشت—[ਉਰ-ਦੀ ਬਿਹਿਸ਼-ਤ] ਫ਼ਾ. ਪੁ. ਉਹ ਤਿਉਹਾਰ ਜੋ ਹਰ ਮਹੀਨੇ ਦੇ ਤੀਜੇ ਦਿਨ ਮਨਾਇਆ ਜਾਂਦਾ ਹੈ ; ਈਰਾਨੀ ਕੈਲੰਡਰ ਦਾ ਦੂਜਾ ਮਹੀਨਾ ; ਅੱਗ ।
[उर-दी बिहिश्त] फ़ा० पु० वह त्यौहार जो हर महीने के तीसरे दिन मनाया जाता है ; ईरानी कैलण्डर का दूसरा महीना ; अग्नि ।

اراذل—[ਅਰ-ਜ਼ਾਲ] ਅਰ. ਵਿ. 'ਰਜ਼ੀਲ' ਦਾ ਬਹੁਵਚਨ, ਕਮੀਨੇ, ਨੀਚ ।
[अर-ज़ाल] अर० वि० 'रज़ील' का बहुवचन, कमीने, नीच ।

ارذل—[ਅਰ-ਜ਼ਲ] ਅਰ. ਵਿ. ਬਹੁਤ ਕਮੀਨਾ ।
[अर-ज़ल] अर० वि० अत्यंत नीच ।

ارز—[ਅਰ-ਜ਼] ਫ਼ਾ. ਪੁ. ਕੀਮਤ ; ਇੱਜ਼ਤ ।
[अर-ज़] फ़ा० पु० मूल्य ; सम्मान ।

ارز—[ਅਰੁਜ਼] ਅਰ. ਪੁ. ਚਾਉਲ ।
[अरुज़] अर० पु० चावल ।

ارزاق—[ਅਰ-ਜ਼ਾਕ਼] ਅਰ. ਪੁ. 'ਰਿਜ਼ਕ' ਦਾ ਬਹੁਵਚਨ, ਮਾਲ-ਦੌਲਤ।
[अर-ज़ाक़] अर० पु० 'रिज़्क़' का बहुवचन, धन सम्पत्ति।

ارزاں—[ਅਰ-ਜ਼ਾਂ] ਫ਼ਾ. ਵਿ. ਸਸਤਾ।
[अर-ज़ाँ] फ़ा० वि० सस्ता।

ارزاں بہ علت گراں بہ حکمت—[ਅਰ-ਜ਼ਾਂ ਬ-ਇੱਲਤ ਗਿਰਾਂ ਬ-ਹਿਕ-ਮਤ] ਫ਼ਾ. ਅਖੌ. ਸਸਤਾ ਰੋਵੇ ਵਾਰ ਵਾਰ ਮਹਿੰਗਾ ਰੋਵੇ ਇਕੋ ਵਾਰ।
[अर-ज़ाँ ब-इल्लत गिराँ ब-हिक-मत] फ़ा० लोको० सस्ता रोए बार बार महँगा रोए एक बार।

ارزانی—[ਅਰ-ਜ਼ਾਨੀ] ਫ਼ਾ. ਇ. ਸਸਤਾਪਣ।
[अर-ज़ानी] फ़ा० स्त्री० सस्तापन।

ازرق—[ਅਜ਼-ਰਕ਼] ਅਰ. ਵਿ. ਨੀਲਾ; ਅਸਮਾਨੀ।
[अज़-रक़] अर० वि० नीला; आसमानी।

ازرق چشم—[ਅਜ਼-ਰਕ਼ ਚਸ਼-ਮ] ਅਰ. ਫ਼ਾ. ਵਿ. ਨੀਲੀਆਂ ਅੱਖੀਆਂ ਵਾਲਾ।
[अज़-रक़ चश-म] अर० फ़ा० वि० नीली आँखों वाला।

ارزن—[ਅਰ-ਜ਼ਨ] ਅਰ. ਫ਼ਾ. ਪੁ. ਇਕ ਕਿਸਮ ਦਾ ਘਟੀਆ ਅਨਾਜ, ਚੀਨਾ।
[अर-ज़न] अर० फ़ा० पु० एक प्रकार का घटिया अनाज, चीना।

ارسال—[ਇਰ-ਸਾਲ] ਅਰ. ਪੁ. ਭੇਜਣ ਦੀ ਕਿਰਿਆ ਜਾਂ ਭਾਵ; ਮਾਮਲਾ ਜੋ ਸਰਕਾਰੀ ਖ਼ਜ਼ਾਨੇ ਵਿਚ ਦਾਖ਼ਲ ਕੀਤਾ ਜਾਂਦਾ ਹੈ।
[इर-साल] अर० पु० भेजने की क्रिया अथवा भाव; मामला जो सरकारी ख़ज़ाने में दाख़िल किया जाता है।

ارسطاطالیس—[ਅਰਿਸ-ਤਾਤਾਲੀਸ] ਯੂ. ਪੁ. ਅਰਸਤੂ।
[अरिस-तातालीस] यू० पु० अरस्तू।

ارسطو—[ਅਰਿਸ-ਤੂ] ਅਰ. ਪੁ. ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰ ਜੋ ਅਫ਼ਲਾਤੂਨ ਦਾ ਚੇਲਾ ਸੀ;
ਵਿ. ਸਿਆਣਾ; ਨਿਪੁੰਨ।
[अरिस-तू] अर० पु० प्रसिद्ध यूनानी दार्शनिक जो अफ़लातून का शिष्य था।
वि० बुद्धिमान; निपुण।

ارسلان—[ਅਰ-ਸਲਾਨ] ਤੁਰ. ਪੁ. ਸ਼ੇਰ।
[अर-सलान] तुर० पु० शेर।

ارشاد—[ਇਰ-ਸ਼ਾਦ] ਅਰ. ਪੁ. ਆਗਿਆ, ਹੁਕਮ।
[इर-शाद] अर० पु० आज्ञा, हुक्म।

ارشاد بجا لانا—[ਇਰ-ਸ਼ਾਦ ਬਜਾ ਲਾਨਾ] ਮੁਹਾ. ਹੁਕਮ ਮੰਨਣਾ।
[इर-शाद बजा लाना] मुहा० आज्ञा पालना।

ارشاد فرمانا—[ਇਰ-ਸ਼ਾਦ ਫ਼ਰ-ਮਾਨਾ] ਮੁਹਾ. ਹੁਕਮ ਕਰਨਾ।
[इर-शाद फ़र-माना] मुहा० आज्ञा करना।

ارشد—[ਅਰ-ਸ਼ਦ] ਅਰ. ਵਿ. ਸਿੱਧਾ ਰਾਹ (ਨੇਕੀ ਦਾ ਰਾਹ) ਦਰਸਾਉਣ ਵਾਲਾ।
[अर-शद] अर० वि० सीधे रास्ते (शुभ मार्ग) पर ले जाने वाला।

ارض—[ਅਰ-ਜ਼] ਅਰ. ਇ. ਧਰਤੀ, ਜ਼ਮੀਨ।
[अर-ज़] अर० स्त्री० पृथ्वी, धरती।

ارض مقدس—[ਅਰ-ਜ਼ੇ ਮੁਕ਼ੱਦਸ] ਅਰ. ਇ. ਪਵਿੱਤਰ ਭੂਮੀ; ਫ਼ਿਲਿਸਤੀਨ।
[अर-ज़े मुक़द्दस] अर० स्त्री० पवित्र भूमि; फ़िलिस्तीन।

ارض و سما—[ਅਰ-ਜ਼ੋ ਸਮਾ] ਅਰ. ਪੁ. ਧਰਤੀ ਤੇ ਆਕਾਸ਼।
[अर-ज़ो समा] अर० पु० पृथ्वी और आकाश।

ارضی—[ਅਰ-ਜ਼ੀ] ਅਰ. ਵਿ. ਪਿਰਥਵੀ ਸਬੰਧੀ।
[अर-ज़ी] अर० वि० पृथ्वी से सम्बंधित।

ارضیات—[ਅਰ-ਜ਼ੀਯਾਤ] ਅਰ. ਪੁ. ਜ਼ਮੀਨ ਦੇ ਅੰਦਰ ਦੇ ਹਾਲਾਤ ਮਾਲੂਮ ਕਰਨ ਦੀ ਵਿਦਿਆ।
[अर-ज़ीयात] अर० पु० ज़मीन के अंदर के हालात जानने की विद्या।

ارغن ، ارغنوں—[ਅਰ-ਗ਼ਨ, ਅਰ-ਗ਼ਨੂੰ] ਅਰ. ਪੁ. ਇਕ ਕਿਸਮ ਦਾ ਵਾਜਾ।
[अर-ग़न, अर-ग़नूँ] अर० पु० एक प्रकार का बाजा।

ارغوان—[ਅਰ-ਗ਼ਵਾਨ] ਫ਼ਾ. ਪੁ. ਲਾਲ ਊਨਾਬੀ ਰੰਗ ਦਾ ਇਕ ਫੁੱਲ ਜਾਂ ਫਲ; ਊਨਾਬੀ ਰੰਗ।
[अर-ग़वान] फ़ा० पु० एक पौधा जिस के फूल और फल उनाबी रंग के होते हैं; उनाबी रंग।

ارغوانی—[ਅਰ-ਗ਼ਵਾਨੀ] ਫ਼ਾ. ਵਿ. ਊਨਾਬੀ ਰੰਗਾ।
[अर-ग़वानी] फ़ा० वि० उनाबी रंग का।

ارفع—[ਅਰ-ਫ਼ਅ] ਅਰ. ਵਿ. ਬਹੁਤ ਉੱਚਾ।
[अर-फ़ा] अर० वि० बहुत ऊँचा।

ارقام—[ਅਰ-ਕ਼ਾਮ] ਅਰ. ਪੁ. 'ਰਕ਼ਮ' ਦਾ ਬਹੁਵਚਨ, ਅੰਕ, ਰਕ਼ਮਾਂ।
[अर-क़ाम] अर० पु० 'रक़म' का बहुवचन, अंक रक़में।

ارقام—[ਇਰ-ਕ਼ਾਮ] ਅਰ. ਪੁ. ਲਿਖਣ ਦਾ ਭਾਵ ਜਾਂ ਕਿਰਿਆ।
[इर-क़ाम] अर० पु० लिखने का भाव अथवा क्रिया।

ارقان—[ਅਰ-ਕ਼ਾਨ] ਅਰ. ਪੁ. ਯਰਕ਼ਾਨ, ਪੀਲੀਆ।

[अर-क़ान] अर० पु० यरक़ान, कामला रोग ।

ارکان—[ਅਰ-ਕਾਨ] ਅਰ. ਪੁ. 'ਰੁਕਨ' ਦਾ ਬਹੁਵਚਨ, ਥੰਮ੍ਹ ।
[अर-कान] अर० पु० 'रुक्न' का बहुवचन, स्तम्भ ।

—ارکانِ دولت—[ਅਰ-ਕਾਨੇ ਦੋਲਤ] ਅਰ. ਪੁ. ਰਾਜ ਦੇ ਥੰਮ੍ਹ, ਅਮੀਰ-ਵਜ਼ੀਰ ।
[अर-काने दौलत] अर० पु० राज्य के स्तम्भ, अमीर-वज़ीर ।

—ارکانِ سلطنت—[ਅਰ-ਕਾਨੇ ਸਲ-ਤਨਤ] ਅਰ. ਪੁ. ਰਾਜ ਦੇ ਥੰਮ੍ਹ, ਅਮੀਰ-ਵਜ਼ੀਰ ।
[अर-काने सल-तनत] अर० पु० राज्य के स्तम्भ, अमीर-वज़ीर ।

ارگجا—[ਅਰ-ਗਜਾ] ਪੁ. ਇਕ ਪਰਸਿਧ ਮਿਸ਼ਰਤ ਖ਼ੁਸ਼ਬੂ ਦਾ ਨਾਂ ।
[अर-गजा] पु० एक प्रसिद्ध मिश्रित सुगन्धि ।

ارگن—[ਅਰ-ਗਨ] ਅੰਗ. ਪੁ. ਇਕ ਕਿਸਮ ਦਾ ਵਾਜਾ, ਆਰਗਨ ।
[अर-गन] अंग० पु० एक प्रकार का बाजा, आर्गन ।

ارم—[ਇਰਮ] ਅਰ. ਪੁ. ਬਹਿਸ਼ਤ ਦੇ ਨਮੂਨੇ ਦਾ ਬਾਗ਼ ਜੋ ਸ਼ੱਦਾਦ ਨੇ ਬਣਾਇਆ ਸੀ; ਬਹਿਸ਼ਤ ।
[इरम] अर० पु० स्वर्ग के उद्यान जैसा उद्यान जो शद्दाद ने बनाया था; बहिश्त ।

ارمان—[ਅਰ-ਮਾਨ] ਤੁਰ. ਪੁ. ਹਸਰਤ, ਸੱਧਰ ।
[अर-मान] तुर० पु० उत्कंठा, अभिलाषा ।

—ارمان نکالنا—[ਅਰ-ਮਾਨ ਨਿਕਾਲ-ਨਾ] ਮੁਹਾ. ਹਸਰਤਾਂ ਕੱਢਣਾ, ਸੱਧਰਾਂ ਪੂਰੀਆਂ ਕਰਨਾ ।
[अर-मान निकाल-ना] मुहा० लालसा पूरी करना, उत्कंठा पूरी करना ।

ارمغان—[ਅਰ-ਮਗ਼ਾਂ] ਫ਼ਾ. ਪੁ. ਸੁਗ਼ਾਤ, ਤੁਹਫ਼ਾ ।
[अर-मग़ाँ] फ़ा० पु० सौगात, उपहार ।

ارنا—[ਅਰ-ਨਾ] ਵਿ. ਜੰਗਲੀ ।
ਪੁ. ਜੰਗਲੀ ਝੋਟਾ ।
[अर-ना] वि० जंगली ।
पु० जंगली भैंसा ।

—ارنا اپلا—[ਅਰ-ਨਾ ਉਪ-ਲਾ] ਪੁ. ਏਰਨਾ ਗੋਹਾ ।
[अर-ना उप-ला] पु० अरना गोहा ।

ارنڈ—[ਅਰਿੰਡ] ਪੁ. ਰਿੰਡ ਦਾ ਰੁੱਖ ।
[अरिण्ड] पु० एक प्रकार का वृक्ष ।

—ارنڈ خربوزہ—[ਅਰਿੰਡ ਖ਼ਰ-ਬੂਜ਼ਃ] ਪੁ. ਪਪੀਤਾ ।
[अरिंड ख़र-बूज़ः] पु० पपीता ।

ارنکی—[ਅਰਿੱਕੀ] ਵਿ. ਰਿੱਕੀ ।
[अरिक्की] स्त्री० अरिकन ।

ارنی—[ਅਰਿਨੀ] ਅਰ. ਵਾ. ਸੰ. ਦਰਸ਼ਨ ਦੇ (ਆਪਣੇ) ।
[अरिनी] अर० वाक्य० दर्शन दो (अपने) ।

—ارنی کہنا—[ਅਰਿਨੀ ਕਹ-ਨਾ] ਮੁਹਾ. ਦੀਦਾਰ ਦਾ ਚਾਹਵਾਨ ਹੋਣਾ ।
[अरिनी कह-ना] मुहा० दीदार का चाहवान होना ।

—ارنی گو—[ਅਰਿਨੀ ਗੋ] ਅਰ. ਫ਼ਾ. ਪੁ. 'ਅਰਿਨੀ' ਕਹਿਣ ਵਾਲਾ ਅਰਥਾਤ ਹਜ਼ਰਤ ਮੂਸਾ ।
[अरिनी गो] अर० फ़ा० पु० 'अरिनी' कहने वाला अर्थात् हज़रत मूसा ।

—ارنی گوئے طور—[ਅਰਿਨੀ ਗੋਇ ਤੂਰ] ਅਰ. ਫ਼ਾ. ਪੁ. ਹਜ਼ਰਤ ਮੂਸਾ ।
[अरिनी गोए तूर] अर० फ़ा० पु० हज़रत मूसा ।

ارواح—[ਅਰ-ਵਾਹ] ਅਰ. ਇ. 'ਰੂਹ' ਦਾ ਬਹੁਵਚਨ, ਰੂਹਾਂ ।
[अर-वाह] अर० स्त्री० 'रूह' का बहुवचन, आत्माएँ ।

اروپا—[ਅਰੂਪਾ] ਪੁ. ਯੂਰਪ ।
[अरूपा] पु० योरुप ।

اروڑا—[ਅਰੋੜਾ] ਪੁ. ਇਕ ਜਾਤ ।
[अरोड़ा] पु० एक जाति ।

اروَلی—[ਅਰ-ਵਲੀ] ਪੁ. ਇਕ ਕਿਸਮ ਦਾ ਕਾਗ਼ਜ਼ ਜੋ ਕੁਝ ਮੋਟਾ ਅਤੇ ਸਫ਼ੈਦ ਹੁੰਦਾ ਹੈ ।
[अर वली] पु० एक प्रकार का काग़ज़ जो कुछ मोटा और सफ़ेद होता है ।

اروی—[ਅਰ-ਵੀ] ਇ. ਆਲੂ ਦੀ ਨਸਲ ਦੀ ਇਕ ਸਬਜ਼ੀ ।
[अर-वी] स्त्री० आलू की नस्ल की एक सब्ज़ी ।

ارّہ—[ਅਰ-ਰਃ] ਫ਼ਾ. ਪੁ. ਆਰਾ ।
[अर-रः] फ़ा० पु० आरा ।

ارہر—[ਅਰ-ਹਰ] ਇ. ਇਕ ਪਰਸਿੱਧ ਦਾਲ ਦਾ ਨਾਂ ।
[अर-हर] स्त्री० एक प्रसिद्ध दाल का नाम ।

ارے—[ਅਰੇ] ਅਵ. ਘਟੀਆ ਦਰਜੇ ਦੇ ਆਦਮੀ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਣ ਵਾਲਾ ਸ਼ਬਦ, ਓਏ ।
[अरे] अव्य० निम्न वर्ग के मनुष्य को सम्बोधन करने में बोला जाने वाला शब्द, ए ।

—ارے ترے کرنا—[ਅਰੇ ਤਰੇ ਕਰਨਾ] ਮੁਹਾ. ਅਬੇ ਤਬੇ ਕਰਨਾ ।
[अरे तरे करना] मुहा० अबे तबे करना ।

اریب—[ਉਰੇਬ] ਫ਼ਾ. ਵਿ. ਅਰੇਬ, ਔਖਾ ।
[उरेब] फ़ा० वि० आड़ा, तिरछा ।

—اریب کی باتیں—[ਉਰੇਬ ਦੀ ਬਾਤੇਂ] ਇ. ਦੂਸਰੇ ਨੂੰ ਧੋਖਾ ਦੇ ਕੇ ਫਸਾਉਣ ਦੀਆਂ ਗੱਲਾਂ ।
[उरेब की बातें] स्त्री० दूसरे को धोखा दे कर फँसाने की बातें ।

—اریب کی چال—[ਉਰੇਬ ਦੀ ਚਾਲ] ਇ. ਧੋਖੇ ਦਾ ਕੰਮ ।
[उरेब की चाल] स्त्री० धोखे का काम ।

اڑیکوں —[ਉਰੇਕਵਾਂ] ਵਿ. ਉਰੇਕ (ਇਹ ਸ਼ਬਦ ਇਸਤਰੀਆਂ ਹੀ ਵਰਤੋਂ ਦਾ ਹੈ)।

[उरेकवां] वि॰ उरेक (यह शब्द स्त्रियाँ बोलती हैं)।

اڑان —[ਉਡਾਣ] ਇ. ਉਡਾਰੀ।

[उड़ान] स्त्री॰ उड़ने की क्रिया।

—کھلا اڑان —[ਉਡਾਣ ਖੱਲਾ] ਪੁ. ਮੁੰਡਿਆਂ ਦੀ ਇਕ ਖੇਡ।

[उड़ान खटला] पु॰ बालकों का एक खेल

—بتانا گھائی اڑان —[ਉਡਾਣ ਘਾਈ ਬਤਾਉਣਾ] ਮੁਹਾ. ਚਕਮੇਬਾਜ਼ੀ ਕਰਨਾ।

[उड़ान घाई बताना] मुहा॰ चकमेबाज़ी करना।

اڑانا —[ਉਡਾਉਣਾ] ਕ੍ਰਿ. ਸਕ. ਉਡਾਉਣਾ।

[उड़ाना] क्रि॰ सक॰ 'उड़ना' का सकर्मक रूप।

اڑبڑ —[ਅੜਬੜ] ਵਿ. ਉੱਚਾ ਨੀਵਾਂ।

[अड़बड़] वि॰ ऊँचा नीचा।

اڑتالیس —[ਅੜ-ਤਾਲੀਸ] ਵਿ. ਅਠਤਾਲੀ, ੪੮।

[अड़-तालीस] वि॰ चालीस और आठ, ४८।

اڑتیس —[ਅੜ-ਤੀਸ] ਵਿ. ਅਠੱਤੀ, ੩੮।

[अड़-तीस] वि॰ तीस और आठ, ३८।

اڑتی سی خبر —[ਉੜ-ਤੀ ਸੀ ਖ਼ਬਰ] ਇ. ਸੁਣੀ-ਸੁਣਾਈ ਗੱਲ, ਅਫ਼ਵਾਹ।

[उड़-ती सी खबर] स्त्री॰ सुनी सुनाई बात, अफ़वाह।

اڑد —[ਉੜ-ਦ] ਪੁ. ਮਾਂਹ।

[उड़-द] पु॰ माष।

—اڑد پر سفیدی —[ਉੜ-ਦ ਪਰ ਸਫ਼ੇਦੀ] ਕ੍ਰਿ. ਵਿ. ਆਟੇ 'ਚ ਲੂਣ, ਬਹੁਤ ਥੋੜ੍ਹਾ।

[उड़-द पर सफ़ेदी] क्रि॰ वि॰ अत्यल्प मात्रा में, बहुत कम।

—اڑد کے آٹے کی طرح اینٹھنا —[ਉੜ-ਦ ਕੇ ਆਟੇ ਕੀ ਤਰਹ ਐਂਠ-ਨਾ] ਮੁਹਾ. ਮਾਂਹ ਦੇ ਆਟੇ ਵਾਂਙੂ ਆਕੜਨਾ।

[उड़-द के आटे की तरह ऐंठ-ना] मुहा॰ माष के आटे की तरह अकड़ना।

اڑ فاختہ —[ਉੜ ਫ਼ਾਖ਼-ਤਾ] ਵਿ. ਸਿੱਧਾ-ਪੱਧਰਾ, ਮੂਰਖ।

[उड़ फ़ाख़-ता] वि॰ सीधा सादा, मूर्ख।

اڑسٹھ —[ਅੜ-ਸਠ] ਵਿ. ਅਠਾਹਠ, ੬੮।

[अड़-सठ] साठ और आठ, ६८।

اڑنا —[ਉੜ-ਨਾ] ਕ੍ਰਿ. ਸਕ. ਅਕਾਸ਼ ਵਲ ਨੂੰ ਜਾਣਾ, ਉੱਡਣਾ; ਬਹੁਤ ਤੇਜ਼ ਦੌੜਨਾ; ਨੋਚਿਆ ਜਾਣਾ; ਫੈਲਣਾ (ਅਫ਼ਵਾਹ ਆਦਿ); ਫਿੱਕਾ ਪੈਣਾ।

[उड़-ना] क्रि॰ सक॰ आसमान में जाना, उड़ना; बहुत तेज़ दौड़ना; नोचा जाना; फैलना (अफ़वाह आदि); फीका पड़ना।

—اڑ جانا —[ਉੜ ਜਾਨਾ] ਕ੍ਰਿ. ਸਕ. ਦੌੜ ਜਾਣਾ; ਗ਼ਾਇਬ ਜਾਂ ਗੁੰਮ ਹੋ ਜਾਣਾ; ਖ਼ਰਚ ਹੋ ਜਾਣਾ; ਮੱਧਮ ਪੈ ਜਾਣਾ।

[उड़ जाना] क्रि॰ सक॰ दौड़ जाना; ग़ायब हो जाना; खर्च हो जाना; भाग जाना; मध्यम पड़ जाना।

—اڑ ناگن —[ਉੜ-ਨਾਗਨ] ਇ. ਉਡਣੀ ਸੱਪਣੀ; ਗੁਸੈਲੀ ਔਰਤ, ਲੜਾਕੀ ਰੰਨ।

[उड़-नागन] स्त्री॰ सर्पिणी जो उड़ कर डसती है; गुस्से वाली औरत, झगड़ालू स्त्री।

اڑن کھٹولا —[ਉੜਨ ਖਟੋਲਾ] ਪੁ. ਉੱਡਣ ਖਟੋਲਾ, ਹਵਾਈ ਜਹਾਜ਼; ਪਰੀਆਂ ਦੇ ਬਾਦਸ਼ਾਹ ਸੁਲੇਮਾਨ ਦਾ ਤਖ਼ਤ; ਪਰੀਆਂ ਦੇ ਸੈਰ ਕਰਨ ਦਾ ਉੱਡਣਾ ਤਖ਼ਤ।

[उड़न-खटोला] पु॰ हवा में चलने वाला खटोला, वर्तमान काल का हवाई जहाज़; परियों के सैर करने का उड़ने वाला तख़्त; परियों के बादशाह सुलेमान का तख़्त।

اڑوس پڑوس —[ਅੜੋਸ ਪੜੋਸ] ਪੁ. ਆਂਢ ਗੁਆਂਢ, ਲਾਗਾ ਪਾਸ।

[अड़ोस पड़ोस] पु॰ आस पास, पास पड़ोस।

اڑھائی —[ਅੜ੍ਹਾਈ] ਵਿ. ਢਾਈ।

[अढ़ाई] वि॰ दो और आधा।

—اڑھائی اینٹ کی مسجد الگ بنانا —[ਅੜ੍ਹਾਈ ਈਂਟ ਕੀ ਮਸ-ਜਿਦ ਅਲਗ ਬਨਾਨਾ] ਮੁਹਾ. ਆਪਣੀ ਰਾਏ ਅਲਗ ਪਰਗਟ ਕਰਨਾ।

[अढ़ाई ईंट की मस्जिद अलग बनाना] मुहा॰ अपनी राय अलग प्रगट करना।

—اڑھائی چاول الگ گلانا —[ਅੜ੍ਹਾਈ ਚਾਵਲ ਅਲਗ ਗਲਾਨਾ] ਮੁਹਾ. ਆਪਣੀ ਰਾਏ ਅਲਗ ਪਰਗਟ ਕਰਨਾ, ਅਲਹਿਦਾ ਰਾਇ ਰਖਣਾ।

[अढ़ाई चावल अलग गलाना] मुहा॰ अपनी सम्मति सब से अलग ही देना; पृथक राय देना।

—اڑھائی چلو لہو پینا —[ਅੜ੍ਹਾਈ ਚੁੱਲੂ ਲਹੂ ਪੀਨਾ] ਮੁਹਾ. ਬਹੁਤ ਤੰਗ ਕਰਨਾ, ਬਹੁਤ ਦੁੱਖ ਦੇਣਾ, ਕਤਲ ਕਰਨਾ।

[अज़दहाई मुल्क् लड़ देना] मुहा० बहुत तंग करना, बहुत दुःख देना; कत्ल करना।

(اڑھیا)—[अढ़ैया] पु. ढाई साल, ज्योतिष दी ढाई साला दशा।

[अढ़ैया] पु० अढ़ाई सेर का बट्टा; शनैश्चर की अढ़ाई वर्ष की दशा।

(اڑیل)—[अड़-ਜਲ] वि. अड़ी करन वाला, ज़िद्दी।

[अड़-यल] वि० हठीला, ज़िद्दी।

از—[अज़] फ़ा. पूरब. तों।

[अज़] फ़ा० प्रत्य० से।

اصوات—[ਅਸ-ਵਾਤ] ਅਰ. ਪੁ. ਇ. 'ਸੌਤ' ਦਾ ਬਹੁਵਚਨ, ਆਵਾਜ਼ਾਂ, ਸ਼ੋਰ ।

[अस-वात] अर० पु० स्त्री० 'सौत' का बहुवचन, आवाज़ें, शोर ।

اصول—[ਉਸੂਲ] ਅਰ. ਪੁ. 'ਅਸਲ' ਦਾ ਬਹੁਵਚਨ, ਕਾਇਦੇ, ਕਾਨੂੰਨ, ਨੇਮ, ਮਰਯਾਦਾ, ਸਿਧਾਂਤ ।

[उसूल] अर० पु० 'असल' का बहुवचन, क़ायदे, कानून, सिद्धान्त, मर्यादा ।

اصول ارتقاء—[ਉਸੂਲੇ ਇਰ-ਤਿਕ਼ਾ] ਅਰ. ਪੁ. ਵਿਕਾਸਵਾਦੀ ਸਿਧਾਂਤ ।

[उसूले इर-तिक़ा] अर० पु० विकासवादी सिद्धान्त ।

اصول کلام—[ਉਸੂਲੇ ਕਲਾਮ] ਅਰ. ਪੁ. ਧਾਰਮਿਕ ਸਿਧਾਂਤਾਂ ਦੀ ਤਰਕਸਿੱਧੀ ਜਾਂ ਮੀਮਾਂਸਾ ।

[उसूले कलाम] अर० पु० धार्मिक सिद्धान्तों की तर्क-सिद्धी या मीमांसा ।

اصول موضوعہ—[ਉਸੂਲੇ ਮੌਜ਼ੂਅ] ਅਰ. ਪੁ. ਨਿਯਤ ਮਰਯਾਦਾ, ਕਾਇਮ ਕੀਤਾ ਹੋਇਆ ਕਾਇਦਾ, ਨਿਯਤ ਸਿਧਾਂਤ ਜਾਂ ਨੇਮ ।

[उसूले मौ-ज़ूअ] अर० पु० नियत मर्यादा, निश्चित किया क़ायदा, नियत सिद्धान्त या नियम ।

اصیل—[ਅਸੀਲ] ਅਰ. ਵਿ. ਚੰਗੀ ਨਸਲ ਦਾ, ਅਸਲ ਨਸਲ ਦਾ, ਕੁਲੀਨ; ਖ਼ਾਨਦਾਨੀ, ਭਲਾਮਾਣਸ, ਨੇਕ, ਸ਼ੁੱਧ, ਸੀਧਾ, ਸਾਊ ।

[असील] अर० वि० अच्छी नसल का, कुलीन, शरीफ़, सौम्य, मलामानस।

إضافت—[ਇਜ਼ਾਫ਼ਤ] ਅਰ. ਇ. ਸਬੰਧ, ਤਅੱਲਕ, ਨਿਸਬਤ, ਲਗਾਉ; ਸਬੰਧਕਾਰਕ ਦੀ ਲੋਰ।

[इज़ाफ़त] अर० स्त्री० एक वस्तु का दूसरी वस्तु के साथ सम्बन्ध स्थापित करने का भाव; सम्बन्ध कारक की केर।

إضافه—[ਇਜ਼ਾਫ਼ਹ] ਅਰ. ਪੁ. ਵਾਧਾ, ਵਧਾਈ, ਜ਼ਿਆਦਤੀ।

[इज़ाफ़ः] अर० पु० वृद्धि, अधिकता, ज़्यादती।

إضافی—[ਇਜ਼ਾ-ਫ਼ੀ] ਅਰ. ਵਿ. ਸਬੰਧਕ, ਜੋ ਅਸਲੀ ਨਹੀਂ ਹੈ।

[इज़ा-फ़ी] अर० वि० सम्बन्धक, जो असली नहीं है।

إضحیٰ—[ਅਜ਼-ਹਾ] ਅਰ. ਇ. ਕ੍ਰਿ. ਅਪੂ. ਕੁਰਬਾਨੀ ਹੋਇਆ ਜਿਵੇਂ :—"ਅਜ਼ਹਾ ਬੈਦਲ ਕਾਈਮਨ=ਸਵੇਰੇ ਕੈਦ ਖੜਾ ਹੋਇਆ।"

[अज़-हा] अर० स्त्री० क्रि० अपू० बलिदान हुआ जैसे : "अज़हा बैदन क़ाइमन=सुबह कैद खड़ा हुआ।"

إضحوکه—[ਉਜ਼-ਹੂਕ:] ਅਰ. ਵਿ. ਹਾਸੋਹੀਣਾ।

[उज़-हूकः] अर० वि० जिसे देख कर हँसी आए।

اضداد—[ਅਜ਼-ਦਾਦ] ਅਰ. ਇ. 'ਜ਼ਿਦ' ਦਾ ਬਹੁਵਚਨ, ਮੁਕਾਬਲ ਜਾਂ ਵਿਰੋਧੀ ਵਸਤਾਂ।

[अज़-दाद] अर० स्त्री० 'ज़िद' का बहुवचन, विरोधी वस्तुएँ।

اضطراب—[ਇਜ਼-ਤ੍ਰਿਾਬ] ਅਰ. ਪੁ. ਘਬਰਾਹਟ, ਬੇਚੈਨੀ, ਕਾਹਲੀ, ਕਲਕਲ।

[इज़-तिराब] अर० पु० घबराहट, विकलता, बेचैनी, व्याकुलता।

اضطرار—[ਇਜ਼-ਤਿਰਾਰ] ਅਰ. ਪੁ. ਬੇਚੈਨੀ, ਬੇਅਖ਼ਤਿਆਰੀ।

[इज़-तिरार] अर० पु० विकलता, बेकरारी, बेइख़्तियारी।

اضعاف—[ਅਜ਼-ਆਫ਼] ਅਰ. ਵਿ. ਦੁਗਣਾ ਤਿਗਣਾ।

[अज़-आफ़] अर० वि० दुगुना तिगुना।

إضعاف—[ਇਜ਼-ਆਫ਼] ਅਰ. ਪੁ. ਦੂਣਾ ਤੀਣਾ ਕਰਨ ਦਾ ਭਾਵ।

[इज़-आफ़] अर० पु० दुगुना तिगुना करने का भाव।

أضعف—[ਅਜ਼-ਅਫ਼] ਅਰ. ਵਿ. ਬਹੁਤ ਕਮਜ਼ੋਰ, ਬਹੁਤ ਨਿਰਬਲ।

[अज़-अफ़] अर० वि० बहुत कमज़ोर, अति निर्बल।

اضغاث—[ਅਜ਼-ਗ਼ਾਸ] ਅਰ. ਪੁ. ਲਕੜੀਆਂ ਤੇ ਬੂਟੀਆਂ ਦੇ ਮੁੱਠੇ, ਗੱਠੀਆਂ, ਪੂਲੀਆਂ, ਪੂਲ ਆਂ।

[अज़-ग़ास] अर० पु० लकड़ियों और बूटियों के मुट्ठे, पूलियाँ।

اضغاثِ احلام—[ਅਜ਼-ਗ਼ਾਸੇ ਅਹ-ਲਾਮ] ਅਰ. ਪੁ. ਪਰੇਸ਼ਾਨ ਖ਼ਾਬ ਜਿਸ ਦੀ ਤਾਬੀਰ ਜਾਂ ਤਾਤਪਰਜ ਕੋਈ ਨਾ ਹੋਵੇ।

[अज़-ग़ासे अह्-लाम] अर० पु० वह स्वप्न जिस से शुभाशुभ फल की कोई संभावना न हो।

اضلاع—[ਅਜ਼-ਲਾਅ] ਅਰ. ਪੁ. 'ਜ਼ਿਲਾ' ਦਾ ਬਹੁਵਚਨ, ਜ਼ਿਲੇ; ਪਸਲੀਆਂ, ਸ਼ਕਲਾਂ ਦੀਆਂ ਭੁਜਾਂ।

[अज़-लाअ] अर० पु० 'ज़िला' का बहुवचन, ज़िले; पसलियाँ, शक्लों की भुजाएँ।

إضلال—[ਇਜ਼-ਲਾਲ] ਅਰ. ਪੁ. ਗੁਮਰਾਹ ਕਰਨ ਦਾ ਭਾਵ, ਕੁਰਾਹੇ ਪਾਉਣ ਦਾ ਭਾਵ।

[इज़-लाल] अर० पु० गुमराह करने का भाव।

إضمار—[ਇਜ਼-ਮਾਰ] ਅਰ. ਪੁ. ਵਾਕ ਵਿਚ ਕਿਸੇ 'ਨਾਂਵ' ਦੀ ਥਾਂ 'ਪੜਨਾਂਵ' ਲਿਆਉਣ ਦਾ ਭਾਵ।

[इज़-मार] अर० पु० वाक्य में किसी संज्ञा के स्थान पर सर्वनाम लाने का भाव।

اضمحلال—[ਇਜ਼-ਮਿਹ-ਲਾਲ] ਅਰ. ਪੁ. ਪਰੇਸ਼ਾਨੀ, ਕੁਮਲਾਹਟ, ਨਿਢਾਲਤਾ; ਕਮਜ਼ੋਰੀ, ਸੁਸਤੀ।

[इज़-मिह्-लाल] अर० पु० कुम्हलाए होने की अवस्था; कमज़ोरी, सुस्ती।

إطاعت—[ਇਤ੍ਹਾ-ਅਤ] ਅਰ. ਇ. ਤਾਬਿਆਦਾਰੀ, ਅਧੀਨਗੀ, ਫ਼ਰਮਾਂਬਰਦਾਰੀ, ਹੁਕਮ ਮੰਨਣ ਦਾ ਭਾਵ।

[इता-अत] अर० स्त्री० अधीनता, ताबेदारी, हुक्म मानने का भाव, आज्ञा पालन।

اُطاق—[ਉਤਾਕ] ਤੁਰ. ਪੁ. ਕਮਰਾ, ਹੁਜਰਾ, ਕੋਠੜੀ।

[उताक़] तुर० पु० कमरा, कोठरी।

اطال—[ਅਤਾਲ] ਕ੍ਰਿ. ਭੂਤਕਾਲ ਲੰਮਾ ਹੋਇਆ।

[अताल] क्रि० भूतकाल० लम्बा हुआ।

اطال الله عمرہ—[ਅਤਾਲੱਲਾ ਹੋ ਉਮ-ਰਾਹੂ] ਅਰ. ਅਵ. ਰੱਬ ਉਸਦੀ ਉਮਰ ਵੱਡੀ ਕਰੇ, ਵੱਡੀ ਉਮਰ ਹੋਵੇ।

[अतालल्ला हो उम-राहू] अर० अव्य० ईश्वर उसकी उमर बड़ी करे, उसकी बड़ी उमर हो।

اطالیه—[ਅਤਾਲਿਯ:] ਅਰ. ਇ. ਇਟਲੀ।

[अतालियः] अर० स्त्री० इटली।

اطبّا—[ਅਤਿ੍ਬਾ] ਅਰ. ਪੁ. 'ਤਬੀਬ' ਦਾ ਬਹੁਵਚਨ, ਹਕੀਮ, ਵੈਦ, ਡਾਕਟਰ।

[अतिब्बा] अर० पु० 'तबीब' का बहुवचन, हकीम, वैद्य, डाक्टर।

إطراز—[ਇਤ੍ਰਾਜ਼] ਅਰ. ਪੁ. ਨਕਸ਼ ਕਰਨ ਦਾ ਭਾਵ, ਉਕਰਨ ਜਾਂ ਲਿਖਣ ਦਾ ਭਾਵ।

[इत्राक़] अर० पु० नक़्श करने का भाव ।

اطراف—[ਅਤ੍-ਰਾਫ਼] ਅਰ. ਇ. 'ਤਰਫ਼' ਦਾ ਬਹੁਵਚਨ, ਪਾਸੇ ।
[अत्-राफ़] अर० स्त्री० 'तरफ़' का बहुवचन, दिशाएँ ।

اطریفل—[ਇਤ੍-ਰੀ-ਫ਼ਲ] ਅਰ. ਪੁ. ਤ੍ਰਿਫ਼ਲਾ, ਇਕ ਕਿਸਮ ਦਾ ਮਾਜੂਨ ।
[इत्-री-फ़ल] अर० पु० त्रिफला, एक प्रकार का अवलेह ।

اطعمه—[ਅਤ੍-ਇਮ:] ਅਰ. ਪੁ. 'ਤੁਆਮ' ਦਾ ਬਹੁਵਚਨ, ਖਾਣੇ, ਭੋਜਨ ।
[अत्-इम:] अर० पु० 'तुआम' का बहुवचन, भोजन, खाद्य पदार्थ ।

اطفاء—[ਇਤ੍-ਫ਼ਾ] ਅਰ. ਪੁ. ਬੁਝਾਉਣ ਦੀ ਕਿਰਿਆ, ਬੁਝਾਉਣ ਦਾ ਭਾਵ ।
[इत्-फ़ा] अर० पु० अग्नि बुझाने की क्रिया, अग्नि शांत करने का भाव ।

اطفال—[ਅਤ੍-ਫ਼ਾਲ] ਅਰ. ਪੁ. 'ਤਿਫ਼ਲ' ਦਾ ਬਹੁਵਚਨ, ਲੜਕੇ, ਬੱਚੇ ।
[अत्-फ़ाल] अर० पु० 'तिफ़ल' का बहुवचन, लड़के, बच्चे ।

اطلاع—[ਇੱਤਿ-ਲਾਅ] ਅਰ. ਇ. ਖ਼ਬਰ, ਸੂਚਨਾ, ਰਪਟ, ਰਿਪੋਰਟ, ਨੋਟਿਸ ।
[इत्ति-लाअ] अर० स्त्री० सूचना, ख़बर, रिपोर्ट, नोटिस ।

اطلاعنامه—[ਇਤ੍ਤਿਲਾ-ਅ-ਨਾਮ:] ਫ਼ਾ. ਪੁ. ਸੰਮਨ, ਨੋਟਿਸ, ਪਰਵਾਨਾ, ਸੂਚਨਾਪੱਤਰ ।
[इत्तिला-अ-नाम:] फ़ा० पु० सूचना पत्र, नोटिस, सम्मन ।

اطلاق—[ਇਤ੍-ਲਾਕ਼] ਅਰ. ਪੁ. ਲਾਗੂ ਕਰਨ ਦਾ ਭਾਵ ।
[इत्-लाक़] अर० पु० लागू करने का भाव ।

اطلاق نویس—[ਇਤ੍-ਲਾਕ਼ ਨਵੀਸ] ਅਰ. ਫ਼ਾ. ਪੁ. ਸੰਮਨ ਜਾਰੀ ਕਰਨ ਤੇ ਖ਼ਰਚੇ ਦਾ ਹਿਸਾਬ ਰੱਖਣ ਵਾਲਾ ਅਫ਼ਸਰ ।
[इत्-लाक़ नवीस] अर० फ़ा० पु० सम्मन जारी करने और ख़र्च का हिसाब रखने वाला अफ़सर ।

اطلس—[ਅਤ੍-ਲਸ] ਅਰ. ਇ. ਇਕ ਕਿਸਮ ਦਾ ਚਮਕੀਲਾ ਰੇਸ਼ਮੀ ਕਪੜਾ, ਸਾਟਨ ।
[अत्-लस] अर० स्त्री० एक प्रकार का चमकीला रेशमी कपड़ा, साटन ।

اطمينان—[ਇਤ੍-ਮੀਨਾਨ] ਅਰ. ਪੁ. ਸਬਰ, ਸੰਤੋਖ, ਤਸੱਲੀ, ਧੀਰਜ, ਦਿਲਜਮੀ, ਯਕੀਨ ।
[इत्-मीनान] अर० पु० सबर, संतोष, आश्वासन, तसल्ली, विश्वास, धैर्य ।

اطناب—[ਅਤ੍-ਨਾਬ] ਅਰ. ਪੁ. ਇ. 'ਤਨਾਬ' ਦਾ ਬਹੁਵਚਨ, ਤਣਾਵਾਂ, ਤੰਬੂ ਦੀਆਂ ਰੱਸੀਆਂ ।
[अत्-नाब] अर० पु० स्त्री० 'तनाब' का बहुवचन, ख़ेमे की रस्सियाँ ।

اطناب—[ਇਤ੍-ਨਾਬ] ਅਰ. ਪੁ. ਗਲ ਨੂੰ ਲੰਮਾ ਕਰਨ ਦਾ ਭਾਵ ।
[इत्-नाब] अर० पु० बात को लम्बा करने का भाव ।

اطنه—[ਅਤ੍-ਨ:] ਅਰ. ਪੁ. ਯੂਨਾਨ ਦਾ ਸ਼ਹਿਰ ਏਥਨਜ਼ ।
[अत्-न:] अर० पु० यूनान का नगर ऐथन्ज़ ।

اطوار—[ਅਤ੍-ਵਾਰ] ਅਰ. ਪੁ. 'ਤੌਰ' ਦਾ ਬਹੁਵਚਨ, ਤੌਰ ਤਰੀਕੇ, ਢੰਗ, ਚੱਜ, ਆਚਾਰ ।
[अत्-वार] अर० पु० 'तौर' का बहुवचन, तरीके, ढंग, आचार ।

اطهار—[ਅਤ੍-ਹਾਰ] ਅਰ. ਪੁ. ਬਹੁਤ ਪਾਕ ਜਾਂ ਪਵਿੱਤਰ ਲੋਕ ।
[अत्-हार] अर० पु० बहुत पाक अथवा पवित्र लोग ।

اطهار—[ਇਤ੍-ਹਾਰ] ਅਰ. ਪੁ. ਪਾਕ ਹੋਣ ਦਾ ਭਾਵ, ਪਵਿੱਤਰਤਾ ।
[इत्-हार] अर० पु० पवित्रता, शुद्धता ।

اطهر—[ਅਤ੍-ਹਰ] ਅਰ. ਵਿ. ਬਹੁਤ ਪਾਕ, ਅਤਿ ਪਵਿੱਤਰ ।
[अत्-हर] अर० वि० अति पवित्र; बहुत पाक ।

اطيب—[ਅਤ੍-ਯਬ] ਅਰ. ਵਿ. ਬਹੁਤ ਪਵਿੱਤਰ; ਬਹੁਤ ਖ਼ੁਸ਼ਬੂਦਾਰ ।
[अत्-यब] अर० वि० अत्यन्त पवित्र; अति सुगन्धित ।

اظلال—[ਅਜ਼-ਲਾਲ] ਅਰ. ਪੁ. 'ਜ਼ਿੱਲ' ਦਾ ਬਹੁਵਚਨ, ਛਾਵਾਂ, ਪਰਛਾਵੇਂ ।
[अज़-लाल] अर० पु० 'ज़िल्ल' का बहुवचन, साए; प्रतिबिम्ब ।

اظلم—[ਅਜ਼-ਲਮ] ਅਰ. ਵਿ. ਬੜਾ ਜ਼ਾਲਿਮ, ਅਤਿਆਚਾਰੀ ।
[अज़-लम] अर० वि० बड़ा ज़ालिम, अत्याचारी ।

اظهار—[ਇਜ਼-ਹਾਰ] ਅਰ. ਪੁ. ਸਪਸ਼ਟ ਕਰਨ ਦਾ ਭਾਵ, ਪ੍ਰਗਟਾਉ, ਵਿਆਖਿਆ ਕਰਨ ਦਾ ਭਾਵ; ਬਿਆਨ, ਗਵਾਹੀ ਦੇਣ ਦਾ ਭਾਵ ।
[इज़-हार] अर० पु० ज़ाहिर करने या प्रकट करने का भाव, बयान करने या व्याख्या करने का भाव, वक्तव्य, बयान, गवाही देने का भाव ।

اظهار حلفی—[ਇਜ਼-ਹਾਰੇ ਹੁਲ-ਫ਼ੀ] ਅਰ. ਪੁ. ਹਲਫ਼ੀਆ ਗਵਾਹੀ ।
[इज़-हारे हुल-फ़ी] अर० पु० शपथ द्वारा दी गई गवाही ।

اظهار قانونی—[ਇਜ਼-ਹਾਰੇ ਕ਼ਾਨੂੰਨੀ] ਅਰ. ਪੁ. ਕਾਨੂੰਨ ਅਨੁਸਾਰ ਠੀਕ ਗਵਾਹੀ ।

[इज़्हारे क़ानूनी] अर० पु० क़ानून अनुसार ठीक गवाही ।

اظہار نویس—[ਇਜ਼ਹਾਰ ਨਵੀਸ] ਫ਼ਾ. ਪੁ. ਮੁਹੱਰਰ ਜੋ ਬਿਆਨ ਅਤੇ ਗਵਾਹੀਆਂ ਨੋਟ ਕਰੇ ।

[इज़्हार नवीस] फ़ा० पु० मुहर्रिर जो ब्यान तथा गवाही नोट करता है ।

اظہر—[ਅਜ਼ਹਰ] ਅਰ. ਵਿ. ਖੂਬ ਪ੍ਰਗਟ, ਸਪਸ਼ਟ ।

[अज़्हर] अर० वि० बहुत प्रकट, स्पष्ट ।

اظہر من الشمس—[ਅਜ਼ਹਰ-ਮਿਨੱਸ਼ਮਸ] ਅਰ. ਵਿ. ਸੂਰਜ ਨਾਲੋਂ ਵਧ ਰੌਸ਼ਨ ਜਾਂ ਪ੍ਰਕਾਸ਼ਵਾਨ, ਬਹੁਤ ਸਪਸ਼ਟ ਅਤੇ ਜ਼ਾਹਰ ।

[अज़्हर-मिनश्शम्स] अर० वि० सूर्य से बढ़ कर प्रकाशमान, बहुत स्पष्ट और प्रकट ।

اعادہ—[ਇਆਦਹ] ਅਰ. ਪੁ. ਦੁਹਰਾਉਣ, ਮੋੜਨ ਜਾਂ ਫੇਰਨ ਦਾ ਭਾਵ, ਕਿਸੇ ਕੰਮ ਜਾਂ ਗੱਲ ਨੂੰ ਦੂਜੀ ਤੀਜੀ ਵਾਰ ਕਹਿਣ ਜਾਂ ਕਰਨ ਦਾ ਭਾਵ ।

[इआदः] अर० पु० दुहराना, बार बार कहने का भाव, आवृत्ति, पुनः पुनः कथन ।

اعاظم—[ਅਆਜ਼ਿਮ] ਅਰ. ਪੁ. 'ਆਜ਼ਮ' ਦਾ ਬਹੁਵਚਨ, ਬਹੁਤ ਵੱਡੇ (ਆਦਮੀ) ।

[अआज़िम] अर० पु० 'आज़म' का बहुवचन, बहुत बड़े (आदमी) ।

اعانت—[ਇਆਨਤ] ਅਰ. ਇ. ਸਹਾਇਤਾ, ਇਮਦਾਦ ; ਸਹਾਰਾ ।

[इआनत] अर० स्त्री० सहायता, सहयोग; सहारा ।

اعانت مجرمانہ—[ਇਆਨਤੇ ਮੁਜ-ਰਿਮਾਨਹ] ਅਰ. ਫ਼ਾ. ਇ. ਜੁਰਮ ਦੇ ਲਈ ਪ੍ਰੇਰਨਾ ਜਾਂ ਸਹਾਇਤਾ ।

[इआनते मुज-रिमानः] अर० फ़ा० स्त्री० अपराध के लिये प्रेरणा या सहायता ।

اعانہ—[ਇਆਨਹ] ਅਰ. ਪੁ. ਚੰਦਾ, ਉਗਰਾਹੀ ।

[इआनः] अर० पु० चन्दा, उगराही ।

اعتاق—[ਇਅ-ਤਾਕ਼] ਅਰ. ਪੁ. ਆਜ਼ਾਦ ਕਰਨ ਦਾ ਭਾਵ, ਗੋਲੇ ਜਾਂ ਗੋਲੀ ਨੂੰ ਸੁਤੰਤਰ ਕਰ ਦੇਣ ਦਾ ਭਾਵ ।

[इअ-ताक़] अर० पु० स्वतन्त्र करने का भाव, दास या दासी को स्वतन्त्र कर देने का भाव ।

اعتبار—[ਇਅ-ਤਿਬਾਰ] ਅਰ. ਪੁ. ਵਿਸ਼ਵਾਸ, ਭਰੋਸਾ, ਯਕੀਨ, ਪਰਤੀਤ ।

[इअ-तिबार] अर० पु० विश्वास, भरोसा, यक़ीन ।

اعتدال—[ਇਅ-ਤਿਦਾਲ] ਅਰ. ਪੁ. ਬਰਾਬਰ ਹੋਣ ਦਾ ਭਾਵ, ਨਾ ਥੋੜ੍ਹਾ ਨਾ ਬਹੁਤ ਹੋਣ ਦਾ ਭਾਵ ।

[इअ-तिदाल] अर० पु० बराबर होने का भाव, न अधिक न थोड़ा होने का भाव ।

اعتذار—[ਇਅਤਿਜ਼ਾਰ] ਅਰ. ਪੁ. ਉਜ਼ਰ, ਉਜ਼ਰਦਾਰੀ ।

[इअतिज़ार] अर० पु० आपत्ति, उज़रदारी ।

اعتراض—[ਇਅਤਿਰਾਜ਼] ਅਰ. ਪੁ. ਇਤਰਾਜ਼, ਉਜ਼ਰ, ਨੁਕਤਾਚੀਨੀ ।

[इअतिराज़] अर० पु० आपत्ति, उज्र, नुक्ताचीनी ।

اعتراف—[ਇਅ-ਤਿਰਾਫ਼] ਅਰ. ਪੁ. ਮੰਨ ਲੈਣ ਦਾ ਭਾਵ, ਇਕਰਾਰ ।

[इअतिराफ़] अर० पु० मान लेने का भाव, स्वीकृति ।

اعتراف مہالک—[ਇਅ-ਤਿਰਾਫ਼ੇ ਮਹ-ਲਿਕ] ਅਰ. ਪੁ. ਮੌਤਨਾਕ ਇਕਰਾਰ ।

[इअ-तिराफ़े मुह-लिक] अर० पु० भयानक इकरार ।

اعتصام—[ਇਅ-ਤਿਸਾਮ] ਅਰ. ਪੁ. ਆਪਣੇ ਆਪ ਨੂੰ ਪਾਪ ਤੋਂ ਬਚਾਉਣ ਦਾ ਭਾਵ ; ਪੱਲਾ ਮਾਰਨਾ ।

[इअ-तिसाम] अर० पु० अपने आप को पाप से बचाने का भाव; पंखा मारना ।

اعتقاد—[ਇਅ-ਤਿਕ਼ਾਦ] ਅਰ. ਪੁ. ਵਿਸ਼ਵਾਸ, ਯਕੀਨ, ਭਰੋਸਾ, ਨਿਸ਼ਚਾ ।

[इअ-तिक़ाद] अर० पु० विश्वास, निश्चय, भरोसा ।

اعتکاف—[ਇਅ-ਤਿਕਾਫ਼] ਅਰ. ਪੁ. ਇਕਾਂਤਵਾਸ, ਮਸੀਤ ਵਿਚ ਕੋਨਾ ਨਸ਼ੀਨ ਹੋ ਜਾਣ ਦਾ ਭਾਵ, ਇਕਾਂਤਸੇਵੀ ਜਾਂ ਵਿਰਕਤ ਹੋਣ ਦਾ ਭਾਵ ।

[इअ-तिकाफ़] अर० पु० मस्जिद में एकांत में बैठने का भाव ; एकान्त सेवी या विरक्त होने का भाव, सांसारिक बंधनों से मुक्त होने का भाव ।

اعتلا—[ਇਅਤਿਲਾ] ਅਰ. ਪੁ. ਉਚਾਈ, ਬੁਲੰਦੀ ।

[इअतिला] अर० पु० ऊँचाई, बुलन्दी ।

اعتماد—[ਇਅ-ਤਿਮਾਦ] ਅਰ. ਪੁ. ਭਰੋਸਾ, ਯਕੀਨ, ਵਿਸ਼ਵਾਸ ।

[इअ-तिमाद] अर० पु० भरोसा, विश्वास, यक़ीन ।

اعتناء—[ਇਅ-ਤਿਨਾ] ਅਰ. ਇ. ਤਾਅਮਾਰੀ, ਹਮਦਰਦੀ, ਪਰਵਾਹ ।

[इअ-तिना] अर० स्त्री० सहानुभूति, हमदर्दी, परवाह ।

اعجاز—[ਇਅ-ਜਾਜ਼] ਅਰ. ਪੁ. ਕਰਾਮਾਤ, ਚਮਤਕਾਰ, ਕਰਿਸ਼ਮਾ ।

[इअ-जाज़] अर० पु० अद्भुत् काम, चमत्कार, करिश्मा ।

اعجاز بیان—[ਇਅ-ਜਾਜ਼ੇ-ਬਯਾਨ] ਅਰ. ਵਿ. ਜਾਦੂ ਬਿਆਨ ।

[इअ-जाज़े-बयान] अर० वि० जादू ब्यान ।

اعجاز مسیحائی—[ਇਅ੍-ਜਾਜ਼ੇ ਮਸੀਹਾਈ] ਅਰ. ਪੁ. ਹਜ਼ਰਤ ਈਸਾ ਦੀਆਂ ਕਰਾਮਾਤਾਂ ਜਿਨ੍ਹਾਂ ਵਿਚ ਬੀਮਾਰ ਨੂੰ ਰਾਜ਼ੀ ਕਰਨਾ, ਅੰਨ੍ਹੇ ਨੂੰ ਸੁਜਾਖਾ ਕਰਨਾ, ਮੁਰਦੇ ਵਿਚ ਜਾਨ ਪਾਉਣਾ ਆਦਿ ਸ਼ਾਮਲ ਹਨ ।

[इअ्-जाज़े मसी-हाई] अर० पु० हज़रत ईसा की करामातें जिनमें बीमार को ठीक करना, अन्धे को ज्योति देना, मुर्दे में जान डालना आदि शामिल हैं ।

اعجوبہ—[ਉਅ੍ਜੂਬਃ] ਅਰ. ਪੁ. ਅਨੋਖੀ ਗੱਲ, ਅਜੀਬ ਸ਼ੈ, ਕਰਿਸ਼ਮਾ, ਚਮਤਕਾਰ ।

[उअ्जूबः] अर० पु० विलक्षण वस्तु, अनोखी बात, चमत्कार, करिश्मा ।

اُڑا لے جانا—[ਉਡਾ ਲੇ ਜਾਨਾ] ਕ੍ਰਿ. ਸਮਾ. ਚੁੱਕ ਲੈ ਜਾਣਾ ।

[उड़ा ले जाना] क्रि० समा० उड़ा कर ले जाना ।

اعدا—[ਅਅ੍-ਦਾ] ਅਰ. ਪੁ. 'ਅਦੂ' ਦਾ ਬਹੁਵਚਨ, ਦੁਸ਼ਮਣ (ਬਹੁਤ ਸਾਰੇ) ਵੈਰੀ, ਮੁਖ਼ਾਲਫ਼, ਵਿਰੋਧੀ ਲੋਕ ।

[अअ्-दा] अर०पु० 'अदू' का बहुवचन, शत्रु, विरोधी लोग ।

اعداد—[ਅਅ੍-ਦਾਦ] ਅਰ. ਪੁ. 'ਅਦਦ' ਦਾ ਬਹੁਵਚਨ, ਅੰਕੜੇ, ਗਿਣਤੀ, ਸ਼ੁਮਾਰ (ਅਰਥ ਸ਼ਾਸਤਰ), ਉਹ ਅੰਕੜੇ ਜਾਂ ਰਕਮਾਂ ਜੋ ਸਬੂਤ (ਪਰਮਾਣ) ਵਜੋਂ ਪੇਸ਼ ਕੀਤੀਆਂ ਜਾਣ ।

[अअ्-दाद] अर० पु० 'अदद' का बहुवचन, अंक, गिनती, शुमार (अर्थशास्त्र), वे अङ्क या रक़में जो सबूत या प्रमाण के रूप में पेश की जाएँ ।

اعداد متباین—[ਅਅ੍-ਦਾਦੇ ਮੁਤ-ਬਾਇਨ] ਅਰ. ਪੁ. ਉਹ ਅੰਕ ਜਾਂ ਹਿੰਦਸੇ ਜਿਨ੍ਹਾਂ ਨੂੰ ਕੋਈ ਅੰਕ ਜਾਂ ਹਿੰਦਸਾ ਪੂਰਾ ਤਕਸੀਮ ਨਾ ਕਰ ਸਕੇ ।

[अअ्-दादे मुतबाइन] अर० पु० वे अंक या हिन्दसे जिन्हें कोई अंक या हिन्दसा पूरा विभाजित न कर सके ।

اعداد متداخل—[ਅਅ੍-ਦਾਦੇ ਮੁਤ-ਦਾਖ਼ਿਲ] ਅਰ. ਪੁ. ਉਹ ਹਿੰਦਸੇ ਜਿਨ੍ਹਾਂ ਨੂੰ ਕੋਈ ਹਿੰਦਸਾ ਪੂਰਾ ਤਕਸੀਮ ਕਰ ਸਕੇ ।

[अअ्-दादे मुत-दाख़िल] अर० पु० वे हिन्दसे जिन्हें कोई हिन्दसा पूरा विभाजित कर सके ।

اعداد متماثل—[ਅਅ੍-ਦਾਦੇ ਮੁਤ-ਮਾਸਿਲ] ਅਰ. ਪੁ. ਇਕ ਦੂਜੇ ਨਾਲ ਮਿਲਦੇ ਜੁਲਦੇ ਅੰਕ ।

[अअ्-दादे मुत-मासिल] अर० पु० एक दूसरे के साथ मिलते जुलते अङ्क ।

اعداد متوافق—[ਅਅ੍-ਦਾਦੇ ਮੁਤ-ਵਾਫ਼ਿਕ] ਅਰ. ਪੁ. ਉਹ ਹਿੰਦਸੇ (ਅੰਕ) ਜੋ ਦੂਜੇ ਹਿੰਦਸਿਆਂ ਨੂੰ ਪੂਰਾ ਤਕਸੀਮ ਕਰ (ਵੰਡ ਦੇ) ਸਕਣ ਜਿਵੇਂ ੮ ਤੇ ੨੦ ਨੂੰ ੨-੪ ਪੂਰਾ-ਪੂਰਾ ਤਕਸੀਮ ਕਰ ਦੇਂਦੇ ਹਨ ।

[अअ्-दादे मुत-वाफ़िक़] अर० पु० वे अंक जो दूसरे अङ्कों को पूरा-पूरा बाँट सकें जैसे ८ और २० को २ और ४ पूरा-पूरा बाँट सकते हैं ।

اعداد—[ਇਅ੍-ਦਾਦ] ਅਰ. ਪੁ. ਅੰਕੜੇ ਗਿਣਨ ਦਾ ਭਾਵ, ਗਿਣਤੀ, ਸ਼ੁਮਾਰ ।

[इअ्-दाद] अर० पु० आंकड़े गिनने का भाव, गिनती, शुमार ।

اعدل—[ਅਅ੍-ਦਲ] ਅਰ. ਪੁ. ਵੱਡਾ ਮੁਨਸਫ਼, ਵੱਡਾ ਨਿਆਏ-ਸ਼ੀਲ ।

[अअ्-दल] अर० पु० बड़ा न्यायाधिकारी, बड़ा न्यायशील ।

اِعراب—[ਇਅ੍-ਰਾਬ] ਅਰ. ਪੁ. ਵਿਭਕਤੀ ਚਿੰਨ੍ਹ, ਜ਼ੇਰ, ਜ਼ਬਰ, ਪੇਸ਼, ਅਲਫ਼ ਆਦਿ ਚਿੰਨ੍ਹ; ਸਪਸ਼ਟ ਕਰਨ ਦਾ ਭਾਵ ।

[इअ्-राब] अर० पु० विभक्ति चिन्ह, ज़ेर, ज़बर, पेश आदि चिन्ह; स्पष्ट करने का भाव ।

اعرابی—[ਅਅ੍-ਰਾਬੀ] ਅਰ. ਪੁ. ਅਰਬ ਦਾ ਰਹਿਣ ਵਾਲਾ, ਅਰਬ ਦਾ ਬਨਵਾਸੀ; ਬੱਦੂ, ਗਵਾਰ, ਉਜੱਡ ।

[अअ्-राबी] अर० पु० अरब का रहने वाला, बद्दू; गंवार, उजड्ड ।

اعراض—[ਅਅ੍-ਰਾਜ਼] ਅਰ. ਪੁ. 'ਅਰਜ਼' ਦਾ ਬਹੁਵਚਨ ।

[अअ्-राज़] अर० पु० 'अर्ज़' का बहुवचन ।

اِعراض—[ਇਅ੍-ਰਾਜ਼] ਅਰ. ਪੁ. ਮੂੰਹ ਫੇਰ ਲੈਣ ਦਾ ਭਾਵ ।

[इअ्-राज़] अर० पु० मुँह फेरने का भाव ।

اعراف—[ਅਅ੍-ਰਾਫ਼] ਅਰ. ਪੁ. ਦੋਜ਼ਖ਼ ਤੇ ਬਹਿਸ਼ਤ ਦੇ ਵਿਚਕਾਰ ਦਾ ਥਾਂ; ਕੁਰਾਨ ਮਜੀਦ ਦੀ ਇਕ ਸੂਰਤ ਦਾ ਨਾਂ ।

[अअ्-राफ़] अर० पु० दोज़ख़ और बहिश्त के बीच का स्थान; कुरान मजीद की एक सूरत का नाम ।

اِعزاز—[ਇਅ੍-ਜ਼ਾਜ਼] ਅਰ. ਪੁ. ਇੱਜ਼ਤ, ਮਾਣ, ਸਨਮਾਨ, ਵਡਿਆਈ ।

[इअ्-ज़ाज़] अर० पु० इज़्ज़त, मान, सम्मान, बड़ाई ।

اِعزہ—[ਇ-ਅਜ਼ਾ:] ਅਰ. ਪੁ. 'ਅਜ਼ੀਜ਼' ਦਾ ਬਹੁਵਚਨ, ਬਜ਼ੁਰਗ, ਭਾਈ ਬੰਦ, ਰਿਸ਼ਤੇਦਾਰ, ਸੰਗਸਾਕ, ਸਕੇ ਸਹੋਦਰ ।

[इ-अज़्ज़ा:] अर० पु० 'अज़ीज़' का बहुवचन, बुज़ुर्ग, सम्बन्धी, रिश्तेदार, सगे सहोदर ।

اعشیٰ—[ਅਅ੍-ਸ਼ਾ] ਅਰ. ਪੁ. ਅੰਧਰਾਤੇ ਦਾ ਰੋਗੀ; ਅਰਬ ਦਾ ਇਕ ਸ਼ਾਇਰ, ਕੂਫ਼ਾ ਦਾ ਇਕ ਸ਼ਾਇਰ ।

[अअ्-शा] अर० पु० रतौंधी का रोगी; अरब का एक कवि, कूफ़ा का एक कवि ।

اعصاب—[ਅਅ੍-ਸਾਬ] ਅਰ. ਪੁ. 'ਅਸਬ' ਦਾ ਬਹੁਵਚਨ, ਪੱਠੇ ।

[अअ्-साब] अर० पु० 'असब' का बहुवचन, पट्ठे ।

اعضا—[ਅਅ੍-ਜ਼ਾ] ਅਰ. ਪੁ. 'ਉਜ਼ਵ' ਦਾ ਬਹੁਵਚਨ, ਸਰੀਰ ਦੇ ਅੰਗ ਹਥ ਪੈਰ ਆਦਿ, ਜੋੜ ।

[अअ्-ज़ा] अर० पु० 'उज़्व' का बहुवचन, शरीर के अंग हाथ पैर आदि, जोड़ ।

اعضا شکنی—[ਅਅ੍-ਜ਼ਾ ਸ਼ਿਕ-ਨੀ] ਅਰ. ਫ਼ਾ. ਇਸ. ਬਦਨ ਟੁਟਣਾ, ਜੋੜ ਜੋੜ ਵਿਚ ਦਰਦ ਹੋਣਾ, ਹੱਡ ਭੰਨਣੀ ।

[अअ्-ज़ा शिक-नी] अर० फ़ा० स्त्री० शरीर के प्रत्येक अंग में पीड़ा होना, टसक ।

اعضائے رئیسہ—[ਅਅ੍-ਜ਼ਾਏ ਰਈਸਃ] ਅਰ. ਪੁ. ਗੁਰਦਾ, ਜਿਗਰ, ਦਿਲ, ਦਿਮਾਗ਼ ਆਦਿ ਸਰੀਰਕ ਅੰਗ ।

[अअ्-ज़ाए रईसः] अर० पु० गुर्दा, यकृत, हृदय, मस्तिष्क आदि शारीरिक अंग ।

اعطا—[ਇਅ੍-ਤ਼ਾ] ਅਰ. ਪੁ. ਬਖ਼ਸ਼ਣਾ, ਦੇਣਾ, ਬਖ਼ਸ਼ੀਸ਼, ਦਾਤ, ਦੇਣ ।

[इअ्-ता] अर० पु० बख़्शना, भेंट, देन, दान करने का भाव ।

اعظم—[ਅਅ੍-ਜ਼ਮ] ਅਰ. ਵਿ. ਬਹੁਤ ਵੱਡਾ, ਮਹਾਨ ।

[अअ्-ज़म] अर० वि० बहुत बड़ा, महान् ।

اعقاب—[ਅਅ੍-ਕ਼ਾਬ] ਅਰ. ਪੁ. 'ਅਕ਼ਬ' ਦਾ ਬਹੁਵਚਨ, ਬਾਲ ਔਲਾਦ ਜੋ ਬਾਪ ਦੇ ਮਰ ਜਾਣ ਤੇ ਮਗਰ ਰਹੇ, ਵਾਰਸ, ਪਿਛਲੇ ।

[अअ्-क़ाब] अर० पु० 'अक़ब' का बहुवचन, सन्तान जो पिता के मर जाने पर बाक़ी रहे, उत्तराधिकारी, पिछले लोग ।

اعلا—[ਇਅ੍-ਲਾ] ਅਰ. ਪੁ. ਉੱਚਾ ਕਰਨਾ, ਉੱਚਾ ਕਰਨ ਦਾ ਭਾਵ ।

[इअ्-ला] अर० पु० ऊँचा करना, ऊँचा करने का भाव ।

اعلام—[ਅਅ੍-ਲਾਮ] ਅਰ. ਪੁ. 'ਅਲਮ' ਦਾ ਬਹੁਵਚਨ, ਝੰਡੇ ।

[अअ्-लाम] अर० पु० 'अलम' का बहुवचन, झण्डे, पताकाएँ ।

اعلام—[ਇਅ੍-ਲਾਮ] ਅਰ. ਪੁ. ਪਤਾ ਦੇਣ ਜਾਂ ਜਤਲਾਉਣ ਦਾ ਭਾਵ, ਦੱਸਣ ਦਾ ਭਾਵ ।

[इअ्-लाम] अर० पु० पता देने या जताने का भाव, बतलाने का भाव ।

اعلان—[ਇਅ੍-ਲਾਨ] ਅਰ. ਪੁ. ਐਲਾਨ, ਸੂਚਨਾ, ਵਿਗਿਆਪਨ ।

[इअ्-लान] अर० पु० घोषणा, सूचना, विज्ञापन ।

اعلم—[ਅਅ੍-ਲਮ] ਅਰ. ਵਿ. ਬੜਾ ਗਿਆਨਵਾਨ, ਦਾਨਾ ।

[अअ्-लम] अर० वि० सर्वज्ञ, ज्ञानवान ।

اعلی—[ਅਅ੍-ਲਾ] ਅਰ. ਵਿ. ਉੱਚਤਰ, ਬੜਾ ਵਧੀਆ, ਬਹੁਤ ਚੰਗਾ, ਸ੍ਰੇਸ਼ਟ (ਪੁਰਸ਼) ।

[अअ्-ला] अर० वि० बहुत ऊँचा, बहुत बढ़िया, श्रेष्ठ (व्यक्ति) ।

اعلی علیین—[ਅਅ੍-ਲਾਂ ਅ੍ਲਈਯਨ] ਅਰ. ਪੁ. ਉੱਚਾ ਬਹਿਸ਼ਤ ।

[अअ्-ला अ्लाईयन] अर० पु० ऊँचा स्वर्ग ।

اعم—[ਅਅੰਮ] ਅਰ. ਵਿ. ਬਹੁਤ ਆਮ, ਬਹੁਤ ਸਾਧਾਰਣ ।

[अअम] अर० वि० बहुत आम, बहुत साधारण ।

اعماق—[ਅਅ੍-ਮਾਕ਼] ਅਰ. ਪੁ. 'ਉਮਕ਼' ਦਾ ਬਹੁਵਚਨ, ਗਹਿਰਾਈਆਂ, ਡੂੰਘਾਈਆਂ ।

[अअ्-माक़] अर० पु० 'उमक़' का बहुवचन, गहराइयाँ ।

اعمال—[ਅਅ੍-ਮਾਲ] ਅਰ. ਪੁ. 'ਅਮਲ' ਦਾ ਬਹੁਵਚਨ, ਅਮਲ, ਕੰਮ, ਕਰਮ, ਕਰਤੂਤਾਂ ।

[अअ्-माल] अर० पु० 'अमल' का बहुवचन, काम, कर्म, कर्तव्य ।

اعمالنامہ—[ਅਅ੍-ਮਾਲ-ਨਾਮਃ] ਅਰ. ਪੁ. ਅਮਾਲਨਾਮਾ, ਨੌਕਰੀ ਦੇ ਚੰਗੇ ਮਾੜੇ ਕੰਮਾਂ ਦੀ ਕਿਤਾਬ, ਸਰਵਿਸ ਬੁਕ, ਲੇਖਾ ਪੱਤਰੀ ।

[अअ्-माल-नामः] अर० पु० नौकरी के अच्छे बुरे कामों की पुस्तक, सर्विस बुक ।

اعمام—[ਅਅ੍-ਮਾਮ] ਅਰ. ਪੁ. 'ਅੰਮ' ਦਾ ਬਹੁਵਚਨ, ਚਾਚੇ ।

[अअ्-माम] अर० पु० 'अम्म' का बहुवचन, चाचे, चचे ।

اعمی—[ਅਅ੍-ਮਾ] ਅਰ. ਪੁ. ਅੰਨ੍ਹਾ, ਜਮਾਂਦਰੂ ਅੰਨ੍ਹਾ, ਸੂਰਦਾਸ, ਸੁਜਾਖਾ ਸਿੰਘ ।

[अअ्-मा] अर० पु० जन्म का अन्धा, सूरदास ।

اعنی—[ਅਅ੍-ਨੀ] ਅਰ. ਅਵਯ. ਮੇਰੇ ਕਹਿਣ ਦਾ ਭਾਵ ਇਹ ਹੈ ।

[अअ्-नी] अर० अव्य० मेरा अभिप्राय यह है ।

اعوان—[ਅਅ੍-ਵਾਨ] ਅਰ. ਪੁ. 'ਔਨ' ਦਾ ਬਹੁਵਚਨ, ਮਦਦਗਾਰ, ਸਹਾਇਕ; ਰਾਜਪੂਤਾਂ ਦੀ ਇਕ ਜਾਤ ।

[अअ्-वान] अर० पु० 'औन' का बहुवचन, सहायक, हिमायती; राजपूतों की एक जाति ।

اعیان—[ਅਅ੍-ਯਾਨ] ਅਰ. ਪੁ. 'ਐਨ' ਦਾ ਬਹੁਵਚਨ ।

[अग़्-यान] अर० पु० 'ग़ैन' का बहुवचन ।

افتشاق—[ਇਫ਼-ਤਿਸ਼ਾਕ਼] ਅਰ. ਪੁ. ਖੋਟ, ਮਿਲਾਵਟ ।

[इफ़-तिशाक़] अर० पु० खोट, मिलावट ।

اغراض—[ਅਗ਼-ਰਾਜ਼] ਅਰ. ਇ. 'ਗ਼ਰਜ਼' ਦਾ ਬਹੁਵਚਨ, ਮਤਲਬ, ਮਨੋਰਥ, ਮਕਸਦ, ਨਿਜੋੜਾਂ, ਇਰਾਦੇ ।

[अग़-राज़] अर० स्त्री० 'ग़रज़' का बहुवचन, मतलब, आशय, भाव, मनोरथ, इरादे ।

اغذیہ—[ਅਗ਼ਜ਼ਿਯ:] ਅਰ. ਇ. 'ਗ਼ਿਜ਼ਾ' ਦਾ ਬਹੁਵਚਨ, ਖਾਣ ਪਦਾਰਥ, ਖ਼ੁਰਾਕਾਂ ।

[अग़ज़िय:] अर० स्त्री० 'ग़िज़ा' का बहुवचन, भोजन, खाद्य पदार्थ ।

اغراق—[ਇਗ਼-ਰਾਕ਼] ਅਰ. ਪੁ. ਡੋਬਣ ਦਾ ਭਾਵ; ਅਤਿਕਥਨੀ, ਮੁਬਾਲਗਾ, ਬਹੁਤ ਵਧਾ ਚੜ੍ਹਾ ਕੇ ਆਖੀ ਹੋਈ ਗੱਲ ।

[इग़-राक़] अर० पु० डुबोने का भाव; अत्युक्ति, बहुत बढ़ा चढ़ा कर कही हुई बात ।

اغلاط—[ਅਗ਼-ਲਾਤ] ਅਰ. ਪੁ 'ਗ਼ਲਤੀ' ਦਾ ਬਹੁਵਚਨ, ਗ਼ਲਤੀਆਂ, ਭੁੱਲਾਂ, ਭੁੱਲਾਂ-ਚੁੱਕਾਂ, ਉਕਾਈਆਂ ।

[अग़-लात] अर० पु० 'ग़लती' का बहुवचन, ग़लतियाँ, भूलें, त्रुटियाँ ।

اغلاق—[ਇਗ਼-ਲਾਕ਼] ਅਰ. ਪੁ. ਦਰ ਬੰਦ ਕਰਨਾ; ਔਖ ਪੈਦਾ ਕਰਨਾ, ਗੁੰਝਲ ਪੈਦਾ ਕਰਨ ਦਾ ਭਾਵ ।

[इग़-लाक़] अर० पु० दरवाज़ा बन्द करना; जटिल बनाना, उलझन पैदा करने का भाव ।

اغلام—[ਇਗ਼-ਲਾਮ] ਅਰ. ਪੁ. ਲੌਂਡੇਬਾਜ਼ੀ, ਮੁੰਡੇਬਾਜ਼ੀ ।

[इग़-लाम] अर० पु० बालक से भोग करने की क्रिया, लौंडेबाज़ी ।

اغلامی—[ਇਗ਼-ਲਾਮੀ] ਅਰ. ਫ਼ਾ. ਪੁ. ਮੁੰਡੇਬਾਜ਼, ਲੌਂਡੇਬਾਜ਼ ।

[इग़-लामी] अर० फ़ा० पु० बालक से भोग करने वाला, लौंडेबाज़ ।

اغلب—[ਅਗ਼-ਲਬ] ਅਰ. ਕ੍ਰਿ. ਵਿ. ਗ਼ਾਲਬਨ ।

[अग़-लब] अर० क्रि० वि० संभवतः ।

اغل بغل—[ਅਗ਼ਲ ਬਗ਼ਲ] ਕ੍ਰਿ. ਵਿ. ਏਧਰ ਓਧਰ, ਲਾਗੇ ਬੰਨੇ ।

[अग़ल बग़ल] क्रि० वि० इधर उधर, आसपास ।

اغلط—[ਅਗ਼-ਲਤ] ਅਰ. ਵਿ. ਬਹੁਤ ਗ਼ਲਤ ।

[अग़-लत] अर० वि० बहुत ग़लत ।

اغماز—[ਇਗ਼-ਮਾਜ਼] ਅਰ. ਪੁ. ਇੱਜ਼ਤ ਘਟਾਉਣ ਦੀ ਕਿਰਿਆ; ਗ਼ਰੂਰ ਕਰਨ ਦਾ ਭਾਵ, ਨਖ਼ਰਾ, ਮਕਰ ।

[इग़-माज़] अर० पु० सम्मान घटाने की क्रिया; गर्व करने का भाव, नाज़, नख़रा ।

اغماض—[ਇਗ਼-ਮਾਜ਼] ਅਰ. ਪੁ. ਅਣਡਿੱਠਾ ਕਰਨ ਦਾ ਭਾਵ, ਚਸ਼ਮਪੋਸ਼ੀ, ਦਰਗੁਜ਼ਰੀ ।

[इग़-माज़] अर० पु० ध्यान न देने का भाव, उपेक्षा ।

اغنیاء—[ਅਗ਼-ਨਿਯਾਅ] ਅਰ. ਪੁ. 'ਗ਼ਨੀ' ਦਾ ਬਹੁਵਚਨ, ਧਨੀ ਲੋਕ, ਦੌਲਤਮੰਦ ਲੋਕ, ਸੇਠ ਲੋਕ ।

[अग़-नियाअ] अर० पु० 'ग़नी' का बहुवचन, सेठ लोग, धनीजन ।

اغوا—[ਇਗ਼-ਵਾ] ਅਰ. ਪੁ. ਕੱਢ ਕੇ ਲਿਜਾਣ ਦਾ ਭਾਵ ਜਾਂ ਕਿਰਿਆ, ਉਧਾਲਾ ।

[इग़-वा] अर० पु० निकाल कर ले जाने का भाव, किसी स्त्री को बहका कर ले जाने का भाव ।

اغیار—[ਅਗ਼-ਯਾਰ] ਅਰ. ਪੁ 'ਗ਼ੈਰ' ਦਾ ਬਹੁਵਚਨ, ਗ਼ੈਰ ਲੋਕ, ਓਪਰੇ, ਬਗਾਨੇ, ਨਾਵਾਕਫ਼; ਦੁਸ਼ਮਣ, ਵਿਰੋਧੀ ।

[अग़-यार] अर० पु० 'ग़ैर' का बहुवचन, ग़ैर लोग, अपरिचित, बेगाने; शत्रु, विरोधी ।

اف—[ਉਫ਼] ਅਰ. ਅਵ੍ਯ. ਗ਼ਮ, ਅਫ਼ਸੋਸ ਆਦਿ ਦੇ ਦੱਸਣ ਲਈ ਨਿਕਲਿਆ ਸ਼ਬਦ, ਹਾਏ ।

[उफ़] अर० अव्य० दुःख या कष्ट सूचक अव्यय, हाय ।

افادہ—[ਇਫ਼ਾਦ:] ਅਰ. ਪੁ ਫ਼ਾਇਦਾ ਪਹੁੰਚਾਉਣ ਦਾ ਭਾਵ, ਲਾਭ, ਨਫ਼ਾ ।

[इफ़ाद:] अर० पु० फ़ायदा पहुँचाने का भाव, लाभ, नफ़ा ।

افادۂ عام—[ਇਫ਼ਾਦਏ ਆਮ] ਅਰ. ਪੁ. ਆਮ ਲੋਕਾਂ ਨੂੰ ਫ਼ਾਇਦਾ ਪਹੁੰਚਾਉਣ ਦਾ ਕੰਮ, ਲੋਕ ਲਾਭ, ਜਨ-ਕਲਿਆਣ ।

[इफ़ादए आम] अर० पु० जन साधारण को लाभ पहुँचाने का काम, जन हित, जन-कल्याण ।

افاضل—[ਅਫ਼ਾਜ਼ਿਲ] ਅਰ. ਪੁ. 'ਅਫ਼ਜ਼ਲ' ਦਾ ਬਹੁਵਚਨ, ਬਜ਼ੁਰਗ ਆਦਮੀ ।

[अफ़ाज़िल] अर० पु० 'अफ़ज़ल' का बहुवचन, बुज़ुर्ग आदमी ।

افاضہ—[ਇਫ਼ਾਜ਼:] ਅਰ. ਪੁ. ਫ਼ਾਇਦਾ ਪਹੁੰਚਾਉਣ ਦਾ ਭਾਵ ਜਾਂ ਕਿਰਿਆ ।

[इफ़ाज़:] अर० पु० लाभ पहुँचाने का भाव या क्रिया ।

افاغنہ—[ਅਫ਼ਾ-ਗ਼ਿਨ:] ਅਰ. ਪੁ. 'ਅਫ਼ਗ਼ਾਨ' ਦਾ ਬਹੁਵਚਨ, ਅਫ਼ਗ਼ਾਨ, ਪਠਾਣ ।

[अफ़ा-ग़िन:] अर० पु० 'अफ़ग़ान' का बहुवचन, अफ़ग़ान, पठान ।

افتاح—[ਇਫ਼ਤਾ:ਹ] ਅਰ. ਪੁ. ਆਰੰਭ, ਸ਼ੁਰੂ, ਮੁੱਢਲਾ ਵਿਚ ਖੋਲ੍ਹੀ।

[इफ़्ता:ह] अर॰ पु॰ आरम्भ, प्रारम्भ, रोज़ा से पारी।

افتاء—[ਇਫ਼-ਤਾਣ] ਅਰ. ਪੁ. ਫ਼ਤਵਾ ਦੇਣ ਦੀ ਕਿਰਿਆ।

[इफ़-ताऽ] अर॰ पु॰ फ़तवा देने की क्रिया।

افتاد [ਉਫ਼-ਤਾਦ] ਫ਼ਾ. ਇ. ਦੁੱਖ, ਮੁਸੀਬਤ, ਤਕਲੀਫ਼; ਪ੍ਰਕਿਰਤੀ, ਸੁਭਾ; ਘਟਨਾ; ਬੁਨਿਆਦ, ਨੀਂਹ, ਅਰੰਭ, ਪ੍ਰਾਰੰਭ।

[उफ़-ताद] फ़ा॰ स्त्री॰ दुःख, कष्ट, विपदा; प्रकृति, स्वभाव; घटना; बुनियाद, नींव, आरम्भ, प्रारम्भ।

افتادگی [ਉਫ਼-ਤਾਦਗੀ] ਫ਼ਾ. ਇ. ਗ਼ਰੀਬੀ, ਦੀਨਤਾ, ਨਿਮਰਤਾ, ਮਸਕੀਨੀ।

[उफ़-तादगी] फ़ा॰ स्त्री॰ ग़रीबी, दीनता, नम्रता, सौम्यता।

افتاده—[ਉਫ਼-ਤਾਦਹ] ਫ਼ਾ. ਵਿ. ਨਕਾਰਾ, ਫ਼ਜ਼ੂਲ; ਅਣਵਾਹੀ, ਗ਼ੈਰ ਆਬਾਦ (ਜ਼ਮੀਨ)।

[उफ़-तादः] फ़ा॰ वि॰ नाकारा, फ़ज़ूल; न जुती हुई (ज़मीन), ग़ैर आबाद अनुपजाऊ (ज़मीन)।

افتاں خیزاں—[ਉਫ਼-ਤਾਂ ਖ਼ੇਜ਼ਾਂ] ਫ਼ਾ. ਕ੍ਰਿ. ਵਿ. ਉਠਦੇ ਬਹਿੰਦੇ, ਡਿਗਦੇ ਢਹਿੰਦੇ, ਬਦਹਵਾਸੀ ਦੀ ਹਾਲਤ ਵਿਚ।

[उफ़-तां ख़ेज़ां] फ़ा॰ क्रि॰ वि॰ बहुत कठिनता से उठते बैठते हुए, गिरते पड़ते, बदहवासी की हालत में।

افتتاح—[ਇਫ਼-ਤਿਤਾ:ਹ] ਅਰ. ਪੁ. ਉਦਘਾਟਨ, ਮੁੱਢ ਬੰਨ੍ਹਣ ਦਾ ਭਾਵ, ਅਰੰਭਕ ਰਸਮ ਅਥਵਾ ਸ਼ੁਗਨ ਦਾ ਭਾਵ, ਪ੍ਰਾਰੰਭ; ਘੁੰਡ ਚੁਕਣ ਦੀ ਰਸਮ।

[इफ़-तिता:ह] अर॰ पु॰ उद्घाटन, आरम्भिक प्रथा, प्रारम्भ, आरम्भ; घूँघट उठाने की प्रथा।

افتتاحی—[ਇਫ਼-ਤਿਤਾ:ਹੀ] ਅਰ. ਫ਼ਾ. ਵਿ. ਉਦਘਾਟਨ ਸੰਬੰਧੀ, ਖੋਲ੍ਹਣ ਜਾਂ ਚਾਲੂ ਕਰਨ ਸੰਬੰਧੀ, ਪ੍ਰਾਰੰਭਕ, ਅਰੰਭਕ।

[इफ़-तिता:ही] अर॰ फ़ा॰ वि॰ उद्घाटन सम्बन्धी, प्रारम्भिक, आरम्भिक।

افتتاحیہ—[ਇਫ਼-ਤਿਤਾ:ਹੀਯ:] ਅਰ. ਪੁ. ਐਡੀਟੋਰੀਅਲ, ਅਖ਼ਬਾਰ ਦਾ ਮੁੱਖ ਲੇਖ।

[इफ़-तिता:हीयः] अर॰ पु॰ सम्पादकीय, समाचार-पत्र का मुख्य लेख।

افتخار—[ਇਫ਼-ਤਿਖ਼ਾਰ] ਅਰ. ਪੁ. ਫ਼ਖ਼ਰ, ਮਾਣ, ਇੱਜ਼ਤ; ਵਡਿਆਈ, ਘਮੰਡ, ਗੌਰਵ।

[इफ़-तिख़ार] अर॰ पु॰ मान, गर्व, इज़्ज़त; बड़ाई, घमंड।

افترا—[ਇਫ਼-ਤਿਰਾਣ] ਅਰ. ਪੁ. ਝੂਠਾ ਇਲਜ਼ਾਮ ਲਾਉਣ ਦਾ ਭਾਵ, ਤੁਹਮਤ, ਝੂਠ।

[इफ़-तिराऽ] अर॰ पु॰ कलंक लगाने का भाव, लाञ्छन, झूठ।

افترا پرداز—[ਇਫ਼-ਤਿਰਾ ਪਰ-ਦਾਜ਼] ਅਰ. ਫ਼ਾ. ਵਿ. ਤੁਹਮਤ ਲਾਉਣ ਵਾਲਾ।

[इफ़-तिरा पर-दाज़] अर॰ फ़ा॰ वि॰ लाञ्छन लगाने वाला।

افترا پردازی—[ਇਫ਼-ਤਿਰਾ ਪਰ-ਦਾਜ਼ੀ] ਅਰ. ਫ਼ਾ. ਇ. ਤੁਹਮਤ ਲਾਉਣ ਦਾ ਭਾਵ।

[इफ़-तिरा पर-दाज़ी] अर॰ फ़ा॰ स्त्री॰ लाञ्छन लगाने का भाव।

افتراق—[ਇਫ਼-ਤਿਰਾ:ਕ਼] ਅਰ. ਪੁ. ਫ਼ਰਕ, ਜੁਦਾਈ, ਵਿਛੋੜਾ, ਵਿਛੋੜਾ।

[इफ़-तिरा:क़] अर॰ पु॰ वियोग, जुदाई, विरह।

افتیموں—[ਅਫ਼-ਤੀਮੂੰ] ਅਰ. ਇ. ਅਕਾਸ਼ ਵੇਲ, ਅਮਰ ਵੇਲ।

[अफ़-तीमूं] अर॰ स्त्री॰ आकाश बेल, अमर बेल।

افرا تفری—[ਅਫ਼ਰਾ-ਤਫ਼ਰੀ] ਇ. ਹਫੜਾ ਦਫੜੀ, ਗੜਬੜੀ, ਧਮਚਲੀ, ਹਲਚਲ, ਉਥੱਲ ਪੁਥੱਲ।

[अफ़रा-तफ़री] स्त्री॰ गड़बड़ी, हलचल, उथल पुथल, भगदड़।

افراد—[ਅਫ਼-ਰਾਦ] ਅਰ. ਪੁ. 'ਫ਼ਰਦ' ਦਾ ਬਹੁਵਚਨ, ਵਿਅਕਤੀ, ਬੰਦੇ।

[अफ़-राद] अर॰ पु॰ 'फ़र्द' का बहुवचन, व्यक्ति, मनुष्य।

افراسیاب [ਅਫ਼ਰਾ-ਸਿਯਾਬ] ਫ਼ਾ. ਪੁ. ਤੂਰਾਨ ਦੇ ਇਕ ਬਹਾਦਰ ਬਾਦਸ਼ਾਹ ਦਾ ਨਾਂ।

[अफ़रा-सियाब] फ़ा॰ पु॰ तूरान के एक बहादुर बादशाह का नाम।

افراط—[ਇਫ਼-ਰਾਤ] ਅਰ. ਇ. ਬਹੁਲਤਾ, ਜ਼ਿਆਦਤੀ, ਜ਼ਿਆਦਤੀ।

[इफ़-रात] अर॰ स्त्री॰ अधिकता, बाहुल्य, ज़्यादती।

افراط و تفریط—[ਇਫ਼-ਰਾ:ਤੋ ਤਫ਼-ਰੀ:ਤ] ਅਰ. ਇ. ਕਮੀ-ਬੇਸ਼ੀ, ਵਾਧਾ-ਘਾਟਾ।

[इफ़-रा:तो तफ़रीत] अर॰ स्त्री॰ कमीबेशी, न्यूनता तथा अधिकता।

افرنجیت—[ਅਫ਼ਰੰਜਿ-ਅਤ] ਅਰ. ਇ. ਫ਼ਰੰਗੀਪੁਣਾ।

[अफ़रंजि-यत] अर॰ स्त्री॰ फिरंगीपन।

افروختہ [ਅਫ਼-ਰੋਖ਼-ਤ:] ਫ਼ਾ. ਵਿ. ਬਾਲਿਆ ਹੋਇਆ।

[अफ़-रोख़-तः] फ़ा॰ वि॰ जलाया हुआ।

افزائش—[ਅਫ਼-ਜ਼ਾਇਸ਼] ਫ਼ਾ. ਇ. ਜ਼ਿਆਦਤੀ, ਵਾਧਾ, ਤਰੱਕੀ, ਉੱਨਤੀ।

[अफ़-ज़ाइश] फ़ा॰ स्त्री॰ अधिकता, ज़्यादती, तरक़्क़ी, उन्नति।

افزوں—[ਅਫ਼ਜ਼ੂੰ] ਫ਼ਾ. ਵਿ. ਕ੍ਰਿ. ਵਿ. ਜ਼ਿਆਦਾ, ਬਹੁਤਾ, ਵਧ, ਬਾਹਲਾ; ਵਧ ਕੇ ।
[अफ़ज़ूँ] फ़ा॰ वि॰ क्रि॰ वि॰ अधिक, ज़्यादा, बहुत; बढ़कर ।

اِفساد—[ਇਫ਼-ਸਾਦ] ਅਰ. ਪੁ. ਫ਼ਸਾਦ ਕਰਨ ਦਾ ਭਾਵ ਜਾਂ ਕਿਰਿਆ ।
[इफ़-साद] अर॰ पु॰ फ़साद करने का भाव या क्रिया ।

افسان—[ਅਫ਼ਸਾਂ] ਫ਼ਾ. ਇ. ਸਾਣ, ਚਾਕੂ ਛੁਰੀ ਆਦਿ ਲਾਉਣ ਜਾਂ ਤੇਜ਼ ਕਰਨ ਦਾ ਜੰਤਰ ।
[अफ़सां] फ़ा॰ स्त्री॰ सान, चाकू, छुरी आदि तेज़ करने का यन्त्र ।

افسانہ—[ਅਫ਼-ਸਾਨ:] ਫ਼ਾ. ਪੁ. ਕਹਾਣੀ, ਕਿੱਸਾ, ਝੂਠੀ ਗੱਲ, ਗਲਪ ।
[अफ़-सान:] फ़ा॰ पु॰ किस्सा, कहानी, गल्प, झूठी बात ।

افسر—[ਅਫ਼-ਸਰ] ਫ਼ਾ. ਪੁ. ਤਾਜ, ਮੁਕਟ, ਟੋਪੀ, ਕੁੱਲਾ ।
[अफ़-सर] फ़ा॰ पु॰ ताज, मुकुट, टोपी, कुल्ला ।

افسر—[ਅਫ਼-ਸਰ] ਅੰਗ. ਪੁ. ਹਾਕਮ, ਸਰਦਾਰ ।
[अफ़-सर] अंग॰ पु॰ हाकिम, सरदार ।

افسردگی—[ਅਫ਼-ਸੁਰ-ਦਗੀ] ਫ਼ਾ. ਇ. ਮੁਰਝਾਹਟ, ਬੇਰੌਣਕੀ, ਉਦਾਸੀ ।
[अफ़-सुर-दगी] फ़ा॰ स्त्री॰ मुरझाहट, बेरौनकी, उदासी ।

افسردہ—[ਅਫ਼-ਸੁਰ-ਦ:] ਫ਼ਾ. ਵਿ. ਮੁਰਝਾਇਆ ਹੋਇਆ, ਕੁਮਲਾਇਆ ਹੋਇਆ, ਉਦਾਸ, ਗ਼ਮਗੀਨ ।
[अफ़-सुर-द:] फ़ा॰ वि॰ मुरझाया हुआ, कुम्हलाया हुआ, शोकातुर, उदास ।

افسردہ خاطر—[ਅਫ਼-ਸੁਰ-ਦ: ਖ਼ਾ-ਤਰ] ਫ਼ਾ. ਵਿ. ਉਦਾਸ-ਚਿਤ, ਮੁਰਦਾਦਿਲ, ਅਫ਼ਸੋਸਿਆ ਹੋਇਆ ।
[अफ़-सुर-द: ख़ा-तिर] फ़ा॰ वि॰ खिन्न, उदास, खिन्न-चित ।

افسردہ دل—[ਅਫ਼-ਸੁਰ-ਦ: ਦਿਲ] ਫ਼ਾ. ਵਿ. ਉਦਾਸਚਿਤ, ਗ਼ਮਗੀਨ ।
[अफ़-सुर-द: दिल] फ़ा॰ वि॰ शोकातुर, ग़मगीन ।

افسنتین—[ਅਫ਼-ਸਨ-ਤੀਨ] ਫ਼ਾ. ਇ. ਇਕ ਦਵਾ ਦਾ ਨਾਂ ।
[अफ़-सन-तीन] फ़ा॰ स्त्री॰ एक औषधि का नाम ।

افسوس—[ਅਫ਼-ਸੋਸ] ਫ਼ਾ. ਪੁ. ਗ਼ਮ, ਰੰਜ, ਉਦਾਸੀ ।
[अफ़-सोस] फ़ा॰ पु॰ दुःख, पछतावा, शोक, पश्चाताप, उदासी ।

افسوسناک—[ਅਫ਼-ਸੋਸਨਾਕ] ਫ਼ਾ. ਵਿ. ਰੰਜਦਾਇਕ, ਗ਼ਮਦੇਹ ।
[अफ़-सोसनाक] फ़ा॰ वि॰ शोकमय, शोकयुक्त, शोक-पूर्ण ।

افسوں—[ਅਫ਼-ਸੂੰ] ਫ਼ਾ. ਪੁ. ਜਾਦੂ, ਟੂਣਾ, ਮੰਤਰ-ਜੰਤਰ ।
[अफ़-सूँ] फ़ा॰ पु॰ जादू, टोना, यंत्र-मंत्र ।

اِفشا—[ਇਫ਼-ਸ਼ਾਅ] ਅਰ. ਪੁ. ਖੋਲ੍ਹਣ ਦਾ ਭਾਵ; ਪਰਗਟਾਉ, ਭੇਤ ਖੁਲ੍ਹਣ ਦਾ ਭਾਵ ।
[इफ़-शाऽ] अर॰ पु॰ खोलने का भाव; प्रगटाव, भेद खुल जाने का भाव ।

اِفشائے راز—[ਇਫ਼-ਸ਼ਾਏਰਾਜ਼] ਫ਼ਾ. ਪੁ. ਭੇਤ ਦਾ ਖੁਲ੍ਹਣਾ, ਗੱਲ ਨਸ਼ਰ ਹੋਣ ਦਾ ਭਾਵ ।
[इफ़-शाएराज़] फ़ा॰ पु॰ भेद का खुलना, बात के प्रगट होने का भाव ।

افشاں—[ਅਫ਼-ਸ਼ਾਂ] ਫ਼ਾ. ਇ. ਗੋਟੇ ਜਾਂ ਮੁਕੈਸ਼ ਦੀਆਂ ਬਰੀਕ ਕਤਰੀਆਂ ਬਿੰਦੀਆਂ ਜੋ ਔਰਤਾਂ ਸ਼ਿੰਗਾਰ ਲਈ ਮੱਥੇ ਤੇ ਲਾ ਲੈਂਦੀਆਂ ਹਨ ਜਾਂ ਵਾਲਾਂ ਤੇ ਛਿੜਕਦੀਆਂ ਹਨ ।
[अफ़-शाँ] फ़ा॰ स्त्री॰ गोटे या मुकैश के बारीक टुकड़े जिसे स्त्रियाँ शृंगार के लिये मस्तक पर लगा लेती हैं और बालों पर छिड़कती हैं ।

افشانی کاغذ—[ਅਫ਼-ਸ਼ਾਨੀ ਕਾਗ਼ਜ਼] ਫ਼ਾ. ਪੁ. ਕਾਗ਼ਜ਼ ਜਿਸ ਤੇ ਰੰਗ ਜਾਂ ਖ਼ੁਸ਼ਬੋ ਛਿੜਕੀ ਹੋਈ ਹੋਵੇ ।
[अफ़-शानी काग़ज़] फ़ा॰ पु॰ वह काग़ज़ जिस पर रंग या सुगन्धि छिड़की हुई हो ।

افشردہ—[ਅਫ਼-ਸ਼ੁਰ-ਦ:] ਫ਼ਾ. ਵਿ. ਪੁ. ਨਿਚੋੜਿਆ ਹੋਇਆ, ਨੁਚੜਿਆ ਹੋਇਆ; ਸ਼ਰਬਤ ਜਿਸ ਵਿਚ ਨਿੰਬੂ ਨਿਚੋੜ ਕੇ ਪੀਂਦੇ ਹਨ, ਸ਼ਕੰਜਵੀ ।
[अफ़-शुर-द:] फ़ा॰ वि॰ पु॰ निचोड़ा हुआ, निचुड़ा हुआ; वह शरबत जिस में नींबू निचोड़ कर पीते हैं, शिकंजबीन ।

افصح—[ਅਫ਼-ਸਹ਼] ਅਰ. ਪੁ. ਬਹੁਤ ਚੰਗਾ ਬੋਲਣ ਵਾਲਾ, ਖ਼ੁਸ਼ਬਿਆਨ ।
[अफ़-सह़] अर॰ पु॰ बहुत अच्छा बोलने वाला, सुवक्ता ।

افضال—[ਅਫ਼-ਜ਼ਾਲ] ਅਰ. ਪੁ. 'ਫ਼ਜ਼ਲ' ਦਾ ਬਹੁਵਚਨ, ਰਹਿਮਤਾਂ, ਮਿਹਰਬਾਨੀਆਂ ।
[अफ़-ज़ाल] अर॰ पु॰ 'फ़ज़्ल' का बहुवचन, कृपाएँ, मेहरबानियाँ ।

افضلیت—[ਅਫ਼-ਜ਼ਲੀ-ਯਤ] ਅਰ. ਇ. ਵਡਿਆਈ, ਵਡੱਤਣ, ਬਜ਼ੁਰਗੀ ।
[अफ़-ज़ली-यत] अर॰ स्त्री॰ बड़ाई, बड़प्पन, बुज़ुर्गी ।

اِفطار—[ਇਫ਼-ਤ਼ਾਰ] ਅਰ. ਪੁ. ਰੋਜ਼ਾ ਖੋਲ੍ਹਣ ਦਾ ਭਾਵ, ਮੁਸਲਮਾਨਾਂ ਦਾ ਵਰਤ ਉਪਾਰਣਾ ।

[इफ़-तार] अर० पु० रोज़ा खोलने का भाव, मुसलमानों द्वारा रोज़ा खोलते समय कुछ खाने का भाव ।

افطاری - [ਇਫ਼-ਤਾਰੀ] ਵਿ. ਰੋਜ਼ਾ ਖੋਲ੍ਹਣ ਦਾ ਭਾਵ, ਰੋਜ਼ਾ ਖੋਲ੍ਹਣ ਦੀਆਂ ਚੀਜ਼ਾਂ ।

[इफ़-तारी] स्त्री० रोज़ा खोलने का भाव, रोज़ा खोलने की चीज़ें ।

افعال—[ਅਫ਼-ਆਲ] ਅਰ ਪੁ. 'ਫ਼ਿਅਲ' ਦਾ ਬਹੁਵਚਨ, ਕੰਮ, ਕਰਮ, ਅਮਲ, ਕਰਤੂਤਾਂ ।

[अफ़-आल] अर० पु० 'फ़िअल' का बहुवचन, काम, कर्म, अमल, करतूतें ।

افعی—[ਅਫ਼-ਈ] ਅਰ. ਪੁ. ਕਾਲਾ ਨਾਗ, ਜ਼ਹਿਰੀ ਸੱਪ ।

[अफ़-ई] अर० पु० काला नाग, विषैला साँप, नाग ।

افغان—[ਅਫ਼-ਗ਼ਾਨ] ਫ਼ਾ. ਪੁ. ਅਫ਼ਗ਼ਾਨਿਸਤਾਨ ਦਾ ਵਸਨੀਕ, ਪਠਾਣ ।

[अफ़-ग़ान] फ़ा० पु० अफ़ग़ानिस्तान का निवासी, पठान ।

افغانستان—[ਅਫ਼-ਗ਼ਾਨਿਸ-ਤਾਨ] ਫ਼ਾ. ਪੁ. ਪਠਾਣਾਂ ਦਾ ਦੇਸ਼ ਜਿਸ ਦੀ ਰਾਜਧਾਨੀ ਕਾਬੁਲ ਹੈ ।

[अफ़-ग़ानिस-तान] फ़ा० पु० पठानों का देश जिसकी राजधानी काबुल है ।

افق—[ਉਫ਼-ਕ਼] ਅਰ. ਪੁ. ਅਸਮਾਨ ਦਾ ਕੰਢਾ ਜੋ ਜ਼ਮੀਨ ਨਾਲ ਲੱਗਾ ਹੋਇਆ ਮਲੂਮ ਹੁੰਦਾ ਹੈ, ਦਿਸਹੱਦਾ ।

[उफ़ु-क़] अर० पु० आकाश का सिरा जो पृथ्वी के साथ लगा हुआ मालूम पड़ता है, क्षितिज ।

افکار—[ਅਫ਼-ਕਾਰ] ਅਰ. ਪੁ. 'ਫ਼ਿਕ-ਰ' ਦਾ ਬਹੁਵਚਨ, ਫ਼ਿਕਰ, ਸੋਚਾਂ ।

[अफ़-कार] अर० पु० 'फ़िक-र' का बहुवचन, चिन्ताएँ, फ़िकर ।

افگار—[ਅਫ਼-ਗਾਰ] ਫ਼ਾ. ਵਿ. ਜ਼ਖ਼ਮੀ, ਫੱਟੜ, ਚਿੱਰ ਚਿੱਰ ਹੋਇਆ, ਚੂਰਾ ਚੂਰਾ ਹੋਇਆ, ਟੁਕੜੇ ਟੁਕੜੇ ਹੋਇਆ ।

[अफ़-गार] फ़ा० वि० घाव, घायल, टुकड़े टुकड़े किया हुआ, खण्ड खण्ड किया हुआ, चूर चूर किया हुआ ।

افگنده—[ਅਫ਼-ਗੰਦਹ] ਫ਼ਾ. ਵਿ. ਡਿੱਗਿਆ ਹੋਇਆ; ਨਿਮਰ, ਦੀਨ ।

[अफ़-गन्दः] फ़ा० वि० गिरा हुआ; नम्र, दीन ।

افلاس—[ਇਫ਼-ਲਾਸ] ਅਰ. ਪੁ. ਗ਼ਰੀਬੀ, ਤੰਗਦਸਤੀ, ਮੁਥਾਜੀ, ਥੁੜ੍ਹ ।

[इफ़-लास] अर० पु० ग़रीबी, तंगदस्ती, कंगाली, अकिंचनता ।

افلاطون—[ਅਫ਼-ਲਾਤੂੰ] ਯੂਨਾ. ਪੁ. ਯੂਨਾਨ ਦੇ ਇਕ ਪ੍ਰਸਿੱਧ ਫ਼ਿਲਾਸਫ਼ਰ ਦਾ ਨਾਂ ਜੋ ਅਰਸਤੂ ਦਾ ਉਸਤਾਦ ਤੇ ਸੁਕਰਾਤ ਦਾ ਸ਼ਗਿਰਦ ਸੀ । ਇਹ ੪੩੦ ਈ. ਪੂ. ਵਿਚ ਪੈਦਾ ਹੋਇਆ ਤੇ ੭੭ ਸਾਲ ਦਾ ਹੋ ਕੇ ਗੁਜ਼ਰਿਆ । ਅਧਿਆਤਮਵਾਦ ਤੇ ਇਸ ਨੇ ਬਹੁਤ ਸਾਰੇ ਲੇਖ ਲਿਖੇ ।

[अफ़-लातूं] यूना० पु० यूनान के एक प्रसिद्ध दार्शनिक का नाम जो अरस्तू का गुरु और सुकरात का शिष्य था । यह ४३० ई० पूर्व में पैदा हुआ और ७७ वर्ष का होकर परलोक सिधारा । अध्यात्मवाद पर इस ने बहुत से लेख लिखे हैं ।

افلاطون کا سالا—[ਅਫ਼-ਲਾਤੂੰ ਕਾ ਸਾਲਾ] ਵਿ. ਪੁ. ਬੜਾ ਘਮੰਡੀ ਤੇ ਅਭਿਮਾਨੀ ਆਦਮੀ, ਆਪਣੀ ਅਕਲ ਤੇ ਘਮੰਡ ਕਰਨ ਵਾਲਾ ।

[अफ़-लातूं का साला] वि० पु० बहुत घमंडी पुरुष, अपनी बुद्धि पर अभिमान करने वाला व्यक्ति ।

افلاک—[ਅਫ਼-ਲਾਕ] ਅਰ. ਪੁ. 'ਫ਼ਲਕ' ਦਾ ਬਹੁਵਚਨ, ਅਸਮਾਨ, ਆਕਾਸ਼ ।

[अफ़-लाक] अर० पु० 'फ़लक' का बहुवचन, आसमान, आकाश ।

افواج—[ਅਫ਼-ਵਾਜ] ਅਰ. ਇ. 'ਫ਼ੌਜ' ਦਾ ਬਹੁਵਚਨ, ਫ਼ੌਜਾਂ, ਲਸ਼ਕਰ ।

[अफ़-वाज] अर० स्त्री० 'फ़ौज' का बहुवचन, सेनाएँ, फ़ौजें ।

افواہ—[ਅਫ਼-ਵਾਹ] ਅਰ. ਇ. ਉਡਦੀ ਖ਼ਬਰ, ਅਫ਼ਵਾਹ ।

[अफ़-वाह] अर० स्त्री० उड़ती ख़बर, किंवदंती ।

افوہ—[ਉਫ਼ੂਹ] ਅਰ. ਤਅੱਜੁਬ, ਅਫ਼ਸੋਸ, ਦੁਖਪੀੜ ਦੇ ਮੌਕੇ ਤੇ ਬੋਲਿਆ ਜਾਣ ਵਾਲਾ ਸ਼ਬਦ ।

[उफ़्फ़ूह] अव्य० आश्चर्य, अफ़सोस, दुःख अथवा शोक के समय बोला जाने वाला शब्द ।

افہام—[ਅਫ਼-ਹਾਮ] ਅਰ. ਪੁ. 'ਫ਼ਹਿਮ' ਦਾ ਬਹੁਵਚਨ, ਸਮਝਾਂ ।

[अफ़-हाम] अर० पु० 'फ़ह्म' का बहुवचन, अक़्लें ।

افہام—[ਇਫ਼-ਹਾਮ] ਅਰ. ਪੁ. ਸਮਝਾਉਣ ਦੀ ਕਿਰਿਆ, ਸਮਝਾਉਣ ਬੁਝਾਉਣ, ਜਤਾਉਣ ਦਾ ਭਾਵ ।

[इफ़-हाम] अर० पु० समझने की क्रिया, समझाने बुझाने का भाव, जताने का भाव ।

افیم—[ਅਫ਼ੀਮ] ਇ. ਫ਼ੀਮ, ਪ੍ਰਸਿੱਧ ਨਸ਼ੀਲੀ ਚੀਜ਼ ਜੋ ਪੋਸਤ ਦੇ ਡੋਡਿਆਂ ਨੂੰ ਪੱਛ ਕੇ ਉਨ੍ਹਾਂ ਦੇ ਨਿਕਲੇ ਦੁੱਧ ਤੋਂ ਬਣਦੀ ਹੈ ।

[अफ़ीम] स्त्री० अहिफेन, यह पोस्त के डोडे के दूध से बनती है ।

افیمچی—[ਅਫ਼ੀਮ-ਚੀ] ਪੁ. ਵਿ. ਅਫ਼ੀਮ ਖਾਣ ਦਾ ਆਦੀ, ਫ਼ੀਮੀ ।

[अफ़ीम-ची] पु० वि० अफ़ीम खाने का आदी, अफ़ीमी ।

افیمن —[ਅਫ਼ੀਮਣ] ਇ. ਫ਼ੀਮ ਖਾਣ ਵਾਲੀ ਤੀਵੀਂ ।

[अफ़ीमन] स्त्री० अफ़ीम खाने वाली स्त्री ।

افیمی —[ਅਫ਼ੀਮੀ] ਪੁ. ਵਿ. ਅਫ਼ੀਮਚੀ, ਅਫ਼ੀਮ ਖਾਣ ਦਾ ਆਦੀ, ਫ਼ੀਮੀ ।

[अफ़ीमी] पु० वि० अफ़ीमची, अफ़ीम खाने का आदी ।

افیمی چڑا —[ਅਫ਼ੀਮੀ ਚਿੜਾ] ਪੁ. ਬਹੁਤ ਫ਼ੀਮ ਖਾਣ ਵਾਲਾ ਬੰਦਾ ।

[अफ़ीमी चिड़ा] पु० बहुत अफ़ीम खाने वाला व्यक्ति ।

افیون —[ਅਫ਼-ਯੂਨ] ਅਰ. ਇ. ਅਫ਼ੀਮ, ਫ਼ੀਮ ।

[अफ़-यून] अर० स्त्री० अफ़ीम, अहिफेन ।

افیونچی —[ਅਫ਼-ਯੂਨ-ਚੀ] ਪੁ. ਅਫ਼ੀਮੀ, ਫ਼ੀਮੀ ।

[अफ़-यून-ची] पु० अफ़ीम खाने वाला व्यक्ति, अफ़ीमी ।

افیونی —[ਅਫ਼-ਯੂਨੀ] ਫ਼ਾ. ਪੁ. ਅਫ਼ੀਮ ਖਾਣ ਵਾਲਾ ਬੰਦਾ, ਜੋ ਅਫ਼ੀਮ ਦਾ ਆਦੀ ਹੋਵੇ ।

[अफ़-यूनी] फ़ा० पु० वह व्यक्ति जो अफ़ीम खाने का आदी हो ।

اقادیمہ —[ਅਕ਼ਾਦੀਮਃ] ਯੂਨਾ. ਇ. ਸਾਹਿਤ ਨੂੰ ਉੱਨਤੀ ਦੇਣ ਵਾਲੀ ਸੰਸਥਾ, ਅਕੈਡਮੀ ।

[अक़ादीमः] यूना० स्त्री० साहित्य का विकास करने की संस्था, अकादमी ।

اقارب —[ਅਕ਼ਾਰਿਬ] ਅਰ. ਪੁ. ਸਾਕ, ਸੰਬੰਧੀ ।

[अक़ारिब] अर० पु० सम्बन्धी, रिश्तेदार ।

اقالہ —[ਇਕ਼ਾਲਃ] ਅਰ. ਪੁ. ਕਿਸੇ ਸੌਦੇ ਨੂੰ ਰੱਦ ਕਰਨ ਦਾ ਭਾਵ ਜਾਂ ਕਿਰਿਆ ।

[इक़ालः] अर० पु० किसी सौदे को रद्द करने का भाव या क्रिया ।

اقالیم —[ਅਕ਼ਾਲੀਮ] ਅਰ. ਇ. 'ਅਕ਼ਲੀਮ' ਦਾ ਬਹੁਵਚਨ, ਵਿਲਾਇਤਾਂ, ਦੇਸ਼, ਰਾਜ ।

[अक़ालीम] अर० स्त्री० 'अक़लीम' का बहुवचन, विलायतें, देश, राज्य ।

اقامت —[ਇਕ਼ਾਮਤ] ਅਰ. ਇ. ਟਿਕਾਣਾ, ਕਿਆਮ, ਰਿਹਾਇਸ਼, ਡੇਰਾ ਕਰਨ ਦਾ ਭਾਵ, ਠਹਿਰਾਉ ।

[इक़ामत] अर० स्त्री० स्थित होने का भाव, टिकने का भाव, ठिकाना, ठहराव, टिकाव ।

اقانیم —[ਅਕ਼ਾਨੀਮ] ਅਰ. ਪੁ. 'ਉਕ਼ਨੂਮ' ਦਾ ਬਹੁਵਚਨ, ਨੀਹਾਂ; ਈਸਾਈ ਧਰਮ ਦੇ ਤਿੰਨ ਥੰਮ੍ਹ ; ਪਿਤਾ (ਰੱਬ), ਪੁੱਤਰ (ਈਸਾ) ਤੇ ਪਵਿੱਤਰ ਰੂਹ (ਜਿਬਰੀਲ) ਤਿੰਨਾਂ ਦੇ ਸਮੂਹ ਨੂੰ ਆਖਦੇ ਹਨ ।

[अक़ानीम] अर० पु० 'उक़नूम' का बहुवचन, बुनियादें, नीवें; ईसाई धर्म के तीन स्तम्भ ; पिता (ईश्वर), पुत्र (ईसा) आत्मा (जिबरील) इन त्रिवर्ग को कहते हैं ।

اقانیم ثلاثہ —[ਅਕ਼ਾਨੀਮ ਸਲਾਸਃ] ਅਰ. ਪੁ. ਪਵਿੱਤਰ ਤ੍ਰਿਵਣੀ ।

[अक़ानीम सलासः] अर० पु० पवित्र त्रिवर्ग ।

اقبال —[ਇਕ਼-ਬਾਲ] ਅਰ. ਪੁ. ਇਕਬਾਲ, ਪਰਤਾਪ, ਬਰਕਤ; ਮੰਨਣ ਦਾ ਭਾਵ, ਇਕਰਾਰ ।

[इक़-बाल] अर० पु० ऐश्वर्य, प्रताप, बरकत; अंगीकार करने का भाव, स्वीकृति देना, इकरार करना ।

اقبال دعویٰ —[ਇਕ਼-ਬਾਲੇ ਦਅ-ਵਾ] ਅਰ. ਪੁ. ਵਿਰੋਧੀ ਦੀ ਗੱਲ ਨੂੰ ਸਹੀ ਮੰਨ ਲੈਣ ਦਾ ਭਾਵ ।

[इक़-बाले दअ-वा] अर० पु० विरोधी की बात को सच्ची मान जाने का भाव ।

اقبال مند —[ਇਕ਼-ਬਾਲ-ਮੰਦ] ਵਿ. ਪੁ. ਭਾਗਵਾਨ, ਪ੍ਰਤਾਪਵਾਨ, ਪਰਤਾਪੀ, ਖ਼ੁਸ਼ਨਸੀਬ ।

[इक़-बाल-मंद] वि० पु० भाग्यवान्, प्रतापवान, प्रतापी, भाग्यशाली ।

اقبالی —[ਇਕ਼-ਬਾਲੀ] ਵਿ. ਪੁ. ਇਕਬਾਲ ਕਰਨ ਵਾਲਾ, ਮੰਨ ਲੈਣ ਵਾਲਾ ।

[इक़-बाली] वि० पु० स्वीकार करने वाला, मान लेने वाला ।

اقتباس —[ਇਕ਼-ਤਿਬਾਸ] ਅਰ. ਪੁ. ਚੁਣਨ ਦਾ ਭਾਵ, ਨਕਲ ਕਰ ਲੈਣ ਦਾ ਭਾਵ, ਕਥਨ ਜਾਂ ਲਿਖਤਾਂ ਵਿਚੋਂ ਚੀਣੀ ਚੋਣ, ਟੂਕ ।

[इक़-तिबास] अर० पु० चुनाव करने का भाव, नकल करने का भाव, कथन अथवा लेखों में से किया हुआ चुनाव ।

اقتدا —[ਇਕ਼-ਤਿਦਾ] ਅਰ. ਪੁ. ਪੈਰਵੀ, ਪਿੱਛੇ ਚੱਲਣ ਦਾ ਭਾਵ ।

[इक़-तिदा] अर० पु० पैरवी, अनुयायी होने का भाव ।

اقتدار —[ਇਕ਼-ਤਿਦਾਰ] ਅਰ. ਪੁ. ਅਧਿਕਾਰ, ਅਖ਼ਤਿਆਰ, ਹਕੂਮਤ, ਤਾਕਤ, ਜ਼ੋਰ ।

[इक़-तिदार] अर० पु० अधिकार, राज्य, हुकूमत, ताकत, शक्ति ।

اقتدار جائز —[ਇਕ਼-ਤਿਦਾਰੇ ਜਾਇਜ਼] ਅਰ. ਪੁ. ਅਖ਼ਤਿਆਰ ਜੋ ਕਨੂੰਨਨ ਠੀਕ ਹੋਵੇ, ਜਾਇਜ਼ ਅਧਿਕਾਰ ।

[इक़-तिदारे जाइज़] अर० पु० अधिकार जो विधि अनुसार ठीक हो, उचित अधिकार ।

اقتران —[ਇਕ਼-ਤਿਰਾਨ] ਅਰ. ਪੁ. ਨੇੜੇ ਹੋਣ ਦਾ ਭਾਵ, ਨਜ਼ਦੀਕੀ, ਨੇੜਤਾ, ਕੁਰਬ ।

[इक़-तिराब] अर० पु० नज़दीक होने का भाव, नज़दीकी, सामीप्य ।

اقتصاد—[ਇਕ-ਤਿਸਾਦ] ਅਰ. ਪੁ. ਸੰਜਮ ਜਾਂ ਕੁਫ਼ਾਇਤ ਨਾਲ ਚਲਣ ਦਾ ਭਾਵ, ਅਰਥਨੀਤੀ, ਸੰਜਮ ਵਿਗਿਆਨ ।

[इक़-तिसाद] अर० पु० कमख़र्ची अथवा मितव्ययता से चलने का भाव, अर्थनीति ।

اقتصادی—[ਇਕ-ਤਿਸਾਦੀ] ਅਰ. ਵਿ. ਆਰਥਕ, ਅਰਥਨੀਤੀ ਨਾਲ ਸੰਬੰਧਤ ।

[इक़-तिसादी] अर० वि० आर्थिक, अर्थनीति से सम्बंधित ।

اقتصادیات—[ਇਕ-ਤਿਸਾ-ਦੀ-ਯਾਤ] ਅਰ. ਇ. ਅਰਥ-ਨੀਤੀ, ਉਹ ਵਿਗਿਆਨ ਜਾਂ ਵਿਦਿਆ ਜੋ ਦੇਸ਼ ਦੀ ਪੈਦਾਵਾਰ ਨੂੰ ਚੰਗੀ ਤਰ੍ਹਾਂ ਵਰਤਣ ਜਾਂ ਖਰਚਣ ਦੀ ਜੁਗਤ ਦੱਸੇ, ਅਰਥ ਵਿਗਿਆਨ ।

[इक़-तिसा-दी-यात] अर० स्त्री० अर्थनीति, वह विज्ञान या विद्या जो देश की पैदावार को उपयोग में लाने का ढंग बताए, अर्थ-विज्ञान ।

اقتضا—[ਇਕ-ਤਿਜ਼ਾਅ]—ਅਰ. ਪੁ. ਇੱਛਾ ਕਰਨ ਦਾ ਭਾਵ, ਇੱਛਾ, ਅਭਿਲਾਖਾ, ਮੰਗ, ਮੁਤਾਲਬਾ ।

[इक़-तिज़ाअ] अर० पु० इच्छा करने का भाव, इच्छा, अभिलाषा; मांग, मुतालबा ।

اقدام—[ਅਕ-ਦਾਮ] ਅਰ. ਪੁ. 'ਕ਼ਦਮ' ਦਾ ਬਹੁਵਚਨ ।

[अक़-दाम] अर० पु० 'क़दम' का बहुवचन ।

اقدام خودکشی—[ਇਕ-ਦਾਮੇ ਖ਼ੁਦ-ਕੁਸ਼ੀ] ਫ਼ਾ. ਪੁ. ਆਤਮਘਾਤ ਦਾ ਇਰਾਦਾ ਜਾਂ ਜਤਨ ।

[इक़-दामे ख़ुद-कुशी] फ़ा० पु० आत्मघात का मनसूबा या यत्न ।

اقدام قتل—[ਇਕ-ਦਾਮੇ ਕ਼ਤ-ਲ] ਫ਼ਾ. ਪੁ. ਕਿਸੇ ਨੂੰ ਮਾਰ ਮੁਕਾਣ ਦੀ ਧਾਰਣਾ, ਕਤਲ ਦਾ ਇਰਾਦਾ ।

[इक़-दामे क़त-ल] फ़ा० पु० किसी को मार डालने का निश्चय; हत्या करने का संकल्प ।

اقدام قتل عمد—[ਇਕ-ਦਾਮੇ ਕ਼ਤ-ਲ ਅਮ-ਦ] ਅਰ. ਪੁ. ਜਾਣ ਬੁਝ ਕੇ ਕਤਲ ਕਰਨ ਦਾ ਜਤਨ ।

[इक़-दामे क़त-ल अम-द] अर० पु० जान बूझ कर क़त्ल करने का यत्न ।

اقدس—[ਅਕ-ਦਸ] ਅਰ. ਵਿ. ਬਹੁਤ ਪਵਿੱਤਰ, ਅਤਿ ਪਾਵਨ ।

[अक़-दस] अर० वि० अति पवित्र, अति पावन ।

اقدم—[ਅਕ-ਦਮ] ਅਰ. ਵਿ. ਸਭ ਤੋਂ ਪਹਿਲਾਂ ।

[अक़-दम] अर० वि० सब से पहले ।

اقدمیه—[ਅਕ-ਦਮੀਯ:] ਅੰਗ. ਇ. ਸਾਹਿਤ ਨੂੰ ਉੱਨਤੀ ਦੇਣ ਵਾਲੀ ਸੰਸਥਾ, ਅਕੈਡਮੀ ।

[अक़-दमीय:] अंग० स्त्री० साहित्य का विकास करने वाली संस्था, अकादमी ।

اقرار—[ਇਕ-ਰਾਰ] ਅਰ. ਪੁ. ਇਨਕਾਰ ਦਾ ਉਲਟ, ਕਰਾਰ, ਵਾਹਿਦਾ, ਬਚਨ, ਕੌਲ ਕਰਾਰ ; ਇਕਬਾਲ ।

[इक़-रार] अर० पु० इन्कार का उलट, प्रतिज्ञा, वादा, कोई काम करने की स्वीकृति या वचन, वचन; इक़बाल ।

اقرار صالح—[ਇਕ-ਰਾਰੇ-ਸਾਲਿ-ਹ] ਅਰ. ਪੁ. ਪੱਕਾ ਇਕਰਾਰ, ਹਲਫ਼ੀਆ ਬਿਆਨ ।

[इक़-रारे-सालि-ह] अर० पु० शपथ पूर्वक दिया गया ब्यान; पक्का इक़रार ।

اقرار نامه—[ਇਕ-ਰਾਰ ਨਾਮ:] ਅਰ ਫ਼ਾ. ਪੁ. ਉਹ ਕਾਗ਼ਜ਼ ਜਿਸ ਉੱਤੇ ਆਪਸ ਵਿਚ ਹੋਇਆ ਇਕਰਾਰ ਅਤੇ ਸ਼ਰਤਾਂ ਦਰਜ ਹੁੰਦੀਆਂ ਹਨ, ਮੁਆਹਦੇ ਦਾ ਕਾਗ਼ਜ਼ ।

[इक़-रार नाम:] अर० फ़ा० पु० वह पत्र जिस पर किसी प्रकार का इक़रार और उस की शर्तें लिखी हों, प्रतिज्ञा-पत्र ।

اقراری—[ਇਕ-ਰਾਰੀ] ਅਰ. ਫ਼ਾ. ਵਿ. ਇਕਰਾਰ ਕਰਨ ਵਾਲਾ, ਇਕਬਾਲੀ, ਮੰਨਿਆ ਹੋਇਆ; ਇਕਰਾਰ ਸਬੰਧੀ ।

[इक़-रारी] अर० फ़ा० वि० इक़रार करने वाला, अपना अपराध आदि मान लेने वाला; इक़रार सम्बंधी ।

اقران—[ਅਕ-ਰਾਨ] ਅਰ. ਪੁ. 'ਕ਼ਰਨ' ਦਾ ਬਹੁ ਵਚਨ, ੩੦, ੮੦, ੧੦੦ ਸਾਲ ਦਾ ਸਮਾਂ, ਜ਼ਮਾਨੇ; ਮਿੱਤਰ, ਸਾਥੀ ।

[अक़-रान] अर० पु० 'क़रन' का बहुवचन, ३०, ८०, १०० वर्ष का समय, ज़माने ; मित्र, साथी ।

اقرب—[ਅਕ-ਰਬ] ਅਰ. ਵਿ. ਬਹੁਤ ਨੇੜੇ ।

[अक़-रब] अर० वि० बहुत निकट ।

اقربا—[ਅਕ-ਰਿਬਾ] ਅਰ ਪੁ. 'ਕ਼ਰੀਬ' ਦਾ ਬਹੁਵਚਨ, ਭਾਈ-ਬੰਦ, ਰਿਸ਼ਤੇਦਾਰ, ਕਰੀਬੀ, ਨਜ਼ਦੀਕੀ, ਆਪਣੇ ।

[अक़-रिबा] अर० पु० 'क़रीब' का बहुवचन, रिश्तेदार, सम्बंधी ।

اقساط [ਅਕ-ਸਾਤ]ਅਰ.ਇ. 'ਕ਼ਿਸਤ' ਦਾ ਬਹੁਵਚਨ, ਕਿਸ਼ਤਾਂ ।

[अक़-सात] अर० स्त्री 'क़िस्त' का बहुवचन, किस्तें ।

اقسام [ਅਕ-ਸਾਮ] ਅਰ. ਪੁ. ਇ. 'ਕ਼ਿਸਮ' ਦਾ ਬਹੁਵਚਨ, ਕਿਸਮਾਂ ।

[अक़-साम] अर० पु० 'क़िस्म' का बहुवचन, किस्में ।

اقصیٰ—[ਅ਼ਕ-ਸਾ] ਅਰ. ਵਿ. ਪੁ. 'ਅਦਨਾ' ਦਾ ਵਿਪਰੀਤ ਅਰਥ; ਦੂਰ ਦਾ; ਬਹੁਤ ਦੂਰ ਦਾ ਇਲਾਕਾ ਜਾਂ ਥਾਂ ।

[अ़क-सा] अर॰ वि॰ पु॰ 'अदना' का विपरीतार्थ; दूर का ; बहुत दूर का इलाक़ा या स्थान ।

اقطار—[ਅ਼ਕ-ਤ਼ਾਰ] ਅਰ. ਪੁ. 'ਕ਼ੁਤਰ' ਦਾ ਬਹੁਵਚਨ, ਉਹ ਸਿੱਧੀਆਂ ਲਕੀਰਾਂ ਜੋ ਕੇਂਦਰ ਤੋਂ ਲੰਘਦੀਆਂ ਅਤੇ ਚੱਕਰ ਨੂੰ ਦੋ ਬਰਾਬਰ ਹਿੱਸਿਆਂ ਵਿਚ ਵੰਡਦੀਆਂ ਹਨ ।

[अ़क-तार] अर॰ पु॰ 'क़ुतर' का बहुवचन, वे सीधी रेखाएं जो केन्द्र में से गुज़रती हैं और चक्र को दो बराबर हिस्सों में बांटती हैं ।

اقطاع—[ਅ਼ਕ-ਤ਼ਾਅ਼] ਅਰ. ਪੁ. ਰਾਜ ਵੱਲੋਂ ਮਿਲੀ ਹੋਈ ਜ਼ਮੀਨ ਜਾਂ ਇਲਾਕਾ, ਜਗੀਰਾਂ, ਜ਼ਮੀਨ ਦੇ ਟੁਕੜੇ ।

[अ़क-ता़अ़] अर॰ पु॰ राज्य की ओर से मिली हुई भूमि या प्रदेश, जागीरें, भूमि के टुकड़े ।

اقل—[ਅ਼ਕੱਲ] ਅਰ. ਵਿ. ਬਹੁਤ ਥੋੜ੍ਹਾ, ਤੁੱਛ, ਲਘੂਤਮ, ਬਹੁਤ ਘਟ ।

[अ़कल्ल] अर॰ वि॰ बहुत थोड़ा, तुच्छ, लघुतम, बहुत कम ।

اقلیت—[ਅ਼ਕਲੀਯਤ] ਅਰ. ਇ. ਕਮੀ, ਥੋੜ [illegible] ; ਘਟ ਗਿਣਤੀ ਵਾਲੀ ਕੌਮ ।

[अ़कलीयत] अर॰ स्त्री॰ कमी ; अल्पमत, अल्प संख्यक जाति ।

اقلیدس—[ਉਕ਼-ਲੀ-ਦਸ] ਯੂਨ. ਪੁ. ਕੁੰਜੀ, ਹਿਸਾਬ ਦੀ ਕੁੰਜੀ; ਮਿਸਰ ਦਾ ਇਕ ਪ੍ਰਸਿੱਧ-ਹਿਸਾਬਦਾਨ ਜਿਸ ਦੇ ਨਾਂ ਤੇ ਉਸ ਦੀ ਲਿਖੀ ਜੁਮੈਟਰੀ ਦੀ ਕਿਤਾਬ 'ਉਕ਼ਲੀਦਸ' ਮਸ਼ਹੂਰ ਹੋਈ ।

[उ़क-ली-दस] यू॰ पु॰ कुन्जी, हिसाब की कुन्जी ; मिस्र का प्रसिद्ध गणितज्ञ जिस के नाम पर उस की रेखागणित की पुस्तक 'उक़लीदस' प्रसिद्ध हुई ।

اقلیم—[ਇਕ਼-ਲੀਮ] ਅਰ. ਇ. ਵਲਾਇਤ, ਮੁਲਕ, ਦੇਸ, ਰਾਜ, ਸਲਤਨਤ; ਖੰਡ, Clime ।

[इ़क-लीम] अर॰ स्त्री॰ विलायत, मुल्क, देश, राज्य, सल्तनत; खण्ड, Clime ।

اقمار—[ਅ਼ਕ-ਮਾਰ] ਅਰ. ਪੁ. 'ਕ਼ਮਰ' ਦਾ ਬਹੁਵਚਨ, ਬਹੁਤ ਸਾਰੇ ਚੰਨ; ਬਹੁਤ ਸਾਰੇ ਪ੍ਰੀਤਮ ਜਾਂ ਮਸ਼ੂਕ ।

[अ़क-मार] अर॰ पु॰ 'क़मर' का बहुवचन, बहुत से चाँद; बहुत से प्रियतम या माशूक़ ।

اقمر—[ਅ਼ਕ-ਮਰ] ਅਰ. ਵਿ. ਬਹੁਤ ਜ਼ਿਆਦਾ ਸਫ਼ੈਦ ।

[अ़क-मर] अर॰ वि॰ बहुत ज़्यादा सफ़ेद ।

اقمشہ—[ਅ਼ਕ-ਮਿਸ਼ਹ] ਅਰ. ਪੁ. 'ਕ਼ੁਮਾਸ਼' ਦਾ ਬਹੁਵਚਨ, ਪੂੰਜੀਆਂ, ਫਲ, ਰਾਸਾਂ; ਪਸ਼ਮੀਨੇ ਦੇ ਕਪੜੇ ।

[अ़क-मिश़ह] अर॰ पु॰ 'क़ुमाश़' का बहुवचन, पूँजियाँ, फल राशियाँ, पशमीने के कपड़े ।

اقنوم—[ਉਕ਼-ਨੂਮ] ਅਰ. ਪੁ. ਹਰ ਚੀਜ਼ ਦੀ ਅਸਲ ਬੁਨਿਆਦ ; ਮਸੀਹੀ ਧਰਮ ਵਿਚ ਖ਼ੁਦਾ ਦਾ ਅੰਸ਼ ਅਰਥਾਤ ਬਾਪ, ਬੇਟਾ ਅਤੇ ਪਵਿੱਤਰ ਆਤਮਾ (ਜਬਰਾਈਲ), ਤਿੰਨਾਂ ਵਿਚੋਂ ਹਰ ਇੱਕ ।

[उ़क-नूम] अर॰ पु॰ हर चीज़ की असल बुनियाद ; ईसाई धर्म में ख़ुदा का अंश अर्थात् पिता, पुत्र तथा पवित्रात्मा (जबराईल), तीनों में से हर एक ।

اقواء—[ਇਕ਼-ਵਾਅ਼] ਅਰ. ਪੁ. ਕਾਫ਼ੀਏ ਦਾ ਇਕ ਦੋਸ਼ ਜਿਸ ਵਿਚ ਹਰਕਤ (ਜ਼ਬਰ, ਜ਼ੇਰ, ਪੇਸ਼) ਦੀ ਸਮਾਨਤਾ ਦਾ ਧਿਆਨ ਨਾ ਰੱਖਿਆ ਜਾਵੇ ਜਿਵੇਂ :—ਗੁਲ ਦਾ ਕਾਫ਼ੀਆ ਦਿਲ ਨਾਲ ਤੇ ਬੁਲਬੁਲ ਦਾ ਕਾਫ਼ੀਆ ਖਿਲਖਿਲ ਨਾਲ ।

[इ़क-वाअ़] अर॰ पु॰ क़ाफ़िए का एक दोष जिस में हरकत (ज़बर, ज़ेर, पेश) की समानता का ध्यान न रखा जाय जैसे :—गुल का क़ाफ़िया दिल के साथ और बुलबुल का क़ाफ़िया खिलखिल के साथ ।

اقوال—[ਅ਼ਕ-ਵਾਲ] ਅਰ. ਪੁ. 'ਕ਼ੌਲ' ਦਾ ਬਹੁਵਚਨ, ਬਚਨ, ਮਕੂਲੇ, ਨਸੀਹਤਾਂ, ਉਪਦੇਸ਼ ।

[अ़क-वाल] अर॰ पु॰ 'क़ौल' का बहुवचन, वचन, कथन, प्रवचन, उपदेश ।

اقوام—[ਅ਼ਕ-ਵਾਮ] ਅਰ. ਪੁ. 'ਕ਼ੌਮ' ਦਾ ਬਹੁਵਚਨ, ਕੌਮਾਂ, ਫ਼ਿਰਕੇ, ਜਾਤਾਂ ।

[अ़क-वाम] अर॰ पु॰ 'क़ौम' का बहुवचन, जातियां, फ़िरक़े, क़ौमें ।

اِک—[ਇਕ] ਵਿ. ਇਕ, 'ਏਕ' ਦਾ ਸੰਖੇਪ ।

[इक] वि॰ एक, 'एक' का संक्षेप ।

اِک پیچا—[ਇਕ-ਪੇਚਾ] ਇ. ਪੁ. ਇਕ ਕਿਸਮ ਦੀ ਪੱਗ ; ਸਿਰਫ਼ ਇਕ ਪੇਚ ਦੀ ਨਲੀ ਵਾਲਾ ਹੁੱਕਾ ।

[इक-पेचा] स्त्री॰ पु॰ एक प्रकार की पगड़ी ; केवल एक पेच की नली का हुक्का ।

اِک جا—[ਇਕ-ਜਾ] ਕ੍ਰਿ. ਵਿ. ਇਕ ਜਗ੍ਹਾ, ਇਕ ਥਾਂ, ਇੱਕਠੇ ।

[इक-जा] क्रि॰ वि॰ एक जगह, एक स्थान पर, इकट्ठे ।

اک چت—[ਇਕ-ਚਿਤ] ਕ੍ਰਿ. ਵਿ. ਇਕ ਚਿਤ ਨਾਲ, ਧਿਆਨ ਨਾਲ ।

[इक-चित] क्रि॰ वि॰ एक मन से, ध्यान से ।

اِک درا—[ਇਕ-ਦਰਾ] ਵਿ. ਇਕ ਦਰ ਵਾਲਾ (ਪੁਲ ਜਾਂ ਬੂਹਾ) ।

[इक-दरा] वि॰ एक दर वाला (पुल या दरवाज़ा) ।

اک ڈال—[ਇਕ-ਡਾਲ] ਵਿ. ਪੁ. ਇਕੋ ਲੋਹਾ; ਉਹ ਛੁਰੀ, ਕਟਾਰ ਆਦਿ ਜਿਸ ਦਾ ਫਲ ਤੇ ਦਸਤਾ ਇੱਕੋ ਲੋਹੇ ਦੇ ਟੁਕੜੇ ਦਾ ਹੋਵੇ, ਜੋੜ-ਰਹਿਤ ਛੁਰੀ ਆਦਿ।

[इक-डाल] वि० पु० एक तरह की वह छुरी अथवा कटार जिस का दस्ता और फल एक ही लोहे के टुकड़े का बना हुआ हो, जोड़ रहित छुरी आदि।

اک رخی—[ਇਕ-ਰੁਖ਼ੀ] ਕ੍ਰਿ. ਵਿ. ਦੁਬਧਾ ਵਿਚ ਨਾ ਹੋਣ ਦਾ ਭਾਵ; ਤਰਫ਼ਦਾਰੀ ਵਾਲੀ।

[इक-रुख़ी] स्त्री० वि० दुविधा में न पड़ने का भाव; एक ओर की।

اکا—[ਇੱਕਾ] ਪੁ. ਵਿ. ਯੱਕਾ; ਬਾਂਹ ਤੇ ਬੰਨ੍ਹਣ ਵਾਲਾ ਤਵੀਤ; ਧਰਤੀ ਤੇ ਰਖ ਕੇ ਜਲਾਇਆ ਜਾਣ ਵਾਲਾ ਇਕ ਬੱਤੀਆ ਸ਼ਮਾਦਾਨ; ਤਾਸ਼ ਦਾ ਯੱਕਾ; ਪਹਿਰਾ-ਚੌਕੀ ਤੇ ਡਿਊਟੀਆਂ ਲਾਉਣ ਵਾਲਾ ਸ਼ਾਹੀ ਰਸਾਲੇ ਦਾ ਅਫ਼ਸਰ; ਰਿਆਸਤਾਂ ਦੇ ਖ਼ਾਨਦਾਨੀ ਰਈਸਜ਼ਾਦੇ ਜੋ ਘਰ ਬੈਠੇ ਤਨਖ਼ਾਹ ਲੈਂਦੇ ਹਨ; ਇੱਕਲਾ; ਬੇਨਜ਼ੀਰ, ਅਦੁੱਤੀ।

[इक्का] पु० वि० एक प्रकार की घोड़े से चलने वाली दुपहिया गाड़ी; बाज़ू पर बांधने का तावीज़; ज़मीन पर रख कर जलाया जाने वाला एक बत्ती वाला शमादान; ताश का एक निशान का पत्ता; पहरा-चौकी पर ड्यूटी लगाने वाला शाही फ़ौज का अफ़सर; राज्यों के राजवंशज जो घर बैठे वेतन लेते हैं; अकेला; बेनज़ीर, अद्वितीय, अनुपम।

اکابر—[ਅਕਾਬਿਰ] ਅਰ. ਪੁ. 'ਅਕਬਰ' ਦਾ ਬਹੁ ਵਚਨ, ਵੱਡੇ ਵਡੇਰੇ, ਬਜ਼ੁਰਗ ਲੋਕ।

[अकाबिर] अर० पु० 'अकबर' का बहुवचन, महान पुरुष, बुज़ुर्ग लोग।

اکادشی—[ਅਕਾਦਸ਼ੀ] ਇ. ਚੰਦ ਦੇ ਮਹੀਨੇ ਦੀ ਗਿਆਰ੍ਹਵੀਂ ਥਿਤ, ਇਕਾਦਸ਼ੀ।

[अकादशी] स्त्री० प्रत्येक पक्ष की ग्यारहवीं तिथि, एकादशी।

اکا دکا—[ਇੱਕਾ ਦੁੱਕਾ] ਵਿ. ਪੁ. ਇੱਕ ਦੋ, ਇੱਕਲਾ-ਦੁਕੱਲਾ ਆਦਮੀ, ਕੋਈ ਕੋਈ, ਵਿਰਲਾ।

[इक्का दुक्का] वि० पु० अकेला दुकेला, कोई कोई, विरला।

اکاذیب—[ਅਕਾਜ਼ੀਬ] ਅਰ. ਇ. ਝੂਠੀਆਂ ਗੱਲਾਂ।

[अकाज़ीब] अर० स्त्री० झूठी बातें।

اکارت—[ਅਕਾਰਥ] ਕ੍ਰਿ. ਵਿ. ਅਕਾਰਥ, ਬੇਫ਼ਾਇਦਾ, ਫ਼ਜ਼ੂਲ, ਬੇਅਰਥ, ਬੇਕਾਰ; ਬਰਬਾਦ।

[अकारत] क्रि० वि० अकारथ, बेफ़ायदा, व्यर्थ, फ़ज़ूल, बेकार; बरबाद।

اکاس—[ਅਕਾਸ਼] ਪੁ॰ ਆਕਾਸ਼, ਅਸਮਾਨ।

[अकास] पु० आकाश, आसमान।

اکاسی—[ਇਕਾਸੀ] ਵਿ. ਅੱਸੀ+ਇਕ, ੮੧।

[इकासी] वि० अस्सी ऊपर एक, ८१।

اکال—[ਅਕਾਲ] ਪੁ. ਵਿ. ਕਾਲ, ਕਹਿਤ; ਅਮਰ, ਜਿਸ ਨੂੰ ਕਾਲ ਨਾ ਪਵੇ, ਜਿਸ ਦਾ ਅੰਤ ਨਾ ਹੋਵੇ।

[अकाल] पु० वि० अकाल, दुर्भिक्ष; अमर, जिस का अन्त न हो, जिसे मृत्यु न आए।

اکانوے—[ਇਕਾਨਵੇਂ] ਵਿ. ਨੱਬੇ+ਇਕ, ੯੧।

[इकानवे] वि० नव्वे और एक, ९१।

اکاون—[ਇਕਾਵਨ] ਵਿ. ਇਕਵੰਜਾ, ੫੧।

[इकावन] वि० पचास और एक, ५१।

اکائی—[ਇਕਾਈ] ਇ. ਗਿਣਤੀ ਦਾ ਪਹਿਲਾ ਦਰਜਾ; ਗਣਿਤ ਵਿਚ ੧ ਤੋਂ ੯ ਤਕ ਦੇ ਅੰਕ ਇਕਾਈ ਦਰਜੇ ਦੇ ਗਿਣੇ ਜਾਂਦੇ ਹਨ, ਇਕਾਈ, ਯੂਨਿਟ।

[इकाई] स्त्री० अंकों की गिनती में पहला अंक या उस का स्थान; गणित में १ से ९ तक के अंक इकाई दर्जे के शुमार होते हैं, इकाई, यूनिट।

اکبار - اکباری—[ਇਕ-ਬਾਰ, ਇਕ-ਬਾਰਗੀ] ਕ੍ਰਿ. ਵਿ. ਇਕ ਵਾਰ, ਇੱਕੋ ਵਾਰ, ਇਕ ਦਮ।

[इक-बार, इक-बारगी] क्रि० वि० एक बार, एक ही बार, एक दम।

اکبر—[ਅਕ-ਬਰ] ਅਰ. ਵਿ. ਪੁ. ਬਹੁਤ ਵੱਡਾ; ਹਿੰਦੁਸਤਾਨ ਵਿਚ ਮੁਗ਼ਲ ਸਲਤਨਤ ਦੇ ਤੀਜੇ ਬਾਦਸ਼ਾਹ ਦੀ ਉਪਾਧੀ, ਜਿਸ ਦਾ ਪੂਰਾ ਨਾਂ ਜਲਾਲੁੱਦੀਨ ਸੀ।

[अक-बर] अर० वि० पु० बहुत बड़ा; भारत में मुग़ल राज्य का तीसरा बादशाह जो हुमायूं का पुत्र था। उस का पूरा नाम जलालुद्दीन था।

اکبری نورتن—[ਅਕ-ਬਰੀ ਨੌ-ਰਤਨ] ਪੁ. ਅਕਬਰ ਦੇ ਨੌ ਸਿਆਣੇ ਵਜ਼ੀਰ—੧. ਮਿਰਜ਼ਾ ਅਬਦੁੱਲ ਰਹੀਮ ਖ਼ਾਨਖ਼ਾਨਾ, ੨. ਖ਼ਾਨੇ ਆਜ਼ਮ ਮਿਰਜ਼ਾ ਅਜ਼ੀਜ਼ ਕੋਕਲਤਾਸ਼ ਹਫ਼ਤਹਜ਼ਾਰੀ, ੩. ਅਬੁਲਫ਼ਤਿਹ ਗੀਲਾਨੀ, ੪. ਅੱਲਾਮਾ ਅਬੁਲਫ਼ੈਜ਼ ਫ਼ੈਜ਼ੀ, ੫. ਅਬੁਲਫ਼ਜ਼ਲ, ੬. ਹਕੀਮ ਹਮਾਮ, ੭. ਰਾਜਾ ਟੋਡਰਮਲ, ੮. ਰਾਜਾ ਬੀਰਬਲ, ੯. ਰਾਜਾ ਮਾਨ ਸਿੰਘ ਪੰਜ ਹਜ਼ਾਰੀ।

[अक-बरी नौ-रतन] पु० अकबर के नौ बुद्धिमान मंत्री—१. मिर्ज़ा अब्दुल रहीम ख़ानख़ाना, २. ख़ाने आज़म मिर्ज़ा अज़ीज़ कोकलताश हफ़्तहज़ारी, ३. अबुलफ़तह गीलानी, ४. अल्लामा अबुल फ़ैज़ फ़ैज़ी, ५. अबुल फ़ज़ल, ६. हकीम हमाम, ७. राजा टोडरमल, ८. राजा बीरबल, ९. राजा मान सिंह पंज हज़ारी।

اکتارا—[ਇਕ-ਤਾਰਾ] ਪੁ. ਡੋਰੀਏ ਵਰਗਾ ਇਕ ਬਹੁਤ ਹੀ ਬਰੀਕ ਕਪੜਾ; ਇਕੱਲੀ ਤਾਰ ਵਾਲਾ ਸਾਜ਼; ਇਕ ਤਾਰ ਦਾ ਡੋਰਾ ।

[इक-तारा] पु० डोरीए जैसा एक बहुत ही बारीक कपड़ा; एक ही तारा वाला एक साज़; एक तार का डोरा ।

اکتالا—[ਇਕ-ਤਾਲਾ] ਪੁ. ਤਬਲੇ ਦੀ ਇਕ ਗਤ ਦਾ ਨਾਂ ।

[इक-ताला] पु० तबले की एक गत का नाम ।

اکتالیس—[ਇਕ-ਤਾਲੀਸ] ਵਿ. ਇਕਤਾਲੀ, ੪੧ ।

[इक-तालीस] वि० चालीस और एक, ४१ ।

اکتساب—[ਇਕ-ਤਿਸਾਬ] ਅਰ. ਪੁ. ਕਮਾਈ, ਜਤਨ ਜਾਂ ਮਿਹਨਤ ਕਰਕੇ ਪੈਦਾ ਕਰਨ ਦਾ ਭਾਵ, ਹੁਨਰ ਜਾਂ ਪੇਸ਼ੇ ਦੁਆਰਾ ਕਮਾਉਣ ਦਾ ਭਾਵ ।

[इक-तिसाब] अर० पु० कमाई, यत्न अथवा परिश्रम के कारण पैदा करने का भाव, कला अथवा व्यवसाय से कमाने का भाव ।

اکتشاف—[ਇਕ-ਤਿਸ਼ਾਫ਼] ਅਰ. ਪੁ. ਖੋਲ੍ਹਣ ਦਾ ਭਾਵ, ਪਰਗਟ ਕਰਨ ਦਾ ਭਾਵ ।

[इक-तिशाफ़] अर० पु० खोलने का भाव, प्रगट करने का भाव ।

اکتفا—[ਇਕ-ਤਿਫ਼ਾ] ਅਰ. ਪੁ. ਵਿ. ਕਾਫ਼ੀ ਸਮਝਣ ਦਾ ਭਾਵ; ਕਫ਼ਾਇਤ; ਸੰਤੋਖ ।

[इक-तिफ़ा] अर० पु० स्त्री० काफ़ी समझने का भाव, किफ़ायत; संतोष ।

اکتیس—[ਇਕੱ-ਤੀਸ] ਵਿ. ਇਕੱਤੀ, ੩੧ ।

[इक-तीस] वि० तीस और एक, ३१ ।

اکٹ—[ਅ-ਕਟ] ਵਿ. ਨਾ ਕੱਟੇ ਜਾਣ ਜੋਗ, ਮਜ਼ਬੂਤ ਤੇ ਸਖ਼ਤ ਚੀਜ਼ ਜੋ ਕਟਿਆਂ ਕੱਟੀ ਨਾ ਜਾਏ ਤੇ ਤੋੜਿਆਂ ਟੁੱਟੇ ਨਾ ; ਜੋ ਰੱਦ ਨਾ ਹੋ ਸਕੇ (ਦਲੀਲ) ।

[अ-कट] वि० जो काटा न जा सके, कठोर वस्तु जिसे काटा न जा सके ; वह दलील जो रद्द न की जा सके ।

اکٹھا—[ਇਕੱਠਾ] ਵਿ. ਕ੍ਰਿ. ਵਿ. ਇਕ ਥਾਂ ਜੁੜਿਆ ਜਾਂ ਜੋੜਿਆ ਗਿਆ, ਇਕੱਤਰ, ਜਮ੍ਹਾਂ; ਇੱਕੋ ਥਾਂ, ਇਕ ਥਾਂ ਹੀ ।

[इकट्ठा] वि० क्रि० वि० एक स्थान पर जुड़ा हुआ या जोड़ा हुआ, एकत्र, जमा; एक ही स्थान पर ।

اکثر—[ਅਕ-ਸਰ] ਅਰ. ਵਿ. ਕ੍ਰਿ. ਵਿ. ਬਾਹਲਾ, ਬਹੁਤਾ, ਬਾਹਲੇ, ਬਹੁਤੇ; ਬਹੁਤੀ ਵਾਰ, ਆਮ ਕਰਕੇ ।

[अक-सर] अर० वि० क्रि० वि० बहुधा, अधिकतर; अधिकतर, विशेषतः, मुख्यतः ।

اکثریت—[ਅਕ-ਸਰੀ-ਯਤ] ਅਰ. ਇ. ਬਹੁ ਗਿਣਤੀ; ਬਹੁਲਤਾ, ਬਹੁਤ ਗਿਣਤੀ ਹੋਣ ਦਾ ਭਾਵ; ਉਹ ਫ਼ਿਰਕਾ ਜਾਂ ਕੌਮ ਜੋ ਗਿਣਤੀ ਵਿਚ ਬਾਹਲੀ ਹੋਵੇ ।

[अक-सरी-यत] अर० स्त्री० बहुसंख्या, बाहुल्य, अधिक संख्या में होने का भाव; बहु संख्यक जाति ।

اکرا—[ਅਕ-ਰਾ] ਪੁ. ਇਕ ਘਟੀਆ ਕਿਸਮ ਦਾ ਅਨਾਜ ਜੋ ਜਾਨਵਰਾਂ ਨੂੰ ਖਵਾਇਆ ਜਾਂਦਾ ਹੈ ।

[अक-रा] पु० एक घटिया किस्म का अनाज जिसे जानवरों को डालते हैं ।

اکرام—[ਇਕ-ਰਾਮ] ਅਰ. ਪੁ. ਕਿਰਪਾ ਕਰਨ ਦਾ ਭਾਵ, ਬਖ਼ਸ਼ੀਸ਼, ਦਾਤਵਰਤਾਈ, ਇੱਜ਼ਤ, ਸਤਿਕਾਰ, ਸਨਮਾਨ, ਬਜ਼ੁਰਗੀ ।

[इक-राम] अर० पु० कृपा करने का भाव, उपहार, भेंट, स्वागत, सत्कार, सम्मान, बुज़ुर्गी ।

اکراہ—[ਇਕ-ਰਾਹ] ਅਰ. ਪੁ. ਨਫ਼ਰਤ, ਘਿਰਣਾ, ਗਿਲਾਨੀ; ਜ਼ਬਰਦਸਤੀ, ਜਬਰ ।

[इक-राह] अर० पु० घृणा, नफ़रत, ग्लानि; ज़बरदस्ती, बलात्कार ।

اکرکرا—[ਅਕਰ-ਕਰਾ] ਪੁ. ਇਕ ਦਵਾਈ, ਇਕ ਬੂਟੀ ਦੀ ਜੜ੍ਹ ।

[अकर-करा] पु० एक औषधि, एक औषध की जड़ ।

اکڑ—[ਅਕੜ] ਵਿ. ਆਕੜ, ਹੈਂਕੜ, ਤੈਂਘੜ, ਮਜਾਜ ।

[अकड़] स्त्री० ऐंठ, तनाव, गर्व, घमंड ।

اکڑ باز—[ਅਕੜ-ਬਾਜ਼] ਵਿ. ਪੁ. ਆਕੜਬਾਜ਼, ਆਕੜਖ਼ਾਂ ।

[अकड़-बाज़] वि० पु० अकड़ रखने वाला, अकड़बाज़ ।

اکڑفوں—[ਅਕੜ-ਫੂੰ] ਵਿ. ਪੁ. ਆਕੜਬਾਜ਼; ਆਕੜਬਾਜ਼ੀ ।

[अकड़-फूं] वि० पु० अकड़बाज़; अकड़बाज़ी ।

اکڑنا—[ਅਕੜ-ਨਾ] ਕ੍ਰਿ. ਅਕ. ਆਕੜਨਾ, ਤਣਨਾ, ਸੀਨਾ ਉਭਾਰਨਾ, ਘਮੰਡ ਕਰਨਾ ।

[अकड़-ना] क्रि० अक० ऐंठना, तनना, इतराना, अभिमान या घमंड करना ।

اکڑوں - اکڑو—[ਉਕੜੂ, ਉਕੜੂੰ] ਕ੍ਰਿ. ਵਿ. ਪੱਬਾਂ ਭਾਰ ।

[उकड़ू, उकड़ूं] क्रि० वि० तलवों के बल बैठने की मुद्रा में ।

اک سار—[ਇਕ-ਸਾਰ] ਕ੍ਰਿ. ਵਿ. ਇਕਸਾਰ, ਪੱਧਰਾ, ਇਕ ਸਮ, ਇੱਕੋ ਢੰਗ ਦਾ, ਇਕ ਤਰ੍ਹਾਂ ਦਾ, ਬਰਾਬਰ ।

[इक-सार] क्रि० वि० समान, सम, बराबर, एक ढंग का, एक तरह का ।

اکسانا—[ਉਕ-ਸਾਨਾ] ਕ੍ਰਿ. ਸਕ. ਉੱਪਰ ਨੂੰ ਚੁੱਕਣਾ, ਉਭਾਰਨਾ; ਭੜਕਾਉਣਾ; ਚਮਕਾਉਣਾ; ਰੋਸ਼ਨੀ ਤੇਜ਼ ਕਰਨਾ, ਸੀਖਣਾ (ਦੀਵਾ) ।

[उक-साना] क्रि० सक० ऊपर उठाना, उभारना, उत्तेजित करना; सिर चढ़ाना ; सिरा बढ़ाना या सिरकाटना (दीपक की बत्ती का) ।

اکسٹھ—[ਇਕ-ਸਠ] ਵਿ. ਇਕਾਹਠ, ੬੧ ।
[इक-सठ] वि० साठ और एक, ६१ ।

اکسنا—[ਉਕਸ-ਣਾ] ਕ੍ਰਿ. ਅਕ. ਉੱਭਰਨਾ, ਸਿਰ ਕੱਢਣਾ, ਨਿਕਲਣਾ ।
[उकस-ना] क्रि० अक० उभरना, ऊपर उठना, निकलना ।

اکسیر—[ਇਕ-ਸੀਰ] ਅਰ. ਇ. ਜਿਹੜੀ ਚੀਜ਼ ਕਿਸੇ ਧਾਤ ਨੂੰ ਸੋਨਾ ਜਾਂ ਚਾਂਦੀ ਬਣਾ ਦੇਵੇ, ਅਕਸੀਰ, ਕੀਮੀਆ; ਤੁਰਤ ਆਰਾਮ ਦੇਣ ਵਾਲੀ ਦਵਾਈ ।
[इक-सीर] अर० स्त्री० वह रस या धातु जो किसी धातु को सोना या चाँदी बना दे, रसायन, कीमिया; तुरन्त आराम देने वाली दवा ।

اکسیر گر—[ਇਕ-ਸੀਰ-ਗਰ] ਅਰ. ਪੁ. ਕੀਮੀਆਗਰ, ਕੀਮੀਆ ਬਣਾਉਣ ਵਾਲਾ, ਰਸੈਣੀਆ ।
[इक-सीर-गर] अर० पु० कीमियागर, रसायन बनाने वाला, रसायन-वेत्ता ।

اکفار—[ਇਕ-ਫ਼ਾਰ] ਅਰ. ਪੁ. ਕਾਫ਼ੀਏ ਦੇ ਐਬਾਂ ਵਿੱਚੋਂ ਇਕ ਐਬ ਜਿਸ ਅਨੁਸਾਰ ਰਵੀ ਜਾਂ ਕੈਦ ਦੇ ਹਰਫ਼ ਅੱਡਰੇ ਹੋਣ, ਜਿਵੇਂ—ਕਹਿਰ ਤੇ ਸ਼ਹਿਰ ਦਾ ਕਾਫ਼ੀਆ । ਇਹ ਅੱਡਰੇ ਹਰਫ਼ ਇਕੋ ਉੱਚਾਰਣ ਅਸਥਾਨ ਜਾਂ ਨੇੜੇ ਦੇ ਉਚਾਰਣ ਅਸਥਾਨ ਦੇ ਹੁੰਦੇ ਹਨ ।
[इक-फ़ार] अर० पु० क़ाफ़िए के दोषों में से एक दोष जिस के अनुसार रवी या क़ैद के वर्ण पृथक् हों जैसे—क़हर तथा शहर का क़ाफ़िया । ये पृथक वर्ण एक ही उच्चारण स्थान या निकटीय उच्चारण स्थान के होते हैं ।

اک گونہ—[ਇਕ-ਗੂਨਹ:] ਵਿ. ਇਕ ਤਰ੍ਹਾਂ ਦਾ; ਕਿਸੇ ਦਰਜੇ, ਥੋੜ੍ਹਾ ਜਿਹਾ ।
[इक-गूनः] वि० एक प्रकार का; किसी मात्रा में, थोड़ा सा ।

اکل—[ਅਕਲ] ਵਿ. ਇਕ, ਕੱਲਾ ।
[अकल] वि० एक, अकेला ।

اکل—[ਅਕ-ਲ] ਅਰ. ਪੁ. ਖਾਣਾ, ਖ਼ੁਰਾਕ, ਗਿਜ਼ਾ ।
[अक-ल] अर० पु० खाना, आहार, ख़ुराक ।

اکلانا—[ਉਕ-ਲਾਣਾ] ਕ੍ਰਿ. ਅਕ. ਉਕਤਾਉਣਾ, ਬੇਚੈਨ ਹੋਣਾ, ਘਬਰਾਉਣਾ, ਜੀ ਕਾਹਲਾ ਪੈਣਾ, ਤੰਗ ਆਉਣਾ; ਜੀ ਕੱਚਾ ਹੋਣਾ, ਉਬਾਕਣਾ ।
[उक-लाना] क्रि० अक० उकताना, अशान्त होना, व्याकुल होना, घबराना, तंग आना, दिल उतावला होना; जी कच्चा होना, कै करने की स्थिति में होना ।

اکلوتا—[ਇਕ-ਲੌਤਾ] ਵਿ. ਪੁ. ਇਕਲੌਤਾ, ਕੱਲਾ ਪੁੱਤਰ, ਇਕ ਹੀ ਪੁੱਤਰ ।
[इक-लौता] वि० पु० इकलौता, एक ही पुत्र, अकेला पुत्र ।

اکل و شرب—[ਅਕ-ਲੋ ਸ਼ੁਰ-ਬ] ਅਰ. ਪੁ. ਖਾਣਾ ਪੀਣਾ, ਦਾਣਾ ਪਾਣੀ, ਖਾਣ ਪੀਣ, ਖਾਣ ਪੀਣ ਦੀਆਂ ਚੀਜ਼ਾਂ ।
[अक-लो शुर-ब] अर० पु० खाना पीना, दाना पानी, खाद्य सामग्री, खाने पीने की वस्तुएँ ।

اکلیل—[ਇਕ-ਲੀਲ] ਅਰ. ਪੁ. ਟੋਪੀ, ਕੁੱਲਾ, ਤਾਜ ।
[इक-लील] अर० पु० टोपी, कुल्ला, ताज ।

اکلیل الملک—[ਇਕ-ਲੀ-ਲੁਲ-ਮਲਿਕ] ਅਰ. ਪੁ. ਇਕ ਬੂਟੀ, ਬਹੁਫਲੀ ।
[इक-ली-लुल-मलिक] अर० पु० एक बूटी, बहुफली ।

اکمل—[ਅਕ-ਮਲ] ਅਰ. ਵਿ. ਅਤੀ ਪੂਰਨ, ਆਪਣੇ ਹੁਨਰ ਵਿਚ ਤਾਕ, ਆਪਣੇ ਹੁਨਰ ਦਾ ਉਸਤਾਦ ।
[अक-मल] अर० वि० अति पूर्ण, निपुण, अपने हुनर का उस्ताद ।

اک منزلہ—[ਇਕ-ਮੰਜ਼ਿਲਾ] ਵਿ. ਪੁ. ਇਕਮੰਜ਼ਲਾ, ਇਕ ਛੱਤਾ ਮਕਾਨ, ਜਿਸ ਮਕਾਨ ਤੇ ਚੁਬਾਰਾ ਨਾ ਹੋਵੇ ।
[इक-मंज़िला] वि० पु० एकमंज़िला, एक छत का मकान, जिस मकान पर चौबारा न हो ।

اکناف—[ਅਕ-ਨਾਫ਼] ਅਰ. ਪੁ. 'ਕਨਫ਼' ਦਾ ਬਹੁਵਚਨ, ਕੰਢੇ, ਕਿਨਾਰੇ, ਪਾਸੇ ।
[अक-नाफ़] अर० पु० 'कनफ़' का बहुवचन, किनारे, पार्श्व भाग ।

اکوتا—[ਇਕੋਤਾ] ਪੁ. ਚਮੜੀ ਦਾ ਇਕ ਰੋਗ ਜਿਸ ਵਿਚ ਛੋਟੇ ਛੋਟੇ ਦਾਣੇ ਨਿਕਲ ਕੇ ਉਨ੍ਹਾਂ ਵਿਚੋਂ ਮਵਾਦ ਨਿਕਲਦਾ ਰਹਿੰਦਾ ਹੈ ਤੇ ਖਾਜ ਬਹੁਤ ਹੁੰਦੀ ਹੈ, ਚੰਬਲ ।
[इकौता] पु० चमड़ी का एक रोग जिसमें शरीर पर छोटे-छोटे दाने निकल आते हैं और उन में से मवाद निकलता रहता है और खुजली बहुत होती है, चम्बल ।

اکونا—[ਇਕੌਣਾ] ਵਿ. ਪੁ. ਇਕ ਇਕ ਕਰਕੇ ਚੁਣਿਆ ਹੋਇਆ; ਸਾਫ਼ ਅਤੇ ਚੁਣਿਆ ਹੋਇਆ ਅਨਾਜ, ਪੋਹਣ ।
[इकौना] वि० पु० एक एक करके चुना हुआ; स्वच्छ अनाज ।

اکھاڑ—[ਉਖਾੜ] ਇ. ਉਖੇੜ, ਉਖੇੜਾ, ਜੜ੍ਹੋਂ ਪੁੱਟੇ ਜਾਣ ਦਾ ਭਾਵ, ਉਜਾੜਾ, ਬਰਬਾਦੀ ।
[उखाड़] स्त्री० उखेड़, जड़ से उखाड़े जाने का भाव, उजाड़, बरबादी ।

اکھاڑا—[ਅਖਾੜਾ] ਪੁ. ਪਹਿਲਵਾਨਾਂ ਦੇ ਘੋਲ ਕਰਨ ਦੀ ਥਾਂ; ਨਾਚ ਰੰਗ ਜਾਂ ਗਾਉਣ ਦੀ ਮਹਿਫ਼ਲ; ਸਾਧੂਆਂ ਦੇ ਰਹਿਣ ਦੀ ਜਗ੍ਹਾ ।
[अखाड़ा] पु० पहलवानों के कुश्ती लड़ने का स्थान; नाच रंग करने का स्थान ; साधुओं के रहने का स्थान ।

اکہتر—[ਇਕ-ਹਤਰ] ਵਿ. ਇਕ+ਸੱਤਰ, ੭੧ ।

[इकहत्तर] वि० एक ऊपर सत्तर, ७१ ।

اکہرا—[ਇਕ-ਹਰਾ] ਵਿ. ਦੋਹਰੇ ਦਾ ਉਲਟ, ਇਕ ਤਹਿ ਵਾਲਾ ।

[इक-हरा] वि० दोहरे का उलट, एक परत वाला ।

اکہرا بدن—[ਇਕ-ਹਰਾ ਬਦਨ] ਪੁ. ਉਹ ਬਦਨ ਜੋ ਕਦੇ ਮੋਟਾ ਨਾ ਹੋਵੇ, ਸਰੀਰ ਦਾ ਛੀਟਕਾ ਜਾਂ ਪਤਲਾ ਆਦਮੀ ।

[इक-हरा बदन] पु० वह शरीर जो कभी मोटा न हो, शरीर का पतला व्यक्ति ।

اکھرنا—[ਅਖਰ-ਨਾ] ਕ੍ਰਿ. ਅਕ. ਚੰਗਾ ਨਾ ਲਗਣਾ, ਰੜਕਣਾ, ਦੁਖਦਾਈ ਹੋਣਾ ।

[अखर-ना] क्रि० अक० अच्छा न लगना, दिल में चुभना, दुःखदायी होना ।

اکھڑ—[ਅੱਖੜ] ਵਿ. ਸਖਤ ਤਬੀਅਤ, ਉਜੱਡ, ਬੇਤਮੀਜ਼ ।

[अक्खड़] वि० कठोर स्वभाव का, उजड्ड, असभ्य ।

اکھڑپن—[ਅੱਖੜ-ਪਨ]— ਪੁ. ਅੱਖੜਪੁਣਾ, ਅੜਬਪੁਣਾ, ਅੜੂਤਪੁਣਾ, ਅੜਬਾਈ, ਬੇਤਮੀਜ਼ੀ ।

[अक्खड़-पन] पु० अक्खड़पन, असभ्यता, अपनी बात पर अड़े रहने और किसी की न सुनने का भाव, बिगड़ैल या झगड़ालू होने का भाव ।

اکھڑنا—[ਉਖੜ-ਨਾ] ਕ੍ਰਿ. ਅਕ. ਜੜ੍ਹੋਂ ਨਿਕਲਣਾ, ਅੰਗ ਦਾ ਜੋੜ ਵਿਚੋਂ ਨਿਕਲ ਜਾਣਾ ; ਬੇਜ਼ਾਰ ਹੋਣਾ ; ਉਚਾਟ ਹੋਣਾ (ਤਬੀਅਤ) ; ਦੱਮ ਨਿਕਲਣਾ ; ਸਿਲਸਿਲਾ ਟੁੱਟਣਾ (ਸਾਹ) ; ਥਿਰ ਜਾਂ ਨਾ ਰਹਿਣਾ (ਕਦਮ, ਤਾਲ) ।

[उखड़-ना] क्रि० अक० जड़ से निकलना, अंग का जोड़ में से निकल जाना ; उच्चाट होना ; दम निकलना ; क्रम टूटना ; एकसा न रहना (कदम) ।

اکھل—[ਉਖਲ] ਪੁ. ਵੱਡੀ ਉਖਲੀ, ਲਕੜੀ ਦਾ ਖੁਲ੍ਹਾ ਕੂੰਡਾ ਜਿਸ ਵਿਚ ਚੌਲ ਛੜੀਦਾ ਹੈ ; ਪੱਥਰ ਦਾ ਵੱਡਾ ਕੂੰਡਾ ; ਚੱਟੂ ।

[उखल] पु० बड़ी उखली, ऊखल ; पत्थर का बड़ा कूँडा ; चट्टू ।

اکھلی—[ਉੱਖਲੀ] ਇ. ਛੋਟਾ ਉੱਖਲ ।

[उखली] स्त्री० छोटा ऊखल ।

اکھو مکھو—[ਅੱਖੂ ਮੱਖੂ] ਇ. ਦੀਵੇ ਦੀ ਲਾਟ ਤੇ ਹੱਥ ਸੇਕ ਕੇ ਬੱਚੇ ਦੇ ਮੂੰਹ ਤੇ ਫੇਰਨ ਦਾ ਭਾਵ ਜਾਂ ਕਿਰਿਆ ।

[अक्खू मक्खू] स्त्री० दीये की लौ तक हाथ ले जा कर बच्चे के मुँह पर फेरने का भाव या क्रिया ।

اکید—[ਅਕੀਦ] ਅਰ. ਵਿ. ਮਜ਼ਬੂਤ ।

[अकीद] अर० वि० मज़बूत ।

اکیس—[ਇਕੀਸ] ਵਿ. ਇੱਕੀ, ੨੧ ।

[इक्कीस] वि० एक ऊपर बीस, २१ ।

اکیلا—[ਅਕੇਲਾ] ਵਿ. ਇਕੱਲਾ, ਕੱਲਾ ; ਇਕੋ, ਨਿਰਾ, ਸਿਰਫ਼ ਖ਼ਾਲੀ ; ਇਕਲਾਪਾ ।

[अकेला] वि० जिस के साथ और कोई न हो, बिना संग साथ का ; एक ही, केवल, खाली; इकलापा ।

اکیلنا—[ਅਕੀਲ-ਨਾ] ਕ੍ਰਿ. ਸਕ. ਉਧੇੜਨਾ, ਛਿੱਲ ਲਾਹੁਣਾ, ਚਮੜੀ ਲਾਹੁਣਾ ; ਵੱਟੇ ਹੋਏ ਧਾਗੇ ਦਾ ਵਲ ਲਾਹੁਣਾ ।

[अकील-ना] क्रि० सक० उधेड़ना; छिलका उतारना, चमड़ी उतारना; बटे हुए धागे को उधेड़ना ।

اکیلی—[ਅਕੇ-ਲੀ] ਵਿ. ਇਕੱਲੀ, ਕੱਲੀ ।

[अके-ली] वि० 'अकेला' का स्त्री लिंग रूप ।

اکیلی جان—[ਅਕੇਲੀ ਜਾਨ] ਇ. ਇਕੱਲੀ ਜਾਨ, ਇਕਲਾਪਾ ਆਦਮੀ, ਜਿਸਦਾ ਕੋਈ ਬੇਲੀ ਨਾ ਹੋਵੇ ।

[अकेली जान] स्त्री० अकेला व्यक्ति, अकेला मनुष्य, जिस का कोई संगी साथी न हो ।

اگارنا—[ਉਗਾਰ-ਨਾ] ਕ੍ਰਿ. ਸਕ. ਖੂਹ ਦੀ ਗਾਰ ਕੱਢਣਾ, ਖੂਹ ਸਾਫ਼ ਕਰਨਾ ।

[उगार-ना] क्रि० सक० कुएं की गाद निकालना, कुआँ साफ करना ।

اگاڑی—[ਅਗਾ-ੜੀ] ਇ. ਕ੍ਰਿ. ਵਿ. ਅੱਗਾ, ਸਾਹਮਣਾ ਪਾਸਾ ; ਘੋੜੇ ਦੇ ਅਗਲੇ ਪੈਰੀਂ ਪਾਉਣ ਵਾਲੀ ਰੱਸੀ ; ਸਾਹਮਣੇ, ਹੁਜ਼ੂਰ ।

[अगा-ड़ी] स्त्री० क्रि० वि० आगे का भाग, सामने का भाग; घोड़े के अगले पाँव में बाँधी जाने वाली रस्सी; सामने, आगे ।

اگال—[ਉਗਾਲ] ਪੁ. ਮੂੰਹ ਵਿਚੋਂ ਕੱਢੀ ਜਾਂ ਥੁੱਕੀ ਹੋਈ ਚੀਜ਼ ; ਪੀਕ; ਪਾਨ ਦਾ ਫੋਗ ।

[उगाल] पु० मुँह में से निकाली या थूकी हुई चीज ; पीक; पान का फोग ।

اگالدان—[ਉਗਾਲ-ਦਾਨ] ਪੁ. ਪਾਨ ਦੀ ਪੀਕ ਥੁੱਕਣ ਦਾ ਬਰਤਨ, ਪੀਕਦਾਨ ।

[उगाल-दान] पु० पान की पीक थूकने का पात्र, पीकदान ।

اگاہنا—[ਉਗਾਹ-ਨਾ] ਕ੍ਰਿ. ਸਕ. ਉਗਰਾਹੁਣਾ, ਵਸੂਲ ਕਰਨਾ, ਚੰਦਾ ਲੈਣਾ ।

[उगाह-ना] क्रि० सक० उगाही करना, वसूल करना, चन्दा लेना ।

اگٹنا—[ਅਗਟ-ਨਾ] ਕ੍ਰਿ. ਸਕ. ਅਹਸਾਨ ਜਤਾਉਣਾ; ਖਿਝ ਕੇ ਕਿਸੇ ਦੇ ਐਬ ਫੋਲਣਾ ਜਾਂ ਔਗੁਣ ਪਿਛਾ ਪੁਣਨਾ ।

[अगट-ना] क्रि० सक० एहसान जताना ; चिढ़ कर किसी के दोष जताना या त्रुटियाँ निकालना ।

اگد — [ਅਗਦ] ਪੁ. ਹਾਥੀਵਾਨਾਂ ਦੀ ਪਰਿਭਾਸ਼ਾ ਵਿਚ ਹਾਥੀ ਨੂੰ ਤੇਜ਼ ਚਲਾਉਣ ਅਤੇ ਅੱਗੇ ਵਧਣ ਲਈ ਦਿੱਤੀ ਆਵਾਜ਼ ।

[अगद] पु० हाथीवानों की परिभाषा में हाथी को आगे बढ़ाने तथा तेज चलाने पर बोला जाने वाला शब्द ।

اگر — [ਅਗਰ] ਫ਼ਾ. ਅਵ. ਜੇ, ਜੇਕਰ, ਬਸ਼ਰਤੇ ਕਿ ।

[अगर] फ़ा० अव्य० यदि, जो ।

اگر — [ਅਗਰ] ਇ. ਇਕ ਕਾਲੇ ਰੰਗ ਦੀ ਲਕੜੀ ਜੋ ਅੱਗ ਵਿਚ ਸੜ ਕੇ ਖੁਸ਼ਬੋ ਦੇਂਦੀ ਹੈ, ਊਦ ।

[अगर] स्त्री० काले रंग की लकड़ी जो आग में जल कर सुगन्धि देती है, ऊद ।

اگر بتی — [ਅਗਰ-ਬੱਤੀ] ਇ. ਅਗਰ ਅਤੇ ਚੰਦਨ ਆਦਿ ਖ਼ੁਸ਼ਬੋਦਾਰ ਚੀਜ਼ਾਂ ਤੋਂ ਬਣਾਈ ਹੋਈ ਬੱਤੀ ਜੋ ਖ਼ੁਸ਼ਬੋਈ ਵਾਸਤੇ ਜਲਾਈ ਜਾਂਦੀ ਹੈ, ਧੂਪ ਦੀ ਬੱਤੀ ।

[अगर-बत्ती] स्त्री० अगर तथा चन्दन आदि सुगंधित वस्तुओं से बनाई बत्ती जो सुगन्धि फैलाने के लिये जलाई जाती है, धूप की बत्ती ।

اگرچہ — [ਅਗਰ-ਚਿ:] ਫ਼ਾ. ਅਵ. ਭਾਵੇਂ, ਅਗਰਚੇ ।

[अगर-चि:] फ़ा० अव्य० यद्यपि, यदि ऐसा हो ।

اگردان — [ਅਗਰ-ਦਾਨ] ਪੁ. ਉਹ ਬਰਤਨ ਜਿਸ ਵਿਚ ਰੱਖ ਕੇ ਅਗਰ ਬੱਤੀਆਂ ਜਲਾਈਆਂ ਜਾਂਦੀਆਂ ਹਨ ।

[अगर-दान] पु० वह पात्र जिस में रख कर अगर बत्ती जलाई जाती है ।

اگڑ دھوں دھوں — [ਅਗੜ ਧੂੰ ਧੂੰ] ਵਿ. ਪੁ. ਧੌਂਸੇ ਜੇਹੀ ਅਵਾਜ਼; ਮੋਟਾ ਆਦਮੀ, ਬਦਨ ਦਾ ਭਾਰਾ ਤੇ ਬੇਸਮਝ ਬੰਦਾ ।

[अगड़ धूँ धूँ] वि० पु० धौंसे जैसी आवाज; मोटा आदमी, शरीर का भारी तथा नाकारा पुरुष ।

اگڑنا [ਉਗੜ-ਨਾ] ਕ੍ਰਿ. ਅਕ. ਖੂਹ ਦਾ ਸਾਫ਼ ਹੋ ਜਾਣਾ, ਖੂਹ ਵਿਚੋਂ ਗਾਰ ਨਿੱਕਲ ਜਾਣਾ ।

[उगड़-ना] क्रि० अक० कुएं का साफ़ हो जाना, कुएं में से गाद का निकल जाना ।

اگروال - اگروالا — [ਅੱਗਰ ਵਾਲ, ਅੱਗਰ ਵਾਲਾ] ਪੁ. ਬਾਣੀਆਂ ਦਾ ਇਕ ਗੋਤ ; ਰਾਜੇ ਅਗਰ ਦੀ ਸੰਤਾਨ ।

[अग्रवाल, अगरवाला] पु० बनियों का एक गोत्र ; राजा अग्र की सन्तान ।

اگرئی — [ਅਗ-ਰਈ] ਪੁ. ਸੰਦਲੀ ਰੰਗ ਜੋ ਕੁਝ ਕਾਲਿੰਤਣ ਤੇ ਹੋਵੇ ; ਇਕ ਕੌਮ ਵਿਸ਼ੇਸ਼ ; ਮੁਗ਼ਲ ਬਾਦਸ਼ਾਹਾਂ ਦੀ ਇਕ ਪਲਟਣ ਜਿਸ ਦੀ ਵਰਦੀ ਦਾ ਰੰਗ ਅਗਰਈ ਸੀ ।

[अग-रई] पु० सन्दली रंग जिस में कुछ कालापन हो ; एक जाति विशेष ; मुगल बादशाहों की एक पलटन जिस की वर्दी अगरई रंग की होती थी ।

اگڑم بگڑم — [ਅਗੜਮ ਬਗੜਮ] ਪੁ. ਫ਼ਜ਼ੂਲ ਜਾਂ ਵਾਧੂ ਚੀਜ਼ਾਂ, ਬੇਮਤਲਬ ਗੱਲਾਂ ; ਮਿਲੀਆਂ-ਜੁਲੀਆਂ ਵਸਤਾਂ ।

[अगड़म बगड़म] पु० व्यर्थ या फालतू चीजें, फ़जूल बातें ; मिली जुली चीजें ।

اگل پچھل — [ਅਗਲ ਪਿਛਲ] ਇ. ਅਗਾੜੀ ਪਛਾੜੀ, ਘੋੜੇ ਦੇ ਅਗਲੇ ਤੇ ਪਿਛਲੇ ਪੈਰਾਂ ਨੂੰ ਪੈ ਕੇ ਦੂਰ ਹਟਵੀਆਂ ਬੱਝਣ ਵਾਲੀਆਂ ਰੱਸਾਂ ।

[अगल पिछल] स्त्री० अगाड़ी पिछाड़ी, घोड़े के अगले तथा पिछले पैरों में फ़ासले पर बांधी जाने वाली रस्सी ।

اگلا — [ਅਗ-ਲਾ] ਵਿ. ਪਹਿਲਾ, ਪਹਿਲਾਂ ਦਾ, ਪਿਛਲੇ ਸਮੇਂ ਦਾ ; ਸਾਹਮਣੇ ਵਾਲਾ ; ਅੱਗੋਂ ਜਾਂ ਅਗਾਂਹ ਨੂੰ ਆਉਣ ਵਾਲਾ; ਅੱਗੇ ਅੱਗੇ ਜਾਣ ਵਾਲਾ ।

[अग-ला] वि० पहला, पहले का; पिछले समय का; सामने का ; आगे आने वाला ; आगे आगे जाने वाला ।

اگلا جنم — [ਅਗ-ਲਾ ਜਨਮ] ਪੁ. ਇਸ ਜਨਮ ਤੋਂ ਬਾਦ ਵਿਚ ਮਿਲਣ ਵਾਲਾ ਜਨਮ, ਮਰਨ ਪਿਛੋਂ ਮਿਲਣ ਵਾਲੀ ਜੂਨ ।

[अग-ला जनम] पु० इस जन्म के बाद मिलने वाला जन्म, मृत्यु उपरान्त मिलने वाला जन्म ।

اگلنا — [ਉਗਲ-ਨਾ] ਕ੍ਰਿ. ਸਕ. ਥੁੱਕਣਾ, ਮੂੰਹ ਵਿਚੋਂ ਬਾਹਰ ਕਢਣਾ ; ਕਢਣਾ; ਪੈਦਾ ਕਰਨਾ ; ਭੇਤ ਖੋਲ੍ਹਣਾ ; ਮਾਲ ਵਾਪਸ ਕਰਨਾ, ਬਦਦਿਆਨਤੀ ਨਾਲ ਲਿਆ ਹੋਇਆ ਮਾਲ ਮੋੜਨਾ ।

[उगल-ना] क्रि० सक० मुँह में गये हुये वस्तु मुँह से बाहर थूकना ; निकालना; पैदा करना ; भेद खोलना ; माल वापिस करना, बददियानती से लिया माल वापिस करना ।

اگم — [ਅਗਮ] ਪੁ. ਅਕਲ ਸਮਝ ਤੋਂ ਪਰੇ ਦਾ ਮੰਡਲ ;
ਵਿ. ਲੁਕੀਆ, ਗੁਪਤ; ਅੰਦਰੂਨੀ ।

[अगम] पु० समझ से परे का मंडल ;
वि० छुपिया, गुप्त; अन्दरूनी ।

اگم ودیا — [ਅਗਮ ਵਿੱਦਿਆ] ਇ. ਇਲਮ ਨਜੂਮ ।

[अगम विद्या] स्त्री० ज्योतिष विद्या ।

انابيب—[ਅਨਾ-ਬੀਬ] ਅਰ. ਇ. 'ਅਨਬੂਬ' ਦਾ ਬਹੁਵਚਨ। ਨੜ ਦੇ ਵਰਗੀ ਦੀਆਂ ਡੰਡੀਆਂ ਜਾਂ ਪੋਰੀਆਂ, ਨਾਲੀਆਂ, ਪਾਈਪ, ਵਾਟਰਵਰਕਸ ਵਾਲੀਆਂ ਨਾਲਾਂ।

[अना-बीब] अर० स्त्री० 'अनबूब' का बहुवचन, नरकट के डंठल, नालियाँ, पाईप, वाटरवर्क्स वाली नालियाँ, पानी के नल।

انابيب شعري—[ਅਨਾਬੀਬੇ ਸ਼ਾਅਰੀ] ਅਰ. ਇ. ਵਾਲ ਵਰਗੀਆਂ ਬਰੀਕ ਪੋਰੀਆਂ, ਰੋਮ ਜਾਂ ਮਸਾਮ ਜੋ ਦੀਵੇ ਦੀ ਬੱਤੀ ਜਾਂ ਮਿਸ਼ਰੀ ਵਿਚ ਹੁੰਦੇ ਹਨ।

[अनाबीबे श़अरी] अर० स्त्री० बाल जैसे बारीक डंठल, छिद्र जोकि बत्ती अथवा मिसरी में होते हैं।

اناپ شناپ—[ਅਨਾਪ-ਸ਼ਨਾਪ] ਪੁ. ਫ਼ਜ਼ੂਲ ਗੱਲਾਂ, ਬੇ ਸਿਰੇ ਸਮਝੇ ਬੋਲੇ ਸ਼ਬਦ, ਊਟ ਪਟਾਂਗ ਗੱਲਾਂ।

[अनाप-शनाप] पु० फ़ज़ूल बातें, व्यर्थ की बातें, बिना सोच विचार के बोले जाने वाले शब्द, ऊटपटांग बातें।

اناث—[ਇਨਾਸ] ਅਰ. ਇ. ਔਰਤਾਂ, ਤੀਵੀਆਂ।

[इनास] अर० स्त्री० स्त्रियाँ, औरतें।

اناج—[ਅਨਾਜ] ਹਿੰ. ਪੁ. ਅੰਨਦਾਣਾ।

[अनाज] हि० पु० अन्न।

اناج کا دشمن—[ਅਨਾਜ ਦਾ ਦੁਸ਼-ਮਨ] ਪੁ. ਬਹੁਤਾ ਖਾਣ ਵਾਲਾ ; ਆਦਮੀ ਜੋ ਖਾਏ ਬਹੁਤਾ ਕੰਮ ਕਰੇ ਥੋੜ੍ਹਾ ।

[अनाज का दुश-मन] पु० बहुत खाने वाला आदमी, वह व्यक्ति जो खाए बहुत ज़्यादा और काम थोड़ा करे ।

اناجیل—[ਅਨਾ-ਜੀਲ] ਅਰ. ਇ. 'ਅੰਜੀਲ' ਦਾ ਬਹੁਵਚਨ, ਅੰਜੀਲਾਂ ।

[अना-जील] अर० स्त्री० 'अंजील' का बहुवचन, अंजीलें ।

اناجیل اربعہ—[ਅਨਾਜੀਲੇ ਅਰ-ਬ-ਅ:] ਅਰ. ਇ. ਚਾਰ ਅੰਜੀਲਾਂ, ਮਤੀ, ਮਰਕਸ, ਲੂਕਾ ਅਤੇ ਯੂਹੰਨਾ ਦੀਆਂ ਚਾਰ ਅੰਜੀਲਾਂ ।

[अनाजीले अर-ब-अ:] अर० स्त्री० चार अन्जीलें, मती, मरकस, लूका तथा यूहन्ना की चार अन्जीलें ।

اناد—[ਅਨਾਦ] ਸੰ. ਵਿ. ਜਿਸ ਦਾ ਮੁਢ ਨਹੀਂ ।

[अनाद] सं० वि० जिस का आदि नहीं ।

انادی—[ਅਨਾਦੀ] ਸੰ. ਵਿ. ਪੁ. ਜਿਸ ਦਾ ਅਦਿ ਨਾ ਮੁਢ ਨਹੀਂ ।

[अनादी] सं० वि० पु० जिस का आदि नहीं ।

انار—[ਅਨਾਰ] ਫ਼ਾ. ਪੁ. ਇਕ ਪਰਸਿੱਧ ਬੂਟਾ ਤੇ ਉਸ ਦਾ ਫਲ ।

[अनार] फ़ा० पु० एक विशेष फल तथा उस का पौधा ।

انارا—[ਅਨਾਰਾ] ਪੁ. ਲਾਲ ਅੱਖ ਵਾਲਾ ਕਬੂਤਰ, ਦਿੱਲੀ ਵਿਚ ਇਸ ਨੂੰ ਅਨਾਰੀ ਕਹਿੰਦੇ ਹਨ ।

[अनारा] पु० लाल आँखों वाला कबूतर, देहली में इसे अनारी कहते हैं ।

انار دانہ—[ਅਨਾਰਦਾਨ:] ਫ਼ਾ. ਪੁ. ਪਹਾੜੀ ਖੱਟੇ ਅਨਾਰ ਦੇ ਬੀ ।

[अनारदान:] पहाड़ी खट्टे अनार का सुखाया हुआ दाना ।

انارکلی—[ਅਨਾਰਕਲੀ] ਇ. ਅਕਬਰ ਬਾਦਸ਼ਾਹ ਦੀ ਗੋਲੀ ਦੇ ਪੇਟੋਂ ਲੜਕੀ ਨਾਦਰਾ ਬੇਗਮ ਨਾਮੀ ਦਾ ਉਪਨਾਮ; ਲਾਹੌਰ ਦਾ ਇਕ ਮਸ਼ਹੂਰ ਬਾਜ਼ਾਰ ।

[अनारकली] स्त्री० अकबर बादशाह की दासी के गर्भ से उत्पन्न कन्या नादिरा बेगम का उपनाम; लाहौर का एक प्रसिद्ध बाज़ार ।

اناڑی—[ਅਨਾੜੀ] ਪੁ. ਨਾਤਜਰਬਾਕਾਰ, ਬੁੱਧੂ, ਬੇਸਮਝ ।

[अनाड़ी] पु० अनुभव न रखने वाला, बेहुनर, अनभिज्ञ ।

اناسی—[ਉਨਾਸੀ] ਵਿ. ਸਤਰ+ਨੌਂ, ੭੯ ।

[उनासी] वि० सत्तर और नौ, ७९ ।

انام—[ਅਨਾਮ] ਅਰ.ਪੁ. ਖ਼ਲਕਤ, ਮਖ਼ਲੂਕ, ਸ੍ਰਿਸ਼ਟੀ, ਪੈਦਾ ਕੀਤੀਆਂ ਹੋਈਆਂ ਚੀਜ਼ਾਂ, ਦੁਨੀਆਂ ।

[अनाम] अर० पु० प्रजा, जनता, सृष्टि, उत्पन्न वस्तुएं, दुनिया ।

انامل—[ਅਨਾ-ਮਿਲ] ਅਰ. ਪੁ. ਵਿ. ਉਂਗਲੀਆਂ, ਉਂਗਲੀਆਂ ਦੇ ਟੁਕ, ਪੋਟੇ ।

[अना-मिल] अर० पु० बि० उंगली, उंगलियों के छोर, पोटे ।

انانیت—[ਅਨਾ-ਨੀਯਤ] ਅਰ. ਇ. ਹਉਮੈ, ਖ਼ੁਦੀ, ਹੰਕਾਰ, ਘਮੰਡ ।

[अना-नीयत] अर० स्त्री० अहंभाव, अहंता, अहंकार, गर्व ।

انبار—[ਅੰਬਾਰ] ਫ਼ਾ. ਪੁ. ਜ਼ਖੀਰਾ, ਢੇਰ, ਤੋਦਾ ।

[अंबार] फ़ा० पु० ढेर, राशि, भंडार ।

انباری—[ਅੰਬਾਰੀ] ਅਰ. ਇ. ਹਾਥੀ ਦੀ ਕਾਠੀ, ਹੌਦਾ ।

[अंबारी] अर० स्त्री० हाथी की पीठ पर कसा जाने वाला हौदा ।

انبساط—[ਇਨ-ਬਿਸਾਤ] ਅਰ. ਇ. ਖ਼ੁਸ਼ੀ, ਪਰਸੰਨਤਾ, ਹਰਖ ।

[इन-बिसात] अर० स्त्री० ख़ुशी, प्रसन्नता, हर्ष ।

انبعاث—[ਇਨ-ਬਿ-ਆਸ] ਅਰ. ਪੁ. ਉੱਠਣ ਦਾ ਭਾਵ ਜਾਂ ਕਿਰਿਆ ; ਖੜ੍ਹਾ ਹੋਣ ਦੀ ਕਿਰਿਆ ।

[इन-बि-आस] अर० पु० उठने का भाव या क्रिया, उत्थान ।

انبوہ—[ਅਨ-ਬੋਹ] ਫ਼ਾ. ਪੁ. ਭੀੜ, ਇਕੱਠ, ਜੋੜ ; ਬਹੁਲਤਾ, ਜ਼ਿਆਦਤੀ, ਬਹੁਤੇ ਹੋਣ ਦਾ ਭਾਵ ।

[अन-बोह] फ़ा० पु० जन समूह, भीड़ ; बाहुल्य, अधिकता, आधिक्य ।

انبہ—[ਅੰਬ:] ਫ਼ਾ. ਪੁ. ਅੰਬ ।

[अंब:] फ़ा० पु० आम ।

انبیا—[ਅੰਬਿਯਾ] ਅਰ. ਪੁ. 'ਨਬੀ' ਦਾ ਬਹੁਵਚਨ, ਅਵਤਾਰ, ਪੈਗੰਬਰ ।

[अंबिया] अर० पु० 'नबी' का बहुवचन, अवतार, पैग़म्बर ।

انت—[ਅੰਤ] ਸੰ. ਪੁ. ਅਖ਼ੀਰ, ਖ਼ਾਤਮਾ, ਉਹ ਥਾਂ ਜਿਥੇ ਕੋਈ ਚੀਜ਼ ਮੁਕਦੀ ਹੈ, ਸਿਰਾ, ਕੰਢਾ; ਨਤੀਜਾ, ਸਿੱਟਾ ; ਨਾਸ਼, ਮੌਤ ।

[अन्त] सं० पु० आख़ीर, समाप्ति, वह स्थान जहां कोई वस्तु समाप्त होती हो, सिरा, छोर ; परिणाम; नाश, मृत्यु ।

انتالیس—[ਉਨ-ਤਾਲੀਸ] ਵਿ ਉਨਤਾਲੀ, ਤੀਹ+ਨੌਂ, ੩੯ ।

[उन-तालीस] वि० तीस और नौ, ३९ ।

انتباہ—[ਇਨ-ਤਿਬਾਹ] ਅਰ. ਪੁ. ਖ਼ਬਰਦਾਰੀ, ਹੁਸ਼ਿਆਰੀ, ਤਾੜਨਾ ; ਸੂਚਨਾ, ਇਤਲਾਹ ।

[इन-तिबाह] अर० पु० ख़बरदारी, चेतावनी, ताड़ना; सूचना, इत्तिलाह ।

انتخاب—[ਇਨ-ਤਿਖ਼ਾਬ] ਅਰ. ਪੁ. ਪਸੰਦ, ਚੋਣ, ਛਾਂਟ ।

[इन-तिख़ाब] अर० पु० पसन्द, चुनाव, निर्वाचन ।

انتر—[ਅੰਤਰ] ਪੁ. ਫ਼ਰਕ, ਵਿਥ, ਫ਼ਾਸਲਾ ।

[अन्तर] पु० भेद, फ़रक़, दो वस्तुओं के बीच का भेद या दूरी, फ़ासिला ।

انترا—[ਅੰਤਰਾ] ਪੁ. ਟੇਕ, ਅਸਥਾਈ ; ਕਿਸੇ ਗੀਤ ਦੀ ਟੇਕ ਤੋਂ ਬਾਦ ਦੀ ਤੁਕ।
[अन्तरा] पु० कड़ी, टेक ; किसी गीत के पहले पद अथवा टेक को छोड़ कर दूसरा पद या चरण।

انتربید - انتربیدی—[ਅੰਤਰਬੇਦ ਅੰਤਰਬੇਦੀ] ਇ. ਦੋ ਦਰਿਆਵਾਂ ਦੇ ਵਿਚਾਲੇ ਦੀ ਜ਼ਮੀਨ, ਦੁਆਬਾ।
[अन्तरबेद, अन्तरबेदी] स्त्री० दो नदियों के बीच की ज़मीन, दुआबा।

انترجامی—[ਅੰਤਰ ਜਾਮੀ] ਵਿ. ਦਿਲ ਦੀ ਜਾਣਨ ਵਾਲਾ।
[अन्तर जामी] वि० दिल की जानने वाला।

انتر دھیان—[ਅੰਤਰ ਧਿਆਨ] ਪੁ. ਅੰਤਰਧਿਆਨ ਹੋਣ ਦਾ ਭਾਵ, ਸਮਾਧੀ ਵਿਚ ਜੁੜਿਆ ਹੋਇਆ ਵਿਅਕਤੀ, ਲੀਨ।
[अन्तर ध्यान] पु० इस प्रकार ध्यानमग्न होना कि किसी चीज़ का पता न रहे, समाधिस्थ व्यक्ति, तल्लीन व्यक्ति।

انتر منتر—[ਅੰਤਰ ਮੰਤਰ] ਪੁ. ਜਾਦੂ, ਟੂਣਾ।
[अन्तर मंतर] पु० जादू, टोना।

انتڑی—[ਅੰਤੜੀ] ਇ. ਆਂਦਰ।
[अन्तड़ी] स्त्री० आंत।

اِنتزاع—[ਇਨ-ਤਿਜ਼ਾ:ਅ] ਅਰ. ਪੁ. ਉਖੜਨ ਦਾ ਭਾਵ।
[इन-तिज़ा:अ] अर० पु० उखड़ने का भाव।

اِنتساب—[ਇਨ-ਤਿਸਾਬ] ਅਰ. ਪੁ. ਲਗਾਵ, ਵਾਸਤਾ, ਸਬੰਧ।
[इन-तिसाब] अर० पु० लगाव, वास्ता, सम्बन्ध।

اِنتشار—[ਇਨ-ਤਿਸ਼ਾਰ] ਅਰ. ਪੁ. ਘਬਰਾਹਟ, ਪਰੇਸ਼ਾਨੀ, ਵਿਆਕੁਲਤਾ, ਤਬੀਅਤ ਜਾਂ ਮਨ ਦਾ ਇਕ ਥਾਂ ਨਾ ਟਿਕ ਸਕਣ ਦਾ ਰਹਿਣ ਦਾ ਭਾਵ।
[इन-तिशार] अर० पु० घबराहट, परेशानी, व्याकुलता, मनोविकार।

اِنتظار—[ਇਨ-ਤਿਜ਼ਾਰ] ਅਰ. ਪੁ. ਰਾਹ ਦੇਖਣ ਦਾ ਭਾਵ, ਉਡੀਕ।
[इन-तिज़ार] अर० पु० राह तकने का भाव, प्रतीक्षा।

اِنتظام—[ਇਨ-ਤਿਜ਼ਾਮ] ਅਰ. ਪੁ. ਪ੍ਰਬੰਧ, ਬੰਦੋਬਸਤ ; ਤਰਤੀਬ, ਕਾਇਦਾ; ਨਿਯਮ ਬੱਧ ਹੋਣ ਦਾ ਭਾਵ।
[इन-तिज़ाम] अर० पु० प्रबन्ध, बन्दोबस्त ; ढंग, विधि; व्यवस्था, नियमबद्ध होने का भाव।

اِنتفاع—[ਇਨ-ਤਿਫ਼ਾ:ਅ] ਅਰ. ਪੁ. ਮੁਨਾਫ਼ਾ, ਫ਼ਾਇਦਾ, ਲਾਭ; ਖੱਟੀ, ਆਮਦਨ, ਆਮਦਨੀ।
[इन-तिफ़ा:अ] अर० पु० लाभ, मुनाफ़ा, फ़ायदा ; आय, आमदनी, कमाई।

اِنتقاد—[ਇਨ-ਤਿਕ਼ਾਦ] ਅਰ. ਪੁ. ਪੜਚੋਲ, ਨੁਕਤਾਚੀਨੀ।
[इन-तिक़ाद] अर० पु० आलोचना, नुक़्ताचीनी।

اِنتقاض—[ਇਨ-ਤਿਕ਼ਾ:ਜ਼] ਅਰ. ਪੁ. ਤੋੜਨ ਦਾ ਭਾਵ।
[इन-तिक़ा:ज़] अर० पु० तोड़ने का भाव।

اِنتقاض شرط—[ਇਨ-ਤਿਕ਼ਾ:ਜ਼ੇ ਸ਼ਰ-ਤ] ਅਰ. ਪੁ. ਸ਼ਰਤ ਤੋੜਨ ਜਾਂ ਟੁੱਟਣ ਦਾ ਭਾਵ।
[इन-तिक़ा:ज़े शर-त] अर० पु० शर्त तोड़ने या टूटने का भाव।

اِنتقاض معاہدہ—[ਇਨ-ਤਿਕ਼ਾ:ਜ਼ੇ ਮੁ:ਆਹਦ:] ਅਰ. ਪੁ. ਵਾਇਦਾ ਖ਼ਿਲਾਫ਼ੀ, ਵਚਨ ਭੰਗ।
[इन-तिक़ा:ज़े मु:आहद:] अर० पु० संधि भंग, वचन-भंग।

اِنتقال—[ਇਨ-ਤਿਕ਼ਾਲ] ਅਰ. ਪੁ. ਇਕ ਥਾਂ ਤੋਂ ਦੂਜੀ ਥਾਂ ਬਦਲ ਜਾਣ ਦਾ ਭਾਵ, ਬਦਲੀ ; ਮੌਤ, ਮਰਨ, ਚਲਾਣਾ।
[इन-तिक़ाल] अर० पु० एक स्थान से दूसरे स्थान पर बदल जाने का भाव, बदली ; मौत, देहान्त, स्वर्गवास।

اِنتقال اراضی—[ਇਨ-ਤਿਕ਼ਾਲੇ ਅਰਾ:ਜ਼ੀ] ਅਰ. ਪੁ. ਇਕ ਪਾਸੋਂ ਜ਼ਮੀਨ ਦੂਜੇ ਪਾਸ ਚਲੀ ਜਾਣ ਦਾ ਭਾਵ ; ਰਜਿਸਟਰ ਦਾਖ਼ਲ ਖ਼ਾਰਜ ਵਿਚ ਇੰਦਰਾਜ ਦੀ ਅਦਲਾ ਬਦਲੀ।
[इन-तिक़ाले अरा:ज़ी] अर० पु० भूमि के एक व्यक्ति के अधिकार से दूसरे के अधिकार में चले जाने का भाव; दाख़िल ख़ारिज रजिस्टर में इन्दराज की अदला बदली।

اِنتقال جائداد—[ਇਨ-ਤਿਕ਼ਾਲੇ ਜਾਇਦਾਦ] ਅਰ.ਫ਼ਾ. ਪੁ. ਜਾਇਦਾਦ ਦਾ ਇਕ ਆਦਮੀ ਦੇ ਕਬਜ਼ੇ ਵਿਚੋਂ ਦੂਜੇ ਆਦਮੀ ਦੇ ਕਬਜ਼ੇ ਵਿਚ ਚਲੇ ਜਾਣ ਦਾ ਭਾਵ।
[इन-तिक़ाले जाइदाद] अर० फ़ा० पु० जायदाद का एक व्यक्ति से दूसरे के अधिकार में चले जाने का भाव।

اِنتقال ذہنی—[ਇਨ-ਤਿਕ਼ਾਲੇ ਜ਼ਿਹ-ਨੀ] ਅਰ. ਪੁ. ਮਨ-ਬਦਲੀ, ਚਿਤ ਦਾ ਇਕ ਪਾਸਿਓਂ ਹਟ ਕੇ ਦੂਜੇ ਪਾਸੇ ਲਗਣ ਦਾ ਭਾਵ, ਚਿੱਤਵਿਕਾਰ, ਚਿਤ ਪਰਿਵਰਤਨ।
[इन-तिक़ाले ज़िह-नी] अर० पु० चित्त का एक ओर से हट कर दूसरी ओर लगने का भाव, मनो विकार, चित्त परिवर्तन।

اِنتقال رہن—[ਇਨ-ਤਿਕ਼ਾਲੇ ਰਹ-ਨ] ਅਰ. ਪੁ. ਰਹਿਨ ਦਰ ਰਹਿਨ।
[इन-तिक़ाले रह-न] अर० पु० गिरवी को आगे गिरवी करने का भाव।

اِنتقال بہی—[ਇਨ-ਤਿਕ਼ਾਲੇ ਬਹੀ] ਇ. ਵਹੀ ਜਿਸ ਵਿਚ ਜਾਇਦਾਦ ਦੀ ਬਦਲੀ ਦਰਜ ਹੁੰਦੀ ਹੈ, ਰਜਿਸਟਰ ਦਾਖ਼ਲ ਖ਼ਾਰਜ।
[इन-तिक़ाले बही] स्त्री० वह बही जिस में जायदाद की बदली अंकित होती है, रजिस्टर दाख़िल ख़ारिज।

اِنتقام—[ਇਨ-ਤਿਕ਼ਾਮ] ਅਰ. ਪੁ. ਬਦਲਾ, ਭਾਜੀ।
[इन-तिक़ाम] अर० पु० बदला, प्रत्यपकार।

انت کال—[ਅੰਤਕਾਲ] ਪੁ. ਮਰਨ ਸਮਾਂ।
[अन्तकाल] पु॰ मृत्युकाल।

انتہا—[ਇਨ-ਤਿਹਾ] ਅਰ. ਇ. ਅਖੀਰ, ਹੱਦ, ਓੜਕ; ਨਿਸ਼ਾਨਾ ਜਾਂ ਗਾਇਤ ਜਿਥੇ ਕਰਮਾਂ ਮੁਕਣ ਦਾ ਥਾਂ।
[इन-तिहा] अर॰ स्त्री॰ आखिर, अत्यन्तता, हद; परिणाम में कर्मों समाप्त होने की जगह।

انتہائی—[ਇਨ-ਤਿਹਾਈ] ਫ਼ਾ. ਵਿ. ਅਖੀਰੀ।
[इन-तिहाई] फ़ा. वि. अन्तिम।

انتیس—[ਉਨ-ਤੀਸ] ਵਿ. ਵੀਹ ਤੇ ਨੌਂ, ੨੯
[उन-तीस] वि॰ बीस और नौ, २९

انٹا—[ਅੰਟਾ] ਪੁ. ਵਡੀ ਗੋਲੀ, ਬੰਟਾ; ਫ਼ੀਮ ਦੀ ਵੱਡੀ ਗੋਲੀ, ਮਾਵਾ; ਅੰਗਰੇਜ਼ੀ ਖੇਡ ਦਾ ਨਾਂ ਜੋ ਹਾਥੀ ਦੰਦ ਦੀਆਂ ਗੋਲੀਆਂ ਨਾਲ ਮੇਜ਼ ਤੇ ਖੇਡੀ ਜਾਂਦੀ ਹੈ।
[अंटा] पु॰ खेलने की बड़ी गोली, बड़ी गोली; अफ़ीम की बड़ी गोली; अंग्रेज़ी खेल का नाम जो हाथी दांत की गोलियों से मेज़ पर खेला जाता है।

انٹا چت—[ਅੰਟਾ ਚਟ] ਵਿ. ਨਸ਼ੇ ਵਿਚ ਚੂਰ।
[अण्टा चट] वि॰ नशे में चूर।

انٹا غفیل—[ਅੰਟਾ ਗ਼ਫ਼ੀਲ] ਵਿ. ਨਸ਼ੇ ਵਿਚ ਚੂਰ।
[अण्टा ग़फ़ील] वि॰ नशे में चूर।

انٹا گھر—[ਅੰਟਾ ਘਰ] ਪੁ. ਉਹ ਮਕਾਨ ਜਿਥੇ ਅੰਟਾ ਖੇਡਦੇ ਹਨ।
[अण्टा घर] पु॰ वह मकान जहां अण्टा खेलते हैं।

انٹی—[ਅੰਟੀ] ਇ. ਸੂਤਰ ਜਾਂ ਰੇਸ਼ਮ ਦੀ ਅੱਟੀ; ਦੋ ਉਂਗਲੀਆਂ ਦੇ ਵਿਚਾਲੇ ਦੀ ਜਗ੍ਹਾ।
[अण्टी] स्त्री॰ सूत अथवा रेशम का लच्छा; दो उंगलियों के बीच की जगह।

انٹی باز—[ਅੰਟੀ ਬਾਜ਼] ਪੁ. ਚੋਂਸਰ ਬਾਜ਼, ਧੋਖੇ ਬਾਜ਼, ਜੁਆਰੀਆ।
[अंटी बाज़] पु॰ पतंगबाज़, छलिया, जुएबाज़।

انٹی مار—[ਅੰਟੀਮਾਰ] ਪੁ. ਅੰਟੀ ਬਾਜ਼, ਧੋਖੇ ਬਾਜ਼, ਠੱਗ।
[अण्टीमार] पु॰ अण्टी बाज़, धोखे बाज़, ठग।

انثی—[ਉਨ-ਸਾ] ਅਰ. ਇ. ਮਦੀਨ, ਮਾਦਾ, ਇਸਤ੍ਰੀ।
[उन-सा] अर॰ स्त्री॰ स्त्री, औरत, मादा।

انجاح—[ਇਨ-ਜਾਹ] ਅਰ. ਪੁ. ਮਤਲਬ ਪੂਰਾ ਹੋਣ ਦਾ ਭਾਵ, ਮਨੋਰਥ ਸਿੱਧੀ, ਕਾਮਯਾਬੀ।
[इन-जाह] अर॰ पु॰ स्वार्थ सिद्ध होने का भाव, मनोरथ-सिद्धि, कामयाबी।

انجام—[ਇਨ-ਜਾਮ] ਅਰ. ਪੁ. ਮੁਕ ਜਾ ਉਪਰਣ, ਅਖੀਰ, ਖ਼ਾਤਮਾ, ਅੰਤ, ਨਤੀਜਾ, ਸਿੱਟਾ; ਪੂਰਣਤਾ।
[इन-जाम] अर॰ पु॰ आरम्भ का उलट, आख़िर, ख़ातमा, अन्त, परिणाम, नतीजा; पूर्णता।

انجام کار—[ਇਨ-ਜਾਮ-ਕਾਰ] ਫ਼ਾ. ਕ੍ਰਿ. ਵਿ. ਆਖ਼ਰ, ਆਖ਼ਰਕਾਰ, ਅਖੀਰ, ਅਖੀਰ ਨੂੰ, ਅੰਤ ਨੂੰ, ਓੜਕ।
[इन-जाम-कार] फ़ा॰ क्रि॰ वि॰ आख़िर, आख़िरकार, अन्त में, अन्ततः।

انجان—[ਅਨ-ਜਾਣ] ਵਿ. ਅਣਜਾਣ, ਨਵਾਕਫ਼, ਜੋ ਜਾਣਕਾਰ ਨਹੀਂ, ਅਨਾੜੀ, ਨਾ ਤਜਰਬੇਕਾਰ।
[अन-जान] वि॰ जो जानकार नहीं, अनजान, ना तजुर्बेकार, अनाड़ी, नावाक़िफ़।

انجبار—[ਅੰਜਬਾਰ] ਫ਼ਾ. ਪੁ. ਹਲਦੀ ਦੀਆਂ ਗੰਢੀਆਂ ਵਰਗੀ ਇਕ ਦਵਾ ਜਿਸ ਦਾ ਸ਼ਰਬਤ ਮਰੋੜਾਂ ਲਈ ਗੁਣਕਾਰੀ ਹੁੰਦਾ ਹੈ।
[अंजबार] फ़ा॰ पु॰ हल्दी की गाँठों की सी एक दवा जिस का शर्बत पेचिश में गुणकारी होती है।

انجذاب—[ਇਨ-ਜਿਜ਼ਾਬ] ਪੁ. ਜਜ਼ਬ ਹੋਣ ਦਾ ਭਾਵ।
[इन-जिज़ाब] पु॰ जज़्ब होने का भाव।

انجر پنجر—[ਅਨ-ਜਰ ਪਨ-ਜਰ] ਪੁ. ਜੋੜ, ਹੱਡੀ ਪਸਲੀ।
[अन-जर-पन-जर] पु॰ अंग, जोड़, हड्डी पसली।

انجل—[ਉਨ-ਜਲ] ਪੁ. ਬੁੱਕ, ਬੂਕੇ ਦੀ ਸ਼ਕਲ ਵਿਚ ਜੁੜੇ ਹੋਏ ਹੱਥ।
[उन-जल] पु॰ अंजलि, दोने के आकार में मिले हुए दोनों हाथ।

انجم—[ਅਨ-ਜੁਮ] ਅਰ. 'ਨਜਮ' ਦਾ ਬਹੁਵਚਨ, ਤਾਰੇ, ਗ੍ਰਹਿ।
[अन-जुम] अर॰ पु॰ तारे, नक्षत्र, ग्रह, तारागण।

انجماد—[ਇਨ-ਜਿਮਾਦ] ਅਰ. ਪੁ. ਜਮ ਜਾਣ ਦਾ ਭਾਵ, ਜਮਾਊ।
[इन-जिमाद] अर॰ पु॰ जम जाने का भाव, जमाव।

انجمن—[ਅੰ-ਜੁਮਨ] ਫ਼ਾ. ਇ. ਸਭਾ, ਮਹਿਫ਼ਲ, ਮਜਲਸ, ਪੰਚਾਇਤ, ਕਮੇਟੀ।
[अंजुमन] फ़ा॰ स्त्री॰ सभा, मजलिस, पंचायत, कमेटी, महफ़िल।

انجن—[ਅੰਜਨ] ਪੁ. ਸੁਰਮਾ, ਕੱਜਲ।
[अंजन] पु॰ सुरमा, काजल।

انجنا—[ਅੰਜ-ਨਾ] ਕ੍ਰਿ. ਸਕ. ਸੁਰਮਾ ਪਾਉਣਾ।
[अंज-ना] क्रि॰ सक॰ सुरमा डालना।

انجن ھاری—[ਅੰਜਨ-ਹਾਰੀ] ਇ. ਕੂੜ ਤਰਿੱਡੀ, ਗੁਹਾਂਜਣੀ; ਇਕ ਕਿਸਮ ਦੀ ਮੱਖੀ ਜਿਸ ਨੂੰ ਘੁਮਿਆਰੀ ਵੀ ਕਹਿੰਦੇ ਹਨ।
[अञ्जन-हारी] स्त्री॰ गुहांजनी, बिलनी; एक प्रकार की मक्खी।

انجیر—[ਅੰਜੀਰ] ਫ਼ਾ. ਪੁ. ਅੰਜੀਰ, ਫਗਵਾੜੇ ਦਾ ਰੁੱਖ।
[अन्जीर] फ़ा० पु० एक प्रसिद्ध वृक्ष तथा उस का फल, अंजीर।

اِنجیل—[ਇੰਜੀਲ] ਯੂਨਾ. ਇ. ਈਸਾਈਆਂ ਦਾ ਧਰਮ ਗ੍ਰੰਥ, ਅੰਜੀਲ।
[इन्जील] यूना० स्त्री० ईसाइयों की धर्म पुस्तक, अंजील।

اِنچ—[ਇੰਚ] ਅੰਗ. ਪੁ. ਫੁਟ ਦਾ ਬਾਰ੍ਹਵਾਂ ਹਿੱਸਾ, ਮਿਣਤੀ ਦੀ ਇਕ ਇਕਾਈ ਜਿਸ ਵਿਚ ਲਗਭਗ ੨.੫ ਸੈਂਟੀਮੀਟਰ ਹੁੰਦੇ ਹਨ।
[इंच] अंग० पु० फुट का बारहवाँ भाग, माप की एक इकाई जिस में २.५ सैंटीमीटर होते हैं।

انچاس—[ਉਣ-ਚਾਸ] ਵਿ. ਚਾਲੀ+ਨੌਂ, ੪੯।
[उन-चास] वि० चालीस और नौ, ४९।

انچاؤ—[ਉਚਾਉ] ਪੁ. ਉਚਾਈ, ਬੁਲੰਦੀ।
[ऊंचाव] पु० ऊँचाई, बुलन्दी।

انچائی—[ਉਚਾਈ] ਇ. ਉਚਾਈ, ਉਚਿਆਈ।
[ऊंचाई] स्त्री० उच्चता, ऊँचाई।

انچھر—[ਅੰਛਰ] ਪੁ. ਹਰਫ਼, ਅੱਖਰ; ਵਿਅੰਗ ਭਾਵ ਨਾਲ ਜਾਦੂ ਦੇ ਬੋਲ, ਮੰਤਰ।
[अंछर] पु० वर्ण, अक्षर; व्यंग्य भाव से जादू के बोल, मंत्र।

اِنحراف—[ਇਨ-ਹਿਰਾਫ਼] ਅਰ. ਪੁ. ਫਿਰ ਜਾਣ ਦਾ ਭਾਵ, ਨਾਫ਼ਰਮਾਨੀ, ਮੁਕਰ ਜਾਣਾ, ਵਾਇਦਾ ਖ਼ਿਲਾਫ਼ੀ।
[इन-ह़िराफ़] अर० पु० फिर जाने का भाव, मुकर जाने का भाव, प्रतिज्ञा भंग करने का भाव, नाफरमानी, वचन भंग।

اِنحراف معاہدہ—[ਇਨ-ਹਿਰਾਫ਼ ਮੁਆਹਦਾ] ਅਰ. ਪੁ. ਵਾਇਦਾ ਖ਼ਿਲਾਫ਼ੀ, ਵਚਨ ਭੰਗ।
[इन-ह़िराफ़ मुआहद:] अर० पु० प्रतिज्ञा से फिर जाने का भाव, वचन भंग।

اِنحصار—[ਇਨ-ਹਿਸਾਰ] ਅਰ. ਪੁ. ਘਿਰ ਜਾਣ ਜਾਂ ਘੇਰੇ ਜਾਣ ਦਾ ਭਾਵ; ਨਿਰਭਰ ਹੋਣ ਦਾ ਭਾਵ, ਨਿਰਭਰਤਾ।
[इन-ह़िसार] अर० पु० घिर जाने अथवा घेरे जाने का भाव; निर्भर होने का भाव, निर्भरता।

اِنحطاط—[ਇਨ-ਹਿਤਾਤ] ਅਰ. ਪੁ. ਘਟਣਾ, ਕਮੀ, ਘਟਾਉ, ਗਿਰਾਵਟ।
[इन-ह़ित़ात़] अर० पु० घटना, कमी, अवनति।

اِنہارا - اِندارا—[ਇਨ-ਹਾਰਾ, ਇਨ-ਦਾਰਾ] ਪੁ. ਡੂੰਘਾ ਤੇ ਪੱਕਾ ਖੂਹ ਜਿਸ ਵਿਚ ਬਹੁਤ ਪਾਣੀ ਹੋਵੇ।
[इन-दारा, इन-हारा] पु० गहरा तथा पक्का कुआँ जिस में बहुत पानी हो।

انداز—[ਅੰਦਾਜ਼] ਫ਼ਾ. ਪੁ. ਤਰਜ਼, ਤੌਰ; ਨਾਜ਼, ਨਖ਼ਰਾ; ਕਿਆਸ, ਅਟਕਲ; ਨਮੂਨਾ।
[अन्दाज़] फ़ा० पु० ढंग, तरीका; नाज़, नख़रा; अनुमान, अटकल; नमूना।

انداز پیٹی—[ਅੰਦਾਜ਼ ਪੀਟੀ] ਵਿ. ਇ. ਆਪਣੇ ਨਾਜ਼ ਨਖ਼ਰੇ ਤੇ ਘਮੰਡ ਕਰਨ ਵਾਲੀ (ਤੀਵੀਂ)।
[अंदाज़ पीटी] वि० स्त्री० अपने नाज़ नखरे पर घमंड करने वाली (स्त्री०)।

اندازہ—[ਅੰਦਾਜ਼ਾ] ਫ਼ਾ. ਪੁ. ਅਨੁਮਾਨ, ਕਿਆਸ, ਅਟਕਲ, ਤਖ਼ਮੀਨਾ।
[अंदाज़:] फ़ा० पु० अनुमान, अटकल, कयास।

اندام—[ਅੰਦਾਮ] ਫ਼ਾ. ਪੁ. ਬਦਨ, ਜੁੱਸਾ, ਸਰੀਰ; ਅੰਗ।
[अंदाम] फ़ा० पु० शरीर, देह, जिस्म; अंग।

اندام نہانی—[ਅੰਦਾਮ ਨਿਹਾਨੀ] ਫ਼ਾ. ਪੁ. ਤੀਵੀਂ ਦੀ ਜਣਨ ਇੰਦਰੀ, ਗੁਪਤ ਅੰਗ, ਭਗ, ਯੋਨੀ।
[अंदाम निहानी] फ़ा० पु० स्त्री का गुप्त अंग, स्त्री की जननेंद्रिय, योनि, भग, वराङ्ग।

اندر—[ਅੰਦਰ] ਫ਼ਾ. ਅਵਯ. ਬਾਹਰ ਦਾ ਉਲਟ, ਭੀਤਰ, ਵਿਚਾਲੇ, ਦਰਮਿਆਨ।
[अन्दर] फ़ा० अव्य० अन्दर, बाहिर का उल्टा, भीतर, दरम्यान, बीच में।

اِندر—[ਇੰਦਰ] ਪੁ. ਦੇਵਤਿਆਂ ਦਾ ਰਾਜਾ, ਸੁਰਰਾਜ, ਮੀਂਹ ਪਾਉਣ ਵਾਲਾ ਦੇਵਤਾ।
[इन्दर] पु० देवताओं का राजा, इन्द्र, वर्षा का देवता।

اِندر کا اکھاڑا—[ਇੰਦਰ ਦਾ ਅਖਾੜਾ] ਪੁ. ਇੰਦਰ ਸਭਾ, ਮਹਿਫ਼ਲ ਜਿਸ ਵਿਚ ਸੁੰਦਰੀਆਂ ਦਾ ਇਕੱਠ ਹੋਵੇ, ਰਾਗ ਰੰਗ ਦੀ ਸਭਾ।
[इन्दर का अखाड़ा] पु० इन्द्र सभा, राग रंग की सभा, वह सभा जहाँ सुन्दरियाँ बैठी हों।

اِندرائن—[ਇੰਦ-ਰਾਯਨ] ਇ. ਤੁੰਮਾ, ਕੌੜ ਤੁੰਮਾ, ਹੰਜਲ, Cucumis colocynthis.
[इंद्र-रायन] स्त्री० तुम्बा, इन्द्रवारुणी, कड़वा तूम्बा, Cucumis colocynthis.

اِندر جال—[ਇੰਦਰ-ਜਾਲ] ਪੁ. ਜਾਦੂ ਦੀ ਖੇਡ, ਜਾਦੂਗਰੀ; ਫ਼ਰੇਬ, ਧੋਖਾ, ਛਲ; ਕਰਾਮਾਤ।
[इन्दर-जाल] पु० जादू का खेल, जादूगरी; छल, धोखा, फरेब; चमत्कार।

اِندر جَو—[ਇੰਦਰ ਜੌਂ] ਪੁ. ਕੁਟਜ (ਇੰਦ੍ਰ) ਬ੍ਰਿਛ ਦੇ ਬੀ, ਜੋ ਜੌਂ ਜੇਹਾ ਆਕਾਰ ਰਖਦੇ ਹਨ। ਇਹ ਦਵਾਈਆਂ ਵਿਚ ਕੰਮ ਆਉਂਦੇ ਹਨ।

[इन्दर जौ] पु० जौ की शकल के दाने जो औषधियों में प्रयुक्त होते हैं ।

اندرسا—[ਅੰਦਰਸਾ] ਪੁ. ਇਕ ਕਿਸਮ ਦੀ ਮਠਿਆਈ ਜੋ ਚੌਲਾਂ ਦੇ ਆਟੇ ਦੀਆਂ ਟਿੱਕੀਆਂ ਨੂੰ ਘਿਉ ਵਿਚ ਤਲ ਕੇ ਬਣਦੀ ਹੈ ।

[अंदरसा] पु० एक प्रकार की मिठाई जो चावलों के आटे की टिकियों को घी में तल कर बनाई जाती है ।

اندر والا—[ਅੰਦਰ ਵਾਲਾ] ਪੁ. ਬੱਚਾ ਜੋ ਮਾਂ ਦੇ ਪੇਟ ਅੰਦਰ ਹੋਵੇ; ਜੀ, ਮਨ, ਦਿਲ, ਆਤਮਾ ।

[अन्दर वाला] पु० पेट का बच्चा ; हृदय, मन, दिल, आत्मा ।

اندروں—[ਅੰਦਰੂੰ] ਫ਼ਾ. ਅਵ. ਪੁ. ਅੰਦਰ, ਵਿਚ, ਦਰਮਿਆਨ, ਵਿਚਾਲੇ ; ਜ਼ਨਾਨਾ ਮਹਿਲ ।

[अन्दरूँ] फ़ा० अव्य० पु० अन्दर, भीतर, दरम्यान, बीच में; अन्तःपुर ।

اندری—[ਇੰਦਰੀ] ਇ. ਉਹ ਸ਼ਕਤੀ ਜਿਸ ਰਾਹੀਂ ਬਾਹਰੀ ਵਿਸ਼ਿਆਂ ਦਾ ਗਿਆਨ ਹੁੰਦਾ ਹੈ ; ਸਰੀਰ ਦਾ ਉਹ ਅੰਗ ਜਿਸ ਰਾਹੀਂ ਸ਼ਬਦ-ਸਪਰਸ਼ ਆਦਿ ਵਿਸ਼ਿਆਂ ਨੂੰ ਗ੍ਰਹਿਣ ਕਰਦੇ ਹਨ ; ਲਿੰਗ-ਇੰਦਰੇ, ਮੈਥੁਨ ਦਾ ਜਣਨ-ਅੰਗ ; ਵਿਸ਼ੇ ਵਾਸ਼ਨਾ ਜਾਂ ਸਰੀਰ ਦੇ ਸੰਭੋਗ ਸਾਧਨ ਅੰਗ ।

[इन्दरी] स्त्री० वह शक्ति जिस से बाहरी विषयों का ज्ञान होता है ; शरीर के सम्भोग साधन अंग ; लिंगेंद्रिय ।

اندفاع—[ਇਨ-ਦਫ਼ਾਅ] ਅਰ. ਪੁ. ਦੂਰ ਹੋਣਾ, ਦੂਰ ਹੋਣ ਦਾ ਭਾਵ ।

[इन-दफ़ा.अ] अर० पु० दूर होना, दूर होने का भाव ।

اندک—[ਅੰਦਕ] ਫ਼ਾ. ਵਿ. ਘਟ, ਥੋੜ੍ਹਾ, ਜ਼ਰਾ ਜਿੰਨਾ ।

[अंदक] फ़ा० वि० कम, थोड़ा, ज़रा सा ।

اندلس—[ਅਨ-ਦਲੁਸ] ਅਰ. ਪੁ. ਸਪੇਨ ਦੇਸ ।

[अन-दलुस] अर० पु० स्पेन देश ।

اندمال—[ਇਨ-ਦਿਮਾਲ] ਅਰ. ਪੁ. ਜ਼ਖ਼ਮ ਭਰਨ ਦਾ ਭਾਵ ।

[इन-दिमाल] अर० पु० घाव भर आने का भाव ।

اندوختہ—[ਅਨ-ਦੋਖ਼-ਤਹ] ਫ਼ਾ. ਵਿ. ਪੁ. ਜਮ੍ਹਾਂ ਕੀਤੀ ਹੋਈ (ਚੀਜ਼), ਬਚਾ ਕੇ ਰਖਿਆ ਹੋਇਆ ਪਦਾਰਥ ।

[अन-दोख़्तः] फ़ा० वि० पु० जमा की हुई (चीज़), बचा कर रखा हुआ पदार्थ ।

اندوہ—[ਅਨ-ਦੋਹ] ਫ਼ਾ. ਪੁ. ਰੰਜ, ਗ਼ਮ, ਫ਼ਿਕਰ, ਅੰਦੇਸ਼ਾ, ਚਿੰਤਾ ।

[अन-दोह] फ़ा० पु० शोक, फ़िक्र, अन्देशा, चिन्ता ।

اندوہگیں—[ਅਨ-ਦੋਹ-ਗੀਂ] ਫ਼ਾ. ਵਿ. ਫ਼ਿਕਰਮੰਦ, ਚਿੰਤਾਤੁਰ, ਦੁਖੀ ।

[अन-दोह-गीं] फ़ा० वि० चिन्तातुर, फ़िक्रमन्द, दुःखी ।

اندوہ ناک—[ਅਨ-ਦੋਹ-ਨਾਕ] ਫ਼ਾ. ਵਿ. ਫ਼ਿਕਰਮੰਦ, ਚਿੰਤਾਤੁਰ, ਦੁਖੀ ।

[अन-दोह-नाक] फ़ा० वि० फ़िक्रमन्द, चिन्तातुर, दुःखी ।

اندھا—[ਅੰਧਾ] ਪੁ. ਨਬੀਨਾ, ਸੂਰਮਾ, ਸੂਰਮਾ ਸਿੰਘ, ਮਨਮੁਖ ; ਬੇਸਮਝ ਜੋ ਕੰਮ ਨਾ ਕਰਨ ਵਾਲਾ ।

[अंधा] पु० सूरदास, अन्ध, नेत्रहीन, प्रज्ञाचक्षु ; सोच विचार कर काम न करने वाला ।

اندھا آئینہ—[ਅੰਧਾ ਆਈਨਹ] ਪੁ. ਧੁੰਦਲਾ ਸ਼ੀਸ਼ਾ ।

[अंधा आईनः] पु० धुन्धला शीशा ।

اندھا بھینسا—[ਅੰਧਾ ਭੈਂਸਾ] ਪੁ. ਮੁੰਡਿਆਂ ਦੀ ਇਕ ਖੇਡ ਜਿਸ ਵਿਚ ਇਕ ਮੁੰਡੇ ਦੀਆਂ ਅੱਖਾਂ ਬੰਦ ਕਰਕੇ ਦੂਜਾ ਮੁੰਡਾ ਉਹਦੇ ਤੇ ਸਵਾਰ ਹੋ ਜਾਂਦਾ ਹੈ । ਬਾਕੀ ਮੁੰਡੇ ਉਹਦੇ ਹੇਠੋਂ ਦੀ ਲੰਘਦੇ ਹਨ ਤੇ ਉਪਰਲਾ ਸਵਾਰ ਮੁੰਡਾ ਪੁੱਛਦਾ ਜਾਂਦਾ ਹੈ ਤਾਂ ਪੁਛਦਾ ਜਾਂਦਾ ਹੈ । ਠੀਕ ਠੀਕ ਨਾਂ ਦਸ ਦੇਣ ਪੁਰ ਪੁੱਛਣ ਵਾਲਾ ਉਹਦੇ ਤੇ ਸਵਾਰ ਹੁੰਦਾ ਹੈ ।

[अंधा भैंसा] पु० बच्चों का एक खेल जिस में एक बालक की आँखें बन्द करके दूसरा लड़का पीठ पर सवार हो जाता है । शेष बालक क्रमशः उस के नीचे से होकर निकलते हैं । सवार लड़का नीचे से निकलने वाले बालक का नाम पूछता है ; जिसका नाम ठीक निकल आए वह भैंसा बनता है और नाम बताने वाला उस पर सवार होता है ।

اندھا دھند—[ਅੰਧਾਧੁੰਦ] ਕ੍ਰਿ. ਵਿ. ਅੰਨ੍ਹੇਵਾਹ, ਧੁਸ ਦੇ ਕੇ, ਬੇਸੋਚੇ ਸਮਝੇ, ਹਨੇਰਾ, ਹਨੇਰ, ਘੁਪ ਹਨੇਰ ।

[अन्धाधुन्ध] क्रि० वि० बिना सोचे समझे, तेज़ी से, बहुत वेग से ; अंधेरा, अंधेर, घुप अंधेरा ।

اندھا کنواں—[ਅੰਧਾ ਕੂੰਆਂ] ਪੁ. ਸੁੱਕਿਆ ਹੋਇਆ ਅਤੇ ਹਨੇਰਾ ਖੂਹ ।

[अंधा कूआँ] पु० सूखा हुआ तथा अंधेरा कुआँ ।

اندھا گھوڑا—[ਅੰਧਾ ਘੋੜਾ] ਪੁ. ਫ਼ਕੀਰਾਂ ਦੀ ਪਰਿਭਾਸ਼ਾ ਵਿਚ ਜੁੱਤੀ, ਜੋੜਾ, ਖੜਾਂ ਆਦਿ ਨੂੰ ਕਹਿੰਦੇ ਹਨ ।

[अन्धा घोड़ा] पु० फकीरों की परिभाषा में जूती, जूता, खड़ाऊँ आदि को कहते हैं ।

اندھڑ—[ਅੰਧੜ] ਪੁ. ਸਖ਼ਤ ਝੱਖੜ ।

[अंधड़] पु० भयानक झञ्झावात ।

اندھکار—[ਅੰਧ-ਕਾਰ] ਪੁ. ਹਨੇਰਾ, ਹਨੇਰੀ ।

[अन्ध-कार] पु० अन्धेरा, अन्धेरी ।

اندھیارا—[ਅੰਧਿਆਰਾ] ਪੁ. ਹਨੇਰਾ, ਹਨੇਰ ਘੁਪ ।

[अंधियारा] पु० अन्धेरा, अन्धकार ।

اندھیاری—[ਅੰਧਿਆਰੀ] ਵਿ. ਹਨੇਰੀ, ਅਨ੍ਹੇਰੀ ।

[अंधियारी] स्त्री० अन्धेरी, आँधी ।

اندھیرا گھپ—[ਅੰਧੇਰਾ ਘੁਪ] ਪੁ. ਜਿਆਦਾ ਹਨੇਰਾ, ਹਨੇਰਾ ਜਿਸ ਵਿਚ ਕੁਝ ਨਾ ਦਿਸੇ ।

[अंधेरा घुप] पु० बहुत अन्धेरा, घना अन्धकार जिस में कुछ भी दिखाई न दे ।

اندھیر کھاتا—[ਅੰਧੇਰ ਖਾਤਾ] ਪੁ. ਬਹੁਤ ਬੇਇਨਸਾਫ਼ੀ, ਲੁਟ ਘੁਟ, ਬੇਇਨਸਾਫ਼ੀ, ਗੜਬੜੀ ।

[अंधेर खाता] पु० अत्यन्त अन्याय, लूट खसोट ; बे इन्साफ़ी, गड़बड़ी ।

اندھیری—[ਅੰਧੇਰੀ] ਇ. ਘੋੜੇ ਦੀਆਂ ਅੱਖਾਂ ਤੇ ਬੰਨ੍ਹਣ ਵਾਲੀਆਂ ਚਮੜੇ ਦੀਆਂ ਟੋਪੀਆਂ ।

[अंधेरी] स्त्री० घोड़े की आँखों पर बांधी जाने वाली चमड़े की टोपियाँ ।

اندھی سرکار—[ਅੰਧੀ ਸਰ-ਕਾਰ] ਇ. ਬੇਇਨਸਾਫ਼ ਬਾਦਸ਼ਾਹ, ਜ਼ਾਲਮ ਹਾਕਮ ।

[अन्धी सर-कार] स्त्री० अन्यायी बादशाह, अत्याचारी हाकिम ।

اندھے کی لکڑی—[ਅੰਧੇ ਦੀ ਲਾਠੀ] ਇ. ਅੰਧਲੇ ਦੀ ਟੇਕ, ਕਈਆਂ ਬੱਚਿਆਂ ਵਿਚੋਂ ਬਚਿਆ ਹੋਇਆ ਬੱਚਾ ; ਬੁਢੇਪੇ ਦਾ ਸਹਾਰਾ; ਵਸੀਲਾ, ਸਹਾਇਕ ।

[अन्धे की लाठी] स्त्री० कई बच्चों में से शेष रहा एक ही पुत्र ; बुढ़ापे का सहारा ; सहायक, सहारा ।

اندھیر—[ਅੰਧੇਰ] ਪੁ. ਜ਼ੁਲਮ, ਸਿਤਮ ; ਬੇਇਨਸਾਫ਼ੀ, ਬੇਇੰਤਜ਼ਾਮੀ; ਦਗਾ, ਫਰੇਬ; ਬੇਈਮਾਨੀ, ਬਦਦਿਆਨਤੀ; ਹਨੇਰਾ, ਗੂੜ੍ਹ ਧੁਪ ।

[अंधेर] पु० अत्याचार, जुल्म; बहुत अधिक गड़बड़ी, कुप्रबन्ध ; छल, धोखा ; बेईमानी, बद-दयानती; अंधेरा, अंधकार ।

اندھیری رات—[ਅੰਧੇਰੀ ਰਾਤ] ਇ. ਕਾਲੀ ਰਾਤ, ਰਾਤ ਜਿਸ ਵਿਚ ਚੰਨ ਨਾ ਚੜ੍ਹਿਆ ਹੋਵੇ ।

[अंधेरी रात] स्त्री० काली रात, वह रात्रि जिस में चन्द्रमा न हो ।

اندھیری کوٹھری—[ਅੰਧੇਰੀ ਕੋਠੜੀ] ਇ. ਹਨੇਰਾ ਅੰਦਰ ; ਬੱਚੇਦਾਨੀ, ਗਰਭਾਸ਼ਾ ।

[अंधेरी कोठड़ी] स्त्री० घर का वह भाग जहाँ अंधेरा हो ; गर्भाशय, बच्चादानी ।

اندھیرے اُجالے—[ਅੰਧੇਰੇ ਉਜਾਲੇ] ਕ੍ਰਿ. ਵਿ. ਹਨੇਰੇ ਸਵੇਰੇ, ਵਕਤ ਬੇਵਕਤ, ਮੌਕਾ ਬੇਮੌਕਾ, ਕਿਸੇ ਨਾ ਕਿਸੇ ਵੇਲੇ ।

[अंधेरे उजाले] क्रि० वि० शाम सवेरे, किसी न किसी समय, मौका बे मौका, समय कुसमय ।

اندھیرے گھر کا اُجالا—[ਅੰਧੇਰੇ ਘਰ ਦਾ ਉਜਾਲਾ] ਪੁ. ਕੁਲ ਦੀਪ, ਇਕਲੌਤਾ ਪੁੱਤਰ ।

[अंधेरे घर का उजाला] पु० कुल दीप, इकलौता पुत्र ।

اندھیرے منہ—[ਅੰਧੇਰੇ ਮੂੰਹ] ਕ੍ਰਿ. ਵਿ. ਵੱਡੇ ਤੜਕੇ, ਪੌ ਫੁਟਣ ਤੋਂ ਜ਼ਰਾ ਪਹਿਲਾਂ ; ਬਹੁਤੇ ਸਵੇਰੇ, ਤਾਰਿਆਂ ਦੀ ਛਾਂਵੇਂ, ਉਠਦਿਆਂ ਨਾਲ ਹੀ ।

[अंधेरे मुंह] क्रि० वि० बड़े सवेरे, अरुणोदय के समय, उठते ही, उषाकाल में, तारों की छाया में ।

اندیشہ—[ਅੰਦੇਸ਼ਹ] ਫ਼ਾ. ਪੁ. ਅੰਦੇਸ਼ਾ, ਫ਼ਿਕਰ, ਡਰ, ਫ਼ਿਕਰ, ਸ਼ੰਕਾ ।

[अंदेशः] फ़ा० पु० अन्देशा, डर, भय, शंका, संदेह ।

اندیشہ ناک—[ਅੰਦੇਸ਼ਹ ਨਾਕ] ਫ਼ਾ. ਵਿ. ਖ਼ਤਰਨਾਕ, ਖ਼ੌਫ਼ਨਾਕ ।

[अंदेशः नाक] फ़ा० वि० भयानक, खौफ़नाक ।

انڈا—[ਅੰਡਾ] ਪੁ. ਆਂਡਾ ।

[अंडा] पु० अण्डा ।

انڈلانا—[ਅੰਡਲਾਨਾ] ਕ੍ਰਿ. ਅਕ. ਅਠਖੇਲੀਆਂ ਕਰਨਾ, ਨਖਰੇ ਕਰਨਾ, ਸ਼ੋਖੀਆਂ ਦਸਣਾ ।

[अंडलाना] क्रि० अक० अठखेलियाँ करना, नखरे करना, इठलाना ।

انڈے بچے—[ਅੰਡੇ ਬੱਚੇ] ਪੁ. ਲੜਕੇ ਬਾਲੇ, ਬਾਲ ਬੱਚਾ, ਆਲ ਔਲਾਦ ।

[अंडे बच्चे] पु० बाल गोपाल, बाल बच्चे, आल औलाद ।

انڈے کا شہزادہ—[ਅੰਡੇ ਦਾ ਸ਼ਹ-ਜ਼ਾਦਹ] ਪੁ. ਉਹ ਸ਼ਖ਼ਸ ਜੋ ਕਦੇ ਘਰੋਂ ਬਾਹਰ ਨਾ ਨਿਕਲਿਆ ਹੋਵੇ ; ਨਾਤਜਰਬਾਕਾਰ ਆਦਮੀ, ਭੋਲਾ ਭਾਲਾ ।

[अंडे का शह-ज़ादः] पु० वह व्यक्ति जो कभी घर से बाहर न निकला हो ; वह व्यक्ति जिसे कोई अनुभव न हो, भोला भाला ।

انڈیلنا—[ਉਨ-ਡੇਲ-ਨਾ] ਕ੍ਰਿ. ਸਕ. ਡੋਲ੍ਹਣਾ, ਮੁਧਿਆਉਣਾ, ਇਕ ਭਾਂਡੇ ਵਿਚੋਂ ਦੂਜੇ ਵਿਚ ਪਾਉਣਾ, ਉਲੱਦਣਾ ।

[उन-डेल-ना] क्रि० सक० तरल पदार्थ को दूसरे बरतन में डालना, औंधा करना, उलटाना ।

اِنزال—[ਇਨ-ਜ਼ਾਲ] ਅਰ. ਪੁ. ਵੀਰਜ ਖ਼ਲਾਸ ਹੋਣ ਦਾ ਭਾਵ, ਵੀਰਜ ਪਾਤ ।

[इन-ज़ाल] अर० पु० वीर्य स्खलित होने का भाव, वीर्यपात ।

اِنزجار—[ਇਨ-ਜ਼ਿਜਾਰ] ਅਰ. ਪੁ. ਹਟ ਜਾਣ ਦਾ ਭਾਵ, ਪਰਤ ਜਾਣ ਦਾ ਭਾਵ ।

[इन-ज़िजार] अर० पु० हट जाने का भाव, वापिस हो जाने का भाव ।

اِنزوا—[ਇਨ-ਜ਼ਿਵਾ] ਅਰ. ਪੁ. ਇਕਾਂਤਸੇਵੀ ਹੋਣ ਦਾ ਭਾਵ ।

[इन-ज़िवा] अर० पु० एकान्त सेवी होने का भाव ।

اُنس—[ਉਨਸ] ਅਰ. ਪੁ. ਹਜ਼ਰਤ ਮੁਹੰਮਦ ਸਾਹਿਬ ਦੇ ਇਕ ਮਿੱਤਰ ਅਤੇ ਸੇਵਕ ਦਾ ਨਾਂ।

[अनस] अर० पु० हज़रत मुहम्मद साहिब का एक मित्र तथा सेवक।

اِنس—[ਇਨ-ਸ] ਅਰ. ਪੁ. ਇਨਸਾਨ, ਆਦਮੀ, ਮਨੁੱਖ।

[इन-स] अर० पु० इन्सान, आदमी, मनुष्य।

اُنس—[ਉਨ-ਸ] ਅਰ. ਪੁ. ਉਲਫ਼ਤ, ਮੁਹੱਬਤ, ਪ੍ਰੇਮ, ਸਨੇਹ।

[उन-स] अर० पु० प्रेम, प्यार, प्रीति, स्नेह।

انساب—[ਅਨ-ਸਾਬ] ਅਰ. ਪੁ. 'ਨਸਬ' ਦਾ ਬਹੁਵਚਨ, ਨਸਲਾਂ; ਪੀੜ੍ਹੀਆਂ, ਕੁਲਾਂ, ਵੰਸ਼ਾਵਲੀਆਂ।

[अन-साब] अर० पु० 'नसब' का बहुवचन, पीढ़ियाँ, कुलें, नस्लें, वंशावलियाँ।

اِنسان—[ਇਨ-ਸਾਨ] ਅਰ. ਪੁ. ਮਨੁੱਖ, ਆਦਮੀ, ਬੰਦਾ।

[इन-सान] अर० पु० मनुष्य, आदमी, मानव।

اِنسانیت—[ਇਨ-ਸਾਨੀਯਤ] ਅਰ. ਇ. ਮਨੁੱਖਤਾ, ਆਦਮੀਅਤ।

[इन-सानीयत] अर० स्त्री० मनुष्यत्व, मानवता।

انسب—[ਅਨ-ਸਬ] ਅਰ. ਵਿ. ਵਧੇਰੇ ਮੁਨਾਸਬ, ਬਹੁਤ ਢੁੱਕਵਾਂ, ਬਹੁਤ ਚਿਹਤਰ, ਬਹੁਤ ਠੀਕ।

[अन-सब] अर० वि० मुनासिब, उचित, बहुत दुरुस्त, बहुत ठीक।

اُنسٹھ—[ਉਨ-ਸਠ] ਵਿ. ਪੰਜਾਹ ਉੱਤੇ ਨੌਂ, ੫੯।

[उन-सठ] वि० पचास और नौ, ५९।

اِنسداد—[ਇਨ-ਸਿਦਾਦ] ਅਰ. ਪੁ. ਪੇਸ਼ਬੰਦੀ, ਰੋਕ, ਨਿਵਾਰਣ; ਬੰਦੋਬਸਤ, ਇੰਤਜ਼ਾਮ।

[इन-सिदाद] अर० पु० पेशबन्दी, रोक, निवारण; बन्दोबस्त, प्रबन्ध।

اِنس و جان—[ਇਨ-ਸੋ ਜਾਂ] ਅਰ. ਪੁ. ਇਨਸਾਨ ਅਤੇ ਜਿੰਨ।

[इन-सो जाँ] अर० पु० इन्सान तथा जिन्न।

اِنشاء—[ਇਨ-ਸ਼ਾਅ] ਅਰ. ਪੁ. ਦਿਲ ਵਿਚੋਂ ਕੋਈ ਚੀਜ਼ ਪੈਦਾ ਕਰਨ ਦਾ ਭਾਵ; ਰਚਨਾ, ਲੇਖ ਰਚਨਾ, ਵਾਰਤਕ; ਚਿੱਠੀ ਪੱਤਰ; ਉਹ ਪੁਸਤਕ ਜਿਸ ਵਿਚ ਪੱਤਰਕਾਰੀ ਦੇ ਨਿਯਮ ਅਤੇ ਨਮੂਨੇ ਦਿੱਤੇ ਹੋਣ।

[इन-शाअ] अर० पु० हृदय में से कोई वस्तु उत्पन्न करने का भाव, रचना, लेख रचना, गद्य रचना; चिट्ठी पत्र; वह पुस्तक जिस में पत्रकारी के नियम तथा नमूने दिये हुए हों।

اِنشاء اللہ تعالےٰ—[ਇਨ-ਸ਼ਾ-ਅੱਲਾ ਤਾ-ਆਲਾ] ਅਰ. ਅਵ. ਰੱਬ ਨੇ ਚਾਹਿਆ ਤਾਂ, ਜੇ।

[इन-शा-अल्ला त-आला] अर० अव्य० ईश्वर ने चाहा तो, अगर।

اِنشاء پرداز—[ਇਨ-ਸ਼ਾਅ ਪਰ-ਦਾਜ਼] ਅਰ. ਫ਼ਾ. ਪੁ. ਮੁਨਸ਼ੀ, ਅਲੰਕ੍ਰਿਤ ਵਾਰਤਕ ਲਿਖਣ ਵਾਲਾ।

[इन-शा पर-दाज़] अर० फ़ा० पु० मुन्शी, अलंकृत गद्य का लेखक।

اِنشاء پردازی—[ਇਨ-ਸ਼ਾਅ ਪਰ-ਦਾਜ਼ੀ] ਅਰ. ਫ਼ਾ. ਇ. ਅਲੰਕ੍ਰਿਤ ਵਾਰਤਕ ਦਾ ਲੇਖਕ।

[इन-शाअ पर-दाज़ी] अर० फ़ा० स्त्री० अलंकृत गद्य का लेखक।

اِنشائیہ—[ਇਨ-ਸ਼ਾਈਯ:] ਅਰ. ਪੁ. ਉਹ ਵਾਕ ਜਿਸ ਵਿਚ ਸੱਚ ਅਤੇ ਝੂਠ ਦੋਹਾਂ ਦੀ ਸੰਭਾਵਨਾ ਹੋਵੇ।

[इन-शाईय:] अर० पु० वह वाक्य जिस में सच तथा झूठ दोनों की सम्भावना हो।

اِنشراح—[ਇਨ-ਸ਼ਿਰਾ-ਹ] ਅਰ. ਪੁ. ਖੁੱਲ੍ਹਣਾ, ਪਰਕਾਸ਼ਮਾਨ ਹੋਣ ਦਾ ਭਾਵ; ਵਿਆਖਿਆ।

[इन-शिरा-ह] अर० पु० खुलना, प्रकाशमान होने का भाव; व्याख्या।

انصاب—[ਅਨ-ਸਾਬ] ਅਰ. ਪੁ. 'ਨਸਬ' ਦਾ ਬਹੁਵਚਨ, ਬੁੱਤ।

[अन-साब] अर० पु० 'नसब' का बहुवचन, बुत।

انصار—[ਅਨ-ਸਾਰ] ਅਰ. ਪੁ. 'ਨਾਸਿਰ' ਦਾ ਬਹੁਵਚਨ, ਮਦਦਗਾਰ, ਸਹਾਇਕ, ਹਿਮਾਇਤੀ; ਹਜ਼ਰਤ ਮੁਹੰਮਦ ਸਾਹਿਬ ਨੂੰ ਮਦੀਨੇ ਵਿਚ ਸਹਾਇਤਾ ਦੇਣ ਵਾਲੇ ਲੋਕ।

[अन-सार] अर० पु० 'नासिर' का बहुवचन, मददगार, सहायक; सहायता करने वाले; हज़रत मुहम्मद साहिब को मदीने में सहायता देने वाले व्यक्ति।

انصاری—[ਅਨ-ਸਾਰੀ] ਅਰ. ਵਿ. 'ਅਨਸਾਰ' ਸਬੰਧੀ।

[अन-सारी] अर० वि० 'अनसार' से सम्बंधित।

اِنصاف—[ਇਨ-ਸਾਫ਼] ਅਰ. ਪੁ. ਦੋ ਬਰਾਬਰ ਹਿੱਸਿਆਂ ਵਿਚ ਵੰਡਣਾ; ਅਦਲ, ਨਿਆਂ।

[इन-साफ़] अर० पु० दो समान भागों में बाँटना; अदल, न्याय।

اِنصرام—[ਇਨ-ਸਿਰਾਮ] ਅਰ. ਪੁ. ਬੰਦੋਬਸਤ, ਪਰਬੰਧ, ਇੰਤਜ਼ਾਮ।

[इन-सिराम] अर० पु० बन्दोबस्त, प्रबन्ध, इन्तिज़ाम।

اِنضباط—[ਇਨ-ਜ਼ਿਬਾ-ਤ] ਅਰ. ਪੁ. ਨਿਯਮਤ ਹੋਣ ਦਾ ਭਾਵ, ਨਮਰਤਾ।

[इन-ज़िबा-त] अर० पु० नियम-बद्ध होने का भाव, आज्ञाकारी।

انضباط اوقات—[ਇਨ-ਜ਼ਿਬਾਤੇ ਔਕਾਤ] ਅਰ. ਪੁ. ਸਮੇਂ ਵੰਡ, ਟਾਈਮ ਟੇਬਲ।
[इन-ज़िबाते औक़ात] अर० पु० समय-विभाजन, टाईम टेबल।

انضمام—[ਇਨ-ਜ਼ਿਮਾਮ] ਅਰ. ਪੁ. ਜੁੜਨਾ, ਮਿਲਣਾ, ਨਾਲ ਲੱਗਣਾ, ਨੱਥੀ ਹੋਣ ਦਾ ਭਾਵ,
[इन-ज़िमाम] अर० पु० जुड़ना, मिलना, संलग्न होने का भाव, नत्थी होने का भाव।

انطاكيه—[ਅਨ-ਤਾ-ਕਿਯਾ:] ਅਰ. ਪੁ. ਏਸ਼ੀਆਏ ਕੋਚਕ ਵਿਚ ਇਕ ਪਰਸਿਧ ਸ਼ਹਿਰ ਜੋ ਸਲੋਕਸ ਵੰਸ਼ ਦੇ ਰਾਜ ਸਮੇਂ ਰਾਜ ਨਗਰ ਸੀ।
[अन-ता-किया:] अर० पु० एशियाए कोचक में एक प्रसिद्ध नगर जो सलोकस वंश के राज्य-काल में राज नगर था।

انطباع—[ਇਨ-ਤਿਬਾਅ] ਅਰ. ਪੁ. ਛਪਾਈ, ਮੁਦ੍ਰਿਤ ਹੋਣ ਦਾ ਭਾਵ, ਛਾਪਿਆ ਜਾਣ ਦਾ ਭਾਵ।
[इन-तिबाअ] अर० पु० छपाई, छापे जाने का भाव।

انطباق—[ਇਨ-ਤਿਬਾਕ] ਅਰ. ਪੁ. ਸਰਬਾਂਗ ਸਮਾਨਤਾ।
[इन-तिबाक़] अर० पु० सर्वांग समानता।

انطفا—[ਇਨ-ਤਿਫ਼ਾਅ] ਅਰ. ਪੁ. ਅੱਗ ਬੁਝ ਜਾਣ ਦਾ ਭਾਵ।
[इन-तिफ़ाअ] अर० पु० अग्नि शान्त हो जाने का भाव।

انعام—[ਇਨ-ਆਮ] ਅਰ. ਪੁ. ਇਨਾਮ, ਪੁਰਸਕਾਰ ; ਬਖਸ਼ੀਸ਼, ਮੁਆਵਜ਼ਾ।
[इन-आम] अर० पु० इनाम, पुरस्कार ; बख्शिश ; मुआवज़ा।

انعام و اکرام—[ਇਨ-ਆਮੋ ਇਕ-ਰਾਮ] ਅਰ. ਪੁ. ਇਨਾਮ ਕਰਾਮ, ਬਖਸ਼ੀਸ਼ਾਂ।
[इन-आमो इक-राम] अर० पु० इनाम इकराम, पुरस्कार, बख्शिशें।

انعدام—[ਇਨ-ਇਦਾਮ] ਅਰ. ਪੁ. ਨਾਸ਼ ਹੋਣ ਜਾਂ ਮਿਟ ਜਾਣ ਦਾ ਭਾਵ, ਤਬਾਹੀ, ਬਰਬਾਦੀ, ਮਲੀਆਮੇਟ, ਸਰਬਨਾਸ਼।
[इन-इदाम] अर० पु० नाश होने या मिट जाने का भाव, तबाही, बरबादी, सर्वनाश, ध्वंस।

انعطاف—[ਇਨ-ਇਤਾਫ਼] ਅਰ. ਪੁ. ਵਾਪਸ ਮੁੜਨਾ, ਵਾਪਸੀ, ਝੁਕਣ ਦਾ ਭਾਵ।
[इन-इताफ़] अर० पु० प्रत्यावर्तन, वापिसी ; झुकने का भाव।

انعقاد—[ਇਨ-ਇਕਾਦ] ਅਰ. ਪੁ. ਜਲਸੇ ਦੀ ਬੈਠਕ ; ਜਲਸਾ ਜੰਮਣਾ।
[इन-इक़ाद] अर० पु० सभा का आयोजन, जलसा जमना।

انعكاس—[ਇਨ-ਇਕਾਸ] ਅਰ. ਪੁ. ਅਕਸ, ਪਰਛਾਵਾਂ, ਪਰਛਾਈਂ।
[इन-इकास] अर० पु० अक्स, परछाईं, प्रतिबिम्ब।

انف—[ਅਨ-ਫ਼] ਅਰ. ਪੁ. ਨੱਕ।
[अन-फ़] अर० पु० नाक।

انفار—[ਅਨ-ਫ਼ਾਰ] ਅਰ. ਪੁ. 'ਨਫ਼ਰ' ਦਾ ਬਹੁਵਚਨ, ਲੋਕ।
[अन-फ़ार] अर० पु० 'नफ़र' का बहुवचन, लोग।

انفاس—[ਅਨ-ਫ਼ਾਸ] ਅਰ. ਪੁ. 'ਨਫ਼ਸ' ਦਾ ਬਹੁਵਚਨ, ਦਮ, ਸਾਹ।
[अन-फ़ास] अर० पु० 'नफ़स' का बहुवचन, सांस, श्वास।

انفحه—[ਇਨ-ਫ਼ਹ:] ਅਰ. ਪੁ. ਜਾਨਵਰਾਂ ਦੇ ਮਿਹਦੇ ਵਿਚੋਂ ਨਿਕਲਿਆ ਪੀਲੇ ਰੰਗ ਦਾ ਮਾਦਾ ਜੋ ਦਹੀਂ ਜਮਾਉਣ ਲਈ ਵਰਤਿਆ ਜਾਂਦਾ ਹੈ।
[इन-फ़ह:] अर० पु० जानवरों के आमाशय में से निकला पीले रंग का मादा जो दही जमाने के लिए प्रयुक्त किया जाता है।

انفراد—[ਇਨ-ਫ਼ਿਰਾਦ] ਅਰ. ਪੁ. ਇਕੱਲਾਪਣ।
[इन-फ़िराद] अर० पु० अकेलापन।

انفرادی—[ਇਨ-ਫ਼ਿਰਾਦੀ] ਅਰ. ਇ. ਵਿ. ਹਰ ਇਕ ਵਿਅਕਤੀ ਦਾ, ਇਕ ਇਕ ਦਾ, ਇਕੱਲੇ ਦਾ।
[इन-फ़िरादी] अर० स्त्री० वि० व्यक्तिगत, एक एक का, अकेले का।

انفراغ—[ਇਨ-ਫ਼ਿਰਾਗ਼] ਅਰ. ਪੁ. ਵਿਹਲ, ਫ਼ੁਰਸਤ, ਫ਼ਰਾਗ਼ਤ, ਛੁਟਕਾਰਾ ; ਕੰਮ ਖ਼ਤਮ ਹੋਣ ਦਾ ਭਾਵ।
[इन-फ़िराग़] अर० पु० फ़ुरसत, अवकाश, छुटकारा, मुक्ति; कार्य समाप्त होने का भाव।

انفس—[ਅਨ-ਫ਼ੁਸ] ਅਰ. ਪੁ. 'ਨਫ਼ਸ' ਦਾ ਬਹੁਵਚਨ, ਬਹੁਤ ਸਾਰੇ ਆਦਮੀ ; ਰੂਹਾਂ, ਆਤਮਾਵਾਂ।
[अन-फ़ुस] अर० पु० 'नफ़स' का बहुवचन, बहुत से आदमी, रूहें, आत्माएँ।

انفساخ—[ਇਨ-ਫ਼ਿਸਾਖ਼] ਅਰ. ਪੁ. ਟੁੱਟ ਜਾਣ ਦਾ ਭਾਵ।
[इन-फ़िसाख़] अर० पु० टूट जाने का भाव।

انفساخ معاهده—[ਇਨ-ਫ਼ਿਸਾਖ਼ ਮੁਆਹਦ:] ਅਰ. ਪੁ. ਸੰਧੀ ਵਿਛੇਦ, ਸੰਧੀ ਟੁੱਟਣ ਦਾ ਭਾਵ।
[इन-फ़िसाख़ मुआहद:] अर० पु० संधि विच्छेद, संधि टूटने का भाव।

انفصال—[ਇਨ-ਫ਼ਿਸਾਲ] ਅਰ. ਪੁ. ਜੁਦਾ ਹੋਣ ਦਾ ਭਾਵ ; ਫ਼ੈਸਲਾ ਹੋਣਾ, ਤੈ ਹੋਣਾ।
[इन-फ़िसाल] अर० पु० पृथक् होने का भाव ; फ़ैसला होना, तै होना।

انفعال—[ਇਨ-ਫ਼ਿ'ਆਲ] ਅਰ. ਪੁ. ਸ਼ਰਮਿੰਦਾ ਹੋਣ ਦਾ ਭਾਵ, ਸ਼ਰਮਿੰਦਗੀ।
[इन-फ़िआल] अर० पु० लज्जित होने का भाव, शर्मिन्दगी।

انفکاک—[ਇਨ-ਫ਼ਿਕਾਕ] ਅਰ. ਪੁ. ਜੁਦਾ ਹੋਣ ਦਾ ਭਾਵ, ਅਲਹਿਦਗੀ।
[इन-फ़िकाक] अर० पु० पृथक् होने का भाव, पृथक्ता।

[انفکاک رہن]—[ਇਨ-ਫ਼ਿਕਾਕ ਰਹਨ] ਅਰ. ਪੁ. ਰੁਪਈਆ ਚੁਕਾ ਕੇ ਗਹਿਣੇ ਹੋਈ ਜਾਇਦਾਦ ਨੂੰ ਵਾਪਸ ਲੈਣ ਦਾ ਭਾਵ।
[इन-फ़िकाक रहन] अर० पु० रुपया चुका कर रहन की हुई जायदाद को वापिस लेने का भाव।

انقباض—[ਇਨ-ਕ਼ਿਬਾਜ਼] ਅਰ. ਪੁ. ਰੋਕ, ਬੰਨ੍ਹ, ਕਬਜ਼।
[इन-क़िबाज़] अर० पु० रोक, बाँध, क़ब्ज़।

انقراض—[ਇਨ-ਕ਼ਿਰਾਜ਼] ਅਰ. ਪੁ. ਕੱਟੇ ਜਾਣ ਦਾ ਭਾਵ; ਨਿਯਤ ਸਮੇਂ ਦਾ ਅੰਤ; ਕਿਸੇ ਰਾਜ ਦਾ ਕੱਟ ਕੇ ਹੋਰ ਰਾਜ ਨਾਲ ਮਿਲਣ ਦਾ ਭਾਵ।
[इन-क़िराज़] अर० पु० कटे जाने का भाव; नियत समय का अन्त; किसी राज्य का कट कर अन्य राज्य में मिलने का भाव।

انقرہ—[ਅਨ-ਕ਼ਰਹ] ਤੁਰ. ਪੁ. ਤੁਰਕੀ ਦੀ ਰਾਜਧਾਨੀ, ਅੰਗੋਰਾ।
[अन-क़रः] तुर्क० पु० तुर्की की राजधानी, अंगोरा।

انقسام—[ਇਨ-ਕ਼ਿਸਾਮ] ਅਰ. ਪੁ. ਵੰਡਿਆ ਜਾਣਾ।
[इन-क़िसाम] अर० पु० बाँटा जाना।

انقضا—[ਇਨ-ਕ਼ਿਜ਼ਾਉ] ਅਰ. ਪੁ. ਬੀਤ ਜਾਣ ਦਾ ਭਾਵ; ਪੂਰਾ ਹੋਣ ਦਾ ਭਾਵ; ਫ਼ੈਸਲਾ ਹੋਣਾ; ਛੁੱਟ ਜਾਣਾ।
[इन-क़िज़ाउ] अर० पु० बीत जाने का भाव; पूरा होने का भाव; फ़ैसला होने का भाव; छूट जाने का भाव।

انقلاب—[ਇਨ-ਕ਼ਿਲਾਬ] ਅਰ. ਪੁ. ਪਲਟਾ, ਜੁਗ ਗਰਦੀ, ਅਦਲਾ ਬਦਲੀ, ਹੇਠਲੀ ਉੱਤੇ ਆਉਣ ਦਾ ਭਾਵ, ਕ੍ਰਾਂਤੀ।
[इन-क़िलाब] अर० पु० ज़माने का उलट फेर, अदला बदली, बहुत बड़ा परिवर्तन, क्रान्ति।

انقیاد—[ਇਨ-ਕ਼ਿਯਾਦ] ਅਰ. ਪੁ. ਹੁਕਮ ਬਰਦਾਰੀ, ਤਾਬਿਅ-ਦਾਰੀ, ਪਾਬੰਦੀ।
[इन-क़ियाद] अर० पु० आज्ञानुवर्तन, दासभाव, पाबन्दी।

انکار—[ਇਨ-ਕਾਰ] ਅਰ. ਪੁ. ਮੁਕਰਨਾ, ਨਾ ਮੰਨਣਾ, ਮੁਨਕਰ ਹੋਣ ਦਾ ਭਾਵ।
[इन-कार] अर० पु० अस्वीकृति, न मानने का भाव, मुकरने का भाव।

انکسار—[ਇਨ-ਕਿਸਾਰ] ਅਰ. ਪੁ. ਨਿਮਰ ਭਾਵ, ਨਿਮਰਤਾ, ਗਰੀਬੀ, ਦੀਨਤਾ।
[इन-किसार] अर० पु० नम्र भाव, नम्रता, दीनता, गरीबी।

انکشاف—[ਇਨ-ਕਿਸ਼ਾਫ਼] ਅਰ. ਪੁ. ਪਰਗਟਾਈ, ਅਭਿਵਿਅਕਤੀ; ਭੇਤ ਖੁਲ੍ਹਣ ਜਾਂ ਖੋਲ੍ਹਣ ਦਾ ਭਾਵ।
[इन-किशाफ़] अर० पु० प्रगट होने या करने का भाव, अभिव्यक्ति, रहस्योद्घाटन।

ان کوٹ—[ਅੰਨ-ਕੂਟ] ਪੁ. ਹਿੰਦੂਆਂ ਦਾ ਇਕ ਤਿਉਹਾਰ ਜੋ ਦੀਵਾਲੀ ਤੋਂ ਦੂਜੇ ਦਿਨ ਹੁੰਦਾ ਹੈ ਤੇ ਜਿਸ ਵਿਚ ਕਈ ਪਰਕਾਰ ਦੇ ਖਾਣੇ ਬਣਾਏ ਜਾਂਦੇ ਹਨ।
[अन्न-कूट] पु० हिन्दुओं का एक त्यौहार जो दीवाली से दूसरे दिन होता है और जिस में कई प्रकार के खाद्य पदार्थ तैयार किये जाते हैं।

انکھڑیاں—[ਅੰਖੜੀਆਂ] ਇ. ਅੱਖਾਂ, ਦੀਦੇ, ਨੈਣ।
[अँखड़ियाँ] स्त्री० आँखें, नेत्र, नयन।

انکھوا—[ਅੰਖੂਆ] ਪੁ. ਅੰਕੁਰ, ਨੋਕ; ਆਟੇ ਦਾ ਗੁਲਗੁਲਾ ਜੋ ਘਿਓ ਵਿਚ ਤਲ ਕੇ ਤੇ ਚਾਸ਼ਨੀ ਵਿਚ ਪਾ ਕੇ ਖਾਂਦੇ ਹਨ; ਮਾਂਹ ਮੂੰਗੀ ਦੇ ਛਿਲਕੇ ਜੋ ਦਲਣ ਵੇਲੇ ਵੱਖ ਹੋ ਜਾਂਦੇ ਹਨ।
[अँखुआ] पु० अंकुर, नोक; आटे का गुलगुला जो घी में तल कर और चाशनी में डाल कर खाते हैं; उड़द और मूँगी का चूरा जो दलने के समय पृथक् हो जाता है।

انکھیارا—[ਅੰਖਿਆਰਾ] ਵਿ. ਅੱਖਾਂ ਵਾਲਾ।
[अँखियारा] वि० आँखों वाला।

انکھیاں—[ਅੰਖੀਆਂ] ਇ. ਅੱਖੀਆਂ, ਅੱਖਾਂ, ਨੈਣ।
[अँखियाँ] स्त्री० आँखें, नेत्र, नयन।

انگ—[ਅੰਗ] ਪੁ. ਸਰੀਰ ਦਾ ਕੋਈ ਭਾਗ, ਦੇਹ, ਤਨ, ਸਰੀਰ, ਬਦਨ; ਛਾਤੀ, ਮੰਮਾ।
[अंग] पु० शरीर का कोई भाग; तन, शरीर, देह, बदन; स्तन, कुच।

انگا—[ਅੰਗਾ] ਪੁ. ਜਾਮਾ, ਅੰਗਰਖਾ, ਚੋਗਾ।
[अंगा] पु० जामा, अंगरखा, चोगा।

انگارا—[ਅੰਗਾਰਾ] ਪੁ. ਵਿ. ਅੰਗਿਆਰ, ਕੋਲੇ ਦਾ ਭਖਦਾ ਜਾਂ ਮਘਦਾ ਟੁਕੜਾ; ਲਾਲ ਸੁਰਖ, ਲਾਲ ਸੂਹਾ।
[अंगारा] पु० वि० जलता हुआ कोयला, जलती हुई लकड़ी का टुकड़ा, बहुत लाल, लाल सुर्ख।

انگبین—[ਅੰਗ-ਬੀਨ] ਫ਼ਾ. ਪੁ. ਸ਼ਹਿਦ, ਮਧਿਆਲ।
[अंग-बीन] फ़ा० पु० शहद, मधु।

انگرکھا —[ਅੰਗ-ਰਖਾ] ਪੁ. ਇਕ ਕਿਸਮ ਦਾ ਲੰਮਾ ਚੋਗਾ ।

[अंग-रखा] पु० एक प्रकार का लम्बा चोगा ।

انگریز —[ਅੰਗ-ਰੇਜ਼] ਪੁ. ਇੰਗਲੈਂਡ ਦਾ ਵਸਨੀਕ, ਫ਼ਰੰਗੀ, ਗੋਰਾ ।

[अंग-रेज़] पु० इङ्गलैण्ड का रहने वाला आदमी, गोरा, फ़िरंगी ।

انگریزی —[ਅੰਗ-ਰੇਜ਼ੀ] ਵਿ. ਇ. ਅੰਗਰੇਜ਼ਾਂ ਦਾ, ਅੰਗਰੇਜ਼ਾਂ ਸਬੰਧੀ, ਵਲੈਤੀ, ਯੂਰਪੀ ; ਅੰਗਰੇਜ਼ਾਂ ਦੀ ਬੋਲੀ, ਇੰਗਲਿਸ਼ ।

[अंग-रेज़ी] वि० स्त्री० अंगरेज़ों का ; अंगरेज़ों से सम्बंधित, विलायती, योरोपियन; इङ्गलैण्ड देश अथवा अंगरेज़ों की भाषा, इङ्गलिश ।

انگڑانا —[ਅੰਗ-ੜਾਣਾ] ਕ੍ਰਿ.ਅਕ. ਅੰਗੜਾਈ ਲੈਣਾ, ਆਕੜਾਂ ਭੰਨਣਾ

[अंग-ड़ाना] क्रि० अक० अंगड़ाई लेना, शरीर का तानना ।

—انگڑائی - [ਅੰਗ-ੜਾਈ] ਇ. ਕਿਸਮ ਦਾ ਆਲਸ ਕਰਕੇ ਆਪਣੇ ਆਪ ਤਣ ਜਾਣ ਦਾ ਭਾਵ, ਆਕੜ ।

[अंग-ड़ाई] स्त्री० आलस्य से जम्हाई लेते हुए देह टूटने की क्रिया ।

انگڑ کھنگڑ —[ਅੰਗੜ ਖੰਗੜ] ਪੁ. ਪੁਰਾਣਾ ਅਸਬਾਬ, ਕਾਠ ਕਬਾੜ ।

[अंगड़ खंगड़] पु० पुराना असबाब, काठ कबाड़ ।

انگش بنگش —[ਅੰਗਸ਼ ਬੰਗਸ਼] ਪੁ. ਊਲਜਲੂਲ, ਬੇਹੂਦਾ ।

[अङ्गश बङ्गश] पु० ऊलजलूल, बेहूदा ।

انگشت —[ਅੰਗੁਸ਼-ਤ] ਫ਼ਾ. ਇ. ਉਂਗਲ, ਉਂਗਲੀ ।

[अंगुश-त] फ़ा. स्त्री० अंगुली, उंगली ।

—انگشتانہ —[ਅੰਗੁਸ਼-ਤਾਨ:] ਫ਼ਾ. ਪੁ. ਲੋਹੇ ਜਾਂ ਪਿੱਤਲ ਦਾ ਉਹ ਖੋਲ ਜੋ ਕਪੜਾ ਸੀਉਂਦੇ ਵੇਲੇ ਦਰਜ਼ੀ ਉਂਗਲ ਤੇ ਚੜ੍ਹਾ ਲੈਂਦਾ ਹੈ ; ਹੱਡੀ ਜਾਂ ਸਿੰਗ ਦਾ ਬਣਿਆ ਛੱਲਾ ਜਿਸਨੂੰ ਤੀਰਅੰਦਾਜ਼ ਅੰਗੂਠੇ ਤੇ ਚੜ੍ਹਾਉਂਦੇ ਹਨ ।

[अंगुश-तान:] फ़ा० पु० उंगली पर पहनने की लोहे या पीतल की एक टोपी जिसे दरजी सीते समय उंगली पर चढ़ा लेते हैं ; हड्डी अथवा सींग का छल्ला जिसे तीर-अंदाज़ अंगूठे पर चढ़ाते हैं ।

—انگشتری —[ਅੰਗੁਸ਼-ਤਰੀ] ਫ਼ਾ. ਇ. ਅੰਗੂਠੀ, ਛਾਪ, ਮੁੰਦਰੀ ।

[अंगुश-तरी] फ़ा० स्त्री० अंगूठी, मुद्रिका, छाप ।

—انگشتِ شہادت —[ਅੰਗੁਸ਼-ਤੇ ਸ਼ਹਾਦਤ] ਫ਼ਾ. ਅਰ. ਇ. ਸੱਜੇ ਹਥ ਦੇ ਅੰਗੂਠੇ ਦੇ ਨਾਲ ਦੀ ਉਂਗਲੀ, ਤਰਜਨੀ ।

[अंगुश-ते शहादत] फ़ा० अर० स्त्री० दायें हाथ के अंगूठे के साथ की उंगली, तर्जनी ।

—انگشت نما —[ਅੰਗੁਸ਼-ਤ-ਨੁਮਾ] ਫ਼ਾ. ਵਿ. ਬਦਨਾਮ, ਬੇਹੂ ।

[अंगुश-त-नुमा] फ़ा० वि० किसी काम में विशेषतः बुरे काम में प्रसिद्ध, बदनाम ।

انگل —[ਅੰਗੁਲ-ਉਂਗਲ] ਪੁ. ਉਂਗਲੀ, ਉਂਗਲੀ ਦੀ ਚੌੜਾਈ ਜਿੰਨੀ ਮਿਣਤੀ ।

[अंगुल-उंगल] पु० अंगुली, अंगुली भर माप ।

انگلانا —[ਉਂਗਲਾਣਾ] ਕ੍ਰਿ. ਸਕ. ਉਂਗਲੀ ਕਰਨਾ, ਚਿੜਾਉਣਾ, ਛੇੜਖਾਨੀ ਕਰਨਾ, ਉਕਸਾਣਾ ।

[उंगलाना] क्रि० सक० उंगली करना, खिजाना, चिढ़ाना, उकसाना ।

اِنگلِس —[ਇੰਗਲਿਸ] ਇ. ਪਿਨਸ਼ਨ, ਵਜ਼ੀਫ਼ਾ ।

[इंगलिस] स्त्री० पेनशन, वज़ीफ़ा ।

اِنگلستان —[ਇੰਗਲਿਸ-ਤਾਨ] ਪੁ. ਇੰਗਲੈਂਡ, ਵਿਲਾਇਤ, ਅੰਗਰੇਜ਼ਾਂ ਦਾ ਦੇਸ਼, ਬਰਤਾਨੀਆ ।

[इंगलिस-तान] पु० इंगलैंड, विलायत, अंगरेज़ों का देश, बरतानिया ।

—اِنگلستان حالیہ —[ਇੰਗਲਿਸ-ਤਾਨੇ ਹਾਲਿਯ:] ਪੁ. ਵਰਤਮਾਨ ਇੰਗਲੈਂਡ ।

[इंगलिस-ताने हालिय:] पु० वर्तमान इंगलैंड ।

اِنگلسی - اِنگلسیا —[ਇੰਗਲਿਸੀ - ਇੰਗਲਿਸਿਯਾ] ਪੁ. ਵਿ ਪਿਨਸ਼ਨੀਆ, ਪਿਨਸ਼ਨ ਲੈਣ ਵਾਲਾ ਸੁਸਤ, ਆਲਸੀ ।

[इंगलिसी - इंगलिसिया] पु० वि० पेनशन पाने वाला, व्यंग्य भाव से आलसी, सुस्त ।

اِنگلش —[ਇੰਗ-ਲਿਸ਼] ਅੰਗ. ਵਿ. ਪੁ. ਇ. ਇੰਗਲਿਸਤਾਨ ਦਾ, ਅੰਗ੍ਰੇਜ਼ੀ ; ਬਰਤਾਨੀਆ ਦਾ ਵਸਨੀਕ ; ਅੰਗ੍ਰੇਜ਼ੀ ਬੋਲੀ ।

[इंग-लिश] अंग० वि० पु० स्त्री० इंगलिस्तान का, अंग्रेज़ी; इंगलैंड का निवासी ; अंगरेज़ी भाषा ।

انگل لگو —[ਅੰਗ ਲੱਗੂ] ਵਿ. ਪੁ. ਬੱਚਾ ਜੋ ਹਰ ਵਕਤ ਮਾਂ ਦੀ ਗੋਦੀ ਵਿਚ ਰਹੇ ।

[अंग लग्गू] वि० पु० वह बच्चा जो हर समय माँ की गोद में रहे ।

انگلی —[ਉਂਗਲੀ-ਅੰਗੁਲੀ] ਇ. ਉਂਗਲ, ਉਂਗਲੀ ।

[उंगली-अंगुली] स्त्री० अंगुली, उंगल ।

انگلیٹ - اِنگلیٹھ —[ਅੰਗਲੇਟ-ਅੰਗਲੇਠ] ਇ. ਕਾਠੀ ਢਾਂਚਾ, ਡੀਲ ਡੌਲ, ਬੌਦ੍ਹ ਕਾਠ ।

[अंगलेट-अंगलेठ] स्त्री० डील डौल, लम्बाई-चौड़ाई शरीर की बनावट ।

انگلینڈ —[ਇੰਗ-ਲੈਂਡ] ਅੰਗ. ਪੁ. ਅੰਗ੍ਰੇਜ਼ਾਂ ਦਾ ਮੁਲਕ, ਇੰਗਲਿਸਤਾਨ, ਵਿਲਾਇਤ ।

[इंग-लैण्ड] अंग्रे० पु० इंगलिस्तान, अंग्रेज़ों का देश, विलायत।

ان گنا برس —[ਅਣ-ਗਿਣਾ ਬਰਸ] ਪੁ. ਬੱਚੇ ਦੀ ਉਮਰ ਦਾ ਅੱਠਵਾਂ ਸਾਲ, (ਤੀਵੀਆਂ ਅੱਠ ਨੂੰ ਨਹਿਸ਼ ਸਮਝ ਕੇ ਅੱਠ ਦੀ ਥਾਂ ਅਣਗਿਣਾ ਕਹਿੰਦੀਆਂ ਹਨ)।

[अन-गिना बरस] पु० बच्चे की आयु का आठवां वर्ष, (स्त्रियां आठ को मनहूस समझ कर उस के स्थान पर अनगिना का प्रयोग करती हैं)।

ان گنا مہینا —[ਅਣ-ਗਿਣਾ ਮਹੀਨਾ] ਪੁ. ਅੱਠਵਾਂ ਮਹੀਨਾ, (ਬੱਚਾ ਜੋ ਅਠਵੇਂ ਮਹੀਨੇ ਪੈਦਾ ਹੋਵੇ ਉਹ ਅਕਸਰ ਜਿਊਂਦਾ ਨਹੀਂ ਰਹਿੰਦਾ)।

[अन-गिना महीना] पु० आठवां महीना, (वह बच्चा जो आठवें महीने उत्पन्न होता है, प्रायः मर जाता है)।

انگنائی —[ਅੰਗਣਾਈ] ਇ. ਆਂਗਣ, ਵਿਹੜਾ।

[अंगनाई] स्त्री० आंगन, सेहन।

ان گنت —[ਅਣਗਿਣਤ] ਵਿ. ਅਸੰਖਿਆਤ, ਬੇਹਿਸਾਬ, ਬੇਸ਼ੁਮਾਰ, ਬੇਅੰਤ।

[अनगिनत] वि० असंख्य, बे हिसाब, बे शुमार, अनन्त।

انگوٹھا —[ਅੰਗੂਠਾ] ਪੁ. ਹੱਥ ਜਾਂ ਪੈਰ ਦੇ ਪੰਜੇ ਦੀ ਸਭ ਤੋਂ ਮੋਟੀ ਉਂਗਲ।

[अंगूठा] पु० हाथ या पैर की सब से मोटी उंगली।

انگوٹھی —[ਅੰਗੂਠੀ] ਇ. ਛਾਪ, ਮੁੰਦਰੀ।

[अंगूठी] स्त्री० मुद्रिका, छाप।

انگوچھا —[ਅੰਗੋਛਾ] ਪੁ. ਪਿੰਡਾ ਸਾਫ਼ ਕਰਨ ਵਾਲਾ ਕਪੜਾ, ਤੌਲੀਆ ; ਛੋਟੀ ਧੋਤੀ ; ਰੁਮਾਲ।

[अंगोछा] पु० गीला शरीर पोंछने का छोटा कपड़ा, तौलिया ; छोटी धोती ; रूमाल।

انگور —[ਅੰਗੂਰ] ਫ਼ਾ. ਪੁ. ਇਕ ਮਸ਼ਹੂਰ ਮਿੱਠਾ ਫਲ, ਦਾਖ।

[अंगूर] फ़ा० पु० एक प्रकार का प्रसिद्ध मीठा फल, दाख।

—انگوری بیل—[ਅੰਗੂਰੀ ਵੇਲ] ਇ. ਕਪੜੇ ਤੇ ਕਢੀ ਹੋਈ ਵੇਲ ਜੋ ਅੰਗੂਰ ਦੀ ਵੇਲ ਵਰਗੀ ਹੋਵੇ।

[अंगूरी बेल] स्त्री० अंगूरों की बेल जैसी कपड़े पर काढ़ी हुई बेल।

—انگوری شراب—[ਅੰਗੂਰੀ ਸ਼ਰਾਬ] ਇ. ਅੰਗੂਰਾਂ ਦਾ ਲਾਹਣ ਉਠਾ ਕੇ ਬਣੀ ਹੋਈ ਸ਼ਰਾਬ।

[अंगूरी शराब] स्त्री० अंगूरों के रस की शराब।

انگھڑ —[ਅਣ-ਘੜ] ਵਿ. ਅਣਘੜਤ, ਬੇਢੰਗਾ, ਬੇਡੌਲ।

[अन-घड़] वि० अनगढ़, बेडौल, भद्दा।

—ان گھڑت بات—[ਅਣ-ਘੜਤ ਬਾਤ] ਇ. ਬੇਤੁਕੀ ਗੱਲ।

[अन-घड़त बात] स्त्री० बेतुकी बात।

انگیا —[ਅੰਗੀਆ] ਇ. ਚੋਲੀ, ਛੋਟਾ ਕਪੜਾ, ਸੀਨਾਬੰਦ।

[अंगिया] स्त्री० चोली, छोटा कपड़ा, सीनाबन्द।

—انگیا کا بنگلا—[ਅੰਗੀਆ ਦਾ ਬੰਗਲਾ] ਪੁ. ਅੰਗੀਆ ਦੀ ਕਟੋਰੀ ਉੱਤੇ ਗੋਟੇ ਕਿਨਾਰੀ ਦੀਆਂ ਬਣੀਆਂ ਹੋਈਆਂ ਫਾਂਕਾਂ।

[अंगिया का बंगला] पु० अंगिया की कटोरी पर गोटे किनारी की बनी हुई फांकें।

—انگیا کا تورا—[ਅੰਗੀਆ ਦਾ ਤੋੜਾ] ਪੁ. ਵਟਿਆ ਹੋਇਆ ਸੂਤ ਦਾ ਉਹ ਡੋਰਾ ਜੋ ਅੰਗੀ ਦੀ ਪਿੱਠ ਤੇ ਗੰਢੀ ਵਿਚ ਗੰਢ ਦੇ ਅੰਦਰ ਹੁੰਦਾ ਹੈ।

[अंगिया का तोड़ा] पु० बटे हुए सूत का वह डोरा जो अंगिया की पीठ पर कंठी में गांठ के अन्दर होता है।

انگیا کا گھاٹ —[ਅੰਗੀਆ ਦਾ ਘਾਟ] ਪੁ. ਅੰਗੀ ਦਾ ਗਲਮਾ, ਅੰਗੀ ਦੀ ਕਤਰ ਬਿਉਂਤ।

[अंगिया का घाट] पु० अंगिया की कंठी, अंगिया की कतर ब्योंत।

—انگیا کی چڑیا—[ਅੰਗੀਆ ਦੀ ਚਿੜ-ਯਾ] ਇ. ਸੀਉਣ ਜੋ ਅੰਗੀ ਦੀਆਂ ਦੋਹਾਂ ਕਟੋਰੀਆਂ ਦੇ ਵਿਚਾਲੇ ਹੁੰਦੀ ਹੈ।

[अंगिया की चिड़-या] स्त्री० सीवन जो अंगिया की दोनों कटोरियों के बीच होती है।

—انگیا کی دیواریں—[ਅੰਗੀਆ ਦੀ ਦੀਵਾਰੇਂ] ਇ. ਅੰਗੀ ਦੀਆਂ ਕਟੋਰੀਆਂ ਦੇ ਹੇਠਲੇ ਹਿੱਸੇ।

[अंगिया की दीवारें] स्त्री० अंगिया की कटोरियों के नीचे के भाग।

—انگیا کی کٹوریاں—[ਅੰਗੀਆ ਦੀ ਕਟੋਰੀਆਂ] ਇ. ਅੰਗੀ ਦਾ ਉਹ ਹਿੱਸਾ ਜਿਸ ਵਿਚ ਛਾਤੀਆਂ ਜਾਂ ਥਣ ਰਹਿੰਦੇ ਹਨ।

[अंगिया की कटोरियाँ] स्त्री० अंगिया के दो भाग जिन में स्तन छिपे रहते हैं।

—انگیا کے پان—[ਅੰਗੀਆ ਦੇ ਪਾਨ] ਪੁ. ਅੰਗੀ ਦੀ ਕਟੋਰੀ ਦੇ ਕਪੜੇ ਦੇ ਦੋ ਟੁਕੜੇ ਹੁੰਦੇ ਹਨ। ਛੋਟੇ ਨੂੰ 'ਪਾਨ' ਤੇ ਵੱਡੇ ਨੂੰ 'ਦੀਵਾਰ' ਕਹਿੰਦੇ ਹਨ।

[अंगिया के पान] पु० अंगिया की कटोरी के कपड़े के दो टुकड़े होते हैं, छोटे को 'पान' और बड़े को 'दीवार' कहते हैं।

—انگیا کے پٹھے—[ਅੰਗੀਆ ਦੇ ਪੱਠੇ] ਪੁ. ਅੰਗੀ ਦੀ ਚੌੜੀ ਗੋਟ।

[अंगिया के पट्ठे] पु० अंगिया की चौड़ी गोट।

انگیٹھی —[ਅੰਗੀਠੀ] ਇ. ਅੰਗੀਠੀ, ਕੋਲੇ ਧਾਲਣ ਵਾਲਾ ਚੁੱਲ੍ਹਾ ।
[अंगीठी] स्त्री० लोहे मिट्टी आदि का एक प्रकार का विशेष चूल्हा जिस में कोयले सुलगाते हैं, अंगीठी ।

انگیزنا —[ਅੰਗੇਜ਼ਣਾ] ਕ੍ਰਿ. ਸਕ. ਚੁਕਣਾ, ਸਹਾਰਨਾ, ਸਹਿਣਾ, ਝਲਣਾ, ਬਰਦਾਸ਼ਤ ਕਰਨਾ, ਜ਼ੁੰਮੇ ਲੈਣਾ, ਸਿਰ ਪਕੜਨਾ ।
[अंगेजना] क्रि० सक० उठाना, सहना, सम्हालना, बरदाश्त करना, साहस करना, जिम्मे लेना, सिर लेना ।

انملا - انمل —[ਅਣ-ਮਿਲ, ਅਣ-ਮਿਲਾ] ਵਿ. ਜੋ ਮਿਲੇ ਨ, ਜੋ ਮਿਲ ਕੇ ਨ ਰਹੇ, ਜੋ ਠੀਕ ਨ ਬੈਠੇ, ਬੇ ਜੋੜ ।
[अन-मिल, अन-मिला] वि० जो मिले न, जो मिल कर न रहे, जो ठीक न बैठे, बे जोड़ ।

انمنا - انمنی —[ਅਣ-ਮਣਾ, ਅਣ-ਮਣੀ] ਵਿ. ਬੀਮਾਰ, ਰੋਗੀ ।
[अन-मना, अन-मनी] वि० बीमार, रोगी ।

انمول —[ਅਣ-ਮੋਲ] ਵਿ. ਅਣਮੋਲ, ਬੇਹਦ ਕੀਮਤੀ, ਬਹੁਤ ਹੀ ਵਧੀਆ, ਬਹੁਤ ਹੀ ਕੰਮ ਦੀ (ਚੀਜ਼) ।
[अन-मोल] वि० अमूल्य, बहुमूल्य, बहुत बढ़िया, बहुत ही काम की (चीज) ।

انمیل —[ਅਣ-ਮੇਲ] ਵਿ. ਜੋ ਮੇਲ ਨਾ ਖਾਏ, ਬੇ ਜੋੜ, ਵਖਰਾ ।
[अन-मेल] वि० जो मेल न खाए, बे जोड़, अनुपम ।

اناناس —[ਅਨੱਨਾਸ] ਪੁ. ਇਕ ਪਰਸਿਧ ਫਲ । (Pine apple)
[अन्नास] पु० एक प्रसिद्ध फल । (Pine apple)

اننت —[ਅਨੰਤ] ਵਿ. ਪੁ. ਜਿਸ ਦਾ ਅੰਤ ਨਹੀਂ, ਬੇਹੱਦ ; ਬਾਂਹ ਦਾ ਇਕ ਗਹਿਣਾ ਜਿਨ੍ਹੂੰ ਭਾਦੋਂ ਸੁਦੀ ਚੌਦਸ ਦੇ ਦਿਨ ਹਿੰਦੂ ਪਹਿਨਦੇ ਹਨ ।
[अनन्त] वि० पु० जिस का अन्त नहीं, असीम ; बांह का एक गहना, जिसे हिन्दू लोग भादों सुदी चौदस के दिन पहनते हैं ।

اننت چودس —[ਅਨੰਤ ਚੌਦਸ] ਇ. ਭਾਦੋਂ ਸੁਦੀ ਚੌਦਸ ਜਿਸ ਦਿਨ ਹਿੰਦੂ ਅਨੰਤ ਪਹਿਨਦੇ ਹਨ ।
[अनन्त चौदस] स्त्री० भादों सुदी चतुर्दशी जिस दिन हिन्दू अनन्त पहनते हैं ।

انند —[ਅਨੰਦ] ਵਿ. ਪੁ. ਖੁਸ਼, ਪਰਸੰਨ ; ਖੁਸ਼ੀ, ਪਰਸੰਨਤਾ ।
[अनन्द] वि० पु० .खुश, प्रसन्न; .खुशी, प्रसन्नता ।

انند بدھاوا —[ਅਨੰਦ ਬਧਾਵਾ] ਪੁ. ਖ਼ੁਸ਼ੀ ਦਾ ਗੀਤ, ਵਧਾਈ, ਮੁਬਾਰਕ ।
[अनन्द बधावा] पु० .खुशी का गीत, बधाई, मुबारक ।

انند منگل —[ਅਨੰਦ ਮੰਗਲ] ਪੁ. ਖੁਸ਼ੀ, ਮੌਜ ਮੇਲਾ, ਐਸ਼ ਇਸ਼ਰਤ ।
[अनन्द मंगल] पु० .खुशी मौज मेला, सुख सम्भोग ।

انندی پرش —[ਅਨੰਦੀ ਪੁਰ-ਸ਼] ਪੁ. ਹਸਮੁਖ ਆਦਮੀ ।
[अनन्दी पुर-ष] पु० हँसमुख आदमी ।

انوار —[ਅਨ-ਵਾਰ] ਅਰ. ਪੁ. 'ਨੂਰ' ਦਾ ਬਹੁ ਵਚਨ, ਨੂਰ, ਰੋਸ਼ਨੀਆਂ, ਉਜਾਲੇ, ਪਰਕਾਸ਼, ਜੋਤਾਂ ।
[अन-वार] अर० पु० 'नूर' का बहुवचन, नूर, प्रकाश, रोशनियाँ, उजाले, ज्योतियाँ ।

انواسنا —[ਅਨ-ਵਾਸ-ਨਾ] ਕ੍ਰਿ. ਸਕ. ਕੋਰੇ ਭਾਂਡੇ ਨੂੰ ਖੰਘਾਲਣਾ ।
[अन-वास-ना] क्रि० सक० कोरे पात्र को खंगालना ।

انواع —[ਅਨ-ਵਾ.ਅ] ਅਰ. ਇ. 'ਨੌ.ਅ' ਦਾ ਬਹੁ ਵਚਨ, ਕਿਸਮਾਂ, ਭਾਂਤਾਂ ।
[अन-वा.अ] अर० स्त्री० 'नौ.अ' का बहुवचन, प्रकार, किस्में ।

انوپ —[ਅਨੂਪ] ਵਿ. ਬੇਮਿਸਾਲ, ਅਦੁੱਤੀ, ਬੇਨਜ਼ੀਰ, ਜਿਸ ਦੇ ਨਾਲ ਦਾ ਕੋਈ ਦੂਜਾ ਨਹੀਂ ।
[अनूप] वि० बेमिसाल, अद्वितीय, अनुपम, जिसकी कोई उपमा न हो ।

انوپان —[ਅਨੁਪਾਨ] ਪੁ. ਜਿਸ ਚੀਜ਼ ਵਿਚ ਰਖ ਕੇ ਜਾਂ ਉਸ ਦੇ ਨਾਲ ਕੋਈ ਦਵਾਈ ਖਾਧੀ ਜਾਵੇ ।
[अनुपान] पु० वह वस्तु जो औषध के साथ या पीछे खाई जाय ।

انوٹ —[ਅਨ-ਵਟ] ਇ. ਇਕ ਘੁੰਘਰੀਆਂ ਜਾਂ ਬੋਰਾਂ ਵਾਲਾ ਗਹਿਣਾ ਜੋ ਅੰਗੂਠੇ ਵਿਚ ਪਾਇਆ ਜਾਂਦਾ ਹੈ ; ਨਾਜ਼, ਨਖ਼ਰਾ, ਲਚਕ, ਮਟਕ ।
[अन-वट] स्त्री० एक प्रकार का छनकने वाला गहना जो अंगूठे पर पहना जाता है ; नाज़, नख़रा, हावभाव, लचक ।

انوٹھا —[ਅਨੂਠਾ] ਵਿ. ਅਨੋਖਾ, ਨਵਾਂ, ਨਜ਼ੀਰੋਂ ਬਾਹਰਾ ।
[अनूठा] वि० अनोखा, विचित्र, विलक्षण, अनुपम ।

انوٹھی بات —[ਅਨੂਠੀ ਬਾਤ] ਇ. ਅਨੋਖੀ ਗੱਲ ।
[अनूठी बात] स्त्री० अनोखी बात ।

انور —[ਅਨ-ਵਰ] ਅਰ. ਵਿ. ਬਹੁਤ ਚਮਕੀਲਾ, ਬਹੁਤ ਰੋਸ਼ਨ, ਪ੍ਰਕਾਸ਼ਮਾਨ ।
[अन-वर] अर० वि० बहुत चमकीला, बहुत रौशन, प्रकाशवान् ।

انوری —[ਅਨ-ਵਰੀ] ਫ਼ਾ. ਅਰ. ਪੁ. ਫ਼ਾਰਸੀ ਦਾ ਇਕ ਪਰਸਿਧ ਕਵੀ ਜੋ ਸਲਜੂਕ ਵੰਸ਼ ਦਾ ਰਾਜ ਕਵੀ ਸੀ ।
[अन-वरी] फ़ा० अर० पु० फ़ारसी का एक प्रसिद्ध कवि जो सलजूक वंश का राजकवि था ।

انوکھا—[ਅਨੋਖਾ] ਵਿ. ਨਿਰਾਲਾ, ਨਵੀਂ ਘਾੜਾ, ਅਜੀਬ, ਵਿਲੱਖਣ, ਅਦਭੁਤ।
[अनोखा] वि० निराला, विचित्र, विलक्षण, अजीब, अद्भुत।

اونہہ—[ਊਂਹ] ਅਵ. ਘਿਰਣਾ ਤੇ ਬੇਪਰਵਾਹੀ ਪਰਗਟ ਕਰਨ ਲਈ ਵਰਤਿਆ ਜਾਣ ਵਾਲਾ ਸ਼ਬਦ ; ਕਰਾਹੁਣ ਦੀ ਅਵਾਜ਼।
[ऊँहू] अव्य० घृणा तथा बेपरवाही प्रकट करने के लिए प्रयुक्त होने वाला शब्द ; कराहने की आवाज।

انہتر—[ਉਨ-ਹੱਤਰ] ਵਿ. ਸੱਠ ਉੱਤੇ ਨੌ ੬੯।
[उन-हत्तर] वि० साठ और नौ ६९।

انہدام—[ਇਨ-ਹਿਦਾਮ] ਅਰ. ਪੁ. ਤਬਾਹੀ, ਬਰਬਾਦੀ, ਸਤਿਆਨਾਸ, ਵਿਨਾਸ਼, ਢਹਾਈ।
[इन-हिदाम] अर० पु० तबाही, बरबादी, विनाश, ध्वंस, ढाने का भाव।

انہزام—[ਇਨ-ਹਿਜ਼ਾਮ] ਅਰ. ਪੁ. ਹਾਰ, ਭਾਂਜ, ਸ਼ਿਕਸਤ।
[इन-हिज़ाम] अर० पु० हार, पराजय, शिकस्त।

انہماک—[ਇਨ-ਹਿਮਾਕ] ਅਰ. ਪੁ. ਮਗਨ ਹੋਣ ਦਾ ਭਾਵ, ਲੀਣਤਾ, ਬਹੁਤ ਰੁਝੇਵੇਂ ਦੀ ਹਾਲਤ।
[इन-हिमाक] अर० पु० ध्यान-मग्नता, लीनता, अत्यधिक व्यस्तता।

ان ہونی—[ਅਨ-ਹੋਣੀ] ਵਿ. ਨਾ ਹੋਣ ਵਾਲੀ ਗੱਲ, ਨਾ ਮੁਮਕਿਨ ਗੱਲ।
[अन-होनी] स्त्री० न होने वाली बात, असंभव बात।

انہیں—[ਉਨ-ਹੇਂ] ਪੜ. ਉਨ੍ਹਾਂ ਨੂੰ।
[उन-हें] सर्व० उन को।

انہیں—[ਇਨ-ਹੇਂ] ਪੜ. ਇਨ੍ਹਾਂ ਨੂੰ।
[इन-हें] सर्व० इन को।

انی—[ਅਨੀ] ਇ. ਅਣੀ, ਨੋਕ, ਚੁੰਝ।
[अनी] स्त्री० नोक, अग्रभाग, चोंच।

انیس—[ਅਨੀਸ] ਅਰ. ਪੁ. ਪ੍ਰੇਮ ਰੱਖਣ ਵਾਲਾ, ਮੁਹੱਬਤੀ, ਸਨੇਹੀ, ਸੱਜਣ, ਮਿੱਤਰ, ਦੋਸਤ, ਹਮਦਰਦ ; ਲਖਨਊ ਦੇ ਪ੍ਰਸਿੱਧ ਉਰਦੂ ਸ਼ਾਇਰ, ਮੀਰ ਬਬਰ ਅਲੀ ਦਾ ਤਖ਼ੱਲਸ।
[अनीस] अर० पु० प्यारा, प्रेमी, स्नेही, सज्जन, मित्र, दोस्त, हमदर्द ; लखनऊ के प्रसिद्ध उर्दू कवि मीर बबर अली का उपनाम।

انیس—[ਉੱਨੀਸ] ਵਿ. ਦਸ ਉੱਤੇ ਨੌ, ੧੯।
[उन्नीस] वि० दस और नौ, १९।

انیس بیس—[ਉੱਨੀਸ ਬੀਸ] ਵਿ. ਉਨ੍ਹੀ ਵੀਹ ; ਥੋੜ੍ਹਾ ਜਿਹਾ (ਫ਼ਰਕ), ਮਾਮੂਲੀ ਜਿਹਾ (ਫ਼ਰਕ)।
[उन्नीस बीस] वि० मामूली (फ़र्क़), थोड़ा सा (अन्तर)।

انیسوں—[ਅਨੇਸੂੰ] ਅਰ. ਪੁ. ਇਕ ਦਵਾ ਦਾ ਨਾਂ।
[अनेसूँ] अर० पु० एक औषधि।

او—[ਓ] ਅਵ. ਇਕ ਸੰਬੋਧਨ ਵਾਚੀ ਸ਼ਬਦ, ਓ, ਓਏ।
[ओ] अव्य० एक संबोधन सूचक शब्द, अरे, रे।

اواخر—[ਅਵਾਖ਼ਿਰ] ਅਰ. ਪੁ. 'ਆਖ਼ਿਰ' ਦਾ ਬਹੁ ਵਚਨ, ਅਖ਼ੀਰ, ਓੜਕ, ਅੰਤ।
[अवाख़िर] अर० पु० 'आख़िर' का बहुवचन, समाप्ति, परिणाम, अन्त।

اوارجہ - اوراجہ—[ਅਵਾ-ਰਿਜ:, ਅਵਾਰਿਜ:] ਫ਼ਾ. ਪੁ. ਰੋਜ਼ਨਾਮਚਾ, ਵਹੀ।
[अवा-रिज:, अवारिज:] फ़ा० पु० रोजनामचा, बही।

اوامر—[ਅਵਾ-ਮਿਰ] ਅਰ. ਪੁ. 'ਅਮਰ' ਦਾ ਬਹੁ ਵਚਨ, ਹੁਕਮ, ਫ਼ੁਰਮਾਨ।
[अवा-मिर] अर० पु० 'अमर' का बहुवचन, आज्ञाएँ, आदेश।

اوائل—[ਅਵਾ-ਇਲ] ਅਰ. ਪੁ. 'ਅੱਵਲ' ਦਾ ਬਹੁ ਵਚਨ, ਮੁੱਢ, ਆਰੰਭ, ਸ਼ੁਰੂ ; ਬਿਸਮਿੱਲਾ, ਸ੍ਰੀ ਗਣੇਸ਼ ; ਕਰਜ਼ੇ ਦੀ ਮਾਲ੍ਹ।
[अवा-इल] अर० पु० 'अव्वल' का बहुवचन, आरम्भ, प्रारम्भ, शुरू ; बिस्मिल्लाह, श्री गणेश ; कर्ज़ों की माल्ह।

اوائل عمر—[ਅਵਾ-ਇਲੇ-ਉਮ-ਰ] ਅਰ. ਇ. ਬਚਪਣ, ਬਾਲ-ਅਵਸਥਾ।
[अवा-इले-उम-र] अर० स्त्री० बचपन, बाल्यावस्था।

اوباش—[ਔਬਾਸ਼] ਅਰ. ਪੁ. ਬਦਚਲਨ ਆਦਮੀ, ਅਵਾਰਾ, ਬਦਮਾਸ਼, ਸ਼ੁਹਦਾ, ਗੁੰਡਾ, ਲੁੱਚਾ।
[औबाश] अर० पु० दुश्चलन व्यक्ति, दुराचारी, बदमाश, आवारा, गुण्डा, लुच्चा।

اوباشی—[ਔਬਾਸ਼ੀ] ਅਰ. ਇ. ਬਦਮਾਸ਼ੀ, ਬਦਚਲਣੀ, ਗੁੰਡਾਪਣ।
[औबाशी] अर० स्त्री० बदमाशी, बदचलनी, गुण्डापन।

اوبزرویٹری—[ਔਬ-ਜ਼ਰ-ਵੇਟਰੀ] ਅੰਗ. ਇ. ਗ੍ਰਹਿਆਂ ਤੇ ਤਾਰਿਆਂ ਦੀ ਚਾਲ ਆਦਿ ਵੇਖਣ ਜਾਂ ਜਾਚਣ ਦੀ ਜਗ੍ਹਾ, ਜੰਤਰ ਮੰਤਰ।
[औब-ज़र-वेटरी] अंग० स्त्री० ग्रह अथवा सितारे देखने या उनकी गति को जाँचने की जगह, जन्तर-मन्तर।

اوڑی—[ਓੜੀ] ਇ. ਟੋਆ ਜੋ ਹਾਥੀ ਨੂੰ ਫੜਨ ਵਾਸਤੇ ਜੰਗਲ ਵਿਚ ਪੁਟਿਆ ਜਾਂਦਾ ਹੈ ਤੇ ਉੱਪਰ ਘਾਹ ਫੂਸ ਪਾ ਕੇ ਇਸ ਨੂੰ ਢਕ ਦਿੱਤਾ ਜਾਂਦਾ ਹੈ।

[ओगी] स्त्री० वह गढ़ा जो हाथी को पकड़ने के लिये जंगल में खोदा जाता है और ऊपर घास फूस डाल कर जिस को ढाँप दिया जाता है।

اوپ—[ਓਪ] ਇ. ਚਮਕ, ਆਬ, ਆਬਤਾਬ।

[ओप] स्त्री० चमक, आभा, दीप्ति।

اوپچی—[ਓ-ਪਚੀ] ਤੁਰ. ਪੁ. ਹਥਿਆਰ ਬੰਦ ਆਦਮੀ, ਬਾਂਕਾ ਸਿਪਾਹੀ, ਸ਼ਸਤ੍ਰ-ਬੱਧ ਆਦਮੀ।

[ओपची] तुर० पु० हथियारबन्द आदमी, बाँका सिपाही, सशस्त्र-बद्ध व्यक्ति।

اوپر—[ਉਪਰ] ਅਵ. ਹੇਠਾਂ ਦਾ ਉਲਟ, ਉਪਰ, ਉੱਤੇ; ਬਾਹਰ; ਬਾਦ, ਮਗਰੋਂ; ਇਸ ਤੋਂ ਪਹਿਲਾਂ; ਵਧ, ਵਧੇਰੇ।

[ऊपर] अव्य० नीचे का उलट; ऊँचे स्थान में, ऊँचाई पर; बाहर; उपरान्त, पश्चात्; इस से पूर्व; अधिक, पर्याप्त।

—اوپر اوپر—[ਉਪਰ ਉਪਰ] ਕ੍ਰਿ. ਵਿ. ਉੱਪਰ ਉੱਪਰ, ਉੱਤੇ ਉੱਤੇ; ਉਪਰੋਂ ਉਪਰੋਂ, ਉੱਤੋਂ ਉੱਤੋਂ।

[ऊपर ऊपर] क्रि० वि० ऊँचाई पर, अलग; बिना और किसी के बताये, चुपके से।

—اوپر تلے—[ਉਪਰ ਤਲੇ] ਕ੍ਰਿ. ਵਿ. ਹੇਠ ਉੱਤੇ; ਇਕ ਤੋਂ ਬਾਦ ਦੂਜਾ, ਲਗਾਤਾਰ।

[ऊपर तले] क्रि० वि० नीचे ऊपर; एक के बाद दूसरा, लगातार।

—اوپر دھڑی—[ਉਪਰ ਧੜੀ] ਇ. ਨਹੱਕਾ ਇਲਜ਼ਾਮ, ਮੁਫ਼ਤ ਦੀ ਤੁਹਮਤ; ਦਿਖਾਵੇ ਦੀਆਂ ਗੱਲਾਂ, ਉਪਰਲੀਆਂ ਗੱਲਾਂ।

[ऊपर धड़ी] स्त्री० अनुचित दोष, व्यर्थ का कलङ्क; दिखावे मात्र की बातें, ऊपर की बातें।

—اوپر سے—[ਉਪਰ ਸੇ] ਕ੍ਰਿ. ਵਿ. ਉੱਤੋਂ; ਦਿਖਾਵਾ, ਤਨਖ਼ਾਹ ਤੋਂ ਛੁਟ ਹੋਰ ਵਸੀਲਿਆਂ ਨਾਲ (ਪ੍ਰਾਪਤ ਹੋਈ ਰਕਮ)।

[ऊपर से] क्रि० वि० ऊँचाई से; अलग से, वेतन के अतिरिक्त अन्य साधनों से (प्राप्त राशि)।

—اوپر کا—[ਉਪਰ ਕਾ] ਵਿ. ਓਪਰਾ, ਬਿਗਾਨਾ, ਗ਼ੈਰ; ਫ਼ਾਲਤੂ; ਰਿਸ਼ਵਤ ਦਾ।

[ऊपर का] वि० अपरिचित, बेगाना, ग़ैर; फ़ालतू; रिशवत का।

—اوپر والا—[ਉਪਰ ਵਾਲਾ] ਪੁ. ਖੁਦਾ, ਪਰਮੇਸ਼ਰ; ਨਵਾਂ ਜੀਨ, (ਔਰਤਾਂ ਦੀ ਬੋਲੀ ਵਿਚ)।

[ऊपर वाला] पु० ईश्वर, परमात्मा; नया नौकर, (स्त्रियों की भाषा में)।

—اوپر والے—[ਉਪਰ ਵਾਲੇ] ਵਿ. ਪੁ. ਓਪਰੇ, ਗ਼ੈਰ, ਬੇ-ਤੁਅੱਲਕ, ਹੋਰ ਲੋਕ; ਕੋਠੇ ਤੇ ਰਹਿਣ ਵਾਲੇ; ਅਕਾਸ਼ ਮੰਡਲ ਵਿਚ ਰਹਿਣ ਵਾਲੇ।

[ऊपर वाले] वि० पु० अपरिचित, ग़ैर, असंबंधित, अन्य लोग; छत पर रहने वाले; गगन-मण्डल के निवासी।

اوپری—[ਓਪਰੀ] ਵਿ. ਦਿਖਾਵੇ ਦੀ; ਓਪਰੀ, ਬਾਹਰਲੀ; ਉਤਲੀ; ਨਾ ਠੀਕ ਬੈਠਦੀ।

[ओपरी] वि० दिखावे मात्र की; अपरिचित, दूसरी; ऊपर की; अनुपयुक्त।

اوپلی—[ਉਪਲੀ] ਇ. ਪਾਥੀ।

[ऊपली] स्त्री० [illegible]।

اوت—[ਉਤ] ਵਿ. ਪੁ. ਬੇਵਕੂਫ਼, ਅਹਿਮਕ, ਮੂਰਖ।

[ऊत] वि० पु० बेवकूफ़, मूर्ख, मूढ़।

اوتاد—[ਔ-ਤਾਦ] ਅਰ. ਪੁ. 'ਵਤਦ' ਦਾ ਬਹੁਵਚਨ, ਵਲੀਆਂ ਜਾਂ ਉਲਿਆਈਆਂ ਦਾ ਇਕ ਦਰਜਾ।

[औ-ताद] अर० पु० 'वतद' का बहुवचन, वलियों का एक पद।

اوتار—[ਅਵ-ਤਾਰ] ਪੁ. ਪਰਮੇਸ਼ਰ ਜਾਂ ਦੇਵਤਾ ਦੇ ਸੰਸਾਰੀ ਜੀਵਾਂ ਦੇ ਰੂਪ ਵਿਚ ਜਨਮ ਲੈਣ ਦਾ ਭਾਵ, ਮਹਾਂ ਪੁਰਖ।

[अव-तार] पु० ईश्वर अथवा देवता का मनुष्यादि संसारी प्राणियों के शरीर में आने का भाव, अवतारी पुरुष।

اوتر پاتر—[ਉਤਰ ਪਾਤਰ] ਵਿ. ਵੱਖ ਕੀਤਾ ਹੋਇਆ, ਨਿਖੇੜਿਆ ਹੋਇਆ; ਵੇਚਿਆ ਹੋਇਆ; ਤਾਰਿਆ ਜਾਂ ਚੁਕਾਇਆ ਹੋਇਆ।

[उतर पातर] वि० पृथक् किया हुआ, अलग किया हुआ; बेचा हुआ; उतारा हुआ अथवा चुकता किया हुआ।

اوٹ—[ਓਟ] ਇ. ਪਰਦਾ, ਟੱਟੀ; ਪਨਾਹ, ਸ਼ਰਨ; ਹਮਾਇਤ, ਪੱਖ, ਸਹਾਰਾ।

[ओट] स्त्री० पर्दा, टट्टी; पनाह, शरण; हिमायत, पक्ष, सहारा।

اوٹ پٹانگ—[ਊਟਪਟਾਂਗ] ਵਿ. ਬੇਅਰਥ, ਬੇਹੂਦਾ, ਜੋ ਮਤਲਬ ਨਹੀਂ, ਬੇ ਤੁਕਾ, ਬੇ ਮਤਲਬ।

[ऊटपटांग] वि० निरर्थक, व्यर्थ का, बेहूदा, बेतुका, बे मतलब।

اوٹنا—[ਓਟ-ਣਾ] ਕ੍ਰਿ. ਸਕ. ਵੇਲਣਾ (ਕਪਾਹ)।

[ओट-ना] क्रि० सक० वेलना (कपास)।

اوٹنی—[ਓਟਣੀ] ਇ. ਵੇਲਣਾ, ਚਰਖੀ।

[ओटनी] स्त्री० वेलना, चर्खी।

اوج—[ਔਜ] ਅਰ. ਪੁ. ਬੁਲੰਦੀ, ਉਚਾਈ, ਸਿਖਰ; ਤਰੱਕੀ; ਇਕਬਾਲ, ਮਰਤਬਾ।

[औज] अर० पु० ऊँचाई, बुलंदी, शिखर; उन्नति; प्रतिष्ठा; सब से ऊँचा पद।

اوجاق—[ਓਜਾਕ] ਤੁਰ. ਪੁ. ਚੁੱਲ੍ਹਾ।
[ओजाक] तुर्की० पु० चूल्हा।

اوجڑ—[ਉਜੜ] ਪੁ. ਵਿ. ਉਜਾੜ; ਬੀਆਬਾਨ, ਤਬਾਹ, ਬਰਬਾਦ।
[ऊजड़] पु० वि० उजाड़ : तबाह, बरबाद।

اوج موج—[ਔਜ ਮੌਜ] ਇ. ਸ਼ਾਨੋਸ਼ੌਕਤ, ਐਸ਼ ਇਸ਼ਰਤ।
[औज मौज] स्त्री० शान शौकत, भोग विलास, आनन्द सुख।

اوجھ—[ਔਝ] ਪੁ. ਓਝਰੀ, ਪਸ਼ੂਆਂ ਦਾ ਮਿਹਦਾ ; ਢਿੱਡ।
[ओझ] पु० पशुओं का मेदा, ओझड़ी ; पेट।

اوجھڑی—[ਔਝ-ੜੀ] ਇ. ਜਾਨਵਰਾਂ ਦਾ ਮਿਹਦਾ, ਓਝਰੀ, ਪੇਟ।
[ओझ-ड़ी] स्त्री० जानवरों के पेट की थैली, ओझरी, पेट।

اوجھل—[ਓਝਲ] ਕ੍ਰਿ. ਵਿ. ਓਹਲੇ, ਪਰਦੇ ਪਿੱਛੇ, ਜੋ ਨਜ਼ਰ ਨਾ ਆਵੇ।
[ओझल] क्रि० वि० परदे में, ओट में, जो नज़र न आए।

اوجھنا—[ਓਝ-ਣਾ] ਕ੍ਰਿ. ਸਕ. ਉਲੱਝਣਾ, ਮੁਸ਼ਕਿਆਉਣਾ।
[ओझ-ना] क्रि० सक० उलझाना, उलझेलना।

اوچھا—[ਓਛਾ] ਵਿ. ਹੋਛਾ, ਕਮੀਨਾ, ਥੋੜ੍ਹ ਦਿੱਲਾ ; ਅਹਿਸਾਨ ਜਤਾਉਣ ਵਾਲਾ ; ਛੋਟਾ।
[ओछा] वि० तुच्छ, क्षुद्र, छिछोरा ; उपकार जताने वाला ; छिछला।

اوچھن پوچھن—[ਓਛਨ ਪੋਛਨ] ਪੁ. ਜੂਠਾ ਖਾਣਾ, ਜੂਠਾ, ਸੀਤ ਪਰਸ਼ਾਦ।
[ओछन पोछन] पु० खाने के पश्चात् बचा हुआ खाना, जूठन, उच्छिष्ट भोजन।

اودا—[ਊਦਾ] ਵਿ. ਬੈਂਗਣੀ, ਬੈਂਗਣ ਦੇ ਰੰਗ ਦਾ।
[ऊदा] वि० बैंगनी, बैंगन के रंग का।

اوداہٹ—[ਊਦਾਹਟ] ਇ. ਬੈਂਗਣੀ ਰੰਗ ਦਾ ਹੋਣ ਦਾ ਭਾਵ।
[ऊदाहट] स्त्री० बैंगन के रंग का होने का भाव।

اودبلاؤ—[ਊਦਬਿਲਾਉ] ਪੁ. ਪਾਣੀ ਵਿਚ ਅਤੇ ਧਰਤੀ ਉੱਤੇ ਰਹਿਣ ਵਾਲਾ ਜਾਨਵਰ, ਦਰਿਆਈ ਬਿੱਲੀ, ਊਦ ਬਿੱਲਾ ; ਬੇਵਕੂਫ਼ ਆਦਮੀ।
[ऊदबिलाओ] पु० नेवले की तरह का एक जन्तु जो जल और स्थल दोनों जगह रहता है, दरियाई बिल्ली, ऊदबिलाव ; बेवकूफ़ आदमी।

اودھ—[ਅਵਧ] ਪੁ. ਉੱਤਰ ਪਰਦੇਸ਼ (ਯੂ. ਪੀ.) ਦੇ ਇਕ ਪ੍ਰਦੇਸ਼ ਦਾ ਨਾਂ ਜਿਸ ਦੀ ਰਾਜਧਾਨੀ ਲਖਨਊ ਹੈ ; ਅਵਧ ; ਅਯੁੱਧਿਆ।
[अवध] पु० उत्तर प्रदेश (यू० पी०) के एक प्रदेश का नाम जिस की राजधानी लखनऊ है ; अवध ; अयोध्या।

اودھم—[ਊਧਮ] ਪੁ. ਉਪੱਦਰਪੁਣਾ, ਹੰਗਾਮਾ, ਫ਼ਸਾਦ, ਉਪੱਦਰ।
[ऊधम] पु० उपद्रव, उत्पात, हंगामा, फ़साद।

اودھمی—[ਊਧਮੀ] ਵਿ. ਖ਼ਰਮਸਤ, ਸ਼ਰਾਰਤੀ, ਫ਼ਸਾਦੀ, ਉਪੱਦਰੀ।
[ऊधमी] वि० फ़सादालू, उपद्रवी, शरारती, उत्पाती।

اودھو—[ਊਧੋ] ਸੰ. ਪੁ. ਸ੍ਰੀ ਕ੍ਰਿਸ਼ਨ ਜੀ ਦਾ ਇਕ ਸੱਚਾ ਭਗਤ।
[ऊधो] सं० पु० श्री कृष्ण जी का एक सच्चा भक्त।

اور—[ਔਰ] ਅਵ. ਵਿ. ਤੇ, ਅਤੇ, ਅਰ ; ਹੋਰ, ਵੱਧ ; ਉਲਟ ; ਨਵਾਂ, ਹੋਰ, ਗੈਰ, ਓਪਰਾ।
[और] अव्य० वि० दो शब्दों या वाक्यों को जोड़ने वाला अव्यय, और, तथा ; फिर, आगे ; उलट ; दूसरा, नया, अन्य, ग़ैर।

اور تو اور—[ਔਰ ਤੋ ਔਰ] ਅਵ. ਹੋਰ ਤਾਂ ਹੋਰ, ਹੋਰ ਤਾਂ ਇਕ ਪਾਸੇ।
[और तो और] अव्य० और तो एक तरफ़, और तो एक तरफ़।

اوراد—[ਔਰਾਦ] ਅਰ. ਪੁ. 'ਵਿਰਦ' ਦਾ ਬਹੁ ਵਚਨ, ਵਜ਼ੀਫ਼ੇ, ਜਾਪ।
[औराद] अर० पु० 'विर्द' का बहुवचन, वज़ीफ़े, जाप।

اوراق—[ਔਰਾਕ਼] ਅਰ. ਪੁ. 'ਵਰਕ' ਦਾ ਬਹੁਵਚਨ, ਵਰਕੇ, ਪਤਰੇ।
[औराक़] अर० पु० 'वरक़' का बहुवचन, पृष्ठ, पन्ने।

اورس بورس—[ਔਰਸ ਬੌਰਸ] ਵਿ. ਪਧਰਾ, ਇਕ ਸਾਰ।
[औरस बौरस] वि० समतल, समान।

اورما—[ਓਰਮਾ] ਪੁ. ਇਕ ਤਰ੍ਹਾਂ ਦੀ ਸਿਲਾਈ।
[ओरमा] पु० एक प्रकार की सिलाई।

اورنگ—[ਔਰੰਗ] ਫ਼ਾ. ਪੁ. ਸ਼ਾਹੀ ਤਖ਼ਤ ; ਰਾਜ ਸਿੰਘਾਸਣ, ਰਾਜਗੱਦੀ।
[औरंग] फ़ा० पु० शाही तख़्त, राज्य सिंहासन, राजगद्दी।

اورنگ زیب—[ਔਰੰਗ-ਜ਼ੇਬ] ਫ਼ਾ. ਪੁ. ਤਖ਼ਤ ਦੀ ਰੌਣਕ ; ਮੁਗ਼ਲ ਬਾਦਸ਼ਾਹ ਜੋ ਸ਼ਾਹਜਹਾਂ ਤੋਂ ਬਾਦ ਤਖ਼ਤ ਤੇ ਬੈਠਾ ਤੇ ਜਿਸ ਦੀ ਉਪਾਧੀ 'ਆਲਮਗੀਰ' ਸੀ।
[औरंग-ज़ेब] फ़ा० पु० तख़्त की शोभा, मुग़ल बादशाह जो शाहजहाँ के बाद तख़्त पर बैठा और जिस की उपाधि आलमगीर भी थी।

اوڑا—[ਊੜਾ] ਪੁ. ਕਮੀ, ਤੋਟਾ, ਤੰਗੀ ; ਥੁੜ, ਕਾਲ।

[ऊड़ा] पु० कमी, घाटा, तंगी ; कहत, अकाल ।

اوڑھنا—[ਔੜ੍ਹ-ਨਾ] ਕ੍ਰਿ. ਸਕ. ਪੁ. ਪਹਿਨਣਾ, ਉਪਰ ਲੈਣਾ (ਕਪੜਾ) ; ਉਪਰ ਲੈਣ ਦਾ ਕਪੜਾ, ਦੁਪੱਟਾ, ਚਾਦਰ, ਚੁੰਨੀ ।

[ओढ़-ना] क्रि० सक० पु० पहनना, ऊपर लेना (कपड़ा) ; ऊपर लेने का कपड़ा, दुपट्टा, चादर ।

اوڑھنی—[ਔੜ੍ਹ-ਨੀ] ਇ. ਚੁੰਨੀ, ਕੁੜੀਆਂ ਦਾ ਦੁਪੱਟਾ ।

[ओढ़-नी] स्त्री० चुनरी, लड़कियों का दुपट्टा ।

اوزار—[ਔਜ਼ਾਰ] ਫ਼ਾ. ਪੁ. ਔਜ਼ਾਰ, ਹਥਿਆਰ, ਸੰਦ ।

[औज़ार] फ़ा० पु० कारीगरों के काम आने वाले यन्त्र, हथियार, औज़ार ।

اوزان—[ਔਜ਼ਾਨ] ਅਰ. ਪੁ. 'ਵਜ਼ਨ' ਦਾ ਬਹੁਵਚਨ, ਤੋਲਣ ਦੇ ਪੈਮਾਨੇ ; ਵੱਟੇ ; ਤੋਲ ।

[औज़ान] अर० पु० 'वज़न' का बहुवचन, तोलने के पैमाने; बाट ; तोल ।

اوس—[ਓਸ] ਇ. ਤ੍ਰੇਲ, ਸ਼ਬਨਮ ।

[ओस] स्त्री० शबनम, ओस ।

اوس کے موتی—[ਓਸ ਕੇ ਮੋਤੀ] ਪੁ. ਛੇਤੀ ਖ਼ਰਾਬ ਹੋਣ ਵਾਲੀ ਚੀਜ਼, ਨਾਸ਼ਵਾਨ ਚੀਜ਼ ।

[ओस के मोती] पु० शीघ्र ही विनाश को प्राप्त होने वाली वस्तु, नश्वर पदार्थ ।

اوس—[ਔਸ] ਅਰ. ਪੁ. ਤੁਹਫ਼ਾ ; ਅਰਬ ਦਾ ਇਕ ਕਬੀਲਾ ।

[औस] अर० पु० तोहफ़ा ; अरब का एक कबीला ।

اوسان—[ਔਸਾਨ] ਪੁ. ਹਵਾਸ, ਹੋਸ਼ ਹਵਾਸ ।

[औसान] पु० होश हवास, सुधबुध ।

اوسر—[ਔਸਰ] ਇ. ਵਹਿੜੀ, ਵੱਛੀ ।

[औसर] स्त्री० जवान गाय या भैंस ।

اوسر—[ਊਸਰ] ਇ. ਵਿ. ਬੰਜਰ (ਜ਼ਮੀਨ), ਕਲਰ, ਬੂਰ ।

[ऊसर] स्त्री० वि० बन्जर (ज़मीन), कल्लर, वह भूमि जिसमें रेह अधिक हो ।

اوسر—[ਅਵਸਰ] ਪੁ. ਸਮਾਂ, ਵਕਤ, ਮੌਕਾ ; ਰੁਤ, ਮੌਸਮ ।

[अवसर] पु० समय, वक्त, मौक़ा ; ऋतु, मौसम ।

اوسرا—[ਓਸ-ਰਾ] ਪੁ. ਵਾਰੀ, ਨੰਬਰ, ਦੌਰ ।

[ओ-सरा] पु० पारी, नम्बर, दौर ।

اوسط—[ਔਸ-ਤ] ਅਰ. ਵਿ. ਇ. ਵਿਚਾਲੇ ਦਾ, ਦਰਮਿਆਨਾ ; ਵਿਚਕਾਰਲਾ ਮੇਲ ; ਹਿਸਾਬ ਦਾ ਇਕ ਕਾਇਦਾ, ਅਨੁਪਾਤ ।

[औस-त] अर० वि० स्त्री० बीच का, दरम्याना ; बीच का मेल ; गणित का एक क़ायदा, अनुपात ।

اوصاف—[ਔਸਾਫ਼] ਅਰ. ਪੁ. 'ਵਸਫ਼' ਦਾ ਬਹੁਵਚਨ, ਸਿਫ਼ਤਾਂ, ਖੂਬੀਆਂ ; ਜੌਹਰ, ਹੁਨਰ, ਕਮਾਲ ; ਨੇਕੀਆਂ, ਭਲਾਈਆਂ ; ਦੈਵੀ ਗੁਣ ; ਲੱਛਣ ।

[औसाफ़] अर० पु० 'वासफ़' का बहुवचन, गुण, खूबियाँ ; जौहर, हुनर, कमाल; नेकियाँ, भलाइयाँ; सद्गुण; लक्षण ।

اوصیا—[ਔਸਿਯਾ] ਅਰ. ਪੁ. 'ਵਸੀ' ਦਾ ਬਹੁਵਚਨ, ਉਹ ਲੋਕ ਜਿਨ੍ਹਾਂ ਨੂੰ ਵਸੀਅਤ ਕੀਤੀ ਗਈ ਹੋਵੇ ।

[औसिया] अर० पु० 'वसी' का बहुवचन, वे लोग जिन्हें वसीयत की गई हो ।

اوضاع—[ਔਜ਼ਾਅ] ਅਰ. ਪੁ. 'ਵਜ਼ਾਅ' ਦਾ ਬਹੁਵਚਨ, ਢੰਗ, ਤੌਰ, ਤਰੀਕੇ ; ਅੰਦਾਜ਼, ਬਨਾਵਟ, ਡੌਲ ।

[औज़ाअ] अर० पु० 'वाज़अ' का बहुवचन, ढंग, तौर, तरीक़े ; अन्दाज़, बनावट, डौल ।

اوقات—[ਔਕਾਤ] ਅਰ. ਪੁ. 'ਵਕਤ' ਦਾ ਬਹੁਵਚਨ, ਵਕਤ, ਸਮੇਂ ; ਹੈਸੀਅਤ, ਤੌਫ਼ੀਕ, ਪਹੁੰਚ ।

[औक़ात] अर० पु० 'वक़्त' का बहुवचन, वक़्त, समय ; हैसीयत, सामर्थ्य, शक्ति ।

اوقاف—[ਔਕਾਫ਼] ਅਰ. ਪੁ. 'ਵਕਫ਼' ਦਾ ਬਹੁਵਚਨ, ਧਾਰਮਿਕ ਸਥਾਨ ਆਦਿ ਦੇ ਨਾਂ ਦਾਨ ਕੀਤੀ ਹੋਈ ਜ਼ਮੀਨ ਜਾਂ ਜਾਇਦਾਦ ।

[औक़ाफ़] अर० पु० 'वक़्फ़' का बहुवचन । धार्मिक स्थान के निमित्त दान की हुई सम्पत्ति अथवा भूमि ।

اوک—[ਓਕ] ਪੁ. ਪਾਣੀ ਲੈਣ ਵਾਸਤੇ ਇਕ ਹਥ ਦਾ ਬਣਾਇਆ ਹੋਇਆ ਜੇਹਾ, ਉਂਗਲ, ਬੁੱਕ ।

[ओक] पु० हथेली को पात्र के समान बनाई मुद्रा, कर-संपुट, अंजलि ।

اوک چوک—[ਉਕ ਚੁਕ] ਇ. ਭੁੱਲ ਚੁਕ ।

[ऊक चूक] भूल चूक ।

اوکنا—[ਓਕਣਾ] ਕ੍ਰਿ. ਸਕ. ਕੈ ਕਰਨਾ ; ਉਕਣਾ, ਖੁੰਝਣਾ, ਗ਼ਲਤੀ ਕਰਨਾ ।

[ओकना] क्रि० सक० कै करना ; चूक जाना, भूल जाना ग़लती कर बैठना ।

اوکھ—[ਊਖ] ਇ. ਇੱਖ, ਕਮਾਦ, ਗੰਨਾ ।

[ऊख] स्त्री० ईख, गन्ना ।

اوکھد—[ਔਖਧ] ਇ. ਦਵਾ, ਦਵਾਈ ।

[औखद] स्त्री० औषधि, दवा ।

اوکھلی—[ਊਖਲੀ, ਓਖਲੀ] ਇ. ਉਖਲੀ, ਚੌਲਾਂ ਤੋਂ ਧਾਨ ਛੜਨ ਵਾਲਾ ਛੋਟਾ ਟੋਆ ।

[ऊखली, ओखली] स्त्री० ओखली, छोटा कूंडा, वलूखल ।

اوکے جوکے—[ਊਕੇ ਚੂਕੇ] ਕ੍ਰਿ. ਵਿ. ਭੁੱਲੇ ਚੁੱਕੇ, ਇਤਫ਼ਾਕ ਨਾਲ, ਕਦੇ ਕਦੇ ।
[ऊके चूके] क्रि० वि० भूले भटके, संयोग वश, कभी कभी ।

اوگرا—[ਓਗਰਾ] ਪੁ. ਘਿਉ ਤੋਂ ਬਗ਼ੈਰ ਬਣਾਇਆ ਹੋਇਆ ਖਾਣਾ ।
[ओगरा] पु० घी के बिना बनाया हुआ भोजन ।

اوگن—[ਔਗੁਣ] ਪੁ. ਐਬ, ਦੋਸ਼, ਨੁਕਸ, ਖ਼ਾਮੀ; ਬੇਹੁਨਰੀ ; ਬੁਰੀ, ਬੁਰਾਈ ; ਅਸੱਭਤਾ ; ਦੁੱਖ, ਵਿਗਾੜ ।
[औगुन] पु० ऐब, दोष, त्रुटि, नुक्स, अवगुण ; कला-विहीनता ; बुराई, खोटाई ; असभ्यता ; दुःख, बिगाड़ ।

اوگھٹ—[ਔਘਟ] ਵਿ. ਟੇਢਾ, ਵਿੰਗਾ, ਮੁਸ਼ਕਲ, ਕਠਨ ।
[औघट] वि० विकट, दुर्गम, मुश्किल, कठिन ।

اوگی ، اونگی—[ਔਘੀ, ਔਂਗੀ] ਇ. ਲੰਮੀ ਚਾਬਕ, ਉਹ ਲੰਮੀ ਰੱਸੀ ਜਿਸ ਨੂੰ ਝੱਟਕ ਦੇ ਕੇ ਫਿਟਕਾਰਨ ਨਾਲ ਪਟਾਕੇ ਵਰਗੀ ਵਾਜ਼ ਨਿਕਲਦੀ ਹੈ ।
[औघी, औंगी] स्त्री० लम्बा चाबुक, वह लम्बी रस्सी जिसे झटके दे कर फिटकारने पर पटाके जैसी आवाज़ निकलती है ।

اونگی—[ਔਂਗੀ] ਇ. ਵੱਢੀ ਹੋਈ ਜੁੱਤੀ ਦਾ ਪੰਨਾ, ਕੱਢਿਆ ਹੋਇਆ ਪੰਨਾ ।
[औंगी] स्त्री० जूती का पन्ना जिस पर बेलबूटे काढ़े हुए हों ।

اول—[ਅੱਵਲ] ਅਰ. ਵਿ. ਪਹਿਲਾ, ਮੁਢਲਾ, ਸ਼ੁਰੂ ਦਾ ; ਵਧੀਆ, ਅੱਛਾ ; ਪੁ. ਪਹਿਲ, ਮੁੱਢ, ਅਰੰਭ ।
[अव्वल] अर० वि० पहला, प्रथम, आरम्भ का ; सर्वोत्तम, बढ़िया ; पु० पहल, आरम्भ, प्रारम्भ ।

اول منزل—[ਅੱਵਲ ਮਨ-ਜ਼ਿਲ] ਅਰ. ਇ. ਪਹਿਲਾ ਪੜਾਅ ; ਕਬਰ ਵਿਚ ਪਹਿਲੀ ਰਾਤ ।
[अव्वल मन-ज़िल] अर० स्त्री० पहला पड़ाव ; क़ब्र में पहली रात ।

اول—[ਓਲ] ਤੁਰ. ਪੁ. ਜ਼ਮਾਨਤੀ, ਜ਼ਾਮਨ, ਜ਼ਮਾਨਤ ਵਿਚ ਦਿਤਾ ਹੋਇਆ ਆਦਮੀ ।
[ओल] तुर्क० पु० ज़मानती, ज़ामिन, ज़मानत में दिया हुआ आदमी ।

اولا—[ਓਲਾ] ਪੁ. ਗੜਾ ; ਮਿਸਰੀ ਜਾਂ ਖੰਡ ਦਾ ਲੱਡੂ ; ਕੋਲਾ ਪੀਹ ਕੇ ਚਾਵਲਾਂ ਦੀ ਪਿੱਠ ਵਿਚ ਗੁੰਨ੍ਹ ਕੇ ਬਣਾਇਆ ਪੇੜਾ ਜਿਹਾ ਜਿਸ ਨੂੰ ਚਿਲਮ ਤੇ ਰਖ ਕੇ ਪੀਂਦੇ ਹਨ ।
[ओला] पु० वर्षा के गिरते हुए जल का जमा हुआ गोला ; मिसरी का लड्डू ; कोयले को पीस कर और चावलों की पीठी में गूँध कर बनाया हुआ लड्डू जिसे चिलम में रख कर पीते हैं ।

اولا—[ਓਲਾ] ਪੁ. ਪੜਦਾ, ਓਹਲਾ, ਆੜ ; ਭੇਤ, ਰਾਜ਼ ।
[ओला] पु० ओट, आड़, पर्दा ; भेद, रहस्य ।

اولاد—[ਔਲਾਦ] ਅਰ. ਇ. ਸੰਤਾਨ, ਪੁੱਤਰ ਧੀਆਂ, ਲੜਕੇ ਬਾਲੇ ।
[औलाद] अर० स्त्री० सन्तान, सन्तति, बाल बच्चे ।

اولاد اناث—[ਔਲਾਦੇ ਇਨਾਸ] ਅਰ. ਇ. ਧੀਆਂ, ਲੜਕੀਆਂ ।
[औलादे इनास] अर० स्त्री० बेटियाँ, पुत्रियाँ, कन्याएँ ।

اولاد ذکور—[ਔਲਾਦੇ ਜ਼ੁਕੂਰ] ਅਰ. ਇ. ਪੁੱਤਰ, ਬੇਟੇ, ਮੁੰਡੇ ।
[औलादे ज़ुकूर] अर० स्त्री० पुत्र, लड़के, बालक ।

اولاد صحیح النسب—[ਔਲਾਦੇ ਸਹੀਹੁੱਨਸਬ] ਅਰ. ਇ. ਹਲਾਲ ਦੇ ਪੁੱਤਰ ਧੀਆਂ, ਸੁਪੁੱਤਰ ।
[औलादे सहीहुन्नसब] अर० स्त्री० हलाल के पुत्र पुत्रियां, सुपुत्र ।

اولتی—[ਓਲਤੀ] ਇ. ਛੱਪਰ ਦਾ ਕੰਢਾ ਜਿਸ ਤੋਂ ਮੀਂਹ ਦਾ ਪਾਣੀ ਥੱਲੇ ਡਿਗਦਾ ਹੋਵੇ, ਖਪਰੈਲ ।
[ओलती] स्त्री० छप्पर का वह किनारा जहां से वर्षा का पानी नीचे गिरता है, खपरैल ।

اولڈٹام—[ਓਲਡਟਾਮ] ਅੰਗ. ਇ. ਪੁ. ਇਕ ਕਿਸਮ ਦੀ ਸ਼ਰਾਬ ।
[ओल्डटाम] अंग० स्त्री० पु० एक प्रकार की शराब ।

اول جلول—[ਊਲ-ਜਲੂਲ] ਵਿ. ਬੇਹੂਦਾ, ਫ਼ਜ਼ੂਲ, ਬੇਢੰਗਾ, ਕੁ-ਢਬਾ ।
[ऊल-जलूल] वि० व्यर्थ, बेसिर पैर का, अंडबंड, बे ढब ।

اولما—[ਓਲ-ਮਾ] ਤੁਰ. ਪੁ. ਅੰਤੜੀਆਂ ਵਿਚ ਭਰ ਕੇ ਪਕਾਇਆ ਹੋਇਆ ਕੀਮਾ, ਖੱਲ ਲਾਹੁਣ ਦੀ ਕਿਰਿਆ ; ਜਿਸਮ ਨੂੰ ਗਰਮ ਪਾਣੀ ਵਿਚ ਪਾਕੇ ਖੱਲ ਲਾਹੁਣ ਦੀ ਕਿਰਿਆ ।
[ओल-मा] तुर्क० पु० अंतड़ियों में भर कर पकाया हुआ कीमा, चमड़ी उतारने की क्रिया ; शरीर को गर्म पानी में डाल कर चमड़ी उतारने की क्रिया ।

اولو—[ਔਲੂ] ਵਿ. ਨਵਾਂ ; ਅਜੀਬ, ਨਿਰਾਲਾ ।
[औलू] वि० नया ; अजीब, अनोखा ।


—بادہ کشی—[ਬਾਦਹ ਕਸ਼ੀ] ਫ਼ਾ. ਵਿ. ਸ਼ਰਾਬ ਪੀਣ ਦਾ ਭਾਵ ।

[बादः कशी] फ़ा० स्त्री० शराब पीने का भाव ।

—بادہ گسار—[ਬਾਦਹ ਗੁਸਾਰ] ਫ਼ਾ. ਪੁ. ਸ਼ਰਾਬ ਪੀਣ ਦਾ ਆਦੀ, ਸ਼ਰਾਬੀ ।

[बादः गुसार] फ़ा० पु० मदिरा पीने का आदी, शराबी ।

—بادھ—[ਬਾਧ] ਵਿ. ਡੋਰੀ, ਰੱਸੀ ।

[बाध] स्त्री० डोरी, रस्सी ।

بادھا—[ਬਾਧਾ] ਪੁ. ਵਾਧਾ, ਚੜ੍ਹੌਤੀ ; ਜ਼ਿਆਦਤੀ, ਜ਼ਿਆਦਤੀ ; ਭੂਤ-ਪ੍ਰੇਤ, ਸਾਏ ਆਦਿ ਦੀ ਪਕੜ; ਦੁਖ, ਦਰਦ, ਬੀਮਾਰੀ ।

[बाधा] पु० वृद्धि, चढ़ौती ; अधिकता, ज़्यादती ; भूतप्रेत छाया आदि की पकड़ ; दुःख, दर्द, बीमारी ।

باد ہوائی—[ਬਾਦ ਹਵਾਈ] ਫ਼ਾ. ਵਿ. ਇ. ਫ਼ਜ਼ੂਲ, ਬੇਹੂਦਾ, ਆਵਾਰਾ ; ਫ਼ਜ਼ੂਲਖ਼ਰਚੀ, ਬੇਹੂਦਗੀ ।

[बाद हवाई] फ़ा० वि० स्त्री० बेहूदा, फ़ज़ूल, आवारा; बेहूदगी; वाचालता, बकवाद।

بادی—[ਬਾਦੀ] ਫ਼ਾ. ਵਿ. ਇ. ਰੀਹ ਪੈਦਾ ਕਰਨ ਵਾਲਾ; ਰੀਹ।

[बादी] फ़ा० वि० स्त्री० शरीर में वायु का विकार उत्पन्न करने या बढ़ाने वाला; शरीर में से वायु का प्रकोप।

بادی—[ਬਾਦੀ] ਅਰ. ਵਿ. ਸ਼ੁਰੂ ਕਰਨ ਵਾਲਾ, ਮੋਢੀ, ਕਰਤਾ; ਲਿਖਾਰੀ।

[बादी] अर० वि० आरम्भ करने वाला, प्रवर्तक, संचालक; लेखक।

—بادی الرای—[ਬਾਦੀਉੱਰਾਇ] ਫ਼ਾ. ਇ. ਸਰਸਰੀ ਰਾਏ, ਪਹਿਲੀ ਰਾਇ।

[बादीउर्राइ] फ़ा० स्त्री० सरसरी राय, पहली राय।

—بادی النظر میں—[ਬਾਦੀ ਉਨੱਜ਼ਰ ਮੇਂ] ਅਰ. ਕ੍ਰਿ. ਵਿ. ਸਰਸਰੀ ਨਜ਼ਰ ਨਾਲ, ਪਹਿਲੀ ਨਜ਼ਰੇ, ਵੇਖਦਿਆਂ ਹੀ।

[बादी उन्नज़र में] अर० क्रि० वि० सरसरी दृष्टि से, देखते ही, पहली नजर में।

بادیاں—[ਬਾਦ-ਯਾਂ] ਫ਼ਾ. ਪੁ. ਸੌਂਫ਼।

[बाद-यां] फ़ा० पु० सौंफ़।

بادی چور—[ਬਾਦੀ ਚੋਰ] ਪੁ. ਪੱਕਾ ਚੋਰ, ਪੁਰਾਣਾ ਚੋਰ, ਆਦੀ ਚੋਰ।

[बादी चोर] पु० पुराना चोर, पक्का चोर।

1 بادیہ—[ਬਾਦਿਯ.] ਫ਼ਾ. ਪੁ. ਵੱਡਾ ਪਿਆਲਾ, ਵੱਡਾ ਕਟੋਰਾ, ਬਾਟਾ; ਮਿੱਟੀ ਦਾ ਪਿਆਲਾ; ਤਾਂਬੇ ਜਾਂ ਪਿੱਤਲ ਦਾ ਇਕ ਵੱਡਾ ਪਿਆਲੇ ਵਰਗਾ ਬਰਤਨ।

[बादियः] फ़ा० पु० एक बड़ा प्याला, बड़ा कटोरा; मिट्टी का प्याला; ताँबे अथवा पीतल का एक बड़े प्याले के आकार का पात्र।

2 بادیہ—[ਬਾਦਿਯ:] ਅਰ. ਪੁ. ਬੀਆਬਾਨ, ਉਜਾੜ, ਜੰਗਲ।

[बादियः] अर० पु० निर्जन स्थान, उजाड़, जंगल।

—بادیہ پیما—[ਬਾਦਿਯ: ਪੈਮਾ] ਅਰ. ਫ਼ਾ. ਪੁ. ਜੰਗਲ ਵਿਚ ਫਿਰਨ ਵਾਲਾ।

[बादियः पैमा] अर० फ़ा० पु० जंगल में घूमने वाला, वन में भ्रमण करने वाला।

—بادیہ گرد—[ਬਾਦਿਯ: ਗਰਦ] ਅਰ. ਫ਼ਾ. ਵਿ. ਪੁ. ਜੰਗਲ ਵਿਚ ਫਿਰਨ ਵਾਲਾ।

[बादियः गर्द] अर० फ़ा० वि० पु० जंगल में घूमने वाला।

1 بار—[ਬਾਰ] ਅਰ. ਵਿ. ਪੁ. ਨੇਕੀ ਕਰਨ ਵਾਲਾ; ਪਰਮੇਸ਼ਰ ਦਾ ਨਾਮ।

[बार] अर० वि० पु० नेकी करने वाला; परमेश्वर का नाम

2 بار—[ਬਾਰ] ਪੁ. ਵਾਰੀ, ਪਾਰੀ; ਮੌਕਾ, ਅਵਸਰ; ਸਪਤਾਹ ਦਾ ਕੋਈ ਦਿਨ, ਦਰਵਾਜ਼ਾ, ਬੂਹਾ।

[बार] पु० बारी, पारी, मौका, अवसर; सप्ताह का कोई दिन, दरवाज़ा, किवाड़।

3 بار—[ਬਾਰ] ਫ਼ਾ. ਪਿਛੇ, ਸਥਾਨਵਾਚੀ ਪਿਛੇਤਰ ਜਿਵੇਂ

[बार] फ़ा० प्रत्य० स्थानवाचक प्रत्यय—जैसे

4 بار—[ਬਾਰ] ਫ਼ਾ. ਪੁ. ਵਜ਼ਨ, ਲੱਦ; ਭਾਰ, ਬੋਝਾ, ਫਲ, ਨਤੀਜਾ; ਅਦਾਲਤ, ਕਚਹਿਰੀ; ਗਰਭ; ਪੈਦਾਵਾਰ, ਫ਼ਸਲ।

[बार] फ़ा० पु० भार, बोझ, वजन, लादने का भाव; फल, परिणाम; अदालत, कचहरी; गर्भ; पैदावार, फ़सल।

—بار بردار—[ਬਾਰ ਬਰਦਾਰ] ਫ਼ਾ. ਵਿ. ਪੁ. ਭਾਰ ਉਠਾਉਣ ਵਾਲਾ; ਕੁਲੀ; ਜਾਨਵਰ ਜਿਸ ਤੇ ਬੋਝਾ ਢੋਇਆ ਜਾਵੇ।

[बार बरदार] फ़ा० वि० पु० बोझा उठाने वाला; कुली; वह पशु जिस पर बोझा ढोते हैं।

—بار برداری—[ਬਾਰ ਬਰ-ਦਾਰੀ] ਫ਼ਾ. ਇ. ਬੋਝ ਢੁਆਈ, ਭਾਰ ਢੋਣ ਦਾ ਕੰਮ, ਭਾਰ ਢੋਣ ਦੇ ਸਾਧਨ-ਊਠ, ਘੋੜੇ, ਖੋਤੇ ਆਦਿ; ਮਜੂਰੀ ਜਾਂ ਗੱਡਿਆਂ ਘੋੜਿਆਂ ਆਦਿ ਦਾ ਭਾੜਾ; ਢੋਇਆ ਜਾਣ ਵਾਲਾ ਅਸਬਾਬ, ਸਾਮਾਨ, ਮਾਲ ਆਦਿ।

[बार बर-दारी] फ़ा० स्त्री० बोझा उठाने के साधन—(घोड़ा, गधा, ऊँट आदि); बोझा ढोने का भाड़ा, मजदूरी, ढोया जाने वाला सामान।

—بار تردید—[ਬਾਰੇ ਤਰ-ਦੀਦ] ਫ਼ਾ. ਅਰ. ਪੁ. ਜਵਾਬ ਦੇਹੀ ਦੀ ਜ਼ਿੰਮੇਵਾਰੀ।

[बारे तर-दीद] फ़ा० अर० पु० उत्तर देने की जिम्मेवारी, उत्तरदायित्व।

—بار ثبوت—[ਬਾਰੇ ਸੁਬੂਤ] ਫ਼ਾ. ਪੁ. ਸਾਬਤ ਕਰਨ ਦੀ ਜ਼ਿੰਮੇਵਾਰੀ।

[बारे-सुबूत] फ़ा० पु० साबित करने की जिम्मेवारी।

—بار خاطر—[ਬਾਰੇ ਖ਼ਾਤਿਰ] ਫ਼ਾ. ਪੁ. ਮਨ ਤੇ ਪਿਆ ਬੋਝ, ਮਨ ਨੂੰ ਤਕਲੀਫ਼ ਦੇਣ ਵਾਲੀ ਗੱਲ, ਮਾਨਸਕ ਦੁੱਖ।

[बारे ख़ातिर] फ़ा० पु० मन पर पड़ा बोझ, मन को कष्ट देने वाली बात, मानसिक दुःख।

—بار رہن—[ਬਾਰੇ ਰਹ-ਨ] ਫ਼ਾ. ਅਰ. ਪੁ. ਰਹਿਨ ਰੱਖੀ ਚੀਜ਼ ਤੇ ਕਰਜ਼ੇ ਦਾ ਭਾਰ ।
[बारे रह्-न] फ़ा० अर० पु० रहन रखी हुई वस्तु पर ऋण का भार ।

—بار غم—[ਬਾਰੇ ਗ਼ਮ] ਫ਼ਾ. ਪੁ. ਗ਼ਮ ਦਾ ਬੋਝ, ਚਿੰਤਾ ਦਾ ਭਾਰ ।
[बारे ग़म] फ़ा० पु० ग़म का बोझ, चिन्ता का भार ।

1 بارا—[ਬਾਰਾ] ਪੁ. ਸਿੰਚਾਈ ਲਈ ਖੂਹ ਵਿਚੋਂ ਪਾਣੀ ਕੱਢਣ ਦਾ ਕਾਰ ਜਾਂ ਕਿਰਿਆ ; ਗੀਤ ਜੋ ਪਾਣੀ ਕੱਢਣ ਵੇਲੇ ਗਾਇਆ ਜਾਵੇ ; ਉਹ ਆਦਮੀ ਜੋ ਚਰਸੇ ਵਿਚੋਂ ਪਾਣੀ ਉਲਟਾਉਂਦਾ ਹੈ ।
[बारा] पु० सिंचाई के लिए कुएं से पानी निकालने का काम ; गीत जो पानी निकालते समय गाया जाये ; वह मनुष्य जो चरसे में से पानी उलटाता है ।

2 بارا—[ਬਾਰਾ] ਪੁ. ਜੰਤਰੀ ਵਿਚੋਂ ਤਾਰ ਖਿੱਚਣ ਦਾ ਕੰਮ ।
[बारा] पु० जन्तरी में से तार खींचने का काम ।

بارات—[ਬਾਰਾਤ] ਇ. ਬਰਾਤ, ਜੰਞ, ਜਨੇਤ ।
[बारात] स्त्री० बरात, बरयात्रा, जनेत ।

بارا جوری—[ਬਾਰਾਜੋਰੀ] ਇ. ਜ਼ਬਰਦਸਤੀ, ਧੀਂਗਾ ਮੁਸ਼ਤੀ, ਧੱਕਾ ਚੋਰੀ ।
[बाराजोरी] स्त्री० बलात्कार, ज़बरदस्ती, धींगा चोरी ।

بار الٰہ—[ਬਾਰ ਅਲਾਹ] ਅਰ. ਪੁ. ਪਰਮੇਸ਼ਰ, ਈਸ਼ਵਰ ।
[बार अल्लाह] अर० पु० परमेश्वर, परमात्मा ।

بار الٰہی—[ਬਾਰੇ ਇਲਾਹੀ] ਅਰ. ਅਵ. ਐ ਖ਼ੁਦਾ, ਹੇ ਪਰਮੇਸ਼ਰ, ਅਕਾਲ ਪੁਰਖ ਤੂੰ ਹੀ ।
[बारे इलाही] अर० अव्य० हे ईश्वर, हे परमात्मा, हे भगवान ।

باراں—[ਬਾਰਾਂ] ਫ਼ਾ. ਪੁ. ਮੀਂਹ, ਬਾਰਸ਼, ਵਰਖਾ ; ਵਰਖਾਰੁੱਤ ; ਵਰ੍ਹਨਾ, ਵਰ੍ਹਨ ਵਾਲਾ ।
[बारां] फ़ा० पु० वृष्टि मेंह, वर्षा ; वर्षा ऋतु ; बरसने वाला ।

—بارانی—[ਬਾਰਾਨੀ] ਫ਼ਾ. ਵਿ. ਇ. ਬਾਰਸ਼ ਤੇ ਨਿਰਭਰ ; ਬਰਾਨੀ, ਜ਼ਮੀਨ ਜਿਸ ਦੀ ਕਾਸ਼ਤ ਬਾਰਸ਼ ਤੇ ਨਿਰਭਰ ਹੋਵੇ ।
[बारानी] फ़ा० वि० स्त्री० वर्षा पर निर्भर ; वह भूमि जिसकी की काश्त वर्षा पर निर्भर हो ।

باراہ—[ਬਾਰਾਹ] ਪੁ. ਸੂਰ, ਖ਼ੁਕ ।
[बाराह] पु० शूकर, सूअर ।

بار بار—[ਬਾਰ ਬਾਰ] ਕ੍ਰਿ. ਵਿ. ਘੜੀ ਘੜੀ, ਮੁੜ ਮੁੜ, ਮੁੜ ਫਿਰ ਕੇ ।
[बार बार] क्रि० वि० पुनः पुनः, फिर फिर, बार बार ।

بار بٹائی—[ਬਾਰ ਬਟਾਈ] ਇ. ਵੱਢੀ ਹੋਈ ਫ਼ਸਲ ਦੀਆਂ ਭਰੀਆਂ ਜਾਂ ਧੜਿਆਂ ਨਾਲ ਵੰਡਾਈ ।
[बार बटाई] स्त्री० काटी हुई फ़सल का बटों में विभाजन ।

بارتا—[ਬਾਰ-ਤਾ] ਇ. ਵਾਰਤਾ, ਗੁਫ਼ਤਗੂ, ਬਿਆਨ, ਕਥਨ, ਕਥਾ, ਕਹਾਣੀ ।
[बार-ता] स्त्री० बातचीत, बयान, कथन; कथा, कहानी ।

بارجات—[ਬਾਰ-ਜਾਤ] ਪੁ. ਇਕ ਨਾਜਾਇਜ਼ ਰਵਾਜ ਜਿਸ ਦੇ ਅਧੀਨ ਬਾਜ਼ਾਰੀ ਭਾ ਤੋਂ ਘਟ ਤੇ ਚੀਜ਼ਾਂ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ ।
[बार-जात] पु० एक न्याय-विरुद्ध प्रथा जिस के अधीन चीजों को बाज़ारी भाव से सस्ता खरीदने के लिये विवश किया जाता है ।

بارجائے—[ਬਾਰ-ਜਾਏ] ਫ਼ਾ. ਪੁ. ਜ਼ਮੀਨ ਜੋ ਕੋਈ ਜਗੀਰਦਾਰ ਆਪਣੇ ਕਿਸੇ ਰਿਸ਼ਤੇਦਾਰ ਨੂੰ ਮੁਫ਼ਤ ਦੇਂਦਾ ਹੈ ।
[बार-जाए] फ़ा० पु० वह भूमि जो कोई जागीरदार अपने किसी सम्बन्धी को मुफ़्त में देता है ।

بارچہ—[ਬਾਰਚਹ] ਫ਼ਾ. ਪੁ. ਦਰਵਾਜ਼ਾ, ਚੋਰ ਦਰਵਾਜ਼ਾ ; ਬਰਾਮਦਾ, ਡਿਓੜੀ ।
[बारचः] फ़ा० पु० दरवाज़ा, चोर दरवाज़ा ; बरामदा, ड्योढ़ी ।

بار خاص—[ਬਾਰੇ ਖ਼ਾਸ] ਫ਼ਾ. ਪੁ. ਖ਼ਾਸ ਇਜਾਜ਼ਤ, ਆਗਿਆ ਵਿਸ਼ੇਸ਼ ; ਦਰਬਾਰ ਖ਼ਾਸ ।
[बारे ख़ास] फ़ा० पु० आज्ञा विशेष, विशेष आदेश ; दरबार ख़ास ।

بار خانہ—[ਬਾਰਖ਼ਾਨਹ] ਫ਼ਾ. ਪੁ. ਘਰ ਦਾ ਅਸਬਾਬ, ਮਾਲਮਤਾ ।
[बारख़ानः] फ़ा० पु० घर का सामान, गृह-सामग्री ।

بار خدایا—[ਬਾਰੇ ਖ਼ੁਦਾਯਾ] ਫ਼ਾ. ਅਵ. ਹੇ ਪਰਮੇਸ਼ਰ ।
[बारे ख़ुदाया] फ़ा० अव्य० हे ईश्वर ।

بار خدا—[ਬਾਰੇ ਖ਼ੁਦਾ] ਫ਼ਾ. ਪੁ. ਪਰਮਾਤਮਾ, ਰੱਬ, ਮਹਾਂ ਪ੍ਰਭੂ ।
[बारे ख़ुदा] फ़ा० पु० परमात्मा, ईश्वर, महान् प्रभु ।

بارد—[ਬਾਰਿਦ] ਅਰ. ਵਿ. ਸਰਦ, ਠੰਢਾ, ਜੰਮਿਆ ਹੋਇਆ ।
[बारिद] अर० वि० सर्द, ठण्डा, जमा हुआ ।

بار دار—[ਬਾਰ-ਦਾਰ] ਫ਼ਾ. ਵਿ. ਫਲਦਾਰ ; ਲੱਦਿਆ ਹੋਇਆ ।
[बार-दार] फ़ा० वि० फलदार ; लदा हुआ ।

باردانہ—[ਬਾਰ-ਦਾਨਹ] ਪੁ. ਅਸਬਾਬ ਰੱਖਣ ਜਾਂ ਬੰਨ੍ਹਣ ਦਾ ਸਾਮਾਨ ; ਖਾਣ ਪੀਣ ਦਾ ਸਾਮਾਨ ; ਸੌਦਾਗਰੀ ਦੇ ਸਾਮਾਨ ਦੇ ਖ਼ਾਲੀ ਬਕਸੇ ਜਾਂ ਥੈਲੇ ਆਦਿ, ਬਾਵਰਚੀ ਖ਼ਾਨੇ ਦਾ ਸਾਮਾਨ ।

[बार-बान:] पु॰ असबाब रखने या बांधने का सामान, खाने पीने का सामान ; व्यापारिक सामग्री के बाहरी वस्त्र अथवा थैले आदि, रसोई की सामग्री ।

بارز—[ਬਾਰਿਜ਼] ਅਰ. ਵਿ. ਪੁ. ਜ਼ਾਹਰ, ਪਰਗਟ, ਸਪੱਸ਼ਟ ; ਬਾਹਰ ਨਿਕਲਿਆ ਹੋਇਆ, ਜੋ ਬਾਹਰ ਨਿਕਲਿਆ ਹੋਵੇ ; (ਹਿਸਾਬ) ਕੁਲ ਜੋੜ, ਕੁਲ ਰਕਮ ।

[बारिज़] अर॰ वि॰ पु॰ प्रगट, स्पष्ट, प्रत्यक्ष; बाहर निकला हुआ ; (हिसाब) कुल जोड़, कुल राशि ।

بارش—[ਬਾਰਿਸ਼] ਇ. ਮੀਂਹ, ਵਰਖਾ, ਬਾਰਸ਼ ।

[बारिश] स्त्री॰ वर्षा, मेंह, बारिश ।

بارِ عام—[ਬਾਰੇ-ਆਮ] ਫ਼ਾ. ਅਰ. ਪੁ. ਦਰਬਾਰ ਆਮ ; ਆਮ ਇਜਾਜ਼ਤ ।

[बारे-आम] फ़ा॰ अर॰ पु॰ दरबार आम, आम इजाज़त, खुली आज्ञा ।

بارک اللہ—[ਬਾਰਕੱਲਾਹ] ਅਰ. ਅਵ. ਪਰਮੇਸ਼ਰ ਬਰਕਤ ਦੇਵੇ ।

[बारकल्लाह] अर॰ अव्य॰ परमेश्वर बरकत दे ।

بارکش—[ਬਾਰ-ਕਸ਼] ਫ਼ਾ. ਪੁ. ਭਾਰ ਬਰਦਾਰ, ਜਿਸ ਤੇ ਭਾਰ ਲੱਦਿਆ ਜਾਂ ਢੋਇਆ ਜਾਵੇ ।

[बार-कश] फ़ा॰ पु॰ जिस पर भार लादा अथवा ढोया जाये ।

بارگاہ—[ਬਾਰ-ਗਾਹ] ਫ਼ਾ. ਇ. ਸਭਾ ਸਥਾਨ, ਦੀਵਾਨਖ਼ਾਨਾ, ਡੇਰਾ, ਕਚਹਿਰੀ, ਅਦਾਲਤ, ਦਰਬਾਰ ਲੱਗਣ ਦੀ ਜਗ੍ਹਾ ।

[बार-गाह] फ़ा॰ स्त्री॰ सभा स्थान, दीवानख़ाना, डेरा, कचहिरी, अदालत, दरबार लगाने का स्थान ।

بارگی—[ਬਾਰ-ਗੀ] ਫ਼ਾ. ਪੁ. ਵਧੀਆ ਘੋੜਾ ।

[बार-गी] फ़ा॰ पु॰ बढ़िया घोड़ा ।

بارگی—[ਬਾਰ-ਗੀ] ਫ਼ਾ. ਇ. ਦਫ਼ਤ, ਦਫ਼ਾ, ਵਾਰ, ਇਹ ਸ਼ਬਦ ਉਰਦੂ ਵਿਚ 'ਇਕ-ਬਕ' ਦੇ ਨਾਲ ਆਉਂਦਾ ।

[बार-गी] फ़ा॰ स्त्री॰ दफ़ा, बार, उर्दू में 'इक-बक' के साथ प्रयुक्त होता है ।

بارگیر—[ਬਾਰ-ਗੀਰ] ਫ਼ਾ. ਵਿ. ਪੁ. ਲੱਦੂ (ਜਾਨਵਰ) ; ਸਾਈਸ ; ਉਹ ਸਵਾਰ ਜਿਸ ਦਾ ਆਪਣਾ ਕਿੱਸੀ ਘੋੜਾ ਨਾ ਹੋਵੇ ।

[बार-गीर] फ़ा॰ वि॰ पु॰ लद्दू (पशु) ; साईस; वह सवार जिस का अपना घोड़ा न हो ।

—بارگیری—[ਬਾਰ-ਗੀਰੀ] ਫ਼ਾ. ਇ. ਘੋੜ-ਸਵਾਰੀ ਦੀ ਨੌਕਰੀ ।

[बार-गीरी] फ़ा॰ स्त्री॰ घुड़-सवारी की नौकरी ।

باریدگی—[ਬਾਰਿੰਦਗੀ] ਫ਼ਾ. ਇ. ਮੀਂਹ, ਵਰਖਾ, ਬਾਰਸ਼ ; ਬਾਰਸ਼ ਹੋਣ ਦਾ ਭਾਵ ।

[बारिन्दगी] फ़ा॰ स्त्री॰ वर्षा, बारिश, वृष्टि वर्षा होने का भाव ।

بارندہ—[ਬਾਰਿੰਦ:] ਫ਼ਾ. ਵਿ. ਪੁ. ਜੋ ਵਰ੍ਹਦਾ ਹੈ, ਵਰ੍ਹਨ ਵਾਲਾ ।

[बारिन्द:] फ़ा॰ वि॰ पु॰ जो बरसे, बरसने वाला ।

بارو—[ਬਾਰੂ] ਪੁ. ਰੇਤ, ਬਾਲੂ ।

[बारू] पु॰ रेत, बालू ।

باروراں—[ਬਾਰ-ਵਾਂ] ਵਿ. ਬਾਰਾਂ ਦੀ ਗਿਣਤੀ ਦਾ ।

[बार-वाँ] वि॰ बारह की संख्या का ।

باروت—[ਬਾਰੂਤ] ਤੁਰ. ਪੁ. ਬਰੂਦ ।

[बारूत] पु॰ बारूद ।

بارود—[ਬਾਰੂਦ] ਫ਼ਾ. ਪੁ. ਬਰੂਦ, ਦਾਰੂ ।

[बारूद] फ़ा॰ पु॰ एक प्रसिद्ध विस्फोटक द्रव्य, दारू ।

—بارود خانہ—[ਬਾਰੂਦ-ਖ਼ਾਨ:] ਫ਼ਾ. ਪੁ. ਜਿਥੇ ਬਾਰੂਦ ਜਾਂ ਬਰੂਦ ਵਾਲੀਆਂ ਚੀਜ਼ਾਂ ਬਣਦੀਆਂ ਜਾਂ ਜਮ੍ਹਾਂ ਕੀਤੀਆਂ ਜਾਂਦੀਆਂ ਹਨ, ਬਰੂਦ ਘਰ, ਮੈਗਜ਼ੀਨ ।

[बारूद-ख़ान:] फ़ा॰ पु॰ गोला बारूद आदि बनाने अथवा रखने का स्थान, बारूद-घर मैगज़ीन ।

—بارود گولہ—[ਬਾਰੂਦ-ਗੋਲ:] ਫ਼ਾ. ਪੁ. ਗੋਲਾ ਬਰੂਦ ।

[बारूद-गोल:] फ़ा॰ पु॰ गोला बारूद ।

باروَر—[ਬਾਰ-ਵਰ] ਫ਼ਾ. ਵਿ. ਫਲਣ ਵਾਲਾ, ਫਲਿਆ ਹੋਇਆ ; ਸਫਲ, ਕਾਮਯਾਬ ; ਔਲਾਦਵਾਲਾ ।

[बार-वर] फ़ा॰ वि॰ फलने वाला, फलीभूत ; सफल कामयाब ; सन्तान युक्त ।

1 بارہ—[ਬਾਰ:] ਫ਼ਾ. ਪੁ. ਵਕਤ, ਨੌਬਤ; ਵਾਰੀ, ਦਫ਼ਾ; ਲਿਹਾਜ਼, ਵਾਸਤਾ, ਸੰਬੰਧ ।

[बार:] फ़ा॰ पु॰ वक़्त, नौबत; बारी, दफ़ा; लिहाज़ ; वास्ता, सम्बन्ध ।

2 بارہ—[ਬਾਰ:] ਪੁ. ਪਿੰਡ ਦੇ ਨਾਲ ਲਗਦੀ ਜ਼ਮੀਨ, ਪਿੰਡ ਦੇ ਦੁਆਲੇ ਦੀ ਜ਼ਮੀਨ, ਨਿਆਈਂ ।

[बार:] पु॰ गाँव के साथ लगती ज़मीन ।

3 بارہ—[ਬਾਰ:] ਵਿ. ਬਾਰਾਂ, ਦਸ+ਦੋ ਦੀ ਗਿਣਤੀ ।

[बार:] वि॰ दस और दो की संख्या, बारह ।

—بارہ امام—[ਬਾਰ: ਇਮਾਮ] ਵਿ. ਅਰ. ਪੁ. ਸ਼ੀਆਂ ਦੇ ਬਾਰਾਂ ਇਮਾਮ ਜੋ ਹੇਠ ਲਿਖਿਆਂ ਅਨੁਸਾਰ ਹਨ :—

੧. ਹਜ਼ਰਤ ਅਲੀ; ੨. ਹਜ਼ਰਤ ਹਸਨ ; ੩. ਹਜ਼ਰਤ ਹੁਸੈਨ ; ੪. ਇਮਾਮ ਜ਼ੈਨ-ਉਲ-ਆਬਦੀਨ ; ੫. ਇਮਾਮ ਮੁਹੰਮਦ ਬਾਕਿਰ ; ੬. ਇਮਾਮ ਜਾਫ਼ਰ ਸਾਦਿਕ ; ੭. ਇਮਾਮ ਮੂਸਾ ਕਾਜ਼ਿਮ ; ੮. ਇਮਾਮ ਅਲੀ ਮੂਸਾ ਰਜ਼ਾ ; ੯. ਇਮਾਮ ਮੁਹੰਮਦ ਤਕੀ ; ੧੦. ਇਮਾਮ ਅਲੀ ਤਕੀ ; ੧੧. ਇਮਾਮ ਹਸਨ ਅਸਕਰੀ ; ੧੨. ਇਮਾਮ ਮਹਿਦੀ ਜਿਸ ਨੇ ਅਜੇ (ਪਰਗਟ) ਹੋਣਾ ਹੈ ।

[बारः इमाम] वि० अर० पु० शियों के बारह इमाम जो नीचे लिखे अनुसार हैं :—
१. हज़रत अली ; २. हज़रत हसन ; ३. हज़रत हुसैन ; ४. इमाम जैनुल-आबदीन ; ५. इमाम मुहम्मद बाक़िर ; ६. इमाम जाफ़र सादिक़ ; ७. इमाम मूसा काज़िम ; ८. इमाम अली मूसा रज़ा ; ९. इमाम मुहम्मद तक़ी ; १०. इमाम अली नक़ी ; ११. इमाम हसन असकरी ; १२. इमाम महदी जिस ने अभी प्रगट होना है ।

—بارہ باٹ—[ਬਾਰ: ਬਾਟ] ਪੁ. ਫ਼ਿ. ਬਾਰਾਂ ਰਸਤੇ; ਆਪਸ ਦੀ ਫੁਟ, ਅਣਬਣ, ਨਰਾਜ਼ਗੀ ; ਅਵਾਰਾ ; ਖਿੰਡਿਆ ਪੁੰਡਿਆ ; ਵੱਖ ਵੱਖ ; ਹੈਰਾਨ ; ਬਰਬਾਦ ।

[बारः बाट] पु० वि० बारह रास्ते; आपस की फूट, अनबन; अवारा; विकीर्ण, बिखरा हुआ; अलग अलग; हैरान, बरबाद ।

—بارہ برج—[ਬਾਰ: ਬੁਰ-ਜ] ਪੁ. ਸੂਰਜ ਦੇ ਚਾਲ ਚੱਕਰ ਦੀਆਂ ਬਾਰਾਂ ਥੈਂਆਂ, ਬਾਰਾਂ ਰਾਸਾਂ, ਬਾਰਾਂ ਰਾਸ਼ੀਆਂ ।

[बारः बुर-ज] पु० सूर्य के गतिक्रम के बारह भाग, बारह राशियाँ ।

—بارہ پتھر—[ਬਾਰ: ਪੱਥਰ] ਪੁ. ਛੌਣੀ ਦੀ ਹੱਦ ਜੋ ਚੌਫੇਰੇ ਬਾਰਾਂ ਪੱਥਰ ਲਾ ਕੇ ਨਿਸਚਿਤ ਕੀਤੀ ਹੁੰਦੀ ਹੈ, ਛੌਣੀ ।

[बारः पत्थर] पु० छावनी की सीमा जो चारों ओर बारह पत्थर लगा कर निश्चित की जाती है, छावनी ।

—بارہ ٹوپی—[ਬਾਰ: ਟੋਪੀ] ਇ. ਬਾਰਾਂ ਅਕਲਮੰਦ ਅਤੇ ਸਿਆਣਿਆਂ ਦੀ ਸਭਾ ; ਬਾਰਾਂ ਕਿਸਮ ਦੀਆਂ ਟੋਪੀਆਂ ਖ਼ਾਸ ਕਰਕੇ ਈਸਾਈ ਮਤ ਦੇ ਬਾਰਾਂ ਫ਼ਿਰਕਿਆਂ ਦੇ ਆਦਮੀ ਵੱਖ ਵੱਖ ਤਰ੍ਹਾਂ ਦੀ ਟੋਪੀ ਪਹਿਨਦੇ ਹਨ ।

[बारः टोपी] स्त्री० बारह बुद्धिमानों की सभा ; बारह प्रकार की टोपियां जिन्हें कि विशेषतः ईसाई मत के बारह पंथों के मनुष्य पहनते हैं ।

—بارہ خانوادے—[ਬਾਰ: ਖ਼ਾਨ-ਵਾਦੇ] ਪੁ. ਮੁਸਲਮਾਨ ਫ਼ਕੀਰਾਂ ਦੇ ਬਾਰਾਂ ਫ਼ਿਰਕੇ ਜੋ ਬਾਰਾਂ ਸੂਫ਼ੀ ਮਹਾਂ ਪੁਰਖਾਂ ਦੇ ਨਾਂ ਤੇ ਪਰਸਿੱਧ ਹਨ : ਕਾਦਰੀਆ-ਸ਼ੇਖ਼ ਅਬਦੁਲ ਕਾਦਿਰ ਜੀਲਾਨੀ ਦੇ ਨਾਂ ਤੇ ; ਨਕਸ਼ਬੰਦੀਆ—ਖ਼੍ਵਾਜਾ ਨਕਸ਼ਬੰਦ ਦੇ ਨਾਂ ਤੇ ; ਸਕਤੀਆ—ਸ਼ੇਖ਼ ਸਕੀ ਦੇ ਨਾਂ ਤੇ; ਰਫ਼ਾਈਆ—ਸ਼ੇਖ਼ ਅਬਦੁਲ ਰਹੀਮ ਦੇ ਨਾਂ ਤੇ ; ਨੂਰੀਆ—ਸ਼ੇਖ਼ ਅਬਦੁਲ ਹਸਨ ਨੂਰੀ ਦੇ ਨਾਂ ਤੇ ; ਸ਼ਤਾਰੀਆ—ਸ਼ੇਖ਼ ਅਬਦੁਲ ਸ਼ਤਾਰੀ ਦੇ ਨਾਂ ਤੇ; ਯੂਸਫ਼ੀਆ—ਸ਼ੇਖ਼ ਅਹਿਮਦ ਯੂਸਫ਼ੀ ਦੇ ਨਾਂ ਤੇ ; ਅਨਸਾਰੀਆ—ਅਬਦੁੱਲਾ ਅਨਸਾਰੀ ਦੇ ਨਾਂ ਤੇ ; ਜ਼ਾਹਦੀਆ—ਖ਼੍ਵਾਜਾ ਬਦਰੁੱਦੀਨ ਜ਼ਾਹਿਦ ਦੇ ਨਾਂ ਤੇ ; ਕਲੰਦਰੀਆ—ਮੁਹੰਮਦ ਕਲੰਦਰ ਦੇ ਨਾਂ ਤੇ ; ਖ਼ਿਜ਼ਰਵੀਆ—ਅਹਿਮਦ ਖ਼ਿਜ਼ਰਵੀ ਦੇ ਨਾਂ ਤੇ ; ਹੁਸੈਨੀਆ—ਇਮਾਮ ਹੁਸੈਨ ਦੇ ਨਾਂ ਤੇ ।

[बारः ख़ान-वादे] पु० मुसलमान फ़क़ीरों के बारह पंथ जो सूफ़ी महापुरुषों के नामों पर प्रसिद्ध हैं : क़ादरिया—शेख़ अब्दुल क़ादिर जीलानी के नाम पर ; नक्शबन्दीया—ख़्वाजा नक्शबन्द के नाम पर ; सकतीया—शेख़ सक़ी के नाम पर ; रफ़ाईया—शेख़ अब्दुल रहीम के नाम पर ; नूरिया—शेख़ अब्दुल हसन नूरी के नाम पर ; शत्तारिया—शेख़ अब्दुल शत्तारी के नाम पर ; यूसफ़िया—शेख़ अहमद यूसफ़ी के नाम पर ; अनसारिया—अब्दुल्ला अनसारी के नाम पर ; ज़ाहिदीया—ख़्वाजा बदरुद्दीन ज़ाहिद के नाम पर ; क़लन्दरीया—मुहम्मद क़लन्दर के नाम पर ; ख़िज़रवीआ—अहमद ख़िज़रवी के नाम पर ; हुसैनीया—इमाम हुसैन के नाम पर ।

—بارہ دری—[ਬਾਰ: ਦਰੀ] ਇ. ਬਾਰਾਂ ਦਰਵਾਜ਼ਿਆਂ ਵਾਲਾ ਮਕਾਨ ਜਿਸ ਦੇ ਚਹੁੰ ਪਾਸੀਂ ਬਾਰਾਂ ਦਰਵਾਜ਼ੇ ਖੁਲ੍ਹਦੇ ਹਨ ; ਗਰਮੀਆਂ ਦੇ ਮੌਸਮ ਵਿਚ ਦਰਸ਼ਣ ਲਈ ਬਾਗ਼ ਦੇ ਅੰਦਰ ਦਾ ਮਕਾਨ ।

[बारः दरी] स्त्री० वह मकान जिसके चारों ओर बारह दरवाज़े खुलते हों, गर्मियों में प्रयोग के लिए उद्यान में बना हुआ मकान ।

—بارہ سنگھا—[ਬਾਰ: ਸਿੰਗਾ] ਪੁ. ਇਕ ਤੇਜ਼ਰਫ਼ਤਾਰ ਹਿਰਨ ਦੀ ਕਿਸਮ ਦਾ ਜਾਨਵਰ ਜਿਸ ਦੇ ਸਿਰ ਤੇ ਸਿੰਗ ਹੁੰਦੇ ਹਨ ।

[बारः सिंगा] पु० एक प्रकार का मृग जिसके सिर पर बहुत से सींग होते हैं ।

—بارہ ماسہ—[ਬਾਰ: ਮਾਸ:] ਵਿ. ਪੁ. ਸਾਲ ਸਬੰਧੀ, ਬਾਰਾਂ ਮਹੀਨਿਆਂ ਦਾ ; ਬਾਰਾਂ ਮਾਹਾ, ਕਵਿਤਾ ਦਾ ਇਕ ਛੰਦ ਜੋ ਬਾਰਾਂ ਮਹੀਨਿਆਂ ਦੇ ਨਾਂ ਤੇ ਰਚਿਆ ਜਾਂਦਾ ਹੈ ; ਬਾਰਾਂ ਮਹੀਨੇ ।

[बारः मासः] वि० पु० वार्षिक, बारह महीने का ; एक प्रकार की कविता जो बारह महीनों के नाम पर बनाई जाती है ; बारह महीने ।

—بارہ ماسی—[ਬਾਰ: ਮਾਸੀ] ਵਿ. ਬਾਰਾਂ ਮਹੀਨੇ ਹਰਾ ਰਹਿਣ ਜਾਂ ਫਲ ਦੇਣ ਵਾਲਾ (ਰੁੱਖ), ਸਦਾ ਬਹਾਰ ।

[बारः मासी] वि० बारह महीने ही हरा रहने वाला अथवा फल देने वाला (वृक्ष), सदाबहार ।

—بارہ مہینے—[ਬਾਰ: ਮਹੀਨੇ] ਪੁ. ਕ੍ਰਿ. ਵਿ. ਸਾਲ ਦੇ ਬਾਰਾਂ ਮਹੀਨੇ ; ਸਾਰਾ ਸਾਲ ; ਹਮੇਸ਼ਾ, ਨਿਤ, ਸਦਾ ; ਉਮਰ ਭਰ ।

[बारः महीने] पु० क्रि० वि० वर्ष के बारह महीने, सम्पूर्ण वर्ष; सर्वदा, नित्य, हमेशा, आयु भर ।

—بارہ وفات [ਬਾਰ: ਵਫ਼ਾਤ] ਪੁ. ਮੁਹੰਮਦ ਸਾਹਿਬ ਦੀ ਬੀਮਾਰੀ ਦੇ ਬਾਰਾਂ ਦਿਨ ।

[बारः वफ़ात] पु० मुहम्मद साहिब की बीमारी के बारह दिन ।

بارہ بالی—[ਬਾਰ: ਬਾਲੀ] ਵਿ. ਆਲਸ, ਸੁੱਧ, ਘਣਾ ; ਕਾਮਲ, ਮਾਹਰ, ਲਾਇਕ ; ਤੇਜ਼, ਚੌਕਸ ; ਤਜਰਬਾਕਾਰ, ਮਸ਼ਹੂਰ ; ਬੇਨੁਕਸ, ਬੇਐਬ ।

[बार: बानी] वि॰ ख़ालिस, शुद्ध, खरा ; योग्य, लायक, निपुण ; नेक, स्वस्थ ; दृढ़: निर्दोष, त्रुटिहीन ।

بارہا [ਬਾਰ-ਹਾ] ਫ਼ਾ. ਕ੍ਰਿ. ਵਿ. ਕਈ ਵਾਰ, ਅਕਸਰ, ਵਾਰ ਵਾਰ ।

[बार-हा] फ़ा॰ क्रि॰ वि॰ कई बार, बहुत दफ़ा, बार बार ।

1 باری—[ਬਾਰੀ] ਇ. ਵੇਲ, ਵਕਤ, ਮੌਕਾ; ਪਹਿਰਾ, ਚੌਕੀ ।

[बारी] स्त्री॰ वक़्त, मौक़ा, अवसर; पहरा, चौकी ।

2 باری—[ਬਾਰੀ] ਅਰ. ਵਿ. ਪੁ. ਪੈਦਾ ਕਰਨ ਵਾਲਾ, ਸਿਰਜਣਹਾਰ, ਪਰਮੇਸ਼ਰ ਦਾ ਨਾਂ ।

[बारी] अर॰ वि॰ पु॰ पैदा करने वाला, सृष्टि रचयिता, परमेश्वर का एक नाम ।

باری تعالےٰ—[ਬਾਰੀ ਤ੍ਆਲਾ] ਅਰ. ਪੁ. ਪਰਮੇਸ਼ਰ, ਸਿਰਜਣਹਾਰ ।

[बारी त्आला] अर॰ पु॰ परमेश्वर, सृष्टिकर्ता ।

بار یاب—[ਬਾਰ-ਯਾਬ] ਫ਼ਾ. ਵਿ. ਜਿਸ ਨੂੰ ਹਜ਼ੂਰੀ ਵਿੱਚ ਜਾਣ ਦੀ ਆਗਿਆ ਹੋਵੇ ।

[बार-याब] फ़ा॰ वि॰ जिसे हुज़ूरी में जाने की आज्ञा हो ।

بار یابی—[ਬਾਰਯਾਬੀ] ਫ਼ਾ. ਇ. ਦਰਬਾਰ ਵਿਚ ਹਾਜ਼ਰੀ ਦੀ ਆਗਿਆ ।

[बार-याबी] फ़ा॰ स्त्री॰ दरबार में उपस्थिति अथवा प्रवेश की आज्ञा ।

باری دار—[ਬਾਰੀਦਾਰ] ਪੁ. ਚੌਕੀ ਵਾਲੇ, ਚੌਕੀਦਾਰ, ਮੁਹਾਫ਼ਿਜ਼, ਰਾਖੇ ।

[बारीदार] पु॰ चौकीदार, संरक्षक ।

باریک—[ਬਾਰੀਕ] ਫ਼ਾ. ਵਿ. ਮਹੀਨ, ਪਤਲਾ, ਨਾਜ਼ੁਕ, ਸੂਖਮ, ਗੂੜ੍ਹ ।

[बारीक] फ़ा॰ वि॰ महीन, पतला, बहुत छोटा, सूक्ष्म, गम्भीर, गूढ़ ।

باریک بیں—[ਬਾਰੀਕ ਬੀਂ] ਫ਼ਾ. ਵਿ. ਸੂਖਮਦ੍ਰਿਸ਼ਟੀ ਵਾਲਾ ।

[बारीक बीं] फ़ा॰ वि॰ सूक्ष्मद्रष्टा ।

باریک بینی—[ਬਾਰੀਕ ਬੀਨੀ] ਫ਼ਾ. ਇ. ਬਾਰੀਕ ਬੀਨੀ, ਸੂਖਮ ਦ੍ਰਿਸ਼ਟੀ ।

[बारीक बीनी] फ़ा॰ वि॰ सूक्ष्म दृष्टि, सूक्ष्म दर्शिता ।

باریکہ—[ਬਾਰੀਕ:] ਪੁ. ਬਰੀਕ ਵਾਲਾਂ ਦਾ ਬਣਿਆ ਕਲਮ ; ਹਾਸ਼ੀਆ, ਉਹ ਖ਼ਤ ਜੋ ਕਿਤਾਬ ਦੇ ਪੰਨਿਆਂ ਦੇ ਕਿਨਾਰਿਆਂ ਤੇ ਹੁੰਦਾ ਹੈ ।

[बारीक:] फ़ा॰ पु॰ बारीक बालों का बना हुआ कलम ; हाशिया, वह रेखा जो किताब के पन्नों के किनारे पर होती है ।

باریکی—[ਬਾਰੀਕੀ] ਫ਼ਾ. ਇ. ਪਤਲਾਪਣ ; ਸੂਖਮਤਾ, ਲਤਾਫ਼ਤ, ਨਜ਼ਾਕਤ ; ਨੁਕਤਾ, ਸੂਖਮ ਗੱਲ ।

[बारीकी] फ़ा॰ स्त्री॰ बारीक अथवा पतले होने का भाव, पतलापन ; भाव, विचार आदि की सूक्ष्मता ; सूक्ष्म बात ।

باڑ—[ਬਾੜ] ਇ. ਵਾੜ, ਖੇਤੀ ਜਾਂ ਕਿਸੇ ਬੂਟੇ ਦੇ ਬਚਾਉ ਵਾਸਤੇ ਉਸ ਦੇ ਦੁਆਲੇ ਕੰਡਿਆਂ ਝਾੜੀਆਂ ਨਾਲ ਬਣਾਈ ਰੋਕ ।

[बाड़] स्त्री॰ खेत अथवा पौधों की रक्षा आदि के लिये मार्ग में खड़ी की जाने वाली किसी प्रकार की रुकावट ।

باڑ—[ਬਾੜ] ਇ. ਬਹੁਤ ਸਾਰੀਆਂ ਬੰਦੂਕਾਂ ਦਾ ਇਕੱਠਾ ਚਲਣਾ ।

[बाड़] स्त्री॰ बहुत सी बन्दूकों का एक साथ चलना ।

باڑا—[ਬਾੜਾ] ਪੁ. ਵਾੜ ਜਾਂ ਕੰਧ ਨਾਲ ਘੇਰਿਆ ਹੋਇਆ ਥਾਂ, ਵਾੜਾ ।

[बाड़] पु॰ चारों ओर से घिरा हुआ बड़ा मैदान ।

باڑھ—[ਬਾੜ੍ਹ] ਇ. ਇਕੋ ਵਕਤ ਬਹੁਤ ਸਾਰੀਆਂ ਗੋਲੀਆਂ ਛੱਡਣ ਦੀ ਕਿਰਿਆ ; ਹੜ੍ਹ ।

[बाढ़] स्त्री॰ एक ही समय बहुत सी गोलियाँ बरसाना, बन्दूक या तोप का एक साथ छूटना; बाढ़ ।

باڑہ—[ਬਾੜ:] ਪੁ. ਵਾੜਾ, ਚਾਰ ਦੀਵਾਰੀ, ਵਲਗਣ ; ਕਬਰਿਸਤਾਨ, ਖ਼ਾਨਗਾਹ, ਖ਼ਾਨਕਾਹ ; ਜੰਗਲ, ਮੈਦਾਨ, ਖੇਤ ; ਆਬਾਦੀ ਦੇ ਕਰੀਬ ਸਰਸਬਜ਼ ਤੇ ਚੰਗੀ ਪੈਦਾਵਾਰ ਦੇਣ ਵਾਲੀ ਜ਼ਮੀਨ ; ਦੰਗਲ, ਤਮਾਸ਼ਾਗਾਹ ।

[बाड़:] पु॰ चारदीवारी ; कब्रिस्तान; जंगल, मैदान, खेत, बस्ती के निकट लहलहाती बढ़िया फसल देने वाली ज़मीन ; दंगल, तमाशा देखने की जगह ।

باڑی—[ਬਾੜੀ] ਇ. ਬਗੀਚੀ ; ਕਪਾਹ ਦਾ ਪੌਦਾ ।

[बाड़ी] स्त्री॰ बगीची ; कपास का पौधा ।

باز—[ਬਾਜ਼] ਵਿ. ਖੇਡਣ ਵਾਲਾ ।

[बाज़] वि॰ खेलने वाला ।

باز—[ਬਾਜ਼] ਫ਼ਾ. ਪੁ. ਬਾਜ਼, ਇਕ ਸ਼ਿਕਾਰੀ ਪੰਛੀ ।

[बाज़] फ़ा॰ पु॰ एक शिकारी पक्षी ।

باز—[ਬਾਜ਼] ਫ਼ਾ. ਕ੍ਰਿ. ਵਿ. ਫੇਰ, ਮੁੜ ।

[बाज़] फ़ा॰ क्रि॰ वि॰ पुनः, फिर ।

بازار—[ਬਾਜ਼ਾਰ] ਫ਼ਾ. ਪੁ. ਬਾਜ਼ਾਰ, ਜਿੱਥੇ ਪੱਕੇ ਦੀਆਂ ਦੁਕਾਨਾਂ, ਮੰਡੀ ।

[बाज़ार] फ़ा॰ पु॰ वह स्थान जहां तरह तरह की चीज़ों की दुकानें हों, मण्डी ।

بازار بٹا—[ਬਾਜ਼ਾਰ ਬੱਟਾ] ਪੁ. ਕਟੌਤੀ, ਛੋਟ, ਰਿਆਇਤ ।

[बाज़ारे बट्टा] पु० कटौती, कमिशन, छूट ।

بازاری—[ਬਾਜ਼ਾਰੀ] ਫ਼ਾ. ਵਿ. ਬਾਜ਼ਾਰ ਦਾ, ਬਾਜ਼ਾਰ ਸਬੰਧੀ, ਬਾਜ਼ਾਰ ਨਾਲ ਸਬੰਧਤ; ਸਾਧਾਰਣ, ਆਮ; ਫੱਕੜ ।

[बाज़ारी]— फ़ा० वि० बाज़ार का, बाज़ार सम्बन्धी ; साधारण, आम; फक्कड़ ।

بازاری گپ—[ਬਾਜ਼ਾਰੀ ਗੱਪ] ਇ. ਅਫ਼ਵਾਹੀ, ਅਫ਼ਵਾਹਾ, ਅਫ਼-ਵਾਹ ।

[बाज़ारी गप्प] स्त्री० अफ़वाह, जनश्रुति, असत्य वार्ता ।

باز پرس—[ਬਾਜ਼ ਪੁਰ-ਸ] ਫ਼ਾ. ਇ. ਪੁੱਛ ਗਿੱਛ, ਤਹਿਕੀਕਾਤ, ਜਵਾਬ ਤਲਬੀ ।

[बाज़ पुर-स] फ़ा० स्त्री० पूछ ताछ, पूछ पड़ताल ।

باز پسیں—[ਬਾਜ਼ ਪਸੀਂ] ਫ਼ਾ. ਵਿ. ਆਖ਼ਰੀ, ਅਖ਼ੀਰ ਦਾ ।

[बाज़ पसीं] फ़ा० वि० अन्तिम, आख़ीर का ।

باز خواست—[ਬਾਜ਼ ਖ਼੍ਵਾਸ-ਤ] ਫ਼ਾ. ਇ. ਪੁੱਛ ਪੜਤਾਲ, ਪੁੱਛ ਗਿੱਛ, ਜਵਾਬ ਤਲਬ; ਮੁਤਾਲਬਾ, ਮੰਗ ।

[बाज़ ख़्वास-त] फ़ा० स्त्री० पूछताछ, पूछ पड़ताल, मुतालबा, मांग ।

باز خواہ—[ਬਾਜ਼ ਖ਼੍ਵਾਹ] ਫ਼ਾ. ਪੁ. ਪੁੱਛ ਗਿੱਛ ਕਰਨ ਵਾਲਾ, ਤਹਿਕੀ-ਕਾਤੀਆ, ਜਵਾਬ ਤਲਬੀ ਕਰਨ ਵਾਲਾ ।

[बाज़ ख़्वाह] फ़ा० पु० पूछताछ करने वाला ।

باز دعوی—[ਬਾਜ਼ ਦ-ਅ-ਵਾ] ਫ਼ਾ. ਅਰ. ਪੁ. ਦਾਵ੍ਹੇ ਤੋਂ ਦਸਤ-ਬਰਦਾਰ ਹੋਣ ਦਾ ਭਾਵ ।

[बाज़ द-अ-वा] फ़ा० अर० पु० अभियोग से मुक्त होने का भाव ।

باز دہی—[ਬਾਜ਼ਦਿਹੀ] ਫ਼ਾ. ਇ. ਵਾਪਸੀ ।

[बाज़दिही] फ़ा० स्त्री० वापिसी ।

بازرگان—[ਬਾਜ਼ਰ-ਗਾਨ] ਫ਼ਾ. ਪੁ. ਸੌਦਾਗਰ, ਵਪਾਰੀ ।

[बाज़र-गान] फ़ा० पु० सौदागर, व्यापारी ।

بازرگانی—[ਬਾਜ਼ਰ-ਗਾਨੀ] ਫ਼ਾ. ਇ. ਤਜਾਰਤ, ਵਪਾਰ, ਲੈਣ ਦੇਣ ।

[बाज़र-गानी] फ़ा० स्त्री० व्यापार, लेन देन ।

باز گشت—[ਬਾਜ਼ਗਸ਼-ਤ] ਫ਼ਾ. ਇ. ਵਾਪਸੀ, ਮੋੜਾ ।

[बाज़गश-त] फ़ा० स्त्री० वापिसी, लौटने का भाव, प्रत्यावर्तन ।

باز گشتہ—[ਬਾਜ਼ਗਸ਼-ਤ:] ਫ਼ਾ. ਵਿ. ਵਾਪਸ ਹੋਇਆ, ਮੁੜਿਆ ਹੋਇਆ, ਪਰਤਿਆ ਹੋਇਆ ।

[बाज़गश-त:] फ़ा० वि० वापिस आया हुआ, लौटा हुआ ।

باز گوں—[ਬਾਜ਼-ਗੂੰ] ਫ਼ਾ. ਵਿ. ਕ੍ਰਿ. ਵਿ. ਸਿਰਪਰਨੇ, ਪੁੱਠੇ ਮੂੰਹ, ਉਲਟਾ ।

[बाज़गूं] फ़ा० वि० क्रि० वि० औंधा, सिर के बल, औंधे मुख, उल्टा ।

باز گیر—[ਬਾਜ਼-ਗੀਰ] ਫ਼ਾ. ਪੁ. ਵਿ. ਇਤਿਹਾਸਕਾਰ ; ਬਾਜ਼ ਰੱਖਣ ਵਾਲਾ ।

[बाज़-गीर] फ़ा० पु० वि० इतिहासकार ; बाज़ पालने वाला ।

باز گیری—[ਬਾਜ਼-ਗੀਰੀ] ਫ਼ਾ. ਇ. ਜ਼ਬਤੀ ; ਮਾਮਲਾ ।

[बाज़गीरी] फ़ा० स्त्री० ज़ब्ती, मामला ।

بازنامہ—[ਬਾਜ਼-ਨਾਮ:] ਫ਼ਾ. ਪੁ. ਅਰਜ਼ੀ ਦਾਵੇ ਤੋਂ ਦਸਤ ਬਰਦਾਰੀ ।

[बाज़-नाम:] फ़ा० पु० अर्ज़ी-दावा न देने का भाव ।

بازیچہ—[ਬਾਜ਼ੀਚ:] ਫ਼ਾ. ਵਿ. ਪੁ. ਖੇਡਣ ਵਾਲਾ, ਖਿਡਾਰੀ ; ਬਾਜ਼ੀਆਂ ਪਾਉਣ ਵਾਲਾ ਕਬੂਤਰ ।

[बाज़ीचः] फ़ा० वि० पु० खिलाड़ी, खेलने वाला; कलाबाज़ी लगाने वाला कबूतर ।

بازو—[ਬਾਜ਼ੂ] ਫ਼ਾ. ਪੁ. ਹੱਥ ਤੋਂ ਉੱਪਰ ਦਾ ਹਿੱਸਾ, ਬਾਂਹ ; ਕੂਹਣੀ ਤੋਂ ਉੱਪਰ ਦਾ ਹਿੱਸਾ, ਡੌਲਾ ; ਪੰਛੀ ਦਾ ਇਕ ਪਾਸੇ ਦਾ ਸਾਰਾ ਪਰ, ਤਰਫ਼, ਪਾਸਾ ।

[बाज़ू] फ़ा० पु० भुजा, बाँह ; भुजदण्ड ; पक्षी का पंख ; ओर, तरफ़ ।

بازو بند—[ਬਾਜ਼ੂ-ਬੰਦ] ਫ਼ਾ. ਪੁ. ਡੌਲੇ ਦਾ ਇਕ ਗਹਿਣਾ, ਬਾਜ਼ੂ-ਬੰਦ, ਤਵੀਤ ।

[बाज़ू-बन्द] फ़ा० पु० बाँह का एक गहना, भुजबन्ध, तावीज़ ।

بازی—[ਬਾਜ਼ੀ] ਫ਼ਾ. ਇ. ਖੇਡ ; ਮੀਟੀ ; ਖੇਡ ਵਿਚ ਆਈ ਹਾਰ ; ਖੇਡ ਦੀ ਸ਼ਰਤ; ਕਬੂਤਰ ਦੀ ਕਲਾਬਾਜ਼ੀ ।

[बाज़ी] फ़ा० स्त्री० खेल ; बारी ; खेल में होने वाली हार; खेल की शर्त; कबूतर की कलाबाज़ी ।

باز یاب—[ਬਾਜ਼-ਯਾਬ] ਫ਼ਾ. ਵਿ. ਜਿਸ ਨੂੰ (ਚੀਜ਼) ਮੁੜ ਕੇ ਮਿਲ ਜਾਏ, ਦੋਬਾਰਾ ਪ੍ਰਾਪਤ ਕਰਨ ਵਾਲਾ ।

[बाज़-याब] फ़ा० वि० जिसे (चीज़) पुनः मिल जाए, पुनः प्राप्त करने वाला ।

باز یافت—[ਬਾਜ਼-ਯਾਫ਼-ਤ] ਫ਼ਾ. ਵਿ. ਇ. ਵਾਪਸ ਮਿਲਿਆ ; ਚੋਰੀ ਗਿਆ ਮਾਲ ਜੋ ਮੁੜ ਮਿਲ ਜਾਵੇ ।

[बाज़-याफ़-त] फ़ा० वि० स्त्री० वापिस मिला हुआ; चोरी हुआ माल जो फिर मिल जाए ।

باز یافتگی—[ਬਾਜ਼-ਯਾਫ਼-ਤਗੀ] ਫ਼ਾ. ਇ. ਵਾਪਸ ਲੈਣ ਦਾ ਭਾਵ, ਵਾਪਸੀ, ਮੁੜ ਪ੍ਰਾਪਤੀ ।

[बाज़-याफ़-तगी] फ़ा० स्त्री० वापिस लेने का भाव, वापसी लौटा कर लेने का भाव, पुनः प्राप्ति ।

بازیچہ—[ਬਾਜ਼ੀਚਾ] ਫ਼ਾ. ਇ. ਪੁ. ਖੇਡ, ਤਮਾਸ਼ਾ ; ਖਿਡਾਉਣਾ, ਖੇਡਣ ਦੀ ਚੀਜ਼; ਖੇਡਣ ਦੀ ਥਾਂ ।

[बाज़ीचः] फ़ा० स्त्री० पु० खेल, तमाशा; खिलौना, खेलने की चीज़; क्रीड़ा स्थान ।

بازیگاہ [ਬਾਜ਼ੀਗਾਹ] ਫ਼ਾ. ਇ. ਖੇਡ ਜਾਂ ਕਰਤੱਬ ਵਿਖਾਉਣ ਦੀ ਜਗ੍ਹਾ, ਅਖਾੜਾ ।

[बाज़ीगाह] फ़ा० स्त्री० खेल अथवा तमाशा दिखाने की जगह, अखाड़ा ।

بازیگر—[ਬਾਜ਼ੀਗਰ] ਫ਼ਾ. ਪੁ. ਮਦਾਰੀ, ਨੱਟ, ਬਾਜ਼ੀ ਪਾਉਣ ਵਾਲਾ; ਇਕ ਟੱਪਰੀਵਾਸ ਜਾਤੀ, ਜਿਸ ਦੇ ਜੀਏ ਬਾਜ਼ੀ ਪਾ ਕੇ ਤੇ ਮੰਗ ਪਿੰਨ ਕੇ ਜੀਵਨ ਦਾ ਨਿਰਬਾਹ ਕਰਦੇ ਹਨ; ਬਾਜ਼ੀਗਰ ਕੌਮ ਦਾ ਆਦਮੀ ।

[बाज़ीगर] फ़ा० पु० नट, मदारी, कसरत के खेल करने वाला, बाज़ी से खेलने वाला; एक ख़ानाबदोश जाति जो बाज़ी का खेल दिखा कर ही निर्वाह करती है ; इस जाति का पुरुष ।

باس—[ਬਾਸ] ਇ. ਖ਼ੁਸ਼ਬੋ, ਚੰਗੀ ਵਾਸ਼ਨਾ, ਮਹਿਕ, ਸੁਗੰਧੀ ।

[बास] स्त्री० सुगन्धि, महक, सुवास ।

باس - باسا—[ਬਾਸ - ਬਾਸਾ] ਪੁ. ਵਾਸਾ, ਰਸੋਂ, ਰਿਹਾਇਸ਼, ਟਿਕਾਣਾ, ਨਿਵਾਸ ।

[बास - बासा] पु० निवास, वास ।

باستصواب—[ਬਇਸਤਸਵਾਬ] ਅਰ. ਕ੍ਰਿ. ਵਿ. ਸਲਾਹ ਨਾਲ, ਮਰਜ਼ੀ ਨਾਲ ।

[बइस्तिस्वाब] अर० क्रि० वि० सहमति से, सलाह से ।

باستشفاع—[ਬ-ਇਸ-ਤਿਸ਼-ਫ਼ਾਅ] ਅਰ. ਕ੍ਰਿ. ਵਿ. ਸਿਫ਼ਾਰਸ਼ ਨਾਲ ।

[ब-इस-तिश-फ़ाअ] अर० क्रि० वि० सिफ़ारिश से ।

باسٹھ—[ਬਾਸਠ] ਵਿ. ਬਾਸਠ, ਸੱਠ+ਦੋ ਦੀ ਗਿਣਤੀ ।

[बासठ] वि० साठ और दो, बासठ ।

باسط—[ਬਾਸਿਤ] ਅਰ. ਵਿ. ਪੁ. ਰਿਜ਼ਕ ਵਿੱਚ ਵਾਧਾ ਕਰਨ ਵਾਲਾ; ਪਰਮੇਸ਼ਰ ਦਾ ਨਾਂ ।

[बासित] अर० वि० पु० जीविका में वृद्धि करने वाला ; परमेश्वर ।

باسک - باسکی—[ਬਾਸਕ - ਬਾਸੁਕੀ] ਪੁ. ਸੱਪਾਂ ਦਾ ਸਰਦਾਰ ਜਿਸਦੇ ਧਰਤੀ ਸਿਰ ਤੇ ਚੁੱਕੀ ਹੋਈ ਹੈ ।

[बासक - बासुकी] पु० वासुकि, आठ नाग-राजाओं में दूसरा नागराज ।

باسمتی—[ਬਾਸ-ਮਤੀ] ਇ. ਇੱਕ ਕਿਸਮ ਦੇ ਉਮਦਾ ਤੇ ਖ਼ੁਸ਼ਬੂਦਾਰ ਚਾਉਲ ।

[बास-मती] स्त्री० एक प्रकार का धान, इस धान का चावल पकाने पर अच्छी सुगन्ध देता है ।

باسن—[ਬਾਸਨ] ਪੁ. ਭਾਂਡਾ, ਬਰਤਨ ।

[बासन] पु० बरतन, पात्र ।

باسنا—[ਬਾਸ-ਨਾ] ਇ. ਵਾਸ਼ਨਾ, ਖ਼ੁਸ਼ਬੋ ।

[बासना] स्त्री० महक, सुगन्धि ।

1 باسی—[ਬਾਸੀ] ਵਿ. ਬਿਹਾ, ਬਚਿਆ, ਰਾਤ ਦਾ ਬਚਿਆ ਹੋਇਆ ।

[बासी] वि० देर का अथवा एक दिन पहले का बना हुआ, बासी ।

2 باسی—[ਬਾਸੀ] ਪੁ. ਵਸਨੀਕ, ਵਾਸੀ ।

[बासी] पु० निवासी ।

باسی منہ—[ਬਾਸੀ ਮੂੰ] ਕ੍ਰਿ. ਵਿ. ਨਿਰਣੇ, ਮੂੰਹੇ ਮੂੰਹ ।

[बासी मुँ] क्रि० वि० निराहार ।

باش—[ਬਾਸ਼] ਤੁਰ. ਪੁ. ਸਿਰ ।

[बाश] तुर० पु० सिर ।

باشندہ—[ਬਾਸ਼ਿੰਦਃ] ਫ਼ਾ. ਪੁ. ਵਸਨੀਕ, ਵਾਸੀ ।

[बाशिन्दः] फ़ा० पु० निवासी, बासी ।

باشہ—[ਬਾਸ਼ਃ] ਫ਼ਾ. ਪੁ. ਇਕ ਕਿਸਮ ਦਾ ਬਾਜ਼ ਵਰਗਾ ਸ਼ਿਕਾਰੀ ਪੰਛੀ ।

[बाशः] फ़ा० पु० बाज़ जैसा एक प्रकार का शिकारी पक्षी ।

باشین—[ਬਾਸ਼ੀਨ] ਇ. 'ਬਾਸ਼ਾ' ਦੀ ਮਦੀਨ ।

[बाशीन] स्त्री० 'बाशा' की मदीन ।

باصر—[ਬਾਸਿਰ] ਅਰ. ਵਿ. ਵੇਖਣ ਵਾਲਾ, ਨਜ਼ਰ ਵਾਲਾ ।

[बासिर] अर० वि० देखने वाला, निगाह वाला ।

باصرہ—[ਬਾਸਿਰਃ] ਅਰ. ਵਿ. ਵੇਖਣ ਦੀ ਸ਼ਕਤੀ, ਨਜ਼ਰ, ਅੱਖਾਂ ਦੀ ਜੋਤ ।

[बासिरः] अर० वि० देखने की शक्ति, निगाह, नज़र ।

باطل—[ਬਾਤਿਲ] ਅਰ. ਵਿ. ਝੂਠਾ, ਅਸੱਤ, ਨਕਲੀ, ਖੋਟਾ ; ਕੂੜਾ ; ਬੇ ਬੁਨਿਆਦ, ਗ਼ਲਤ, ਨਿਕੰਮਾ, ਫ਼ਜ਼ੂਲ, ਰੱਦੀ ।

[बातिल] अर० वि० झूठा, असत्य ; नकली, खोटा ; निराधार, निरर्थक, गलत ; रद्दी ।

—باطل السحر—[ਬਾਤਿਲੁੱਸਿਹ-ਰ] ਅਰ. ਵਿ. ਜਾਦੂ ਦਾ ਅਸਰ ਤੋੜਨ ਵਾਲਾ ।

[बातिलु स्सिह-र] अर० वि० जादू के प्रभाव को समाप्त करने वाला ।

—باطل پرست—[ਬਾਤਿਲ ਪਰਸ-ਤ] ਅਰ. ਫ਼ਾ. ਵਿ. ਕਾਫ਼ਰ, ਨਾਸਤਕ ।

[बातिल परस्-त] अर० फ़ा० वि० काफ़िर, नास्तिक ।

—باطل پرستی—[ਬਾਤਿਲ ਪਰਸ-ਤੀ] ਅਰ. ਫ਼ਾ. ਇ. ਕੁਫ਼ਰ ।

[बातिल परस्-ती] अर० फ़ा० स्त्री० कुफ़्र ।

—باطلی—[ਬਾਤਿਲੀ] ਅਰ. ਇ. ਬੇਵਕੂਫ਼ੀ, ਬੇਪੁਰਖੀ; ਝੂਠਾ ਘੁਮੰਡ, ਦਿਖਾਵਾ, ਕਪਟ ।

[बातिली] अर० स्त्री० बेवकूफ़ी, मूर्खता ; मिथ्याभिमान, दिखावा, कपट ।

باطن—[ਬਾਤਿਨ] ਅਰ. ਪੁ. ਹਿਰਦਾ, ਅੰਤਹਕਰਣ ; ਅੰਦਰਲਾ ਦਿਲ, ਮਨ ।

[बातिन] अर० पु० हृदय, अन्तःकरण, दिल, मन ।

—باطنی—[ਬਾਤਿਨੀ] ਫ਼ਾ. ਅਰ. ਵਿ. ਅੰਦਰ ਦਾ, ਦਿਲ ਦਾ, ਅੰਦਰਲੀ ; ਲੁਕਵਾਂ, ਗੁੱਝਾ, ਭੇਤ ਦਾ ।

[बातिनी] फ़ा० अर० वि० अन्दर का, भीतरी, मानसिक; गुप्त, गुह्य, भेद वाला ।

باعث—[ਬਾਇਸ] ਅਰ. ਪੁ. ਕਾਰਨ, ਵਜ੍ਹਾ, ਸਬੱਬ ।

[बाइस] अर० पु० कारण, हेतु, सबब ।

باغ—[ਬਾਗ਼] ਫ਼ਾ. ਪੁ. ਚਮਨ, ਬਗ਼ੀਚਾ, ਫੁਲਵਾੜੀ, ਗੁਲਜ਼ਾਰ ।

[बाग़] फ़ा० पु० उपवन, उद्यान, फुलवाड़ी, बग़ीचा ।

باغات—[ਬਾਗ਼ਾਤ] ਫ਼ਾ. ਪੁ. ਬਾਗ਼ ਦਾ ਬਹੁਵਚਨ ।

[बाग़ात] फ़ा० पु० 'बाग़' का बहुवचन ।

—باغاتی—[ਬਾਗ਼ਾਤੀ] ਫ਼ਾ. ਵਿ. ਬਾਗ਼ ਸਬੰਧੀ, ਬਾਗ਼ਾਂ ਨਾਲ ਸਬੰਧਤ ।

[बाग़ाती] फ़ा० वि० बाग़ सम्बन्धी, बाग़ों से सम्बन्धित ।

باغبان—[ਬਾਗ਼-ਬਾਨ] ਫ਼ਾ. ਪੁ. ਮਾਲੀ ।

[बाग़-बान] फ़ा० पु० माली ।

—باغبانی—[ਬਾਗ਼-ਬਾਨੀ] ਫ਼ਾ. ਇ. ਮਾਲੀ ਦਾ ਕੰਮ ।

[बाग़-बानी] फ़ा० स्त्री० माली का काम ।

—باغچہ—[ਬਾਗ਼ਚਹ:] ਫ਼ਾ. ਪੁ. ਛੋਟਾ ਬਾਗ਼, ਬਗ਼ੀਚਾ, ਬਗ਼ੀਚੀ ।

[बाग़्-चः] फ़ा० पु० छोटा बाग़, बग़ीचा, वाटिका ।

—باغ رضواں—[ਬਾਗ਼ੇ ਰਿਜ਼-ਵਾਂ] ਫ਼ਾ. ਪੁ. ਬਹਿਸ਼ਤ, ਸਵਰਗ, ਜੰਨਤ ।

[बाग़े रिज़-वाँ] फ़ा० पु० बिहिश्त, स्वर्ग, जन्नत ।

—باغیچہ—[ਬਾਗ਼ੀਚਹ:] ਫ਼ਾ. ਪੁ. ਛੋਟਾ ਬਾਗ਼, ਬਗ਼ੀਚੀ, ਫੁਲਵਾੜੀ ।

[बाग़ीचः] फ़ा० पु० छोटा बाग़, वाटिका, फुलवाड़ी ।

—باغیچی—[ਬਾਗ਼ੀਚੀ] ਫ਼ਾ. ਇ. ਛੋਟਾ ਬਾਗ਼, ਬਗ਼ੀਚਾ, ਫੁਲਵਾੜੀ ।

[बाग़ीची] फ़ा० स्त्री० वाटिका, बग़ीची, फुलवाड़ी ।

—باغ باغ—[ਬਾਗ਼ ਬਾਗ਼] ਫ਼ਾ. ਕ੍ਰਿ. ਵਿ. ਖ਼ੁਸ਼, ਪਰਸੰਨ, ਬਹੁਤ ਖ਼ੁਸ਼ ।

[बाग़ बाग़] फ़ा० क्रि० वि० ख़ुश, प्रसन्न, अति प्रसन्न ।

باغیرہ - باغورہ—[ਬਾਗ਼ਿਰ:-ਬਾਗ਼ਰ:] ਫ਼ਾ. ਪੁ. ਇਕ ਕਿਸਮ ਦੀ ਗਿੱਲਟੀ ।

[बाग़िरः-बाग़रः] फ़ा० पु० एक प्रकार की गिलटी ।

باغی—[ਬਾਗ਼ੀ] ਅਰ. ਵਿ. ਪੁ. ਬਗ਼ਾਵਤ ਕਰਨ ਵਾਲਾ, ਸਰਕਸ਼, ਵਿਦਰੋਹੀ, ਆਕੀ ।

[बाग़ी] अर० वि० पु० बग़ावत करने वाला, सरकश, विद्रोही, अवज्ञाकारी ।

باف—[ਬਾਫ਼] ਫ਼ਾ. ਪੁ. ਸ਼ਬਦਾਂ ਦੇ ਅੰਤ ਵਿੱਚ ਆਕੇ 'ਉਣਨ ਵਾਲਾ' ਦੇ ਅਰਥ ਦਿੰਦਾ ਹੈ ਜਿਵੇਂ —'ਪਾਰਚਾਬਾਫ਼' ।

[बाफ़] फ़ा० पु० शब्द के अन्त में आकर 'बुनने वाला' के अर्थ का बोधक है, जैसे —'पारचाबाफ़' ।

بافتہ—[ਬਾਫ਼-ਤ:] ਫ਼ਾ. ਵਿ. ਪੁ. ਉਣਿਆ ਹੋਇਆ ਜਿਵੇਂ— 'ਜ਼ਰਬਾਫ਼ਤ:' (ਸੁਨਹਿਰੀ ਤਾਰਾਂ ਦਾ ਉਣਿਆ ਹੋਇਆ), ਕਿਨਾਰੀ ਗੋਟੇ ਦਾ ਗੁੰਦਿਆ ਹੋਇਆ ਕਪੜਾ, ਜ਼ਰੀ ਦਾ ਕਪੜਾ ।

[बाफ़-तः] फ़ा० वि० पु० किनारी गोटे आदि से बुना हुआ कपड़ा ; बुना हुआ, जैसे 'ज़र बाफ़ः' (सुनहरी तारों से बुना हुआ) ।

بافندہ یافندہ—[ਬਾਫ਼ੰਦ:, ਬਾਫ਼ਿੰਦ:] ਫ਼ਾ. ਪੁ. ਜੁਲਾਹਾ, ਪੇਂਜੀ, ਕਾਮਸ਼ੀ ।

[बाफ़ंदः, बाफ़िंदः] फ़ा० पु० जुलाहा, तंतुकार, वायक ।

باقر—[ਬਾਕਿਰ] ਅਰ. ਵਿ. ਗਿਆਨੀ, ਵਿਦਵਾਨ ; ਸਰਦਾਰ, ਰਈਸ; ਹਜ਼ਰਤ ਇਮਾਮ ਜਾਫ਼ਰ ਦਾ ਲਕਬ ।

[बाक़िर] अर० वि० विद्वान, कोविद ; सरदार, रईस; हज़रत इमाम जाफ़र का लक़ब (उपाधि) ।

باقر خانی—[ਬਾਕਿਰਖ਼ਾਨੀ] ਫ਼ਾ. ਇ. ਇਕ ਖ਼ਸਤਾ ਰੋਟੀ ਜੋ ਮੈਦੇ ਵਿਚ ਮੱਖਣ ਦੁੱਧ ਆਦਿ ਪਾ ਕੇ ਬਣਾਉਂਦੇ ਹਨ ।

[बाक़िरख़ानी] फ़ा० स्त्री० एक प्रकार की कुरकुरी रोटी जो मैदे में मक्खन, दूध आदि डाल कर पकाई जाती है ।

باقلہ—[ਬਾਕਿੱਲ:] ਅਰ. ਪੁ. ਇਕ ਬੂਟਾ ਜਿਸ ਦੀਆਂ ਫਲੀਆਂ ਦੀ ਸਬਜ਼ੀ ਬਣਦੀ ਹੈ, ਮਟਰ ।

[बाक़िल्लः] अर० पु० एक पौधा जिस की फलियों से सब्ज़ी बनाते हैं, मटर ।

باقی—**[ਬਾਕ਼ੀ]** ਅਰ. ਵਿ. ਇ. ਪਿੱਛੇ ਰਿਹਾ (ਅੰਸ਼), ਬਚਿਆ ਹੋਇਆ, ਬਕਾਇਆ।
[बाक़ी] अर० वि० स्त्री० अवशिष्ट, बचा हुआ (अंश), शेष।

—**باقی ایام**—**[ਬਾਕ਼ੀ ਅੱਯਾਮ]** ਅਰ. ਪੁ. ਰਹਿੰਦਾ ਦਿਨ, ਰਹਿੰਦਾ ਸਮਾਂ, ਰਹਿੰਦੀ ਜ਼ਿੰਦਗੀ।
[बाक़ी अय्याम] अर० पु० बाकी दिन, अवशिष्ट समय, शेष जीवन।

—**باقیات**—**[ਬਾਕ਼ਿਯਾਤ]** ਅਰ. ਇ. ਬਾਕ਼ੀ ਦਾ ਬਹੁਵਚਨ, ਬਕਾਏ, ਵਸੂਲੀ ਜੋਗ ਰਕਮਾਂ।
[बाक़ियात] अर० स्त्री० बाक़ी का बहुवचन, बकाया रकमें, शेष राशियां।

—**باقیات الصالحات - باقیات صالحات**—**[ਬਾਕ਼ਿਯਾ-ਤੁੱਸਾਲਿਹਾਤ - ਬਾਕ਼ਿਯਾਤੇ ਸਾਲਿਹਾਤ]** ਅਰ. ਇ. ਲੋਕ ਭਲਾਈ ਦਾ ਕੰਮ,
[बाक़ियातुस्सालिहात बाक़ियाते सालिहात]—अर० स्त्री० जनहित का काम।

—**باقیات حساب رواں**—**[ਬਾਕ਼ਿਯਾਤੇ ਹਿਸਾਬੇ ਰਵਾਂ]**—ਅਰ. ਫ਼ਾ. ਇ. ਚਲਦੇ ਹਿਸਾਬ ਦਾ ਬਕਾਇਆ।
[बाक़ियाते हिसाबे रवां] अर० फ़ा० स्त्री० चलते हिसाब का बकाया।

—**باقیات مشکوک الوصول**—**[ਬਾਕ਼ਿਯਾਤ ਮੁਸ਼-ਕੂਕੁਲ-ਵੁਸੂਲ]** ਅਰ. ਇ. ਬਕਾਇਆ, ਜਿਸ ਦਾ ਵਸੂਲ ਹੋਣਾ ਔਖਾ ਹੋਵੇ।
[बाक़ियात मुश-तबहुल-वुसूल] अर० स्त्री० बकाया, जिस का वसूल होना कठिन हो।

—**باقیدار**—**[ਬਾਕ਼ੀਦਾਰ]** ਫ਼ਾ. ਪੁ. ਜਿਸ ਬੰਦੇ ਵਲ ਹਿਸਾਬ ਦਾ ਬਕਾਇਆ ਰਹਿੰਦਾ ਹੋਵੇ।
[बाक़ीदार] फ़ा० पु० जिस व्यक्ति के जिम्मे हिसाब का बकाया रहता हो।

—**باقیداری**—**[ਬਾਕ਼ੀਦਾਰੀ]** ਫ਼ਾ. ਇ. ਬਕਾਇਆ ਜ਼ਿੰਮੇ ਹੋਣ ਦੀ ਹਾਲਤ, ਬਾਕ਼ੀਦਾਰ ਹੋਣ ਦਾ ਭਾਵ।
[बाक़ीदारी] फ़ा० स्त्री० बाकी रकम जिम्मे होने का भाव, बाकीदार होने का भाव।

—**باقی ساقی**—**[ਬਾਕ਼ੀ ਸਾਕ਼ੀ]** ਇ. ਵਾਧਾ, ਬੇਸ਼ੀ, ਜ਼ਿਆਦਤੀ।
[बाक़ी साक़ी] स्त्री० वृद्धि, अधिकता, ज्यादती।

—**باقی فرضی**—**[ਬਾਕ਼ੀ ਫ਼ਰ-ਜ਼ੀ]** ਇ. ਨਾਮਮਾਤਰ ਬਕਾਇਆ, ਬਹੁਤ ਘਟ ਬਚਿਆ ਹੋਇਆ।
[बाक़ी फ़र-ज़ी] स्त्री० नाममात्र का बकाया, बहुत कम बचा हुआ।

—**باقی ماندگی**—**[ਬਾਕ਼ੀ ਮਾਂਦਗੀ]** ਫ਼ਾ. ਇ. ਬਕਾਇਆ ਹੋਣ ਦੀ ਹਾਲਤ।
[बाक़ी मांदगी] फ़ा० स्त्री० शेष रहने की अवस्था।

—**باقی ماندہ**—**[ਬਾਕ਼ੀਮਾਂਦਹ]** ਫ਼ਾ. ਵਿ. ਪਿੱਛੇ ਬਚਿਆ, ਰਹਿੰਦਾ-ਖੂੰਹਦਾ, ਬਚਿਆ ਖੁਚਿਆ।
[बाक़ीमांदः] फ़ा० वि० अवशिष्ट, शेष, बचा खुचा।

باک—**[ਬਾਕ]** ਫ਼ਾ. ਪੁ. ਡਰ, ਭੈ, ਅੰਦੇਸ਼ਾ।
[बाक] फ़ा० पु० डर, भय, आशंका।

باکرہ—**[ਬਾਕਿਰਹ]** ਅਰ. ਇ. ਕੁਆਰੀ, ਅਣਵਿਆਹੀ ਲੜਕੀ।
[बाकिरः] अर० स्त्री० कुमारी, अविवाहित लड़की।

باکلا—**[ਬਾਕਿਲਾ]** ਅਰ. ਪੁ. ਇਕ ਪੌਦਾ ਜਿਸ ਦੀਆਂ ਫਲੀਆਂ ਦੀ ਸਬਜ਼ੀ ਬਣਾਈ ਜਾਂਦੀ ਹੈ।
[बाकिला] अर० पु० एक पौधा जिसकी फलियों की सब्जी बनती है।

باکلی—**[ਬਾਕਲੀ]** ਇ. ਉਬਾਲਿਆ ਹੋਇਆ ਅਨਾਜ, ਘੁੰਗਣੀਆਂ, ਖਿੱਚੜੀਆਂ।
[बाकली] स्त्री० उबाला हुआ अनाज, उबला हुआ अनाज।

باکند—**[ਬਾਕੰਦ]** ਪੁ. ਫ਼ਸਲ ਦਾ ਲਗਭਗ ਚੁਥਾਈ (¼) ਹਿੱਸਾ ਜੋ ਜ਼ਿਮੀਂਦਾਰ ਵਾਹੀਕਾਰ ਨੂੰ ਦੇਂਦਾ ਹੈ।
[बाकंद] पु० फ़सल का लगभग ¼ भाग जो ज़िमींदार कृषक को देता है।

باکھ—**[ਬਾਖ]** ਪੁ. ਪਸ਼ੂ ਦੇ ਥਣਾਂ ਵਾਲਾ ਹਿੱਸਾ, ਹਵਾਨਾ, ਲੇਵਾ, ਲੇਵੀ।
[बाख] पु० पशु के स्तनों वाला भाग जहां कि दूध जमा रहता है।

باکھر—**[ਬਾਖਰ]** ਪੁ. ਡੰਗਰਾਂ ਦਾ ਵਾੜਾ, ਹਾਤਾ, ਕਲਵਾੜ; ਹਵੇਲੀ; ਔਜ਼ਾਰਾਂ ਦਾ ਥੈਲਾ; ਕਿਰਸਾਣੀ ਦਾ ਇਕ ਸੰਦ ਜਿਸ ਨਾਲ ਧਰਤੀ ਦੀ ਉਪਰਲੀ ਕਰੜੀ ਤਹਿ ਤੋੜੀ ਜਾਂਦੀ ਹੈ ਜਾਂ ਘਾਹ ਫੂਸ ਪੁੱਟਿਆ ਜਾਂਦਾ ਹੈ।
[बाखर] पु० पशुओं का बाड़ा, अहाता, बाड़ा, कोट; हवेली; औज़ारों का थैला; एक प्रकार का कृषि—औज़ार, हल अथवा बेल्चा जोकि ज़मीन के ऊपर के सख्त भाग को खोदने अथवा जंगली घासों को उखाड़ने के काम आता है।

باکھری—**[ਬਾਖਰੀ]** ਇ. ਉਹ ਗਾਂ ਜਾਂ ਮੱਝ ਜੋ ਪੰਜ ਮਹੀਨੇ ਦੁੱਧ ਦੇ ਕੇ ਦੁੱਧ ਮਾਰੇ।
[बाखड़ी] स्त्री० वह गाय या भैंस जो पांच महीने के बाद दूध देना बन्द करदे।

باکھل—**[ਬਾਖਲ]** ਪੁ.　　　　　　باکھر
[बाखल] पु०　　　　　　باکھر

باؤلی—[ਬਾਉਲੀ] ਵਿ. باؤلی

[बावली] स्त्री० باؤڑی

باگ—[ਬਾਗ] ਵਿ. ਵਾਗਾਂ, ਲਗਾਮ, ਡੋਰ ।

[बाग] स्त्री० लगाम, डोर, कविका ।

باگ ڈور—[ਬਾਗਡੋਰ] ਵਿ. ਲਗਾਮ ਦੀਆਂ ਵਾਗਾਂ, ਲਗਾਮ ।

[बागडोर] स्त्री० वह रस्सी जो घोड़े की लगाम में बांधी जाती है, कविका ।

باگ گیر—[ਬਾਗ-ਗੀਰ] ਪੁ. ਲਗਾਮ ਪਕੜਨ ਵਾਲਾ, ਸਾਈਸ ।

[बाग-गीर] पु० लगाम पकड़ने वाला, साईस ।

باگا—[ਬਾਗਾ] ਪੁ. ਲਿਬਾਸ, ਪੁਸ਼ਾਕ, ਕੱਪੜੇ ; ਜੋੜਾ, ਲਾੜੇ ਦੀ ਪੁਸ਼ਾਕ ।

[बागा] पु० लिबास, पोशाक, वेश; दूल्हे की पोशाक ।

باگر—[ਬਾਗੜ] ਪੁ. ਕੰਡਿਆਂ ਜਾਂ ਛਾਪਿਆਂ ਦੀ ਵਾੜ ; ਮਾਲਵੇ ਤੋਂ ਦੱਖਣ ਦਾ ਇਲਾਕਾ, ਬਾਗੜ, ਬਾਗੜੀਏ ਰਾਜਪੂਤਾਂ ਦਾ ਇਲਾਕਾ ।

[बागर] पु० कांटेदार टहनियों की बाड़; 'मालवा' से दक्षिण की ओर का प्रदेश, राजपूतों का एक इलाका ।

باگڑی—[ਬਾਗੜੀ] ਪੁ. ਬਾਗੜੀਆ, ਬਾਗੜ ਦਾ ਵਸਨੀਕ ।

[बागरी] पु० बागर का निवासी, बागड़ी ।

باگڑ—[ਬਾਗੜ] ਪੁ. ਹਰਨਾਂ ਦੀ ਡਾਰ ।

[बागड़] पु० हिरनों का झुंड ।

باگم—[ਬਾਗਮ] ਪੁ. ਵਾਹਿਆ ਹੋਇਆ ਥਾਂ, ਬੀਜੀ ਹੋਈ ਧਰਤੀ ।

[बागम] पु० वह भूमि जिस पर हल चलाया जा चुका हो, बोई हुई भूमि ।

باگھ، باگھا—[ਬਾਘ, ਬਾਘਾ] ਪੁ. ਸ਼ੇਰ ।

[बाघ, बाघा] पु० शेर ।

باگھنی—[ਬਾਘ-ਣੀ] ਵਿ. ਬਾਘ ਦੀ ਮਦੀਨ, ਸ਼ੇਰਨੀ ।

[बाघनी] स्त्री० बाघ की मादा, शेरनी ।

باگھن—[ਬਾਘਣ] ਵਿ. ਸ਼ੇਰਨੀ ।

[बाघन] स्त्री० शेरनी ।

باگھمبر—[ਬਾਘੰਬਰ] ਪੁ. ਬਾਘ, ਸ਼ੇਰ ।

[बाघम्बर] पु० बाघ, शेर ।

باگھی—[ਬਾਘੀ] ਵਿ. ਉਹ ਗੰਢ ਜੋ ਕਿਸੇ ਜ਼ਖਮ ਜਾਂ ਸੁਜਾਕ ਦੇ ਕਾਰਣ ਜੰਘਿਆਂ ਵਿਚ ਪੈ ਜਾਂਦੀ ਹੈ ।

[बाघी] स्त्री० वह गांठ सी जो किसी घाव या सूजाक के कारण जंघा की संधि में पड़ जाती है ।

باگیسری—[ਬਾਗੇਸਰੀ] ਵਿ. ਇਕ ਰਾਗਣੀ ।

[बागेसरी] स्त्री० एक रागिनी ।

[1] بال—[ਬਾਲ] ਅਰ. ਪੁ. ਦਿਲ ।

[बाल] अर० पु० दिल ।

[2] بال—[ਬਾਲ] ਫ਼ਾ. ਪੁ. ਪਰ, ਪੰਖ, ਖੰਭ ।

[बाल] फ़ा० पु० पर, पक्ष, पंख ।

[3] بال—[ਬਾਲ] ਵਿ. ਬਾਲੜੀ, ਕੁੜੀ, ਬਾਲੀ ।

[बाल] स्त्री० बालिका, कन्या, बाला ।

بال بچہ، بال بچے—[ਬਾਲ ਬੱਚਾ, ਬਾਲ ਬੱਚੇ] ਵਿ. ਪੁ. ਧੀਆਂ ਪੁੱਤਰ, ਧੀਆਂ ਪੁੱਤਰ ; ਪਰਵਾਰ ।

[बाल बच्चा, बाल बच्चे] स्त्री० पु० सन्तान, सन्तति; परिवार, कुटुम्ब ।

بال بدھ—[ਬਾਲ-ਬੁੱਧ] ਵਿ. ਬੱਚਿਆਂ ਵਾਲੀ ਸਮਝ, ਭੋਲਾ-ਪਣ ।

[बालबुद्ध] स्त्री० बच्चों जैसी समझ, भोलापन ।

بال بودھ—[ਬਾਲਬੋਧ] ਪੁ. ਬੱਚਿਆਂ ਦੇ ਪੜ੍ਹਨ ਦੀ ਮੁੱਢਲੀ ਛੋਟੀ ਜੇਹੀ ਪੁਸਤਕ ਜਿਸ ਰਾਹੀਂ ਅੱਖਰਾਂ ਦੀ ਸਿਆਣ ਤੇ ਉਨ੍ਹਾਂ ਦਾ ਪਰਸਪਰ ਮੇਲ ਕਰਨਾ ਸਿਖਾਇਆ ਜਾਂਦਾ ਹੈ, ਬਾਲ ਉਪਦੇਸ਼, ਕਾਇਦਾ ।

[बालबोध] पु० बच्चों के पढ़ने की ढंग से पहली पुस्तक, जिस से केवल अक्षर बोध और अक्षर मेल का ज्ञान होता है ।

بال پن—[ਬਾਲ-ਪਨ] ਪੁ. ਬਚਪਨ, ਬਾਲ ਅਵਸਥਾ ।

[बाल-पन] पु० बचपन, बाल्यावस्था ।

بال—[ਬਾਲ] ਪੁ. ਵਾਲ, ਰੋਮ ।

[बाल] पु० बाल, लोम और केश ।

بال برابر—[ਬਾਲ-ਬਰਾਬਰ] ਵਿ. ਵਾਲ ਜਿੰਨਾ, ਥੋੜ੍ਹਾ ਜਹੁ ।

[बाल-बराबर] वि० मामूली, थोड़ा सा ।

بال توڑ—[ਬਾਲ-ਤੋੜ] ਪੁ. ਫੋੜਾ ਜੋ ਜਿਸਮ ਦਾ ਵਾਲ ਟੁੱਟਣ ਜਾਂ ਪੁਟਿਆ ਜਾਣ ਕਰਕੇ ਹੋ ਜਾਂਦਾ ਹੈ ।

[बाल-तोड़] पु० वह फोड़ा जो शरीर के किसी बाल के टूटने या तोड़े जाने के कारण हो जाता है ।

بال چر—[ਬਾਲ-ਚਰ] ਪੁ. ਇਕ ਬੀਮਾਰੀ ਜਿਸ ਵਿਚ ਵਾਲ ਝੜਨ ਲਗਦੇ ਹਨ ।

[बाल-चर] पु० एक रोग जिस से बाल झड़ने लग जाते हैं ।

—بال خورا—[ਬਾਲ-ਖ਼ੋਰਾ] ਪੁ. ਵਾਲ ਝੜਨ ਦੀ ਬੀਮਾਰੀ (ਖ਼ਾਸ ਕਰਕੇ ਪਸ਼ੂਆਂ ਦੀ)।

[बाल-ख़ोरा] पु० बाल झड़ने का रोग (विशेषतः पशुओं का)।

1بالا—[ਬਾਲਾ] ਇ. ਬਾਲੜੀ, ਕੁੜੀ, ਬੱਚਿਆ, ਕੰਨਿਆ।

[बाला] स्त्री० बालिका, कन्या, कुमारी, लड़की।

—بالاپن—[ਬਾਲਾਪਨ] ਪੁ. ਬਚਪਨ, ਬਚਪਨ, ਬਾਲਅਵਸਥਾ।

[बालापन] पु० बचपन, बाल्यावस्था, चालपन।

2بالا—[ਬਾਲਾ] ਵਿ. ਕ੍ਰਿ. ਵਿ. ਪੁ. ਉੱਚਾ ; ਉੱਪਰ ; ਸਰੀਰ, ਦੇਹ।

[बाला] वि० क्रि० वि० पु० ऊँचा ; ऊपर ; शरीर, देह।

—بالا بالا—[ਬਾਲਾ ਬਾਲਾ] ਕ੍ਰਿ. ਵਿ. ਉੱਪਰ ਹੀ ਉੱਪਰ ; ਲੁਕੇ ਲੁਕੇ; ਚੁਪ ਕੀਤਿਆਂ ਹੀ।

[बाला बाला] क्रि० वि० ऊपर ही ऊपर ; गुप्त रूप से ; चुप चाप।

—بالابر—[ਬਾਲਾਬਰ] ਫ਼ਾ. ਪੁ. ਅੰਗਰਖੇ ਦਾ ਉਹ ਹਿੱਸਾ ਜੋ ਅਗੇ ਦੀ ਕਲੀ ਵਿਚੋਂ ਨਿਕਲਿਆ ਹੁੰਦਾ ਹੈ ਤੇ ਪੱਲੇ ਦੇ ਹੇਠਾਂ ਛੁਪਿਆ ਰਹਿੰਦਾ ਹੈ, ਇਕ ਕਿਸਮ ਦਾ ਅੰਗਰਖਾ।

[बालाबर] फ़ा० पु० अंगरखे का वह भाग जो आगे की कली से निकला हुआ और दामन के नीचे छिपा रहता है, एक प्रकार का अंगरखा।

—بالا بلند—[ਬਾਲਾ ਬੁਲੰਦ] ਫ਼ਾ. ਪੁ. ਉੱਚੇ ਕੱਦ ਵਾਲਾ ; ਮਾਸ਼ੂਕ।

[बाला बुलन्द] फ़ा० पु० ऊँचे क़द वाला; माशूक़।

—بالابند—[ਬਾਲਾਬੰਦ] ਫ਼ਾ. ਪੁ. ਇਕ ਕਿਸਮ ਦੀ ਪੱਗ ; ਇਕ ਖ਼ਾਸ ਕਿਸਮ ਦਾ ਕੋਟ।

[बालाबन्द] फ़ा० पु० एक प्रकार की पगड़ी ; एक विशेष प्रकार का कोट।

—بالاپر—[ਬਾਲਾਪਰ] ਪੁ.   بالابر

[बालापर] पु०   بالابر

—بالا پوش—[ਬਾਲਾ ਪੋਸ਼] ਫ਼ਾ. ਪੁ. ਪਲੰਘ ਪੋਸ਼ ; ਰਜ਼ਾਈ, ਲੇਫ਼।

[बाला पोश] फ़ा० पु० बिस्तरे की चादर, रजाई, लिहाफ़।

—بالاتر—[ਬਾਲਾਤਰ] ਫ਼ਾ. ਵਿ. ਉਚੇਰਾ, ਬਹੁਤ ਉੱਚਾ ; ਵੱਡੇ ਮਰਤਬੇ ਵਾਲਾ।

[बालातर] फ़ा० वि० उच्चतर, बहुत ऊँचा; बड़े मर्तबे वाला।

—بالاخانہ—[ਬਾਲਾਖ਼ਾਨਾ:] ਫ਼ਾ. ਪੁ. ਚੁਬਾਰਾ, ਉਪਰਲਾ ਕਮਰਾ, ਕਮਰਾ ਜੋ ਛਤ ਤੇ ਬਣਾਇਆ ਜਾਏ।

[बालाख़ाना:] फ़ा० पु० चौबारा, ऊपर का कमरा, कमरा जो छत पर बनाया जाय।

—بالا دست—[ਬਾਲਾ ਦਸ-ਤ] ਫ਼ਾ. ਵਿ. ਪੁ. ਵੱਡਾ, ਸਨਮਾਨਤ ; ਉੱਚ-ਅਧਿਕਾਰੀ, ਉੱਚੇ ਰੁਤਬੇ ਵਾਲਾ ; ਉਤਲਾ ਅਫ਼ਸਰ, ਹਾਕਮ।

[बाला दस-त] फ़ा० वि० पु० बड़ा, प्रतिष्ठित ; उच्च-अधिकारी ; अफ़सर, हाकिम।

—بالا کشتی—[ਬਾਲਾ ਗਸ਼-ਤੀ] ਫ਼ਾ. ਇ. ਗਸ਼ਤ ਕਰਨ ਦਾ ਕੰਮ, ਮੁਆਇਨਾ।

[बाला गश-ती] फ़ा० स्त्री० गश्त करने का काम, निरीक्षण।

—بالا نشین—[ਬਾਲਾਨਸ਼ੀਨ] ਫ਼ਾ. ਪੁ. ਪਟਰਾਣੀ।

[बालानिशीन] फ़ा० पु० प्रधान।

—بالا و پست—[ਬਾਲਾ ਓ ਪਸ-ਤ] ਫ਼ਾ. ਪੁ. ਉੱਚ ਨੀਚ ; ਜ਼ਮੀਨ ਅਸਮਾਨ।

[बाला ओ पस-त] फ़ा० पु० ऊँच नीच ; धरती-आकाश।

بالائی—[ਬਾਲਾਈ] ਫ਼ਾ. ਵਿ. ਇ. ਉਤਲਾ ; ਦੁੱਧ ਦੀ ਮਲਾਈ।

[बालाई] फ़ा० वि० पु० ऊपर का ; दूध की मलाई।

—بالائی یافت—[ਬਾਲਾਈ ਯਾਫ਼-ਤ] ਫ਼ਾ. ਇ. ਤਨਖ਼ਾਹ ਤੋਂ ਇਲਾਵਾ ਆਮਦਨੀ, ਕਮਿਸ਼ਨ, ਰਿਸ਼ਵਤ, ਵੱਢੀ ਆਦਿ।

[बालाई याफ़-त] फ़ा० स्त्री० वेतन से अलग आमदनी, अतिरिक्त आय, कमीशन, घूस आदि।

بالٹی—[ਬਾਲਟੀ] ਪੁਰਤ. ਇ. ਬਾਲਟੀ, ਇਕ ਭਾਂਡਾ ਦੀ ਸ਼ਕਲ ਦਾ ਬਰਤਨ ਜੋ ਥੱਲਿਉਂ ਭੀੜਾ ਤੇ ਉਪਰੋਂ ਖੁਲ੍ਹਾ ਹੁੰਦਾ ਹੈ।

[बाल-टी] पुर्त० स्त्री० पानी आदि भरने के लिये धातु की बनी हुई डोलची।

بال چھتری [ਬਾਲ ਛਤ-ਰੀ] ਇ. ਸ਼ਾਹਜ਼ਹਾਨੀ ਪੱਗ ; ਸਿਰ ਤੇ ਛਾਂ ਕਰਨ ਵਾਲੀ ਪੁਸ਼ਾਕ।

[बाल छत-री] स्त्री० शाहजहानी पगड़ी ; सिर पर छाया करने की पोशाक।

بالچھڑ—[ਬਾਲ-ਛੜ] ਪੁ. ਇਕ ਕਿਸਮ ਦਾ ਖ਼ੁਸ਼ਬੋਦਾਰ ਘਾਹ ਜਿਸ ਨਾਲ ਜ਼ੁਲਫ਼ਾਂ ਨੂੰ ਉਪਮਾ ਦਿੰਦੇ ਹਨ।

[बाल-छड़] पु० एक प्रकार की सुगन्धित घास जिस से अलकों को उपमा दी जाती है।

بالش—[ਬਾਲਿਸ਼] ਫ਼ਾ. ਪੁ. ਸਰ੍ਹਾਣਾ, ਤਕੀਆ।

[बालिश] फ़ा० पु० सिरहाना, तकिया।

بالشت—[ਬਾਲਿਸ਼-ਤ] ਫ਼ਾ. ਇ. ਗਿੱਠ, ਹੱਥ ਦੀਆਂ ਉਂਗਲਾਂ ਪੂਰੀਆਂ ਫੈਲਾਉਣ ਨਾਲ ਅੰਗੂਠੇ ਤੋਂ ਚੀਚੀ ਦੇ ਸਿਰੇ ਤਕ ਦੀ ਲੰਬਾਈ।

[बालिश्-त] फ़ा० स्त्री० बित्ता, हाथ की उंगलियाँ पूरी फैलाने पर अंगूठे के सिरे से कनिष्ठा के सिरे तक की लम्बाई।

—بالشتیہ—[ਬਾਲਿਸ਼ਤਿਯ:] ਫ਼ਾ. ਵਿ. ਗਿਠਮੁਠੀਆ, ਬੌਣਾ।

[बालिश्-तिय:] फ़ा० वि० वामन, बौना।

بالشویک—[ਬਾਲ-ਸ਼ਵੀਕ] ਅੰਗ. ਪੁ. ਰੂਸ ਦੀ ਸਾਮਵਾਦੀ ਜਮਾਤ; ਇਸ ਜਮਾਤ ਦਾ ਇਕ ਵਿਅਕਤੀ।

[बाल-शवीक] अंग० पु० रूस की साम्यवादी संस्था; इस संस्था से सम्बन्धित व्यक्ति।

بالغ—[ਬਾਲਿਗ਼] ਅਰ. ਵਿ. ਪੁ. ਜਵਾਨ, ਜਵਾਨ ਉਮਰ ਦਾ, ਗਭਰੂ, ਮੱਸ ਭਿੰਨਾ, ਸਿਆਣੀ ਉਮਰ ਦਾ ਮਰਦ।

[बालिग़] अर० वि० पु० युवा, जवान, युवक, वयस्क, वयःप्राप्त (पुरुष)।

—بالغ نظر—[ਬਾਲਿਗ਼ ਨ-ਜ਼ਰ] ਅਰ. ਪੁ. ਸਿਆਣਾ, ਤੱਤਵੇਤਾ, ਅਨੁਭਵੀ, ਤਜਰਬੇਕਾਰ, ਪੱਕੀ ਨਿਗਾਹ ਵਾਲਾ।

[बालिग़-नज़र] अर० पु० समझदार, तत्ववेत्ता, अनुभवी, परिपक्व बुद्धि वाला, कुशाग्र बुद्धि।

—بالغہ—[ਬਾਲਿਗ਼:] ਅਰ. ਵਿ. ਇ. ਜਵਾਨ (ਕੁੜੀ), ਮੁਟਿਆਰ।

[बालिग़:] अर० वि० स्त्री० जवान (लड़की), युवती।

—بالغہ بالسن—[ਬਾਲਿਗ਼: ਬਿਲਸਿਨ] ਅਰ. ਇ. ਉਮਰ ਦੇ ਲਿਹਾਜ਼ ਨਾਲ ਬਾਲਿਗ਼ ਇਸਤਰੀ।

[बालिग़: बिलसिन] अर० स्त्री० आयु की दृष्टि से वयःप्राप्त स्त्री।

—بالغہ بالعلامات—[ਬਾਲਿਗ਼: ਬਿਲ-ਇਲਾਮਾਤ] ਅਰ. ਇ. ਨਿਸ਼ਾਨੀਆਂ ਦੇ ਲਿਹਾਜ਼ ਨਾਲ ਬਾਲਗ਼ ਔਰਤ।

[बालिग़: बिल-इलामात] अर० स्त्री० चिन्हों की दृष्टि से वयःप्राप्त स्त्री।

بالک—[ਬਾਲਕ] ਹਿੰ. ਪੁ. ਬਾਲ, ਬੱਚਾ, ਛੋਟਾ ਲੜਕਾ, ਮੁੰਡਾ।

[बालक] हिं० पु० बच्चा, छोटा लड़का, बाल, बालक।

بالکا—[ਬਾਲਕਾ] ਸੰ. ਪੁ. ਚੇਲਾ, ਸ਼ਿੱਸ਼।

[बालका] सं० पु० शिष्य, चेला।

بالک چور—[ਬਾਲਕ-ਚੋਰ] ਪੁ. ਬੱਚਿਆਂ ਦੀ ਚੋਰੀ ਕਰਨ ਵਾਲਾ।

[बालक-चोर] पु० बच्चों की चोरी करने वाला।

—بالک چوری—[ਬਾਲਕ-ਚੋਰੀ] ਇ. ਬੱਚੇ ਚੁਰਾਉਣ ਜਾਂ ਚੁਕ ਲੈ ਜਾਣ ਦਾ ਕੰਮ।

[बालक-चोरी] स्त्री० बच्चे चुराने का काम।

بالگیر—[ਬਾਲ-ਗੀਰ] ਫ਼ਾ. ਪੁ. ਸਾਈਸ, ਘੋੜੇ ਦੀ ਸੰਭਾਲ ਕਰਨ ਵਾਲਾ।

[बाल-गीर] फ़ा० पु० साईस, घोड़े की देखभाल करने वाला।

بالم—[ਬਾਲਮ] ਪੁ. ਪਤੀ, ਖਾਵੰਦ, ਪ੍ਰੇਮੀ, ਆਸ਼ਕ।

[बालम] पु० पति, स्वामी, प्रेमी, आशिक़।

بالمیک—[ਬਾਲ-ਮੀਕ] ਪੁ. ਇਕ ਰਿਸ਼ੀ ਜੋ ਸੰਸਕ੍ਰਿਤ ਵਿਚ ਲਿਖੀ ਗਈ ਸਭ ਤੋਂ ਪਹਿਲੀ ਰਾਮਾਇਣ ਦਾ ਕਰਤਾ ਹੈ।

[बाल-मीक] पु० एक प्रसिद्ध मुनि जो रामायण के रचयिता और आदि कवि थे।

بالنگو—[ਬਾਲੰਗੂ] ਫ਼ਾ. ਪੁ. ਇਕ ਦਵਾ।

[बालंगू] फ़ा० पु० एक औषधि।

بالو—[ਬਾਲੂ] ਪੁ. ਰੇਤ, ਰੇਤਾ।

[बालू] पु० रेत, सिकता।

بالو شاہی—[ਬਾਲੂਸ਼ਾਹੀ] ਇ. ਇਕ ਮਸ਼ਹੂਰ ਮਠਿਆਈ।

[बालूशाही] स्त्री० एक प्रसिद्ध मिठाई।

1 بالی—[ਬਾਲੀ] ਸੰ. ਇ. ਛੋਟੀ ਲੜਕੀ, ਕੁੜੀ, ਕੰਨਿਆ, ਬੱਚੀ।

[बाली] सं० स्त्री० छोटी लड़की, कन्या, बच्ची, बालिका।

—بالی عمر—[ਬਾਲੀ ਉਮ-ਰ] ਇ. ਬਚਪਨ ਦੀ ਅਵਸਥਾ।

[बाली उम-र] स्त्री० बाल्यावस्था।

2 بالی—[ਬਾਲੀ] ਇ. ਕੰਨ ਦਾ ਇਕ ਗਹਿਣਾ, ਵਾਲੀ।

[बाली] स्त्री० कान का एक आभूषण, बाली।

3 بالی—[ਬਾਲੀ] ਇ. ਜੌਂ ਜਾਂ ਕਣਕ ਦੀ ਡੰਡੀ ਦੇ ਸਿਰੇ ਤੇ ਦਾਣਿਆਂ ਵਾਲਾ ਹਿੱਸਾ, ਸਿੱਟਾ।

[बाली] स्त्री० जौ, गेहूँ आदि पौधों के डंठल का वह अगला भाग जिस पर दाने लगे होते हैं, खोशा।

4 بالی—[ਬਾਲੀ] ਸੰ. ਪੁ. ਕਿਸ਼ਕਿੰਧਾ ਦਾ ਬਾਨਰ ਰਾਜਾ ਜੋ ਸੁਗ੍ਰੀਵ ਦਾ ਵੱਡਾ ਭਰਾ ਤੇ ਅੰਗਦ ਦਾ ਪਿਤਾ ਸੀ, ਇਹ ਸ੍ਰੀ ਰਾਮਚੰਦਰ ਜੀ ਦੇ ਹੱਥੀਂ ਮਾਰਿਆ ਗਿਆ ਸੀ।

[बाली] सं० पु० किष्किन्धा का वानर राजा जो सुग्रीव का बड़ा भाई तथा अंगद का पिता था, यह श्री रामचन्द्र जी के हाथों मारा गया था।

بالیدگی—[ਬਾਲੀਦਗੀ] ਫ਼ਾ. ਇ. ਉੱਗਣ ਦਾ ਭਾਵ, ਵਧਣ ਜਾਂ ਉੱਨਤ ਹੋਣ ਦਾ ਭਾਵ, ਬੂਟੇ ਦੇ ਜਵਾਨ ਹੋਣ ਦਾ ਭਾਵ।

[बालीदगी] फ़ा० स्त्री० उगने का भाव, बढ़ने अथवा उन्नत होने का भाव, पौधे का जवान होने का भाव।

بالیدہ—[ਬਾਲੀਦ:] ਫ਼ਾ. ਵਿ. ਉੱਗਿਆ ਹੋਇਆ, ਉੱਚਾ ਹੋਇਆ ਹੋਇਆ।

[बालीद:] फ़ा० वि० उगा हुआ, बढ़ा हुआ, उन्नत, ऊँचा हुआ हुआ।

بالین—[ਬਾਲੀਨ] ਫ਼ਾ. ਪੁ. ਸਿਰ੍ਹਾਣਾ, ਤਕੀਆ।
[बालीन] फ़ा० पु० तकिया, सिरहाना।

بام—[ਬਾਮ] ਫ਼ਾ. ਪੁ. ਛੱਤ, ਮਕਾਨ ਦੀ ਉੱਪਰਲੀ ਮੰਜ਼ਿਲ, ਅਟਾਰੀ।
[बाम] फ़ा० पु० छत, मकान की ऊपर वाली मंज़िल, अटारी।

بامداد ، بامدادان—[ਬਾਮ-ਦਾਦ, ਬਾਮ-ਦਾਦਾਂ] ਫ਼ਾ. ਪੁ. ਪਰਭਾਤ, ਤੜਕਾ, ਸਵੇਰੀ ਵੇਲਾ।
[बाम-दाद, बाम-दादाँ] फ़ा० पु० प्रभात, सवेरा, प्रातःकाल।

بامن—[ਬਾਮਣ] ਪੁ. ਬਾਹਮਣ, ਬ੍ਰਾਹਮਣ।
[बामन] पु० ब्राह्मण, द्विज।

بامنی—[ਬਾਮਣੀ] ਇ. ਬ੍ਰਾਹਮਣ ਦੀ ਔਰਤ, ਮਿਸਰਾਣੀ।
[बामनी] स्त्री० ब्राह्मण की स्त्री, ब्राह्मणी।

1 بان—[ਬਾਨ] ਫ਼ਾ. ਪਰ. ਇਹ ਪਿਛੇਤਰ 'ਵਾਲਾ' ਤੇ 'ਰੱਖਣ ਵਾਲਾ' ਦੇ ਅਰਥ ਦਿੰਦਾ ਹੈ, ਜਿਵੇਂ 'ਦਰਬਾਨ', 'ਬਾਗ਼ਬਾਨ' ਵਿਚ।
[बान] फ़ा० पु० यह प्रत्यय 'वाला' और 'रखने वाला' के अर्थ का बोधक है जैसे 'दरबान', 'बाग़बान' में।

2 بان—[ਬਾਨ] ਸੰ. ਪੁ. ਬਾਣ, ਤੀਰ।
[बान] सं० पु० बाण, तीर।

3 بان—[ਬਾਨ] ਇ. ਆਦਤ, ਸੁਭਾਉ।
[बान] स्त्री० आदत, स्वभाव।

4 بان—[ਬਾਨ] ਪੁ. ਮੰਜਾ ਉਣਨ ਦੀ ਸਣ, ਮੁੰਜ, ਸੰਬਾੜ ਆਦਿ ਦੀ ਵੱਟੀ ਹੋਈ ਬਰੀਕ ਰੱਸੀ।
[बान] पु० खाट बुनने की मूँज आदि की रस्सी, बाध।

1 بانا—[ਬਾਨਾ] ਪੁ. ਬਾਣਾ, ਵਸਤਰ, ਭੇਖ, ਭੇਸ; ਇਕ ਕਿਸਮ ਦੇ ਹਥਿਆਰ ਦਾ ਨਾਂ।
[बाना] पु० बाना, वस्त्र, वेश; एक प्रकार के शस्त्र का नाम।

2 بانا—[ਬਾਨਾ] ਪੁ. ਬਾਣਾ, ਪੇਟਾ, ਤਾਣੀ ਦੇ ਅਰਜ਼ ਰੁਖ ਵਗਾਇਆ ਹੋਇਆ ਧਾਗਾ ਜਾਂ ਸੂਤਰ, ਤਾਣੀ ਵਿਚ ਲੰਮੇ ਰੁਖ ਤਾਣਾ ਤੇ ਚੌੜੇ ਰੁਖ ਬਾਣਾ ਹੁੰਦਾ ਹੈ।
[बाना] पु० कपड़े की बुनाई में भरा जाने वाला आड़ा सूत, बाना, पेटा।

بانات—[ਬਾਨਾਤ] ਇ. ਇਕ ਕਿਸਮ ਦਾ ਊਨੀ ਕਪੜਾ।
[बानात] स्त्री० एक प्रकार का ऊनी कपड़ा।

بانبی - بانمبی—[ਬਾਂਬੀ-ਬਾਂਭੀ] ਇ. ਵਰਮੀ, ਸੱਪ ਦੀ ਖੁੱਡ; ਸਿਉਂਕ ਦਾ ਘਰ।
[बाँबी-बाँभी] स्त्री० साँप का बिल, बाँबी, दीमक का घर।

بانٹ—[ਬਾਂਟ] ਇ. ਵੰਡ, ਤਕਸੀਮ, ਹਿੱਸੇਦਾਰੀ।
[बाँट] स्त्री० विभाजन, बाँटने की क्रिया या भाव।

بانٹا—[ਬਾਂਟਾ] ਪੁ. ਵੰਡ, ਹਿੱਸਾ, ਭਾਗ।
[बाँटा] पु० बाँट, हिस्सा, भाग।

بانٹنا—[ਬਾਂਟ-ਣਾ] ਕ੍ਰਿ. ਸਕ. ਵੰਡਣਾ, ਤਕਸੀਮ ਕਰਨਾ, ਹਿੱਸੇ ਪਾਉਣੇ।
[बाँट-ना] क्रि० सक० विभाजित करना, वितरण करना, किसी चीज़ के कई भाग करके अलग अलग रखना।

بانجھ—[ਬਾਂਝ] ਵਿ. ਬਾਂਝ, ਸੰਢ, ਜਿਸ ਦੀ ਫਲ ਨਾ ਹੁੰਦੇ, ਜਿਸ ਦੇ ਬੱਚਾ ਨਾ ਹੋਵੇ।
[बाँझ] वि० बंध्या, वह स्त्री जिस के सन्तान न होती हो।

بانچنا—[ਬਾਂਚ-ਣਾ] ਕ੍ਰਿ. ਸਕ. ਵਾਚਣਾ, ਪੜ੍ਹਨਾ, ਸਬਕ ਜਾਂ ਅੱਖਰ ਉਠਾਉਣਾ, ਅਧਿਐਨ ਕਰਨਾ, ਮੁਤਾਲਿਆ ਕਰਨਾ।
[बाँच-ना] क्रि० सक० पढ़ना, अक्षर उठाना, स्वाध्याय करना, अध्ययन करना।

باندا—[ਬਾਂਦਾ] ਪੁ. ਅਕਾਸ਼ ਵੇਲ, ਇਕ ਵੇਲ ਜੋ ਦਰਖ਼ਤਾਂ ਉੱਤੇ ਚੜ੍ਹ ਕੇ ਉਨ੍ਹਾਂ ਨੂੰ ਸੁਕਾ ਦੇਂਦੀ ਹੈ।
[बाँदा] पु० अकास बेल, अमर बेल।

باندھ—[ਬਾਂਧ] ਇ. ਬੰਨ੍ਹ, ਰੋਕ; ਪਾਬੰਦੀ, ਕੈਦ; ਪੁਸ਼ਤਾ।
[बाँध] स्त्री० बन्द, रोक; पाबन्दी, क़ैद; पुश्ता।

باندھا—[ਬਾਂਧਾ] ਪੁ. ਬੰਨ੍ਹ, ਰੋਕ।
[बाँधा] पु० रोक, पुश्ता, बंद।

باندھنا—[ਬਾਂਧ-ਣਾ] ਕ੍ਰਿ. ਸਕ. ਬੰਨ੍ਹਣਾ, ਰੋਕਣਾ; ਕੈਦ ਕਰਨਾ, ਜਕੜਨਾ।
[बाँध-ना] क्रि० सक० बाँधना; पकड़ कर बन्द या क़ैद करना; जकड़ना, रोकना, सम्भालना।

باندی—[ਬਾਂਦੀ] ਇ. ਨੌਕਰਾਣੀ, ਗੋਲੀ, ਸੇਵਕਾ, ਲੌਂਡੀ, ਦਾਸੀ।
[बाँदी] स्त्री० लौंडी, दासी, परिचारिका, नौकरानी, सेविका।

بانڈا—[ਬਾਂਡਾ] ਵਿ. ਲੰਡਾ, ਜਿਸ ਦੀ ਪੂਛ ਕੱਟੀ ਹੋਵੇ; ਵਿੰਗੀਆਂ ਲੱਤਾਂ ਵਾਲਾ; ਕੁੱਬਾ।
[बाँडा] वि० जिसकी पूँछ कटी हुई हो; टेढ़ी टाँगों वाला; कुबड़ा।

بانڈی—[ਬਾਂਡੀ] ਇ. ਸੋਟੀ, ਛਿੱਟੀ; ਤੀਵੀਆਂ ਦੇ ਪਹਿਨਣ ਦਾ ਇਕ ਕਪੜਾ, ਛੈਲੀ, ਚੋਲੀ।
[बाँडी] स्त्री० सोटी, छड़ी; एक प्रकार का वस्त्र जो स्त्रियां पहनती हैं, चोली।

بانس—[ਬਾਂਸ] ਪੁ. ਬਾਂਸ, ਇਕ ਦਰਖ਼ਤ, ਵੰਝ ।
[बाँस] पु० एक लम्बा सीधा गिरहदार वृक्ष, वंश ।

بانسواڑی—[ਬਾਂਸ ਵਾੜੀ] ਇ. ਬਾਂਸਾਂ ਦੀ ਝੰਗੀ ।
[बाँसवाड़ी] स्त्री० बाँसों का झुरमुट ।

بانسری—[ਬਾਂਸਰੀ] ਇ. ਵੰਝਲੀ, ਬੰਸਰੀ, ਮੁਰਲੀ, ਅਲਗੋਜ਼ਾ ।
[बाँसरी] स्त्री० वंशी, बाँसुरी, मुरली, अलगोजा ।

بانسا—[ਬਾਂਸਾ] ਪੁ. ਨੱਕ ਦੀ ਹੱਡੀ ; ਰੀੜ੍ਹ ਦੀ ਹੱਡੀ ; ਇਕ ਬੂਟੀ ਜਿਸ ਦੇ ਫੁੱਲ ਚਿੱਟੇ ਹੁੰਦੇ ਹਨ, ਇਹ ਖੰਘ ਲਈ ਗੁਣਕਾਰੀ ਹੁੰਦੀ ।
[बाँसा] पु० नाक की हड्डी ; रीढ़ की हड्डी ; एक बूटी जिस के फूल सफ़ेद होते हैं, यह खाँसी के लिये गुणकारक होती है ।

بانسلی—[ਬਾਂਸਲੀ] ਇ. ਇਕ ਲੰਮ-ਸਲੰਮਾ ਤੰਗ ਮੂੰਹ ਦਾ ਬਟੂਆ ਜਿਸ ਵਿਚ ਰੁਪਏ ਪਾਕੇ ਲੋਕ ਅਕਸਰ ਉਸ ਨੂੰ ਲੱਕ ਨਾਲ ਬੰਨ੍ਹ ਲੈਂਦੇ ਹਨ, ਥੈਲੀ ।
[बाँसली] स्त्री० एक प्रकार की तंग मुँह की थैली जिस में रुपये डाल कर लोग कमर से बाँध लेते हैं ।

بانسلی—[ਬਾਂਸਲੀ] ਇ. ਬਾਂਸਲੀ ।
[बाँसली] स्त्री० बाँसली ।

بانسی—[ਬਾਂਸੀ] ਵਿ. ਬਾਂਸ ਦਾ, ਵੰਝ ਸੰਬੰਧੀ ।
[बाँसी] वि० बाँस का, बाँस सम्बन्धी ।

بانک—[ਬਾਂਕ] ਪੁ. ਕਟਾਰ, ਖੰਜਰ ।
[बाँक] पु० कटार, खंजर ।

بانکا—[ਬਾਂਕਾ] ਵਿ. ਵਿੰਗਾ, ਟੇਢਾ ; ਸਜਰੇਖਜ ।
[बाँका] वि० टेढ़ा, आका, सुन्दर और बना-ठना, अलबेला ।

بانکپن—[ਬਾਂਕ-ਪਨ] ਪੁ. ਬਾਂਕਪਨ, ਟੇਢਾਪਨ ; ਸ਼ੁਕੀਨੀ ।
[बाँक-पन] पु० बाँकापन, टेढ़ापन; शौकीनी ।

بانکی ادا—[ਬਾਂਕੀ ਅਦਾ] ਇ. ਸੁਹਣਾ ਨਖ਼ਰਾ, ਅਠਖੇਲੀ, ਚੋਜ ਹਾਵ ਭਾਵ ।
[बाँकी-अदा] स्त्री० नाज नखरा, हाव भाव, अठखेली ।

بانکیا—[ਬਾਂਕਿਆ] ਪੁ. ਤਾਂਬੇ ਜਾਂ ਪਿੱਤਲ ਦਾ ਤੁਰੀ ਵਰਗਾ ਵਾਜਾ ਜੋ ਮਹੰਤਾਂ ਜਾਂ ਸਾਧੂਆਂ ਦੇ ਅੱਗੇ ਅੱਗੇ ਵਜਾਇਆ ਜਾਂਦਾ ਹੈ, ਨਰਸਿੰਘਾ ।
[बाँकिया] पु० ताँबे या पीतल का एक प्रकार का बाजा, जिसे साधु लोगों के आगे आगे बजाते हैं, नरसिंहा ।

بانگ—[ਬਾਂਗ] ਫ਼ਾ. ਇ. ਆਵਾਜ਼, ਸ਼ੋਰ ; ਅਜ਼ਾਨ ; ਨਮਾਜ਼ ਲਈ ਸੱਦਾ ; ਕੁੱਕੜ ਦੀ ਆਵਾਜ਼ ।
[बाँग] फ़ा० स्त्री० आवाज़, पुकार ; नमाज़ की पुकार ; मुर्गे के बोलने का शब्द ।

بانگ جرس—[ਬਾਂਗੇ ਜਰਸ] ਫ਼ਾ. ਇ. ਟੱਲੀ ਦੀ ਆਵਾਜ਼ ।
[बाँगे जरस] फ़ा० स्त्री० घंटी की आवाज़ ।

بانگ درا—[ਬਾਂਗੇਦਰਾ] ਫ਼ਾ. ਇ. ਟੱਲੀ ਦੀ ਆਵਾਜ਼ ; ਡਾ. ਮੁਹੰਮਦ ਇਕਬਾਲ ਦੀਆਂ ਉਰਦੂ ਕਵਿਤਾਵਾਂ ਦਾ ਇਕ ਸੰਗ੍ਰਹਿ ।
[बाँगेदरा] फ़ा० स्त्री० घंटी की आवाज़ ; डा० मुहम्मद इकबाल की उर्दू कविताओं का एक संग्रह ।

بانگا—[ਬਾਂਗਾ] ਪੁ. ਕਪਾਹ, ਅਣਵੇਲੀ ਰੂੰ ।
[बाँगा] पु० कपास, वह रूई जो ओटी न गई हो ।

بانگر—[ਬਾਂਗਰ] ਪੁ. ਉੱਚੀ ਧਰਤੀ ਦਾ ਇਲਾਕਾ, ਧਰਤੀ ਜਿਸ ਤੇ ਦਰਿਆ ਦਾ ਪਾਣੀ ਨਾ ਚੜ੍ਹੇ; ਰੋਹਤਕ ਅਤੇ ਕਰਨਾਲ ਦਾ ਇਲਾਕਾ ।
[बाँगर] पु० ऊँची ज़मीन वाला क्षेत्र, वह ज़मीन जहाँ पर नदी का पानी न चढ़े ; रोहतक और करनाल का इलाका ।

بانگرو—[ਬਾਂਗਰੂ] ਵਿ. ਪੁ. ਬਾਂਗਰ ਦਾ, ਬਾਂਗਰ ਸਬੰਧੀ ; ਬਾਂਗਰ ਦਾ ਵਸਨੀਕ ।
[बाँगरू] वि० पु० बाँगर का, बाँगर सम्बन्धी ; बाँगर का निवासी ।

بانگڑو—[ਬਾਂਗੜੂ] ਵਿ. ਬੇਵਕੂਫ਼, ਅਹਿਮਕ, ਬੇਸ਼ਊਰ ।
[बाँगड़ू] वि० मूर्ख, बेवकूफ़, असभ्य ।

بانگی—[ਬਾਨ-ਗੀ] ਇ. ਨਮੂਨਾ ; ਚਾਸ਼ਨੀ ।
[बान-गी] स्त्री० नमूना; चाशनी ।

بانگی—[ਬਾਂਗੀ] ਪੁ. ਬਾਂਗ ਦੇਣ ਵਾਲਾ ।
[बाँगी] पु० बाँग देने वाला ।

بانو—[ਬਾਨੂ] ਫ਼ਾ. ਇ. ਬੇਗ਼ਮ, ਸਰਦਾਰਨੀ, ਵਹੁਟੀ ।
[बानू] फ़ा० स्त्री० स्त्री, धर्मपत्नी, भार्या ।

بانوا—[ਬਾਨਵਾ] ਸੰ. ਇ. ਇਕ ਕਿਸਮ ਦੀ ਪਾਣੀ ਦੀ ਚਿੜੀ ।
[बानवा] सं० एक प्रकार की जल-चिड़िया ।

بانہہ—[ਬਾਂਹ] ਇ. ਬਾਂਹ, ਬਾਜ਼ੂ ; ਮਦਦਗਾਰ, ਸਹਾਇਕ ।
[बाँह] स्त्री० बाँह, भुजा ; सहायक, मददगार ।

[1] بانی—[ਬਾਣੀ] ਇ. ਬਾਣੀ, ਸ਼ਬਦ, ਧਾਰਮਿਕ ਕਾਵਿ ; ਕਾਵਿ ਰਚਨਾ ।
[बानी] स्त्री० वाणी, शब्द, धार्मिक काव्य ; काव्यरचना ।

[2] بانی—[ਬਾਨੀ] ਅਰ. ਪੁ. ਬੁਨਿਆਦ ਰੱਖਣਵਾਲਾ, ਮੋਢੀ ।
[बानी] अर० पु० बुनियाद रखने वाला, संस्थापक, संचालक ।

بانی کار—[ਬਾਨੀ ਕਾਰ] ਅਰ. ਫ਼ਾ. ਪੁ. ਸ਼ਾਤਰ, ਬਾਨੀ, ਮੋਢੀ ; ਬਹੁਤ ਚਲਾਕ, ਹੁਸ਼ਿਆਰ; ਤੇਜ਼ ਤਬੀਅਤ ਆਦਮੀ; ਫ਼ਸਾਦ ਦੀ ਜੜ੍ਹ ।
[बानीकार] अर० फ़ा० पु० संचालक, प्रवर्तक, बानी ; बहुत चालाक, हुशियार ; तीव्र स्वभाव का पुरुष ; झगड़े की जड़ ।

باؤ—[ਬਾਉ] ਇ. ਵਾ, ਹਵਾ।
[बाओ] स्त्री० वायु, हवा।

باوا—[ਬਾਵਾ] ਪੁ. ਪਿਤਾ।
[बावा] पु० पिता।

—باواکا—[ਬਾਵਾਕਾ] ਵਿ. ਮੌਰੂਸੀ, ਜੱਦੀ, ਵਡੇਰਿਆਂ ਦੀ; ਨਿੱਜੀ, ਆਪਣਾ।
[बावाका] वि० मौरूसी, पैतृक, बाप दादा के समय का; निजी, स्वकीय।

باوجود—[ਬਾਵਜੂਦ] ਫ਼ਾ. ਅਵ. ਭਾਵੇਂ ਕਿ, ਇਸ ਗਲ ਦੇ ਹੁੰਦਿਆਂ ਹੋਏ।
[बावजूद] फ़ा० अव्य० ऐसा होने पर भी, तिस पर भी।

—باوجود-باوجودیکہ—[ਬਾਵਜੂਦ, ਬਾਵਜੂਦਿ ਕਿ:] ਫ਼ਾ. ਅਵ. ਭਾਵੇਂ, ਭਾਵੇਂ ਕਿ, ਇਸ ਗਲ ਦੇ ਹੁੰਦੇ ਹੋਏ।
[बावजूद, बावजूदि कि:] फ़ा० अव्य० ऐसा होने पर भी, तिस पर भी।

باورا—[ਬਾਵਰਾ] ਵਿ. ਪਾਗਲ, ਬਾਉਲਾ, ਸੁਦਾਈ।
[बावरा] वि० पागल, बावला, सनकी।

باور—[ਬਾਵਰ] ਫ਼ਾ. ਪੁ. ਯਕੀਨ, ਇਤਬਾਰ।
[बावर] फ़ा० पु० विश्वास, यकीन।

باورچن - باورچنی—[ਬਾਵਰ-ਚਨ - ਬਾਵਰ-ਚਨੀ] ਇ. ਬਾਵਰਚਣ, ਰਸੋਈ ਬਣਾਉਣ ਵਾਲੀ ਇਸਤ੍ਰੀ।
[बावर-चन - बावर-चनी] स्त्री० भोजन पकाने वाली स्त्री, रसोई बनाने वाली स्त्री।

باورچی—[ਬਾਵਰ-ਚੀ] ਤੁਰ. ਪੁ. ਰਸੋਈਆ, ਖ਼ਾਨਸਾਮਾ।
[बावर-ची] तुर० पु० रसोइया, भोजन बनाने वाला।

باورچی خانہ—[ਬਾਵਰ-ਚੀ ਖ਼ਾਨ:] ਫ਼ਾ. ਪੁ. ਰਸੋਈ, ਕਿਚਨ।
[बावर-ची ख़ान:] फ़ा० पु० पाकशाला, रसोई।

باؤلا—[ਬਾਉਲਾ] ਵਿ. ਪਾਗਲ, ਸੁਦਾਈ; ਕਮਲਾ।
[बाओला] वि० पागल, बावरा; सनकी।

باؤلی—[ਬਾਉਲੀ] ਇ. ਪੌੜੀਆਂ ਵਾਲਾ ਖੂਹ, ਬੌਲੀ।
[बाओली] स्त्री० वह बड़ा और चौड़ा कुआँ जिस में नीचे उतरने के लिये सीढ़ियाँ भी हों, बावड़ी।

باون—[ਬਾਵਨ] ਵਿ. ਪੰਜਾਹ ਅਤੇ ਦੋ, ਬਵੰਜਾ।
[बावन] वि० पचास और दो, ५२।

باون - باؤنا—[ਬਾਵਨ - ਬਾਉਨਾ] ਪੁ. ਬੌਣਾ, ਠਿੰਗਣਾ, ਗਿਠਮੁਠੀਆ।
[बावन, बाओना] पु० वामन, छोटे क़द का, ठिगना।

باونی—[ਬਾਵਨੀ] ਇ. ਬਿਜਾਈ ਦਾ ਸਮਾਂ।
[बावनी] स्त्री० बीज बोने का समय।

باؤ—[ਬਾਉ] ਇ. ਵਾ, ਹਵਾ, ਪੌਣ; ਪੱਦ, ਹਵਾ ਸਰਕ; ਦਰਦ, ਜੋੜਾਂ ਦਾ ਦਰਦ, ਵਾਈ।
[बाओ] स्त्री० वायु, हवा, पवन; अपान वायु, पाद; दर्द, जोड़ों का दर्द, वायु का दर्द।

—باؤسول—[ਬਾਉਸੂਲ] ਪੁ. ਦਰਦ ਵਾਈ।
[बाओसूल] पु० वायु का दर्द।

—باؤ گولہ—[ਬਾਉਗੋਲ:] ਪੁ. ਵਾਈ ਦਾ ਗੋਲਾ।
[बाओगोल:] पु० वायु का गोला।

—باؤ بندی—[ਬਾਉਬੰਦੀ] ਇ. ਝੂਠਾ ਖਿਆਲ, ਗੱਪ, ਅਤਿ-ਕਥਨੀ; ਫਰੇਬ, ਧੋਖਾ ਦੇਣ ਦੀ ਦਲੀਲ।
[बाओबन्दी] स्त्री० अत्युक्ति, अतिशयोक्ति, गपोड़; धोखा, छल, धोखे की बात।

باؤٹا—[ਬਾਉਟਾ] ਪੁ. ਝੰਡਾ, ਨਿਸ਼ਾਨ; ਇਕ ਕਿਸਮ ਦਾ ਗਹਿਣਾ; ਵਾਈ, ਪੁਰਖਵਾ।
[बाउटा] पु० पताका, झंडा; एक प्रकार का गहना; एक प्रकार का वायु का दर्द।

باؤلا—[ਬਾਉਲਾ] ਵਿ. ਬਾਉਲਾ, ਪਾਗਲ।
[बाउला] वि० बावला, पागल।

باہ—[ਬਾਹ] ਅਰ. ਪੁ. ਮਿਥੁਨ-ਸ਼ਕਤੀ, ਕਾਮ-ਸ਼ਕਤੀ।
[बाह] अर० पु० मैथुन-शक्ति, सम्भोग शक्ति।

باہر—[ਬਾਹਰ] ਕ੍ਰਿ. ਵਿ. ਬਾਹਰ, ਕਿਸੇ ਸਥਾਨ ਹੱਦ, ਥਾਂ ਜਾਂ ਦਰਵਾਜ਼ੇ ਤੋਂ ਹਟ ਕੇ ਜਾਂ ਨਿਕਲ ਕੇ, ਅੰਦਰ ਦਾ ਉਲਟ; ਪ੍ਰਭਾਵ ਜਾਂ ਅਧਿਕਾਰ ਤੋਂ ਪਰੇ।
[बाहर] क्रि० वि० सीमा के उस पार, अलग परे या आगे निकल कर, भीतर या अन्दर का उलटा; अधिकार या प्रभाव आदि से परे।

باہرا—[ਬਾਹਰਾ] ਪੁ. ਉਹ ਪੁਰਖ ਜੋ ਹੇਠੋਂ ਭਰ ਕੇ ਆਏ ਚਰਸੇ ਨੂੰ ਖੂਹ ਦੇ ਔਲੂ ਵਿਚ ਉਲੱਦਦਾ ਹੈ।
[बाहरा] पु० वह पुरुष जो चरसे के जल को उंडेलता है।

باہر باہر—[ਬਾਹਰ ਬਾਹਰ] ਕ੍ਰਿ. ਵਿ. ਦੂਰ ਦੂਰ, ਪਰੇ ਪਰੇ, ਹਟਵਾਂ ਹਟਵਾਂ, ਪਾਸੇ ਪਾਸੇ, ਅੰਦਰ ਨਾ ਜਾਂਦੇ ਜਾਂ ਵੜਦੇ।
[बाहर बाहर] क्रि० वि० दूर दूर, परे परे, हट कर, भीतर न जा कर।

باہر بھیتر [ਬਾਹਰ ਭੀਤਰ] ਕ੍ਰਿ. ਵਿ. ਅੰਦਰ ਬਾਹਰ।
[बाहर भीतर] क्रि० वि० अंदर बाहर।

باہر کا—[ਬਾਹਰ ਦਾ] ਵਿ. ਬਾਹਰਲਾ, ਓਪਰਾ, ਗੈਰ।
[बाहर का] वि० दूसरा, अपरिचित, ग़ैर, परदेसी।

باہر والا—[ਬਾਹਰ ਵਾਲਾ] ਪੁ. ਭੰਗੀ, ਮਿਹਤਰ, ਹਲਾਲਖੋਰ, ਚੂਹੜਾ।
[बाहर वाला] पु० भंगी, मैला साफ़ करने वाला व्यक्ति।

باہری—[ਬਾਹਰੀ, ਬਾਹਿਰੀ] ਵਿ. ਬਾਹਰ ਦਾ।
[बाहरी, बाहिरी] वि० बाहर का।

باہک—[ਬਾਹਕ] ਪੁ. ਜਿਹੜਾ ਭਾਰ ਚੁੱਕੇ, ਕੁਲੀ; ਘੋੜਾ; ਘੁੜਸਵਾਰ; ਕਹਾਰ।
[बाहक] पु० बोझ ढोने या खींचने वाला, कुली; घोड़ा; घुड़सवार; कहार।

باہم—[ਬਾਹਮ] ਫ਼ਾ. ਕ੍ਰਿ. ਵਿ. ਆਪਸ ਵਿਚ, ਮਿਲ ਕੇ, ਰਲ ਮਿਲ ਕੇ।
[बाहम] फ़ा० क्रि० वि० आपस में, मिल कर।

باہمن—[ਬਾਹ-ਮਨ] ਪੁ. ਬਾਹਮਣ, ਬ੍ਰਾਹਮਣ।
[बाह-मन] पु० ब्राह्मण, विप्र।

باہمنی—[ਬਾਹਮ-ਣੀ] ਵਿ. ਵਿ. ਬ੍ਰਾਹਮਣੀ; ਬਾਹਮਣ ਦਾ, ਬਾਹਮਣ ਸੰਬੰਧੀ।
[बाहम-नी] स्त्री० वि० ब्राह्मणी; ब्राह्मण सम्बन्धी।

باہمہ—[ਬਾਹਮ:] ਫ਼ਾ. ਕ੍ਰਿ. ਵਿ. ਸਭ ਦੇ ਨਾਲ, ਸਾਰਿਆਂ ਨਾਲ, ਸਾਰਿਆਂ ਸਮੇਤ।
[बाहमः] फ़ा० क्रि० वि० सब के साथ, सभी के समेत।

باہن—[ਬਾਹਨ] ਪੁ. ਭਾਰ ਢੋਣ ਦਾ ਸਾਧਨ, ਚਲੂ ਕੇ ਸਾਡ ਲਾ ਸਵਾਰੀ ਦਾ ਸਾਧਨ; ਵਾਹਿਆ ਹੋਇਆ ਖੇਤ।
[बाहन] पु० बोझ ढोने का साधन; सवारी; जुता हुआ खेत।

باہنا—[ਬਾਹਣਾ] ਕ੍ਰਿ.ਸਕ. ਫੈਲਾਣਾ, ਚੌੜਾ ਕਰਨਾ, ਖੋਲ੍ਹਣਾ (ਮੂੰਹ); ਹਲ ਚਲਾਉਣਾ; ਮਿਹਨਤ ਕਰਨਾ; ਸੈਂਧਾ ਕਰਨਾ।
[बाहना] क्रि० सक० फैलाना, चौड़ा करना, खोलना (मुख); हल चलाना, हल जोतना; परिश्रम करना; कंघी करना।

باہو—[ਬਾਹੂ] ਪੁ. ਬਾਂਹ, ਭੁਜਾ।
[बाहू] पु० बाँह, भुजा।

باید و شاید—[ਬਾਯਦੋ ਸ਼ਾਯਦ] ਫ਼ਾ. ਕ੍ਰਿ. ਵਿ. ਜੇਹਾ ਚਾਹੀਦਾ ਹੈ ਅਤੇ ਜਿਵੇਂ ਠੀਕ ਹੈ।
[बायदो शायद] फ़ा० क्रि० वि० जैसा चाहिये और जैसा उपयुक्त है।

بائیس—[ਬਾਈਸ] ਹਿੰ. ਵਿ. ਬਾਈ, ੨੨।
[बाईस] हिं० वि० बीस और दो, २२।

باعث—[ਬਾਇਸ-ਤ:] ਫ਼ਾ. ਵਿ. ਜ਼ਰੂਰੀ, ਵਾਜਬ, ਠੀਕ, ਚਾਹੀਦਾ, ਲੋੜੀਂਦਾ।
[बायिस-तः] फ़ा० वि० ज़रूरी, आवश्यक, वाजिब, उपयुक्त, उचित, वांछित।

بائیسکل—[ਬਾਈਸਿਕਲ] ਅੰਗ. ਪੁ. ਇ. ਸਾਈਕਲ।
[बाईसिकल] अंग० पु० स्त्री० साईकल।

بائع—[ਬਾਇਅ] ਅਰ. ਪੁ. ਵੇਚਣ ਵਾਲਾ।
[बाइअ] अर० पु० बेचने वाला।

بائیاں—[ਬਾਯਾਂ] ਵਿ. ਖੱਬਾ, ਖੱਬੀ ਤਰਫ਼ ਦਾ।
[बायाँ] वि० दाहिना का उल्टा।

باؤلی—[ਬਾਉਲੀ] ਵਿ. ਇਕ ਕੰਡਾ ਖੂਹ, ਬਾਵਲੀ, ਬਾਉਲੀ।
[बाई] स्त्री० एक प्रकार का बड़ा कुआँ, बावरी, बावली।

بایں—[ਬਈਂ] ਫ਼ਾ. ਕ੍ਰਿ. ਵਿ. ਇਹਦੇ ਨਾਲ।
[बईं] फ़ा० क्रि० वि० इसके साथ।

بایں ہمہ—[ਬਈਂ ਹਮ:] ਫ਼ਾ. ਕ੍ਰਿ. ਵਿ. ਇਸ ਸਭ ਦੇ ਨਾਲ, ਇਨ੍ਹਾਂ ਸਭ ਗੱਲਾਂ ਦੇ ਬਾਵਜੂਦ।
[बईं हमः] फ़ा० क्रि० वि० इन सब बातों के होते हुए, इन सब बातों के बावजूद।

1 بائی—[ਬਾਈ] ਵਿ. ਹਵਾ, ਵਾਤ, ਰੋਗ, ਵਾਈ।
[बाई] स्त्री० हवा, वायु, वात व्याधि, पेट में वायु के कारण होने वाला दर्द।

2 بائی—[ਬਾਈ] ਇ. ਰਾਣੀ; ਬਹੂ, ਵਹੁਟੀ, ਘਰ ਵਾਲੀ, ਧਰਮ-ਪਤਨੀ, ਇਸਤਰੀ; ਭੈਣ; ਭੂਆ; ਗਾਉਣ ਵਾਲੀ ਇਸਤ੍ਰੀ।
[बाई] स्त्री० रानी; बहू, गृहिणी, धर्म पत्नी, स्त्री; बहिन; फूफी; गाने वाली स्त्री।

بباد—[ਬਿਬਾਦ] ਸੰ. ਪੁ. ਵਿਵਾਦ, ਝਗੜਾ, ਬਹਿਸ, ਚਰਚਾ।
[बिबाद] सं० पु० विवाद, झगड़ा, कहासुनी, वाक्युद्ध।

ببادی—[ਬਿਬਾਦੀ] ਪੁ. ਝਗੜਨ ਵਾਲਾ, ਝਗੜਾਲੂ, ਬਹਿਸ ਕਰਨ ਵਾਲਾ।
[बिबादी] पु० झगड़ा करने वाला, झगड़ालू, विवादी।

ببا عث—[ਬਬਾਇ-ਸ] ਫ਼ਾ. ਅਰ. ਕ੍ਰਿ. ਵਿ. ਦੇ ਕਾਰਣ, ਇਸ ਕਰਕੇ।
[बबाइस] फ़ा० अर० क्रि० वि० कारण से, हेतु से।

ببر—[ਬਬਰ] ਫ਼ਾ. ਤੁਰ. ਪੁ. ਸ਼ੇਰ, ਸ਼ਾਰਦੂਲ।
[बबर] फ़ा० तुर० पु० सिंह, शार्दूल।

ببر — [ਬਬਰ] ਪੁ. ਉਹ ਸ਼ਖ਼ਸ ਜੋ ਘੋੜੇ ਦੇ ਵਾਲ ਕੱਟਦਾ ਹੈ।
[बबर] पु० वह व्यक्ति जो घोड़ों के बाल काटता है।

ببری — [ਬਬਰੀ] ਇ. ਲਿਟ, ਜ਼ੁਲਫ਼, ਕੁੰਡਲ, ਕਾਕਲੀ ; ਉਹ ਨੀਲੀ ਕਬੂਤਰੀ ਜਿਸ ਦੇ ਖੰਭਾਂ ਤੇ ਕਾਲੇ ਕਾਲੇ ਟਿਮਕਣੇ ਹੁੰਦੇ ਹਨ।
[बबरी] स्त्री० लट, जुल्फ़, अलक ; नीले रंग की कबूतरी जिस के पंखों पर काले गोल निशान होते हैं।

ببوا — [ਬਬੂਆ ਬਬੂਆ] ਪੁ. ਬਾਬੂ ਦਾ ਲਘੂਤਾਵਾਚੀ ; ਬੱਚਾ, ਲੜਕਾ ; ਖਿਡੌਣਾ।
[बबुआ, बबूआ] पु० बाबू का लघुतावाचक ; बच्चा, लड़का, खिलौना।

ببول — [ਬਬੂਲ] ਪੁ. ਪਹਾੜੀ ਕਿੱਕਰ।
[बबूल] पु० पहाड़ी कीकर।

ببولا — [ਬਬੂਲਾ] ਪੁ. ਵਾਵਰੋਲਾ, ਵਰੋਲਾ।
[बबूला] पु० बवंडर, बगूला।

ببی — [ਬੱਬੀ] ਇ. ਚੁੰਮੀ, ਬੋਸਾ।
[बब्बी] स्त्री० चुंबन, प्यार।

ببیک — [ਬਿਬੇਕ] ਸੰ. ਪੁ. ਵਿਚਾਰ, ਚੰਗੇ ਮਾੜੇ ਦੀ ਤਮੀਜ਼, ਨਿਰਣਾ ਸ਼ਕਤੀ।
[विवेक] सं० पु० विचार, भली बुरी बातें सोचने अथवा समझने की शक्ति या ज्ञान।

ببیکی — [ਬਿਬੇਕੀ] ਵਿ. ਪੁ. ਵਿਚਾਰਵਾਨ, ਬੁੱਧੀਮਾਨ, ਚੰਗੇ ਮਾੜੇ ਦੀ ਤਮੀਜ਼ ਕਰ ਸਕਣ ਵਾਲਾ।
[विवेकी] वि० पु० भले बुरे का ज्ञान रखने वाला, विवेकशील ; बुद्धिमान ज्ञानी, न्यायशील।

بپا — [ਬਪਾ] ਫ਼ਾ. ਵਿ. ਖੜ੍ਹਾ, ਕਾਇਮ।
[बपा] फ़ा० वि० खड़ा, स्थित।

بپت — [ਬਿਪਤ] ਇ. ਦੁੱਖ, ਤਕਲੀਫ਼, ਮੁਸੀਬਤ, ਔਕੜ, ਆਫ਼ਤ।
[बिपत] स्त्री० दुःख, कष्ट, विपत्ति, विपदा, आपत्ति।

بپتا — [ਬਿਪਤਾ] ਇ. ਮੁਸੀਬਤ, ਤਕਲੀਫ਼, ਦੁੱਖ।
[बिपता] स्त्री० विपदा, आपत्ति, कष्ट।

بپتسمہ — [ਬਿਪ-ਤਿਸ-ਮਾ] ਯੂ. ਪੁ. ਈਸਾਈ ਮਤ ਦੀ ਪਹੁਲ।
[बिप-तिस-मा] यू० पु० ईसाई बनाने की रस्म।

بپوتی — [ਬਪੋਤੀ, ਬਪੌਤੀ] ਵਿ. ਇ. ਜੱਦੀ, ਜੇਠੀ, ਮੌਰੂਸੀ ; ਵਿਰਸਾ, ਵਰਾਸਤ, ਜਾਇਦਾਦ।
[बपौती, बपोती] वि० स्त्री० पैतृक, मौरूसी, बाप दादा के समय का ; पैतृक सम्पत्ति।

بخارا — [ਬਖਾਰਾ] ਪੁ. ਬੁਖ਼ਾਰਾਤ, ਭਾਫ ; ਮੁੜ੍ਹਕਾ ਲਿਆਉਣ ਵਾਲੀ ਦਵਾ।
[बफारा] पु० वाष्प, भाप ; पसीना लाने की दवा।

بپھرنا — [ਬਿਫਰ-ਨਾ] ਕ੍ਰਿ. ਅਕ. ਜ਼ਿਦ ਕਰਨਾ, ਵਿੱਟਰਨਾ, ਜ਼ਿੱਦ ਕਰਨਾ ; ਫੁੰਕਾਰਨਾ, ਸ਼ੂਕਣਾ ; ਘੋੜੇ ਦਾ ਭੜਕਣਾ ; ਜੋਸ਼ ਵਿਚ ਆਉਣਾ ; ਬਾਗ਼ੀ ਹੋਣਾ, ਬਗ਼ਾਵਤ ਕਰਨਾ।
[बिफर-ना] क्रि० अक० मचलना, ज़िद करना, हठ करना ; फुंकारे मारना ; घोड़े का भड़कना ; उपद्रव करना ; विद्रोह करना, विद्रोही या बाग़ी होना।

بت — [ਬਤ] ਫ਼ਾ. ਪੁ. ਉਹ ਲਕੀਰ ਜੋ ਫ਼ਿਹਰਿਸਤਾਂ ਵਿਚ ਨਾਵਾਂ ਅਤੇ ਖਾਤੇ ਵਿਚ ਰਕਮਾਂ ਦਾ ਵੇਰਵਾ ਜ਼ਾਹਿਰ ਕਰਨ ਲਈ ਲਾਈ ਹੁੰਦੀ ਹੈ, ਨਿਸ਼ਾਨ, ਰੇਖਾ।
[बत] फ़ा० पु० वह रेखा जो सूचियों में पृथक नाम प्रकट करने के लिये या पृथक् हिसाब प्रकट करने के लिये खींची जाती है, निशान, रेखा।

بت — [ਬਿੱਤ] ਇ. ਧਨ, ਦੌਲਤ, ਜਾਇਦਾਦ ; ਤੌਫ਼ੀਕ, ਸਮਰੱਥਾ ; ਵਸੀਲਾ, ਸਾਧਨ।
[वित्त] स्त्री० धन, दौलत, सम्पत्ति ; सामर्थ्य, बूता ; वसीला, साधन।

بت — [ਬੁਤ] ਫ਼ਾ. ਪੁ. ਪੁਤਲਾ, ਮੂਰਤੀ, ਮੂਰਤ, ਤਸਵੀਰ, ਸ਼ਕਲ, ਸਰੂਪ, ਜਾਮਾ।
[बुत] फ़ा० पु० पुतला, मूर्ति, प्रतिमा, चित्र, आकार, शकल, आकृति।

بت پرست — [ਬੁਤ ਪਰਸ-ਤ] ਫ਼ਾ. ਪੁ. ਬੁਤਪੂਜ, ਮੂਰਤੀ ਪੂਜ।
[बुत परस-त] फ़ा० पु० मूर्ति पूजक, पत्थर पूजक।

بت تراش — [ਬੁਤ ਤਰਾਸ਼] ਫ਼ਾ. ਪੁ. ਬੁਤਘਾੜਾ, ਪੱਥਰਘਾੜਾ।
[बुत-तराश] फ़ा० पु० पत्थर गढ़ने वाला, मूर्ति बनाने वाला।

بت خانہ — [ਬੁਤਖ਼ਾਨਾ] ਫ਼ਾ. ਪੁ. ਬੁਤਸ਼ਾਲਾ, ਮੂਰਤੀ ਮੰਦਰ ; ਮੂਰਤੀ ਉਪਾਸਨਾ ਮੰਦਰ, ਸ਼ਿਵਾਲਾ।
[बुतख़ाना] फ़ा० पु० मन्दिर, मूर्ति-गृह, वह स्थान जहाँ मूर्ति की पूजा होती है, शिवालय।

بتا — [ਬੁੱਤਾ] ਪੁ. ਧੋਖਾ, ਫ਼ਰੇਬ, ਝਾਂਸਾ, ਹੀਲਾ, ਬਹਾਨਾ ; ਮੁੱਕਾ, ਘਸੁੰਨ।
[बुत्ता] पु० धोखा, छल, कपट, हीला, बहाना ; मुक्का, घूँसा।

بتاشہ — [ਬਤਾਸ਼ਾ] ਪੁ. ਖੰਡ ਦੀ ਚਾਸ਼ਣੀ ਟਪਕਾ ਕੇ ਬਣਾਈ ਹੋਈ ਇਕ ਕਿਸਮ ਦੀ ਮਠਿਆਈ, ਪਤਾਸਾ।
[बताशा] पु० चीनी की चाशनी टपका कर बनाई हुई एक प्रकार की मिठाई, पताशा।

بُتام —[ਬੁਤਾਮ] ਪੁਰਤ. ਪੁ. ਬਟਨ, ਕੁਰਾਜ, ਬੀੜਾ।
[बुताम] पुर्त० पु० बटन।

بتأمّل —[ਬਤਾਅੱਮੁਲ] ਫ਼ਾ. ਅਰ. ਕ੍ਰਿ. ਵਿ. ਸੋਚਕੇ, ਦੇਰ ਠਹਿਰ ਕੇ।
ترجیع بند—[ਤਰ-ਜੀਅ ਬੰਦ] ਅਰ. ਫ਼ਾ. ਪੁ. ਪਿੰਗਲ ਦੀ ਪਰਿਭਾਸ਼ਾ ਵਿਚ ਕਵੀ ਦਾ ਕੁਝ ਅਜਿਹੇ ਬੰਦ ਰਚਣਾ ਜੋ ਛੰਦਾਂ ਵਿਚ ਇਕੋ ਤੇ ਕਾਫ਼ੀਏ ਵਿਚ ਵੱਖਰੇ ਹੋਣ, ਪਰ ਹਰ ਬੰਦ ਦੇ ਅੰਤ ਵਿਚ ਇਕੋ ਬੈਂਤ ਮੁੜ ਮੁੜ ਆਉਂਦੀ ਹੋਵੇ ।

[तर-जीअ बंद] अर॰ फ़ा॰ पु॰ पिंगल की परिभाषा में कवि का कुछ ऐसे पद्य बनाना जो छन्द में एक ही हों और तुक में विभिन्न हों, परन्तु प्रत्येक पद्य के अन्त में एक बैत बार बार आती हो ।

ترچھا—[ਤਿਰ-ਛਾ, ਤਿਰਛਾ] ਵਿ. ਪੁ. ਟੇਢਾ, ਬਾਂਕਾ; ਇਕ ਕਿਸਮ ਦਾ ਰੇਸ਼ਮੀ ਕਪੜਾ ਜਿਸ ਦਾ ਅਕਸਰ ਅਸਤਰ ਲਾਇਆ ਜਾਂਦਾ ਹੈ ।

[तिर-छा, तिरछा] वि॰ पु॰ टेढ़ा, बाँका; एक प्रकार का रेशमी कपड़ा जिस का प्रायः अस्तर लगाया जाता है ।

ترچھی—[ਤਿਰ-ਛੀ] ਵਿ. ترچھا ਦਾ ਇ. ਲਿੰ. ਰੂਪ, ਟੇਢੀ, ਬਾਂਕੀ ।

[तिर-छी] वि॰ ترچھا का स्त्रीलिंग रूप, टेढ़ी, बाँकी ।

ترحم—[ਤਰ-ਹੱਮ] ਅਰ. ਪੁ. ਰਹਿਮ, ਦਇਆ, ਤਰਸ ।

[तर-हु-हुम] अर॰ पु॰ रहम, दया, तरस ।

ترخنا—[ਤਰਖ਼-ਣਾ] ਅਰ. ਕ੍ਰਿ. ਅਕ. ਤਿੜਕਣਾ, ਪਾਟਣਾ ।

[तरख़-ना] अर॰ क्रि॰ अक॰ तिड़कना, फटना ।

ترخیم—[ਤਰ-ਖ਼ੀਮ] ਅਰ. ਇ. ਕਿਸੇ ਸ਼ਬਦ ਦੇ ਅੰਤ ਤੋਂ ਕੋਈ ਅੱਖਰ ਜਾਂ ਸ਼ਬਦਾਂਸ਼ ਲੋਪ ਕਰ ਦੇਣ ਦੀ ਕ੍ਰਿਆ ।

[तर-ख़ीम] अर॰ स्त्री॰ किसी शब्द के अन्त में कोई वर्ण या शब्दांश लोप कर देने की क्रिया ।

تردد—[ਤਰੱਦੁਦ] ਅਰ. ਪੁ. ਆਵਾਜਾਈ; ਸੋਚ, ਫ਼ਿਕਰ ।

[तरद्-दुद] अर॰ पु॰ आवागमन; चिन्ता, फ़िक्र ।

تردد نا جائز—[ਤਰੱਦੁਦੇ ਨਾ ਜਾਇਜ਼] ਅਰ. ਫ਼ਾ. ਪੁ. ਕਨੂੰਨ ਵਿਰੁੱਧ ਖੇਤੀ ।

[तरद्-दुदे ना जाइज़] अर॰ फ़ा॰ पु॰ क़ानून विरुद्ध खेती ।

تردید—[ਤਰ-ਦੀਦ] ਅਰ. ਇ. ਮਨਸੂਖ ਜਾਂ ਰੱਦ ਕਰਨ ਦੀ ਕ੍ਰਿਆ ।

[तर-दीद] अर॰ स्त्री॰ रद्द करने की क्रिया ।

ترس—[ਤਰ-ਸ] ਫ਼ਾ. ਪੁ. ਡਰ, ਭੈ ।

[तर-स] फ़ा॰ पु॰ डर, भय ।

ترس—[ਤਰ-ਸ, ਤਰਸ] ਪੁ. ਰਹਿਮ, ਦਇਆ; ਰੱਬ ਦਾ ਭੈ ।

[तर-स, तरस] पु॰ रहम, दया; ईश्वर का भय ।

ترسا—[ਤਰ-ਸਾ] ਫ਼ਾ. ਪੁ. ਈਸਾਈ ।

[तर-सा] फ़ा॰ पु॰ ईसाई ।

ترسان—[ਤਰ-ਸਾਂ] ਫ਼ਾ. ਵਿ. ਡਰਪੋਕ, ਡਰਨ ਵਾਲਾ, ਡਰਿਆ ਹੋਇਆ ।

[तर-साँ] फ़ा॰ वि॰ डरता हुआ, भयभीत, डरा हुआ ।

ترسانا—[ਤਰ-ਸਾਣਾ] ਕ੍ਰਿ. ਸਕ. ਲਲਚਾਉਣਾ, ਇੱਛਿਆ ਤੋਂ ਘਟ ਦੇਣਾ ।

[तर-साना] क्रि॰ सक॰ ललचाना, इच्छा से कम देना ।

ترسا ترسا کر دینا—[ਤਰ-ਸਾ ਤਰ-ਸਾ ਕਰ ਦੇਣਾ] ਕ੍ਰਿ. ਸਮਾ. ਇੰਤਜ਼ਾਰ ਤੋਂ ਮਗਰ ਦੇਣਾ; ਥੋੜਾ ਥੋੜਾ ਦੇਣਾ ।
[तरसा तरसा कर देना] क्रि॰ समा॰ इच्छा से कम देना; थोड़ा थोड़ा देना ।

ترسا ترسا کر مارنا—[ਤਰ-ਸਾ ਤਰ-ਸਾ ਕਰ ਮਾਰ-ਨਾ] ਮੁਹਾ. ਬੜੇ ਤਸੀਹੇ ਦੇ ਦੇ ਜਾਨ ਕਢਣਾ ।
[तरसा तरसा कर मार-ना] मुहा॰ बहुत दुःखी कर के प्राण निकालना ।

ترسنا—[ਤਰਸ-ਨਾ] ਕ੍ਰਿ. ਅਕ. ਇੱਛਿਆਵਾਨ ਹੋਣਾ, ਚਾਹੁਣਾ, ਕਿਸੇ ਚੀਜ਼ ਦੀ ਉਮੈਦ ਰਖਣਾ ਜੋ ਹੱਥ ਨਾ ਆ ਸਕੇ, ਮੁਥਾਜ ਹੋਣਾ ।
[तरस-ना] क्रि॰ अक॰ इच्छुक होना, चाहना, किसी पदार्थ के अभाव का दुःख सहना, मुहताज होना ।

ترسیل—[ਤਰ-ਸੀਲ] ਅਰ. ਇ. ਭੇਜਣ ਦੀ ਕ੍ਰਿਆ ।
[तर-सील] अर॰ स्त्री॰ भेजने की क्रिया ।

ترش—[ਤੁਰ-ਸ਼] ਫ਼ਾ. ਵਿ. ਖੱਟਾ ।
[तुर-श] फ़ा॰ वि॰ खट्टा ।

ترش رو—[ਤੁਰ-ਸ਼ ਰੂ] ਫ਼ਾ. ਵਿ. ਨਾਖ਼ੁਸ਼, ਨਾਰਾਜ਼; ਚਿੜਚਿੜੇ ਸੁਭਾ ਦਾ, ਬਦ ਦਿਮਾਗ਼ ।
[तुर-श रू] फ़ा॰ वि॰ अप्रसन्न, नाराज़; चिड़चिड़े स्वभाव वाला, बददिमाग़ ।

ترشح—[ਤਰੱਸ਼ੁਹ] ਅਰ. ਇ. ਬੂੰਦਾਬਾਂਦੀ ।
[तरश्शुह] अर॰ स्त्री॰ बूँदाबाँदी ।

ترشح ہونا—[ਤਰੱਸ਼ੁਹ ਹੋਣਾ] ਕ੍ਰਿ. ਸਮਾ. ਟਪਕਣਾ; ਪਰਗਟ ਹੋਣਾ ।
[तरश्शुह होना] क्रि॰ समा॰ टपकना; प्रगट होना ।

ترشنا—[ਤਰਸ਼-ਨਾ] ਕ੍ਰਿ. ਅਕ. ਤਰਾਸ਼ਿਆ ਜਾਣਾ ।
[तरश-ना] क्रि॰ अक॰ तराशा जाना ।

ترشی—[ਤੁਰ-ਸ਼ੀ] ਫ਼ਾ. ਇ. ਖਟਿਆਈ ।
[तुर-शी] फ़ा॰ स्त्री॰ खटाई ।

ترشیح—[ਤਰ-ਸ਼ੀਹ] ਅਰ. ਇ. ਇਕ ਅਲੰਕਾਰ ਜਿਸ ਅਨੁਸਾਰ ਨਜ਼ਮ ਦੇ ਕ੍ਰਮਵਾਰ ਸਾਰੇ ਮਿਸਰਿਆਂ ਦੇ ਪਹਿਲੇ ਅੱਖਰ ਨੂੰ ਜੋੜਨ ਨਾਲ ਕੋਈ 'ਨਾਂ' ਬਣ ਜਾਵੇ ।
[तर-शीह] अर॰ स्त्री॰ एक अलंकार जिसके अनुसार पद्य के क्रमशः प्रत्येक चरण के पहले अक्षर को जोड़ने से कोई 'नाम' बन जाए ।

ترصد—[ਤਰੱਸੁਦ] ਅਰ. ਪੁ. ਆਸ, ਉਮੈਦ, ਨੀਝ ।
[तरस्सुद] अर॰ पु॰ आशा, उम्मीद, टकटकी लगाने का भाव ।

ترصیع—[ਤਰ-ਸੀਅ] ਅਰ. ਇ. ਇਕ ਅਲੰਕਾਰ ਜਿਸ ਅਨੁਸਾਰ ਦੋਹਾਂ ਮਿਸਰਿਆਂ ਦੇ ਸਾਰੇ ਸ਼ਬਦ ਕ੍ਰਮਵਾਰ ਤੋਲ ਵਿਚ ਇਕ ਦੂਜੇ ਦੇ ਬਰਾਬਰ ਹੁੰਦੇ ਹਨ ।
[तर-सीअ] अर॰ स्त्री॰ एक अलंकार जिसके अनुसार दोनों पंक्तियों के सभी शब्द क्रमशः तोल में एक दूसरे के बराबर होते हैं ।

ترغیب—[ਤਰ-ਗ਼ੀਬ] ਅਰ. ਇ. ਉਤੇਜਨਾ, ਉਕਸਾਉਣ ਦੀ ਕ੍ਰਿਆ; ਕਹਿ ਸੁਣ ਕੇ ਆਪਣੇ ਅਨੁਕੂਲ ਕਰਨ ਦੀ ਕ੍ਰਿਆ, ਬਹਿਕਾਵਾ ।
[तर-ग़ीब] अर॰ स्त्री॰ उत्तेजना, उकसाने की क्रिया; कह सुन कर अपने अनुकूल करने की क्रिया, बहकावा ।

ترفان—[ਤਰ-ਫ਼ਾਨ] ਪੁ. ਇਕ ਤਿਕੋਣੀ ਲੰਮੀ ਰੇਤੀ ਜਿਸ ਨਾਲ ਬੰਦੂਕ ਦੀ ਨਾਲੀ ਅੰਦਰੋਂ ਸਾਫ਼ ਕੀਤੀ ਜਾਂਦੀ ਹੈ ।
[तर-फ़ान] पु॰ एक तिकोनी लम्बी रेती जिस से बन्दूक की नाली अन्दर से साफ़ की जाती है ।

ترفع—[ਤਰੱਫ਼ੁਅ] ਅਰ. ਪੁ. ਗ਼ਰੂਰ ।
[तरफ़्फ़ुअ] अर॰ पु॰ गर्व, ग़रूर ।

ترفہ—[ਤਰੱਫ਼ੁਹ, ਤਰਫ਼ਹ] ਅਰ. ਪੁ. ਸੌਖ, ਖ਼ੁਸ਼ਹਾਲੀ ।
[तरफ़्फ़ुह, तरफ़ह] अर॰ पु॰ सम्पन्नता, खुशहाली ।

ترقانا—[ਤਰ-ਕ਼ਾਣਾ] ਕ੍ਰਿ. ਸਕ. ਤੋੜਨਾ, ਤਿੜਕਾਉਣਾ ।
[तर-क़ाना] क्रि॰ सक॰ तोड़ना, दरार डालना ।

ترقنا—[ਤਰਕ਼-ਣਾ] ਕ੍ਰਿ. ਅਕ. ਤਿੜਕਣਾ ।
[तरक़-ना] क्रि॰ अक॰ दरार आना ।

ترقی—[ਤਰੱਕੀ] ਅਰ. ਇ. ਅੱਗੇ ਵਧਣ ਦੀ ਕ੍ਰਿਆ, ਉੱਨਤੀ ।
[तरक़्क़ी] अर॰ स्त्री॰ वृद्धि, बढ़ती, उन्नति ।

ترقی حیثیت—[ਤਰੱਕੀਏ ਹੈਸੀਅਤ] ਅਰ. ਇ. ਮਾਲੀ ਹਾਲਤ ਦੀ ਤਰੱਕੀ, ਚੰਗੀ ਹਾਲਤ ਹੋਣ ਦਾ ਭਾਵ ।
[तरक़्क़ीए हैसीयत] अर॰ स्त्री॰ माली हालत की तरक़्क़ी, हालत अच्छी होने का भाव ।

ترقیم—[ਤਰ-ਕ਼ੀਮ] ਅਰ. ਇ. ਲਿਖਤ, ਤਹਿਰੀਰ ।
[तर-क़ीम] अर॰ स्त्री॰ लिखित, नविश्त ।

ترک—[ਤੁਰ-ਕ] ਫ਼ਾ. ਪੁ. ਹਜ਼ਰਤ ਨੂਹ ਦਾ ਪੁੱਤਰ ਯਾਫ਼ਸ ਜਿਸ ਤੋਂ ਤੁਰਕਾਂ ਦੀ ਪਰੰਪਰਾ ਚਲੀ ਹੈ; ਤਾਤਾਰੀ ਮੁਸਲਮਾਨ; ਪ੍ਰੇਮ ਪਾਤਰ; ਸਿਪਾਹੀ; ਮੁਸਲਮਾਨ ।
[तुर-क] फ़ा॰ पु॰ हज़रत नूह का पुत्र याफ़स जिस से तुर्कों की नसल चली; तातारी मुसलमान; प्रेमपात्र; सिपाही; मुसलमान ।

ترک تاز—[ਤੁਰ-ਕ ਤਾਜ਼] ਫ਼ਾ. ਪੁ. ਹੱਲਾ, ਧਾੜਾ, ਲੁੱਟਮਾਰ ।
[तुर-क ताज़] फ़ा॰ पु॰ हल्ला, धावा, लूटमार ।

ترکانہ—[ਤੁਰ-ਕਾਨਹ] ਫ਼ਾ. ਵਿ. ਤੁਰਕਾਂ ਵਰਗਾ, ਤੁਰਕਾਂ ਜਿਹਾ ।
[तुर-काना] फ़ा॰ वि॰ तुर्कों जैसा ।

—ترکن—[ਤੁਰ-ਕਨ] ਵਿ. ਤੁਰਕ ਦੀ ਤੀਵੀਂ, ਤੁਰਕ ਜਾਤੀ ਦੀ ਇਸਤਰੀ; ਸਿਪਾਹੀ ਦੀ ਨੋਹੁ; ਮੁਸਲਮਾਨੀ ।

[तुर-कन] स्त्री॰ तुर्क की स्त्री॰ तुर्क जाति की स्त्री; सिपाही की पत्नी; मुसलमान स्त्री ।

—ترکلی—[ਤੁਰ-ਕਲੀ] ਇ. ਸ਼ਾਹੀ ਮਹਿਲਾਂ ਵਿਚ ਪਹਿਰਾ ਦੇਣ ਵਾਲੀ ਇਸਤਰੀ ।

[तुर-कली] स्त्री॰ शाही महलों में पहरा देने वाली स्त्री ।

—ترکی—[ਤੁਰ-ਕੀ] ਫ਼ਾ. ਇ. ਪੁ. ਵਿ. ਤੁਰਕਾਂ ਦੀ ਬੋਲੀ; ਤੁਰਕੀ ਨਸਲ ਦਾ ਘੋੜਾ; ਤੁਰਕਸਤਾਨ ਦਾ ਵਸਨੀਕ; ਰੋਮ ਜਾਂ ਟਰਕੀ ਦਾ ਵਸਨੀਕ ।

[तुर-की] फ़ा॰ स्त्री॰ पु॰ वि॰ तुर्कों की भाषा; तुर्की नसल का घोड़ा; तुर्किस्तान का निवासी; रोम अथवा टर्की का निवासी ।

—ترکی به ترکی جواب دینا—[ਤੁਰ-ਕੀ-ਬ:-ਤੁਰ-ਕੀ ਜਵਾਬ ਦੇਣਾ] ਮੁਹਾ. ਤੁਰਤ ਜਵਾਬ ਦੇਣਾ; ਸਖ਼ਤ ਜਵਾਬ ਦੇਣਾ; ਜਿਵੇਂ ਕੋਈ ਆਖੇ ਉਸੇ ਤਰ੍ਹਾਂ ਦਾ ਉਸਨੂੰ ਉੱਤਰ ਦੇਣਾ ।

[तुर-की-ब:-तुर-की जवाब देना] मुहा॰ तुरन्त उत्तर देना; सख़्त जवाब देना; जैसा कोई कहे वैसा उत्तर देना ।

—ترکی تمام ہونا—[ਤੁਰ-ਕੀ ਤਮਾਮ ਹੋਣਾ] ਮੁਹਾ. ਘੁਮੰਡ ਜਾਂਦੇ ਰਹਿਣਾ, ਸ਼ੇਖ਼ੀ ਕਿਰਕਰੀ ਹੋਣਾ ।

[तुर-की तमाम होना] मुहा॰ अभिमान का जाते रहना, शेख़ी किरकिरी होना ।

ترک—[ਤਰ-ਕ] ਅਰ. ਪੁ. ਤਿਆਗ, ਛੱਡਣ ਦਾ ਭਾਵ ।

[तर-क] अर॰ पु॰ त्याग, छोड़ने का भाव ।

—ترک ادب—[ਤਰ-ਕੇ ਅਦਬ] ਅਰ. ਪੁ. ਬੇਅਦਬੀ, ਗੁਸਤਾਖ਼ੀ ।

[तर-के अदब] अर॰ पु॰ बेअदबी, गुस्ताख़ी ।

—ترک سلطنت—[ਤਰ-ਕੇ ਸਲ-ਤ਼-ਨਤ] ਅਰ. ਪੁ. ਰਾਜ-ਤਿਆਗ ।

[तर-के सल-त़-नत] अर॰ पु॰ राज्य त्याग ।

—ترک وطن—[ਤਰ-ਕੇ ਵ-ਤ਼ਨ] ਅਰ. ਪੁ. ਪਰਵਾਸ, ਦੇਸ਼ ਛੱਡ ਜਾਣ ਦੀ ਕ੍ਰਿਆ ਜਾਂ ਭਾਵ ।

[तर-के व-त़न] अर॰ पु॰ अपना देश छोड़ देने की क्रिया या भाव, विदेशवास ।

ترکاری—[ਤਰ-ਕਾਰੀ] ਇ. ਸਬਜ਼ੀ, ਭਾਜੀ; ਮਾਸ; ਮੇਵੇ, ਫਲ ।

[तर-कारी] स्त्री॰ सब्ज़ी, भाजी; मांस; मेवे, फल ।

ترکٹا—[ਤਿਰ-ਕੁਟਾ] ਪੁ. ਮਘਾਂ, ਮਿਰਚਾਂ ਤੇ ਸੁੰਢ ਦਾ ਸਮੂਹ ।

[तिर-कुटा] पु॰ पीपल, मिर्च और सोंठ की बुकनी ।

ترکش - ترکش—[ਤਿਰ-ਕਸ਼, ਤਰ-ਕਸ਼] ਫ਼ਾ. ਪੁ. ਤੀਰਦਾਨ, ਤੀਰਾਂ ਦਾ ਥੈਲਾ ।

[तिर-काश, तर-काश] फ़ा॰ पु॰ तीर रखने का थैला, तूणीर ।

ترکمان—[ਤੁਰਕ-ਮਾਨ] ਫ਼ਾ. ਪੁ. ਤੁਰਕਾਂ ਦੀ ਇਕ ਕੌਮ ।

[तुरक-मान] फ़ा॰ पु॰ तुर्कों की एक जाति ।

ترکم ترکا—[ਤਰ-ਕਮ ਤਰ-ਕਾ] ਇ. ਅੜਬਣ ।

[तर-कम तर-का] स्त्री॰ अनबन ।

ترکہ—[ਤਰ-ਕ:] ਅਰ. ਪੁ. ਵਿਰਾਸਤ, ਵਿਰਸਾ, ਪਰਲੋਕ ਵਾਸੀ ਪਰਾਣੀ ਦੀ ਛੱਡੀ ਜਾਇਦਾਦ ।

[तर-क:] अर॰ पु॰ विरासत, तरका, वह जायदाद जो किसी मरे हुए आदमी के वारिस को मिले ।

—ترکۂ پدری—[ਤਰ-ਕਏ ਪਿਦ-ਰੀ] ਅਰ. ਫ਼ਾ. ਪੁ. ਪਰਲੋਕਵਾਸੀ ਪਿਉ ਦੀ ਛੱਡੀ ਜਾਇਦਾਦ, ਪਿਤ੍ਰੀ ਵਿਰਸਾ ।

[तर-कए पिद-री] अर॰ फ़ा॰ पु॰ परलोक वासी पिता की छोड़ी हुई सम्पत्ति, पैतृक सम्पत्ति ।

ترکیب—[ਤਰ-ਕੀਬ] ਅਰ. ਇ. ਢੰਗ; ਮਿਸ਼ਰਤ ਕਰਨ ਦਾ ਢੰਗ; ਬਨਾਵਟ; ਤਦਬੀਰ; ਇਲਾਜ; (ਵਿਆਕਰਣ) ਵਿਸ਼ਲੇਸ਼ਣ ।

[तर-कीब] अर॰ स्त्री॰ ढंग; मिश्रित करने का ढंग; बनावट; तदबीर; उपचार; (व्याकरण) विश्लेषण ।

—ترکیب بند—[ਤਰ-ਕੀਬ ਬੰਦ] ਅਰ. ਫ਼ਾ. ਪੁ. ਨਜ਼ਮ ਦੀ ਇਕ ਕਿਸਮ ਜਿਸ ਵਿਚ ਟੀਪ ਦਾ ਸ਼ਿਅਰ ਜੋ ਹਰ ਬੰਦ ਦੇ ਖ਼ਾਤਮੇ ਤੇ ਆਉਂਦਾ ਹੈ ਪਹਿਲੇ ਨਾਲੋਂ ਵੱਖਰਾ ਹੁੰਦਾ ਹੈ, ਪਰ ਤਰਜੀਅ ਬੰਦ ਵਿਚ ਟੀਪ ਦਾ ਸ਼ਿਅਰ ਮੁੜ ਮੁੜ ਉਹੀ ਦੁਹਰਾਇਆ ਜਾਂਦਾ ਹੈ ।

[तर-कीब बंद] अर॰ फ़ा॰ पु॰ नज़्म की एक किस्म, जिसमें कई बन्द होते हैं, हर बंद अलग-अलग रदीफ़ क़ाफ़िए में होता है और हर बन्द के अन्त में एक नया टीप का शेअर लाते हैं जो भिन्न अलग रदीफ़ क़ाफ़िए का होता है, परन्तु 'तर-जीअ बंद' में बार बार आने वाला टीप का शेअर एक ही रहता है ।

—ترکیب دینا—[ਤਰ-ਕੀਬ ਦੇਣਾ] ਮੁਹਾ. ਮਿਲਾਉਣਾ, ਫ਼ੁਸਲਾ ਕੇ ਨਾਲ ਰਲਾਉਣਾ ।

[तर-कीब देना] मुहा॰ मिलाना, फुसला कर साथ मिलाना ।

—ترکیب سے چلنا—[ਤਰ-ਕੀਬ ਸੇ ਚਲ-ਨਾ] ਕ੍ਰਿ. ਸਮਾ. ਢੰਗ ਨਾਲ ਚਲਣਾ, ਸੰਜਮ ਨਾਲ ਗੁਜ਼ਾਰਾ ਕਰਨਾ ।

[तर-कीब से चल-ना] क्रि॰ समा॰ ढंग से चलना, संयम से गुज़ारा करना ।

ترم—[ਤੁਰਮ] ਪੁ. ਤੁਰੀ, ਬਿਗਲ; ਇਕ ਕਿਸਮ ਦਾ ਵਾਜਾ ।

[तुरम] पु॰ तुरही, बिगुल; एक प्रकार का बाजा ।

ترمتی—[ਤੁਰ-ਮਤੀ] ਇ. ਬਾਜ਼ ਜਾਂ ਸ਼ਿਕਰੇ ਆਦਿ ਦੀ ਕਿਸਮ ਦਾ ਇਕ ਪੰਛੀ ।

[तुर-मती] स्त्री० बाज अथवा शिकरे आदि की किस्म का एक पक्षी ।

ترمرا—[ਤਿਰਮਿਰਾ] ਪੁ. ਚਿਕਨਾਈ ਦਾ ਧੱਬਾ ਜੋ ਪਾਣੀ ਜਾਂ ਸ਼ੋਰਬੇ ਉੱਤੇ ਆ ਜਾਂਦਾ ਹੈ; ਡੋਬੂ ਤਾਰਾ ।

[तिरमिरा] पु० चिकनाई का धब्बा सा जो पानी या शोरबे के ऊपर आ जाता है; वह तारा सा जो मस्तिष्क के चकराने के कारण नेत्रों के आगे उड़ता हुआ दिखाई पड़ता है ।

ترمیم—[ਤਰ-ਮੀਮ] ਅਰ. ਇ. ਸੰਸ਼ੋਧਨ, ਦਰੁਸਤੀ ।

[तर-मीम] अर० स्त्री० संशोधन, दुरुस्ती ।

ترنج—[ਤੁਰੰਜ] ਫ਼ਾ. ਪੁ. ਚਕੋਤਰਾ, ਗਲਗਲ; ਕਸੀਦਾ ਕੱਢ ਕੇ ਕਢਾਇਆ ਵਿਚ ਪਾਸ ਪੱਤਾ ਜੋ ਅਕਸਰ ਸ਼ਾਲ ਆਦਿ ਦੇ ਕੋਨਿਆਂ ਉੱਤੇ ਜਾ ਹਿੰਦੇ ਹਨ ।

[तुरंज] फ़ा० पु० चकोतरा नीबू, बिजौरा नीबू ; वह गहरा बेल बूटा जो दुशाले आदि के कोनों पर कढ़ा होता है ।

ترنجبین—[ਤੁਰੰਜਬੀਨ, ਤੁਰੰਜੁਬੀਨ, ਤਰੰਜੁਬੀਨ] ਫ਼ਾ. ਇ. ਇਕ ਕਿਸਮ ਦੀ ਕੁਦਰਤੀ ਸ਼ੱਕਰ ਜੋ ਊਂਠ ਕਟਾਰੇ ਦੇ ਬੂਟਿਆਂ ਉੱਤੇ ਤ੍ਰੇਲ ਵਾਂਙੂ ਡਿੱਗ ਕੇ ਜੰਮ ਜਾਂਦੀ ਹੈ ।

[तुरंजबीन, तुरंजुबीन, तरंजुबीन] फ़ा० स्त्री० एक प्रकार की कुदरती शक्कर जो ऊँट कटारे के पौधों पर जम जाती है ।

ترنگ—[ਤਰੰਗ] ਫ਼ਾ. ਇ. ਤੀਰ ਦੇ ਚਲਣ ਦੀ ਆਵਾਜ਼; ਸਾਜ਼ ਵਜਾਉਂਦੇ ਸਮੇਂ ਤਾਰ ਦੀ ਆਵਾਜ਼; ਲਹਿਰ, ਮੌਜ, ਉਮੰਗ ।

[तरंग] फ़ा० स्त्री० तीर के चलने की आवाज़; साज बजाते समय तार की आवाज़; लहर, मौज, उमंग ।

ترنگ—[ਤੁਰੰਗ] ਸੰ. ਪੁ. ਘੋੜਾ ।

[तुरंग] सं० पु० घोड़ा ।

ترنم—[ਤਰੱਨੁਮ] ਅਰ. ਪੁ. ਰਾਗ, ਗੀਤ ।

[तरन्नुम] अर० पु० राग, गीत ।

تروٹ—[ਤਰ-ਵਟ] ਇ. ਇਕ ਕਿਸਮ ਦਾ ਰਾਗ, ਤਰਾਨਾ ।

[तर-वट] स्त्री० एक प्रकार का राग, तराना ।

تروَر—[ਤਰ-ਵਰ] ਪੁ. ਪੇੜ, ਬਿਛ ।

[तर-वर] पु० पेड़, वृक्ष ।

ترویج—[ਤਰ-ਵੀਜ] ਅਰ. ਇ. ਰਿਵਾਜ ਦੇਣ ਅਥਵਾ ਚਾਲੂ ਕਰਨ ਦਾ ਭਾਵ ।

[तर-वीज] अर० स्त्री० प्रथा चालू करने का भाव, रिवाज जारी करने का भाव ।

تره—[ਤਰ:, ਤੱਰ:] ਫ਼ਾ. ਪੁ. ਸਾਗ, ਤਰਕਾਰੀ ।

[तर:, तर्र:] फ़ा० पु० साग, तरकारी ।

ترہی—[ਤੁਰ-ਹੀ] ਇ. ਬਿਗਲ, ਤੁਰਮ, ਨਫ਼ੀਰੀ ।

[तुर-ही] स्त्री० बिगुल, तुरम, नफ़ीरी ।

تُرئی—[ਤੁਰਈ] ਇ. ਇਕ ਤਰਕਾਰੀ ।

[तुरई] स्त्री० एक तरकारी ।

تُری—[ਤੁਰੀ] ਇ. ਬਿਗਲ, ਤੁਰਮ, ਨਫ਼ੀਰੀ ।

[तुरी] स्त्री० बिगुल, तुरम, नफ़ीरी ।

تری—[ਤਰੀ] ਫ਼ਾ. ਇ. ਨਮੀ; ਸਮੁੰਦਰ ।

[तरी] फ़ा० स्त्री० नमी, समुद्र ।

تری—[ਤਿਰੀ] ਪਦ. تیری ਦਾ ਸੰਖੇਪ ਰੂਪ ।

[तिरी] सर्व० تیری का संक्षिप्त रूप ।

تریا—[ਤ੍ਰਿਰਿਆ] ਇ. ਤੀਵੀਂ, ਇਸਤਰੀ, ਨਾਰੀ ।

[तिरिया] स्त्री० औरत, स्त्री, नारी ।

—تریا چلتر—[ਤ੍ਰਿਰਿਆ ਚਿਲੱਤਰ] ਪੁ. ਤੀਵੀਂਆਂ ਦੀ ਚਲਾਕੀ ।

[तिरिया चिलत्तर] पु० स्त्रियों की चालबाजी ।

—تریا راج—[ਤ੍ਰਿਰਿਆ ਰਾਜ] ਪੁ. ਇਸਤਰੀਆਂ ਦਾ ਜ਼ੋਰ, ਜ਼ਨਾਨਾ ਰਾਜ ਹਕੂਮਤ ।

[तिरिया राज] पु० स्त्रियों का ज़ोर अथवा राज्य ।

—تریا ہٹ—[ਤ੍ਰਿਰਿਆ ਹਟ] ਇ. ਜ਼ਨਾਨੀ ਦਾ ਹਠ, ਤੀਵੀਂ ਦੀ ਜ਼ਿਦ ।

[तिरिया हट] स्त्री० स्त्री हठ, औरत की ज़िद ।

تری بری—[ਤਿਰੀ ਬਿਰੀ] ਕ੍ਰਿ. ਵਿ. ਖੰਡ ਖੰਡ, ਵਖਰੇ ਵਖਰੇ ।

[तिरी बिरी] क्रि० वि० पृथक् पृथक्, अलग अलग ।

تریاق—[ਤਿਰ-ਯਾਕ਼] ਫ਼ਾ. ਪੁ. ਜ਼ਹਿਰ ਮੁਹਰਾ, ਇਕ ਤਰ੍ਹਾਂ ਦਾ ਕਾਲਾ ਪੱਥਰ ਜੋ ਸਰੀਰ ਵਿਚੋਂ ਸੱਪ ਦੀ ਜ਼ਹਿਰ ਖਿੱਚ ਲੈਂਦਾ ਹੈ ।

[तिर-याक़] फ़ा० पु० जहर मोहरा, एक प्रकार का काला पत्थर जो शरीर में से सर्प के विष को खींच लेता है ।

تریاک—[ਤਿਰ-ਯਾਕ] ਫ਼ਾ. ਪੁ. ਜ਼ਹਿਰ ਮੁਹਰਾ; ਅਫ਼ੀਮ ।

[तिर-याक] फ़ा० पु० ज़हर मोहरा; अफ़ीम ।

تریتا—[ਤਰੇਤਾ] ਸੰ. ਪੁ. ਹਿੰਦੂ ਵਿਸ਼ਵਾਸ ਅਨੁਸਾਰ ਦੂਜਾ ਜੁਗ, ਤਰੇਤਾ ।

[तरेता] सं० पु० हिन्दू विश्वास अनुसार दूसरा युग, त्रेता युग ।

تریڑا—[ਤਰੇੜਾ] ਪੁ. ਪਾਣੀ ਦੀ ਧਾਰ ਦੇਣ ਦੇ ਸੁਟੇਂਣ ਦੀ ਕ੍ਰਿਆ, ਪਾਣੀ ਦੀ ਧਾਰ ਜੋ ਕਿਸੇ ਉੱਚੀ ਥਾਂ ਤੋਂ ਡਿੱਗੇ ।

[तरेड़ा] पु० पानी की धारा बांध कर फेंकने की क्रिया, पानी की धारा जो ऊँचे स्थान से गिरे ।

تریز—[ਤਰੇਜ਼, ਤਿਰੇਜ਼] ਫ਼ਾ. ਇ. ਕੁੜਤੇ ਦੀ ਚੌੜੇ ਮੂੰਹ ਦੀ ਕਲੀ ਜੋ ਚੌਬਗਲੇ ਦੇ ਥੱਲੇ ਪਾਈ ਜਾਂਦੀ ਹੈ ।

[तरेज़, तिरेज़] फ़ा० स्त्री० कमीज की नीचे मुँह की कली जो चौपाले के नीचे डाली जाती है ।

ترپل—[ਤਰ-ਪਲ] ਵਿ. ਮਸਤ ਹਥਣੀ ।

[तर-पल] स्त्री० मस्त हथिनी ।

ترونڈ - ترونڈا—[ਤਰੋਂਡ, ਤਰੋਂਡਾ] ਪੁ. ਜੋਕ ਜੋ ਛੋਟੀ ਮੱਛੀ ਦੇ ਸ਼ਿਕਾਰ ਲਈ ਕੰਡੇ ਵਿਚ ਲਾ ਦਿੰਦੇ ਹਨ ।

[तरोंड, तरोंडा] पु० जोंक जो छोटी मछली के शिकार के लिये काँटे में लगा देते हैं ।

تڑ—[ਤੜ] ਪੁ. ਥੱਪੜ ਦੀ ਆਵਾਜ਼ ।

[तड़] पु० थप्पड़ की आवाज़ ।

تڑا بڑی—[ਤੜਾ ਭੜੀ] ਵਿ. ਛੇਤੀ, ਕਾਹਲੀ; ਮੌਤਾਂ ਦੀ ਭਰਮਾਰ ।

[तड़ा भड़ी] स्त्री० शीघ्रता, जल्दी; मौतों की भरमार ।

تڑا پڑ—[ਤੜਾ ਪੜ] ਕ੍ਰਿ. ਵਿ. ਲਗਾਤਾਰ, ਛੇਤੀ, ਤੁਰੰਤ ।

[तड़ा पड़] क्रि० वि० लगातार, फ़ौरन, तुरन्त ।

تڑاق—[ਤੜਾਕ] ਪੁ. ਕਿਸੇ ਸਖ਼ਤ ਚੀਜ਼ ਦੇ ਟੁੱਟਣ ਦੀ ਆਵਾਜ਼, ਚਟਾਕਾ; ਜੁੱਤੀਆਂ ਪੈਣ ਦੀ ਆਵਾਜ਼ ।

[तड़ाक] पु० किसी सख़्त चीज़ के टूटने की आवाज़; जूते लगाने की आवाज़ ।

—تڑاق پڑاق—[ਤੜਾਕ ਪੜਾਕ] ਕ੍ਰਿ. ਵਿ. ਤੜਾਕ ਤੜਾਕ, ਤੜਾਤੜ ।

[तड़ाक पड़ाक] क्रि० वि० तड़ाक तड़ाक, तड़ातड़ ।

—تڑاق تڑاق—[ਤੜਾਕ ਤੜਾਕ] ਕ੍ਰਿ. ਵਿ. ਤੜਾਤੜ, ਛੇਤੀ ਛੇਤੀ, ਲਗਾਤਾਰ ।

[तड़ाक तड़ाक] क्रि० वि० तड़ातड़, जल्दी जल्दी, लगातार, निरन्तर ।

تڑاکا—[ਤੜਾਕਾ] ਪੁ. ਕਿਸੇ ਚੀਜ਼ ਦੇ ਟੁੱਟਣ ਦੀ ਆਵਾਜ਼; ਚਟਾਕਾ; ਕੜਾਕਾ; ਚੁੰਮੀ ਦੀ ਆਵਾਜ਼; ਘਾਟ, ਕਾਲ ।

[तड़ाका] पु० किसी चीज़ के टूटने की आवाज़; कड़ाका; चुम्बन की आवाज़; कमी, दुर्भिक्ष ।

—تڑاکا بیتنا—[ਤੜਾਕਾ ਬੀਤ-ਣਾ] ਮੁਹਾ. ਭੁੱਖੇ ਮਰਨਾ ।

[तड़ाका बीत-ना] मुहा० भूखों मरना ।

—تڑاکا کھانا—[ਤੜਾਕਾ ਖਾਣਾ] ਮੁਹਾ. ਕਮੀ ਹੋਣਾ; ਤੋੜਿਆ ਜਾਣਾ ।

[तड़ाका खाना] मुहा० कमी होना; तोड़ा जाना ।

—تڑاکے کا—[ਤੜਾਕੇ ਦਾ] ਵਿ. ਮਜ਼ੇਦਾਰ, ਸੁਆਦੀ; ਭੜਕੀਲਾ, ਚਮਕੀਲਾ; ਜ਼ੋਰ ਦਾ ।

[तड़ाके का] वि० मज़ेदार, स्वादिष्ट; भड़कीला, चमकीला; ज़ोर का ।

تڑانا—[ਤੁੜਾਣਾ] ਕ੍ਰਿ. ਸਕ. ਤੁੜਾਉਣਾ, ਛੁਡਾਉਣਾ; ਰੁਪਿਆ ਭੁਣਾਉਣਾ; ਕੀਮਤ ਵਿਚ ਕਮੀ ਕਰਾਉਣਾ ।

[तुड़ाना] क्रि० सक० तुड़वा डालना, अलग कराना, छुड़ाना; रुपये या नोट आदि की रेज़गारी लेना; कीमत में कमी कराना ।

تڑائی—[ਤੁੜਾਈ] ਵਿ. ਤੋੜਨ ਦੀ ਮਜ਼ੂਰੀ ਜਾਂ ਕਿਰਿਆ, ਰੁਪਏ ਤੁੜਾਉਣ ਦਾ ਵੱਟਾ ।

[तुड़ाई] स्त्री० तोड़ने की क्रिया अथवा मजदूरी, रुपये तुड़ाने का बट्टा ।

تڑپ—[ਤੜਪ] ਵਿ. ਬੇਕਰਾਰੀ, ਫੜਕ, ਤਪਸ਼, ਗਰਮੀ, ਤਿਲ-ਮਿਲਾਹਟ ।

[तड़प] स्त्री० बेकरारी, फड़कन, ताप, गरमी, तिलमिलाहट ।

—تڑپانا—[ਤੜਪਾਣਾ] ਕ੍ਰਿ. ਸਕ. ਤੜਫਾਉਣਾ; ਭੜਕਾਉਣਾ; ਤਰਸਾਉਣਾ, ਬੇਕਰਾਰ ਕਰਨਾ ।

[तड़पाना] क्रि० सक० व्याकुल करना; भड़काना; तरसाना, बेकरार करना ।

—تڑپڑ—[ਤੜਪੜ] ਵਿ. ਤਿੜ ਫਿੜ ।

[तड़पड़] स्त्री० तिड़फिड़ ।

—تڑ پھڑاہٹ—[ਤੜ-ਪੜਾਹਟ] ਵਿ. ਤੜਫ ।

[तड़-पड़ाहट] स्त्री० तड़प ।

—تڑ پڑی—[ਤੜ-ਪੜੀ] ਵਿ. ਬੇਚੈਨੀ, ਵਿਆਕੁਲਤਾ ।

[तड़-पड़ी] स्त्री० बेचैनी, व्याकुलता ।

—تڑپن—[ਤੜ-ਪਣ] ਵਿ. ਤੜਫ ।

[तड़-पन] स्त्री० तड़प ।

تڑپنا—[ਤੜਪ-ਣਾ] ਕ੍ਰਿ. ਅਕ. ਤੜਫਣਾ, ਫੜਕਣਾ, ਉਛਲਣਾ ਕੁੱਦਣਾ, ਤੜਫਣਾ, ਦੁਖੀ ਹੋਣਾ ।

[तड़प-ना] क्रि० अक० भड़कना, फड़कना, उछलना कूदना, हाथ पाँव दे दे मारना, दुःखी होना ।

تڑ تڑ—[ਤੜ ਤੜ] ਵਿ. ਬੰਦੂਕ ਜਾਂ ਪਟਾਖ਼ਿਆਂ ਦੀ ਆਵਾਜ਼ ।

[तड़तड़] स्त्री० बन्दूक अथवा पटाख़ों की आवाज़ ।

تڑخنا—[ਤੜਖ-ਣਾ] ਕ੍ਰਿ. ਅਕ. ਤਿੜਕਣਾ ।

[तड़ख-ना] क्रि० अक० तिड़कना ।

تڑکنا—[ਤੜਾਕ-ਣਾ] ਕ੍ਰਿ. ਅਕ. ਤਿੜਕਣਾ ।

[तड़क-ना] क्रि० अक० तिड़कना ।

تڑکا—[ਤੜ-ਕਾ] ਪੁ. ਸਵੇਰਾ, ਤੜਕਾ ।

[तड़-का] पु० सवेरा, प्रातःकाल ।

—تڑکا ہونا—[ਤੜ-ਕਾ ਹੋਣਾ] ਕ੍ਰਿ. ਸਮਾ. ਸਵੇਰਾ ਹੋਣਾ; ਦਿਮਾਗ਼ੀ ਸੱਟ ਕਾਰਨ ਅੱਖਾਂ ਦੇ ਸਾਹਮਣੇ ਧੁੰਦ ਜਹੇ ਨੱਚਣਾ; ਬਹੁਤ ਮਾਰ ਖਾਣਾ; ਸਫ਼ਾਇਆ ਹੋ ਜਾਣਾ, ਕੁਝ ਨ ਰਹਿਣਾ ।

[तड़-का होना] क्रि० समा० सवेरा होना; दिमाग़ी चोट के कारण नेत्रों के आगे अंधेरा सा छा जाना; बहुत मार खाना; सफ़ाया हो जाना, कुछ न रहना ।

تڑی—[ਤੜੀ] ਵਿ. ਮਾਰ; ਧੋਖਾ; ਹਵਾਲਾਤ, ਘਮੰਡ ।

[तड़ी] स्त्री० मार, चोट; धोखा; नुकसान, हानि ।

تڑانا—[ਤੜ-ਾਣਾ] ਕ੍ਰਿ. ਅਕ. ਪਰ ਕੁਤਰੇ ਪੰਛੀ ਦਾ ਉੱਡ ਜਾਣਾ ।

[तड़-वाना] क्रि० अक० पर कटे पक्षी का उड़ जाना ।

تڑیڑا—[ਤੜੇੜਾ] ਪੁ. ਦੇਖੋ : تریڑا

[तड़ेड़ा] पु० देखो : تریڑا

تزک—[ਤੁਜ਼ੁਕ] ਤੁਰ. ਇ. ਧੂਮ ਧਾਮ, ਠਾਠ; ਇੰਤਜ਼ਾਮ; ਤਰਤੀਬ; ਸ਼ਾਹੀ ਰੋਜ਼ਨਾਮਚਾ ।

[तुज़ुक] तुर्की० स्त्री० धूमधाम, ठाठ; इन्तिज़ाम; तरतीब, शाही रोज़नामचा ।

تزکیہ—[ਤਜ਼-ਕਿਯ:] ਅਰ. ਪੁ. ਸੁੱਧੀ ਜਾਂ ਸਫ਼ਾਈ ਕਰਨ ਦੀ ਕ੍ਰਿਆ ਜਾਂ ਭਾਵ ।

[तज़-किय:] अर० पु० शुद्धि अथवा सफ़ाई करने की क्रिया अथवा भाव ।

تزلزل—[ਤਜ਼ਲ-ਜ਼ੁਲ] ਅਰ. ਪੁ. ਕੰਪ, ਕਾਂਬਾ; ਭੁਚਾਲ ਆਉਣ ਦੀ ਕ੍ਰਿਆ; ਹਿਲਣ ਦੀ ਕਿਰਿਆ; ਹਲ ਚਲ, ਗੜ ਬੜ ।

[तज़ल-ज़ुल] अर० पु० कम्प, कम्पन; भूचाल आने की क्रिया; हिलने की क्रिया; हलचल, गड़ बड़ ।

—تزلزل بیانات—[ਤਜ਼ਲ-ਜ਼ੁਲੇ ਬਯਾਨਾਤੀ] ਅਰ. ਫ਼ਾ. ਪੁ. ਬਿਆਨ ਦੇਣ ਵਿਚ ਉਕਾਈਆਂ ਖਾਣ ਦਾ ਭਾਵ ।

[तज़ल-ज़ुले बयानाती] अर० फ़ा० पु० बयान देते समय त्रुटियां होने का भाव ।

تزویج—[ਤਜ਼-ਵੀਜ] ਅਰ. ਇ. ਵਿਆਹ, ਸ਼ਾਦੀ, ਨਕਾਹ ।

[तज़-वीज] अर० स्त्री० विवाह, शादी, निकाह ।

—تزویج بذریعۂ اندراج قانونی—[ਤਜ਼-ਵੀਜ ਬ-ਜ਼ਰੀ-ਅ:ਏ ਇੰਦ-ਰਾਜੇ ਕਾਨੂੰਨੀ] ਅਰ. ਇ. ਯੂਰਪ ਵਿਚ ਸ਼ਾਦੀ ਦਾ ਇਕ ਤਰੀਕਾ, ਲਾੜਾ ਲਾੜੀ ਦੋਵੇਂ ਗਿਰਜੇ ਵਿਚ ਜਾ ਕੇ ਰਜਿਸਟਰ ਵਿਚ ਆਪਣਾ ਆਪਣਾ ਨਾਂ ਲਿਖਵਾਉਂਦੇ ਹਨ ਕਿ ਅਮੁਕੇ ਨੇ ਅਮੁਕੀ ਨਾਲ ਸ਼ਾਦੀ ਕੀਤੀ । ਇਹੀ ਇੰਦਰਾਜ ਇਨ੍ਹਾਂ ਦੀ ਸ਼ਾਦੀ ਨੂੰ ਜਾਇਜ਼ ਤੇ ਕਾਨੂੰਨੀ ਬਣਾ ਦਿੰਦਾ ਹੈ ।

[तज़-वीज ब-ज़री-अ:ए इन्द-राजे क़ानूनी] अर० स्त्री० योरुप में विवाह का एक ढंग, वर और कन्या गिरजा में जाकर रजिस्टर में अपना अपना नाम लिखवाते हैं कि अमुक ने अमुक से शादी की । यही लिखित पत्र के विवाह को उचित तथा क़ानूनी बना देती है ।

تزویر—[ਤਜ਼-ਵੀਰ] ਅਰ. ਇ. ਛਲ, ਮਕਰ, ਧੋਖਾ, ਫ਼ਰੇਬ ।

[तज़-वीर] अर० स्त्री० छल, कपट, धोखा, फ़रेब ।

تزئین—[ਤਜ਼-ਈਨ] ਅਰ. ਇ. ਸਜਾਵਟ, ਸ਼ਿੰਗਾਰ ।

[तज़-ईन] अर० स्त्री० सजावट, सिंगार ।

¹تس—[ਤਿਸ] ਇ. ਤੇਹ, ਤਿਹਾ, ਪਿਆਸ ।

[तिस] स्त्री० पानी पीने की इच्छा, तृषा, प्यास ।

²تس—[ਤਿਸ] ਪੜ. ਇਸ ।

[तिस] सर्व० इस ।

—تس پر—[ਤਿਸ ਪਰ] ਕ੍ਰਿ ਵਿ. ਤਦੋਂ, ਇਸ ਤੇ ।

[तिस पर] क्रि० वि० तब, इस पर ।

تس—[ਤੁਸ] ਪੁ. ਛਿਲਕਾ, ਤੂਸ ।

[तुस] पु० छिलका, तूस ।

تسالہ—[ਤਿਸਾਲਾ] ਵਿ. ਤਿੰਨ ਵਰ੍ਹਿਆਂ, ਤਿੰਨ ਸਾਲਾ ।

[तिसाला] वि० त्रिवार्षिक, तीन साला ।

تسامح—[ਤਸਾਮੁ-ਹ] ਅਰ. ਪੁ. ਆਪੋ ਵਿਚ ਮਿਹਰਬਾਨੀ ਕਰਨ ਦਾ ਭਾਵ; ਬਿਆਨ ਦੀ ਅਸਪਸ਼ਟਤਾ; ਦੋ ਅਰਥ ਰੱਖਣ ਵਾਲੀ ਗੱਲ; ਗ਼ਲਤੀ ।

[तसामु-ह] अर० पु० एक दूसरे पर कृपा करने का भाव; बयान की अस्पष्टता; द्व्यर्थक वार्ता; ग़लती ।

تساہل—[ਤਸਾਹੁਲ] ਅਰ. ਪੁ. ਢਿੱਲ, ਸੁਸਤੀ; ਸੌਖਾ ਸਮਝਕੇ ਛੱਡ ਦੇਣ ਦਾ ਭਾਵ ।

[तसाहुल] अर० पु० आलस्य, सुस्ती; सुगम समझ कर छोड़ देने का भाव ।

تسبیح—[ਤਸ-ਬੀ-ਹ] ਅਰ. ਇ. ਮਾਲਾ; ਪਰਮਾਤਮਾ ਦਾ ਨਾਂ ਲੈਣ ਦਾ ਭਾਵ, ਸਿਮਰਣ; ਇਕ ਪ੍ਰਕਾਰ ਦਾ ਪੌਦਾ ।

[तस-बी-ह] अर० स्त्री० माला; परमात्मा को याद करने का भाव, ईश्वर स्मरण; एक प्रकार का पौधा ।

—تسبیح پھیرنا—[ਤਸ-ਬੀ-ਹ ਫੇਰ-ਨਾ] ਕ੍ਰਿ. ਸਮ. ਮਾਲਾ ਜਪਣਾ, ਰੱਬ ਦਾ ਨਾਂ ਲੈਣਾ ।

[तस-बी-ह फेर-ना] क्रि० सम० माला फेरना, ईश्वर का नाम लेना ।

—تسبیح خواں—[ਤਸ-ਬੀ-ਹ ਖ਼੍ਵਾਂ] ਫ਼ਾ. ਪੁ. ਮਾਲਾ ਫੇਰਨ ਵਾਲਾ ।

[तस-बी-ह ख़्वां] फ़ा० पु० माला फेरने वाला ।

تسخیر—[ਤਸ-ਖ਼ੀਰ] ਅਰ. ਇ. ਅਧੀਨ ਕਰਨਾ; ਜਿੱਤਣਾ; ਕਾਬੂ ਕਰਨਾ; ਜਿੰਨ ਭੂਤ ਵਸ ਵਿਚ ਕਰਨਾ; ਕਿਸੇ ਦੇ ਦਿਲ ਨੂੰ ਆਪਣੇ ਵਲ ਖਿੱਚਣਾ; ਜਾਦੂ ਟੂਣੇ ਦਾ ਕੰਮ ।

[तस-ख़ीर] अर० स्त्री० अधीन करना; जीतना; काबू में करना; भूत प्रेत को वश में करना; किसी के दिल को अपनी ओर आकर्षित करना; जादू मंतर अथवा टोने टोटके का काम ।

تسطیر—[ਤਸ-ਤੀਰ] ਅਰ. ਇ. ਲਿਖਣਾ, ਸਤਰ ਬੰਦੀ ਕਰਨਾ ।

[तस-तीर] अर० स्त्री० लिखना, पंक्तियों में लिखने का भाव ।

تسکین—[ਤਸ-ਕੀਨ] ਅਰ. ਇ. ਸ਼ਾਂਤੀ, ਤਸੱਲੀ, ਦਿਲਾਸਾ, ਢਾਰਸ ।
[तस-कीन] अर० स्त्री० शांति, तसल्ली, आश्वासन, दिलासा, ढारस ।
تسلا—[ਤਸੱਲਾ] ਪੁ. ਤਸੱਲੀ ।
[तसल्ला] पु० तसल्ली ।
تسلا—[ਤਸ-ਲਾ] ਪੁ. ਲੋਹੇ ਦੀ ਟੋਕਰੀ, ਪਰਾਤ ।
[तस-ला] पु० एक प्रकार का लोहे का बड़ा पात्र, परात ।
تسلسل—[ਤਸਲ-ਸੁਲ] ਪੁ. ਸਿਲਸਿਲਾ, ਲੜੀ, ਜ਼ੰਜੀਰ ।
[तसल-सुल] पु० सिलसिला, लड़ी, शृंखला ।
تسلط—[ਤਸੱਲੁ.ਤ] ਅਰ. ਪੁ. ਅਧਿਕਾਰ, ਕਬਜ਼ਾ; ਹਕੂਮਤ, ਦਬਦਬਾ ।
[तसल्लु.त] अर० पु० अधिकार, कब्ज़ा; हकूमत, दबदबा ।
تسلی—[ਤਸੱਲੀ] ਅਰ. ਇ. ਢਾਰਸ, ਤਸਕੀਨ, ਦਿਲਾਸਾ, ਸਬਰ, ਸੰਤੋਖ ।
[तसल्ली] अर० स्त्री० ढारस, आश्वासन, सांत्वना, सब्र, सन्तोष ।
تسلیم—[ਤਸ-ਲੀਮ] ਅਰ. ਇ. ਸਲਾਮ ਕਰਨਾ ਜਾਂ ਸਪੁਰਦ ਕਰਨ ਦਾ ਭਾਵ; ਗੱਲ ਮੰਨਣ ਦਾ ਭਾਵ; ਮੰਨਣਾ, ਤਾਬੇਦਾਰੀ ।
[तस-लीम] अर० स्त्री० सलाम करने या सुपुर्द करने का भाव; किसी बात को स्वीकार करने का भाव; आज्ञा मानने का भाव, आज्ञा पालन ।
تسلیم کرنا—[ਤਸ-ਲੀਮ ਕਰ-ਨਾ] ਕ੍ਰਿ. ਸਮਾ. ਮੰਨਣਾ, ਕਬੂਲ ਕਰਨਾ; ਸਲਾਮ ਕਰਨਾ, ਵੱਡਿਆਂ ਨੂੰ ਸਲਾਮ ਕਰਨਾ ।
[तस-लीम कर-ना] क्रि० समा० मानना, स्वीकार करना; प्रणाम करना, बड़ों को अभिवादन करना ।
تسلیمات—[ਤਸ-ਲੀਮਾਤ] ਅਰ. ਇ. تسلیم ਦਾ ਬਹੁਵਚਨ, ਬੰਦਗੀ, ਸਲਾਮ ।
[तस-लीमात] अर० स्त्री० تسلیم का बहुवचन, प्रणाम, सलाम ।
تسمہ—[ਤਸ-ਮਃ] ਫ਼ਾ. ਪੁ. ਚਮੜੇ ਦਾ ਲੰਮਾ ਫੀਤਾ ।
[तस-मः] फ़ा० पु० चमड़े का लम्बा फीता ।
تسمہ کھینچنا—[ਤਸ-ਮਃ ਖੈਂਚ-ਨਾ] ਮੁਹਾ. ਇਕ ਖ਼ਾਸ ਢੰਗ ਨਾਲ ਗੱਲ ਘੁੱਟ ਕੇ ਮਾਰਨਾ, ਫਾਂਸੀ ਦੇਣਾ ।
[तस-मः खैंच-ना] मुहा० एक विशेष ढंग के साथ गला घोंट कर मारना, फांसी देना ।
تسمہ لگا نہ رکھنا—[ਤਸ-ਮਃ ਲਗਾ ਨਃ ਰਖ-ਨਾ] ਮੁਹਾ. ਬਿਲਕੁਲ ਗਰਦਨ ਉਡਾ ਦੇਣਾ; ਉੱਕਾ ਹੀ ਸਬੰਧ ਨਾ ਰਖਣਾ ।
[तस-मः लगा नः रख-ना] मुहा० बिलकुल गरदन उड़ा देना; बिल्कुल ही संबन्ध न रखना ।
تسمیہ—[ਤਸ-ਮਿਯਃ] ਅਰ. ਪੁ. ਨਾਮਕਰਣ ਸੰਸਕਾਰ ।
[तस-मियः] अर० पु० नाम करण संस्कार ।
تسمیہ خوانی—[ਤਸ-ਮਿਯਃ ਖ਼੍ਵਾਨੀ] ਅਰ. ਫ਼ਾ. ਇ. ਬਿਸਮਿੱਲਾ ਕਹਿ ਕੇ ਮੁਸਲਮਾਨ ਬੱਚਿਆਂ ਨੂੰ ਪੜ੍ਹਾਈ ਸ਼ੁਰੂ ਕਰਾਉਣ ਦੀ ਰਸਮ ।
[तस-मियः ख़्वानी] अर० फ़ा० स्त्री० बिस्मिल्लाह कह कर मुसलमान बच्चों को पढ़ाई शुरू कराने की रसम ।
تسنن—[ਤਸੱਨੁਨ] ਅਰ ਪੁ. ਸੁੰਨੀ ਹੋ ਜਾਣ ਦਾ ਭਾਵ ।
[तसन्नुन] अर० पु० सुन्नी हो जाने का भाव ।
تسنیم—[ਤਸ-ਨੀਮ] ਅਰ. ਇ. ਬਹਿਸ਼ਤ ਦੀ ਇਕ ਨਹਿਰ ।
[तस-नीम] अर० स्त्री० स्वर्ग की एक नहर ।
تسو—[ਤੱਸੂ, ਤਸੂ] ਪੁ. 1⅛ ਇੰਚ, ਗਜ਼ ਦਾ ਚੌਵੀਵਾਂ ਹਿੱਸਾ ।
[तस्सू, तसू] पु० 1⅛ इन्च, गज़ का चौबीसवां हिस्सा ।
تسوید—[ਤਸ-ਵੀਦ] ਅਰ. ਇ. ਲਿਖਣ ਦੀ ਕ੍ਰਿਆ ।
[तस-वीद] अर० स्त्री० लिखने की क्रिया ।
تسہیل—[ਤਸ-ਹੀਲ] ਅਰ. ਇ. ਸੌਖ, ਆਸਾਨੀ ।
[तस-हील] अर० स्त्री० सुगमता, सरलता ।
تشابہ—[ਤਸ਼ਾਬੁਹ] ਅਰ. ਪੁ. ਸਮਾਨਤਾ ।
[तशाबुह] अर० पु० समानता ।
تشبیب—[ਤਸ਼-ਬੀਬ] ਅਰ. ਇ. ਕਸੀਦੇ ਦੀ ਭੂਮਿਕਾ ।
[तश-बीब] अर० स्त्री० कसीदे की भूमिका ।
تشبیہ—[ਤਸ਼-ਬੀਹ] ਅਰ. ਇ. ਉਪਮਾ ।
[तश-बीह] अर० स्त्री० उपमा ।
تشت—[ਤਸ਼-ਤ] ਫ਼ਾ. ਪੁ. ਤਸਲਾ, ਪਰਾਤ, ਥਾਲ ।
[तश-त] फ़ा० पु० तसला, परात, थाल ।
تشت از بام ہونا—[ਤਸ਼-ਤ ਅਜ਼ ਬਾਮ ਹੋਣਾ] ਮੁਹਾ. ਭਾਂਡਾ ਫੁੱਟਣਾ, ਭੇਤ ਖੁਲ੍ਹ ਜਾਣਾ ।
[तश-त अज़ बाम होना] मुहा० बात सब में फैलना, भेद खुल जाना ।
تشت چوکی—[ਤਸ਼-ਤ ਚੌਕੀ] ਇ. ਉਹ ਚੌਕੀ ਤੇ ਉਹ ਤਸ਼ਤਰੀ ਜੋ ਅਮੀਰਾਂ ਦੇ ਗੁਸਲਖ਼ਾਨੇ ਜਾਂ ਪਾਖ਼ਾਨੇ ਵਿਚ ਰੱਖੀ ਜਾਂਦੀ ਹੈ, ਵਗੈਰਾ ।
[तश-त चौकी] स्त्री० वह चौकी और वह तश्तरी जो अमीरों के स्नान-गृह अथवा पाखाने में रखी जाती है, इत्यादि ।
تشتت—[ਤਸ਼ੱਤੁਤ] ਅਰ. ਪੁ. ਤਿਤਰ ਬਿਤਰ ਹੋਣ ਦਾ ਭਾਵ; ਪਰੇਸ਼ਾਨੀ, ਅਸ਼ਾਂਤੀ ।
[तशत्तुत] अर० पु० तितर बितर होने का भाव; परेशानी, अशांति ।

تشتری—[ਤਸ਼-ਤਰੀ] ਇ. ਛੋਟੀ ਰਕਾਬੀ ।

[तश-तरी] स्त्री॰ छोटी रिकाबी।

تشخص—[ਤਸ਼ੱਖ਼ੁਸ] ਅਰ. ਇ. ਜਾਂਚ, ਪੜਤਾਲ, ਤਸ਼ਖ਼ੀਸ, ਪਛਾਣ ।

[तशख़्ख़ुस] अर॰ स्त्री॰ जांच, पड़ताल, रोग का निदान, पहचान।

تشخیص—[ਤਸ਼-ਖ਼ੀਸ] ਅਰ. ਇ. ਜਾਂਚ, ਪੜਤਾਲ, ਰੋਗ ਪਛਾਣ ਲੈਣ ਦਾ ਭਾਵ ।

[तश-ख़ीस] अर॰ स्त्री॰ जांच, पड़ताल, रोग निदान।

—تشخیص جمع بندی—[ਤਸ਼-ਖ਼ੀਸੇ ਜਮ-ਅ ਬੰਦੀ] ਅਰ. ਫ਼ਾ. ਇ. ਵਾਰਸ਼ਿਕ ਬੰਦੋਬਸਤ ਦਾ ਇਕ ਨਕਸ਼ਾ ਜੋ ਜ਼ਿਮੀਂਦਾਰਾਂ, ਤਅਲੁੱਕੇਦਾਰਾਂ ਆਦਿ ਦੇ ਜ਼ਮੀਨ ਦੇ ਮਾਮਲੇ ਸਬੰਧੀ ਤਿਆਰ ਕੀਤਾ ਜਾਂਦਾ ਹੈ ।

[तश-ख़ीसे जम-अ़बंदी] अर॰ फ़ा॰ स्त्री॰ वार्षिक बन्दोबस्त का एक नक्शा जो ज़िमींदारों, ताल्लुक़ेदारों के भूमि के लगान के सम्बन्ध में तैयार किया जाता है।

—تشخیص عام—[ਤਸ਼-ਖ਼ੀਸੇ ਆਮ] ਅਰ. ਇ. ਕੱਚਾ ਅੰਦਾਜ਼ਾ, ਅਨੁਮਾਨ ।

[तश-ख़ीसे आम] अर॰ स्त्री॰ कच्चा अंदाज़ा, अनुमान।

تشدد—[ਤਸ਼ੱਦੁਦ] ਅਰ. ਪੁ. ਸਖ਼ਤੀ, ਕਰੜਾਈ (ਵਿਹਾਰ ਆਦਿ ਦੀ); ਜਬਰ, ਜ਼ੁਲਮ ।

[तशद्दुद] अर॰ पु॰ सख़्ती, कड़ाई (व्यवहार आदि की); अत्याचार, ज़ुल्म।

تشدید—[ਤਸ਼-ਦੀਦ] ਅਰ. ਇ. ਅੱਧਕ (ّ) ।

[तश-दीद] अर॰ स्त्री॰ एक चिन्ह (ّ) जो अरबी फ़ारसी लिपि में किसी वर्ण के ऊपर लग कर उस के द्वित्व को सूचित करता है।

تشرع—[ਤਸ਼ੱਰੁਅ] ਅਰ. ਪੁ. ਸ਼ਰ੍ਹਾ ਦੀ ਪਾਬੰਦੀ ।

[तशर्रुअ] अर॰ पु॰ शरअ की पाबंदी।

تشریح—[ਤਸ਼-ਰੀਹ] ਅਰ. ਇ. ਵਿਸਥਾਰ ਸਹਿਤ ਬਿਆਨ, ਵਿਸਥਾਰ, ਖੋਲ੍ਹ ਕੇ ਬਿਆਨ ਕਰਨ ਦਾ ਭਾਵ, ਤਫ਼ਸੀਰ; ਸਰੀਰ ਵਿਗਿਆਨ, ਅਨਾਟਮੀ ।

[तश-रीह] अर॰ स्त्री॰ विस्तार सहित वर्णन, विस्तार, खोल कर बयान करने का भाव, व्याख्या; शरीर-विज्ञान, शरीर-शास्त्र।

تشریف—[ਤਸ਼-ਰੀਫ਼] ਅਰ. ਇ. ਮਾਣ, ਵਡਿਆਈ, ਇੱਜ਼ਤ; ਖ਼ਿਲਅਤ; ਸ਼ੁਭ-ਆਗਮਨ ।

[तश-रीफ़] अर॰ स्त्री॰ प्रतिष्ठा, सम्मान, इज़्ज़त; ख़िलअ़त; शुभागमन।

—تشریف ارزانی فرمانا—[ਤਸ਼-ਰੀਫ਼ ਅਰ-ਜ਼ਾਨੀ ਫ਼ਰ-ਮਾਨਾ] ਮੁਹਾ. ਇੱਜ਼ਤ ਬਖ਼ਸ਼ਣਾ, ਕਿਸੇ ਅਮੀਰ ਜਾਂ ਵੱਡੇ ਆਦਮੀ ਦਾ ਘਰ ਆਉਣਾ ।

[तश-रीफ़ अर-ज़ानी फ़र-माना] मुहा॰ किसी अमीर या बड़े आदमी का घर आना।

—تشریف رکھنا—[ਤਸ਼-ਰੀਫ਼ ਰਖ-ਣਾ] ਕ੍ਰਿ. ਸਮਾ. ਬੈਠਣਾ; ਠਹਿਰਨਾ ।

[तश-रीफ़ रख-ना] क्रि॰ समा॰ बैठना; ठहरना।

—تشریف لے جانا—[ਤਸ਼-ਰੀਫ਼ ਲੈ ਜਾਣਾ] ਮੁਹਾ. ਵਿਦਾ ਹੋ ਜਾਣਾ ।

[तश-रीफ़ ले जाना] मुहा॰ विदा हो जाना।

تشفی—[ਤਸ਼ੱਫ਼ੀ] ਅਰ. ਇ. ਤਸੱਲੀ, ਸ਼ਾਂਤੀ, ਆਰਾਮ; ਬੀਮਾਰੀ ਤੋਂ ਛੁਟਕਾਰਾ ।

[तशफ़्फ़ी] अर॰ स्त्री॰ तसल्ली, शान्ति, आराम; रोग-मुक्ति।

تشکیک—[ਤਸ਼-ਕੀਕ] ਅਰ. ਇ. ਸ਼ੱਕ ਵਿਚ ਪਾਉਣ ਦਾ ਭਾਵ ।

[तश-कीक] अर॰ स्त्री॰ सन्देह में डालने का भाव।

تشنج—[ਤਸ਼ੱਨੁਜ] ਅਰ. ਪੁ. ਮਰੋੜਾ, ਪੱਠਿਆਂ ਦੇ ਖਿੱਚੇ ਜਾਣ ਦਾ ਭਾਵ ।

[तशन्नुज] अर॰ पु॰ ऐंठन, शारीरिक अंगों के खिंच जाने का भाव, अकड़न।

تشنگی—[ਤਿਸ਼-ਨਗੀ] ਫ਼ਾ. ਇ. ਤ੍ਰੇਹ, ਤਿਹ, ਪਿਆਸ ।

[तिश-नगी] फ़ा॰ स्त्री॰ तृषा, प्यास।

تشنه—[ਤਿਸ਼-ਨ:] ਫ਼ਾ. ਵਿ. ਤਿਹਾਇਆ, ਪਿਆਸਾ ।

[तिश-न:] फ़ा॰ वि॰ तृषित, प्यासा।

—تشنه خون—[ਤਿਸ਼-ਨਏ ਖ਼ੂਨ] ਫ਼ਾ. ਵਿ. ਖ਼ੂਨ ਦਾ ਪਿਆਸਾ ।

[तिश-नए ख़ून] फ़ा॰ वि॰ ख़ून का प्यासा।

—تشنه لب—[ਤਿਸ਼-ਨ: ਲਬ] ਫ਼ਾ. ਵਿ. ਬਹੁਤ ਤਿਹਾਇਆ ।

[तिश-न: लब] फ़ा॰ वि॰ बहुत प्यासा।

تشنیع—[ਤਸ਼-ਨੀਅ] ਅਰ. ਇ. ਤਾਨ੍ਹਾ, ਮਿਹਣਾ; ਲਾਹਨਤ ਮਲਾਮਤ ।

[तश-नीअ] अर॰ स्त्री॰ ताना, उपालम्भ; बुरा भला कहने का भाव।

تشویش—[ਤਸ਼-ਵੀਸ਼] ਅਰ. ਇ. ਵਿਆਕੁਲਤਾ, ਘਬਰਾਹਟ, ਸੋਚ, ਫ਼ਿਕਰ, ਚਿੰਤਾ ।

[तश-वीश] अर॰ स्त्री॰ व्याकुलता, घबराहट, सोच, फ़िक्र, चिन्ता।

تشویق—[ਤਸ਼-ਵੀਕ਼] ਅਰ. ਇ. ਸ਼ੌਕ ਪੈਦਾ ਕਰਨ ਦਾ ਭਾਵ, ਉਕਸਾਹਟ ।

[तश-वीक़] अर॰ स्त्री॰ शौक़ पैदा करने का भाव, उकसाहट।

تشہیر—[ਤਸ਼-ਹੀਰ] ਅਰ. ਇ. ਮਸ਼ਹੂਰ ਕਰਨ ਦਾ ਭਾਵ, ਮਨਾਦੀ ਕਰਨ ਦਾ ਭਾਵ; ਕਿਸੇ ਨੂੰ ਬੁਰੀ ਤਰ੍ਹਾਂ ਲੋਕਾਂ ਵਿਚ ਬਦਨਾਮ ਕਰਨ ਭਾਵ।
[तश-हीर] अर० स्त्री० मशहूर करने का भाव, ढिंढोरा पीटने का भाव; किसी को बुरी तरह से जनता में बदनाम करने का भाव।

تشیع—[ਤਸ਼ੱਯੁ:ਅ] ਅਰ. ਪੁ. ਸ਼ੀਆ ਹੋਣ ਦਾ ਭਾਵ।
[तशय्यु:अ] अर० पु० शीआ होने का भाव।

تصادم—[ਤ:ਸਾਦੁਮ] ਅਰ. ਪੁ. ਟੱਕਰ, ਧੱਕਾ; ਝਗੜਾ।
[त:सादुम] अर० पु० टक्कर, धक्का; झगड़ा।

تصانیف—[ਤ:ਸਾਨੀਫ਼] ਅਰ. ਇ. تصنیف ਦਾ ਬਹੁਵਚਨ, ਲਿਖਤਾਂ, ਰਚਨਾਵਾਂ, ਰਚੀਆਂ ਪੁਸਤਕਾਂ।
[त:सानीफ़] अर० स्त्री० تصنیف का बहुवचन, लिखितें, रचनाएँ, रचित पुस्तकें।

تصاویر—[ਤ:ਸਾਵੀਰ] ਅਰ. ਇ. تصویر ਦਾ ਬਹੁਵਚਨ, ਤਸਵੀਰਾਂ, ਮੂਰਤਾਂ।
[त:सावीर] अर० स्त्री० تصویر का बहुवचन, तस्वीरें, चित्र।

تصحیح—[ਤ:ਸ-ਹੀ:ਹ] ਅਰ. ਇ. ਸੋਧ, ਦਰੁਸਤੀ, ਸ਼ੁੱਧੀ, ਗ਼ਲਤੀ ਦੂਰ ਕਰਨ ਦਾ ਭਾਵ।
[त:स-ही:ह] अर० स्त्री० संशोधन, दरुस्ती, शुद्धि, ग़लती दूर करने का भाव।

1 تصدق—[ਤ:ਸੱਦੁ:ਕ] ਅਰ. ਪੁ. ਕੁਰਬਾਨ ਕਰਨ ਦਾ ਭਾਵ, ਵਾਰਨ ਦਾ ਭਾਵ; ਕੁਰਬਾਨੀ।
[त:सद्दु:क़] अर० पु० न्योछावर करने का भाव, सदके होने का भाव; बलिदान।

2 تصدق—[ਤ:ਸੱਦੁਕ] ਅਰ. ਪੁ. ਕਿਰਪਾ, ਮਿਹਰ।
[त:सद्दु:क़] अर० पु० कृपा, अनुकम्पा।

تصدیع—[ਤ:ਸਦੀ:ਅ] ਅਰ. ਇ. ਸਿਰਦਰਦੀ; ਦੁੱਖ, ਕਸ਼ਟ, ਤਕਲੀਫ਼, ਪੀੜ।
[त:सदी:अ] अर० स्त्री० सिर दर्दी; दु:ख, कष्ट, तकलीफ़, पीड़ा।

—تصدیعہ—[ਤ:ਸ-ਦੀ:ਅ:] ਅਰ. ਪੁ. ਕਸ਼ਟ, ਦੁੱਖ, ਤਕਲੀਫ਼।
[त:स-दी:अ:] अर० पु० कष्ट, दु:ख, पीड़ा।

تصدیق—[ਤ:ਸ-ਦੀ:ਕ] ਅਰ. ਇ. ਸਬੂਤ, ਗੁਆਹੀ, ਪਰਮਾਣਿਤ ਕਰਨ ਦਾ ਭਾਵ।
[त:स-दीक़] अर० स्त्री० सबूत, प्रमाण, प्रमाणित करने का भाव।

—تصدیق کرنا—[ਤ:ਸ-ਦੀ:ਕ ਕਰ-ਨਾ] ਕ੍ਰਿ. ਸਕ. ਪਰਮਾਣਤ ਕਰਨਾ।
[त:स-दीक़ कर-ना] क्रि० सका० प्रमाणित करना।

تصرف—[ਤ:ਸੱਰੁ:ਫ਼] ਅਰ. ਪੁ. ਅਧਿਕਾਰ, ਕਬਜ਼ਾ; ਅਦਲਾ ਬਦਲੀ, ਰੱਦੋਬਦਲ।
[त:सर्रु:फ़] अर० पु० अधिकार, क़ब्ज़ा; अदला बदला, परिवर्तन।

—تصرف بیجا—[ਤ:ਸੱਰੁਫ਼ੇ ਬੇ ਜਾ] ਅਰ. ਫ਼ਾ. ਪੁ. ਨਾਜਾਇਜ਼ ਕਬਜ਼ਾ।
[त:सर्रुफ़े बे जा] अर० फ़ा० पु० अनुचित अधिकार।

—تصرف بیجائے مجرمانہ—[ਤ:ਸੱਰੁਫ਼ੇ ਬੇ ਜਾਏ ਮੁਜ-ਰਿਮਾਨ:] ਅਰ. ਫ਼ਾ. ਪੁ. ਨਾਜਾਇਜ਼ ਕਬਜ਼ਾ ਜੋ ਇਕ ਪਰਕਾਰ ਦਾ ਜੁਰਮ ਹੈ।
[त:सर्रुफ़े बे जाए मुज-रिमान:] अर० फ़ा० पु० अनुचित अधिकार जो एक प्रकार का अपराध है।

تصریح—[ਤ:ਸ-ਰੀ:ਹ] ਅਰ. ਇ. ਸਪਸ਼ਟਤਾ, ਵਿਸਥਾਰ, ਵਿਆਖਿਆ।
[त:स-री:ह] अर० स्त्री० स्पष्टता, विस्तार, व्याख्या।

تصریف—[ਤ:ਸ-ਰੀਫ਼] ਅਰ. ਇ. ਵਿਆਕਰਣ ਵਿਚ ਕਿਸੇ ਸ਼ਬਦ ਦੇ ਵੱਖ ਵੱਖ ਰੂਪ, ਗਰਦਾਨ।
[त:स-रीफ़] अर० स्त्री० व्याकरण में भिन्न भिन्न कारकों या लकारों के अनुसार किसी शब्द के भिन्न भिन्न रूप, शब्दों का रूप साधन, गर्दान।

تصغیر—[ਤ:ਸ-ਗ਼ੀਰ] ਅਰ. ਇ. ਛੁਟਿਆਉਣ ਦਾ ਭਾਵ, ਲਘੁਤਾ ਵਾਚੀ ਸੰਗਿਆ।
[त:स-ग़ीर] अर० स्त्री० छोटा करने का भाव, लघुतावाची संज्ञा।

تصفیہ—[ਤ:ਸ-ਫ਼ਿਯ:] ਅਰ. ਪੁ. ਸ਼ੁੱਧੀ, ਸਫ਼ਾਈ; ਫ਼ੈਸਲਾ, ਸੁਲ੍ਹਾ, ਆਪਸ ਦੇ ਝਗੜੇ ਦਾ ਨਿਪਟਾਰਾ, ਸਮਝੌਤਾ।
[त:स-फ़िय:] अर० पु० शुद्धि, सफ़ाई, फ़ैसला, संधि, आपस के झगड़े का निपटारा, समझौता।

—تصفیۂ حساب—[ਤ:ਸਫ਼ਿਯਏ ਹਿਸਾਬ] ਅਰ. ਪੁ. ਲੇਖੇ ਦਾ ਨਿਪਟਾਰਾ।
[त:सफ़ियए हिसाब] अर० पु० हिसाब का निपटारा।

—تصفیہ نامہ—[ਤ:ਸ-ਫ਼ਿਯ: ਨਾਮ:] ਅਰ. ਫ਼ਾ. ਪੁ. ਫ਼ੈਸਲੇ ਦਾ ਕਾਗ਼ਜ਼।
[त:स-फ़िय: नाम:] अर० फ़ा० पु० फ़ैसले का लिखित पत्र।

تصلع—[ਤ:ਸੱਨੁ:ਅ] ਅਰ. ਪੁ. ਬਨਾਵਟ; ਬਣਾਉ ਸ਼ਿੰਗਾਰ; ਦਿਖਾਵਾ; ਜ਼ਾਹਿਰ ਦਾਰੀ; ਧੋਖਾ, ਫ਼ਰੇਬ।
[त:सन्नु:अ] अर० पु० बनावट; बनाव सिंगार; दिखावा; ज़ाहिरदारी; धोखा, फ़रेब।

تصنیف —[ਤ.ਸ-ਨੀਫ਼] ਅਰ. ਇ. ਕਿਤਾਬ ਲਿਖਣ ਦਾ ਭਾਵ, ਲਿਖੀ ਹੋਈ ਪੁਸਤਕ, ਰਚਨਾ ।
[त.स-नीफ़] अर० स्त्री० पुस्तक लिखने का भाव, लिखी हुई पुस्तक, रचना ।

تصور —[ਤ.ਸੱਵੁਰ] ਅਰ. ਪੁ. ਧਿਆਨ, ਖ਼ਿਆਲ, ਕਲਪਨਾ, ਸੂਝ; ਸਮਾਧੀ; ਕਿਸੇ ਚੀਜ਼ ਦੇ ਰੂਪ ਦਾ ਨਿਰਣੇ ਤੋਂ ਬਿਨਾਂ ਹੀ ਧਿਆਨ ਵਿਚ ਆਉਣ ਦਾ ਭਾਵ ।
[त.सव्वुर] अर० पु० ध्यान, ख़्याल, कल्पना, सूझ; समाधि; किसी वस्तु के रूप का निश्चय के बिना ही ध्यान में आने का भाव ।

تصوف —[ਤ.ਸੱਵੁਫ਼] ਅਰ. ਪੁ. ਸੂਫ਼ੀ ਹੋਣ ਦਾ ਭਾਵ, ਸੂਫ਼ੀ ਧਰਮ, ਰਹੱਸਵਾਦ ।
[त.सव्वुफ़] अर० पु० सूफ़ी होने का भाव, सूफ़ीवाद, रहस्यवाद ।

تصویر —[ਤ.ਸ-ਵੀਰ] ਅਰ. ਇ. ਮੂਰਤ, ਚਿੱਤਰ, ਫ਼ੋਟੋ; ਅਤੀ ਸੁੰਦਰ ਸ਼ਕਲ ।
[त.स-वीर] अर० स्त्री० मूर्ति, चित्र, फ़ोटो; अति सुन्दर आकृति ।

—تصویر بن جانا —[ਤ.ਸ-ਵੀਰ ਬਣ ਜਾਣਾ] ਮੁਹਾ. ਸੁੰਨ ਹੋ ਜਾਣਾ, ਬੁੱਤ ਬਣ ਜਾਣਾ ।
[त.स-वीर बन जाना] मुहा० सुन्न हो जाना, बुत बन जाना ।

—تصویر کھینچنا [ਤ.ਸ-ਵੀਰ ਖੇਂਚ-ਣਾ] ਕ੍ਰਿ. ਸਕ. ਚਿੱਤਰ ਬਣਾਉਣਾ, ਨਕਸ਼ਾ ਖਿੱਚਣਾ ।
[त.स-वीर खैंच-ना] क्रि० सक० चित्र बनाना, नक्शा खींचना ।

تضاد —[ਤ.ਜ਼ਾੱਦ] ਅਰ. ਪੁ. ਵਿਰੋਧਤਾ; ਇਕ ਅਲੰਕਾਰ ਜਿਸ ਅਨੁਸਾਰ ਵਿਪਰੀਤਾਰਥਕ ਸ਼ਬਦ ਇਕ ਥਾਂ ਲਿਆਂਦੇ ਜਾਂਦੇ ਹਨ ।
[त.ज़ाद] अर० पु० विरोध; एक अलंकार जिस के अनुसार विपरीतार्थक शब्द एक ही स्थान पर लाये जाते हैं ।

تضحیک —[ਤ.ਜ਼-ਹੀਕ] ਅਰ. ਇ. ਮਖ਼ੌਲ ਉਡਾਉਣ ਦਾ ਭਾਵ; ਬੇਇੱਜ਼ਤੀ, ਅਪਮਾਨ ।
[त.ज़-हीक] अर० स्त्री० मज़ाक़ उड़ाने का भाव; बेइज़्ज़ती, अपमान ।

تضرع —[ਤ.ਜ਼ੱਰੁ.ਅ] ਅਰ. ਪੁ. ਗਿੜਗਿੜਾਉਣ ਦੀ ਕ੍ਰਿਆ ਜਾਂ ਭਾਵ, ਮਿੰਨਤ, ਖ਼ੁਸ਼ਾਮਦ ।
[त.ज़र्रु.अ] अर० पु० गिड़गिड़ाने की क्रिया अथवा भाव, मिन्नत, ख़ुशामद ।

تضمین —[ਤ.ਜ਼-ਮੀਨ] ਅਰ. ਪੁ. ਕਿਸੇ ਨੂੰ ਜ਼ਾਮਿਨ ਬਣਾਉਣ ਦਾ ਭਾਵ; ਕਿਸੇ ਨੂੰ ਆਪਣੀ ਪਨਾਹ ਵਿਚ ਲੈਣ ਦਾ ਭਾਵ; ਕਿਸੇ ਦੇ ਸ਼ਿਅਰ ਜਾਂ ਮਿਸਰੇ ਨੂੰ ਆਪਣੇ ਸ਼ਿਅਰ ਵਿਚ ਵਰਤਣ ਦਾ ਭਾਵ ।
[त.ज़-मीन] अर० पु० किसी को ज़ामिन बनाने का भाव; किसी को शरण में लेने का भाव, किसी के शेअर अथवा पद्यांश को अपनी कविता में प्रयुक्त करने का भाव ।

تضییع —[ਤ.ਜ਼ੀ.ਅ] ਅਰ. ਇ. ਗੁਆਉਣ ਦਾ ਭਾਵ; ਨਸ਼ਟ ਹੋਣ ਦਾ ਭਾਵ ।
[त.ज़ी.अ] अर० स्त्री० व्यर्थ खोने का भाव; नष्ट होने का भाव ।

—تضییع اوقات —[ਤ.ਜ਼ੀ.ਏ ਔ.ਕਾਤ] ਅਰ. ਇ. ਸਮਾਂ ਖੋਣ ਦਾ ਭਾਵ, ਵਕਤ ਗੁਆਉਣ ਦੀ ਕ੍ਰਿਆ ਜਾਂ ਭਾਵ ।
[त.ज़ी.ए औक़ात] अर० स्त्री० समय नष्ट करने का भाव, समय गवाँने की क्रिया अथवा भाव ।

تطابق —[ਤ.ਤਾਬੁ.ਕ] ਅਰ. ਪੁ. ਮੁਤਾਬਕ ਹੋਣ ਦਾ ਭਾਵ, ਸਮਾਨਤਾ, ਬਰਾਬਰੀ ।
[त.ताबुक़] अर० पु० मुताबिक़ होने का भाव, मिलता जुलता होने का भाव, समानता, सदृशता ।

تطاول —[ਤ.ਤਾਵੁਲ] ਅਰ. ਪੁ. ਜ਼ੁਲਮ, ਅਤਿਆਚਾਰ ।
[त.तावुल] अर० पु० ज़ुल्म, अत्याचार ।

تطبیق —[ਤ.ਤ-ਬੀ.ਕ] ਅਰ. ਇ. ਚੀਜ਼ਾਂ ਨੂੰ ਸਾਹਮਣੇ ਰਖ ਕੇ ਮੇਲਣ ਦਾ ਭਾਵ ।
[त.त-बीक़] अर० स्त्री० चीज़ों को सामने रख कर मुताबिक़ करने का भाव ।

تطویل —[ਤ.ਤ-ਵੀਲ] ਅਰ. ਇ. ਲੰਮਾ ਕਰਨ ਦਾ ਭਾਵ ।
[त.त-वील] अर० स्त्री० लम्बा करने का भाव ।

تطہیر —[ਤ.ਤ-ਹੀਰ] ਅਰ. ਇ. ਪਵਿੱਤਰਤਾ, ਸ਼ੁੱਧਤਾ ।
[त.त-हीर] अर० स्त्री० पवित्रता, शुद्धता ।

تظلم —[ਤ.ਜ਼ੱਲੁਮ] ਅਰ. ਪੁ. ਅੱਤਿਆਚਾਰ ਵਿਰੁੱਧ ਸ਼ਿਕਾਇਤ ਕਰਨ ਦਾ ਭਾਵ, ਦੁਹਾਈ ।
[त.ज़ल्लुम] अर० पु० अत्याचार के विरुद्ध शिकायत करने का भाव, दुहाई ।

تعارض —[ਤ.ਆਰੁ.ਜ਼] ਅਰ. ਪੁ. ਝਗੜਾ ।
[त.आरुज़] अर० पु० झगड़ा ।

تعارف —[ਤ.ਆਰੁਫ਼] ਅਰ. ਪੁ. ਵਾਕਫ਼ੀ, ਜਾਣ ਪਛਾਣ ।
[त.आरुफ़] अर० पु० परिचय, जान पहचान ।

تعاقب —[ਤ.ਆ.ਕੁਬ] ਅਰ. ਪੁ. ਪਿੱਛਾ, ਪੈਰਵੀ ।
[त.आक़ुब] अर० पु० पीछा करने का भाव, पैरवी ।

تعال —[ਤ.ਆਲ] ਅਰ. ਵਿ. ਉੱਚਾ ।
[त.आल] अर० वि० ऊँचा ।

—تعال تعال —[ਤ.ਆਲ ਤ.ਆਲ] ਅਰ. ਅਵ. ਆ ਜਾ, ਆ ਜਾ ।

[त'आला त'आला] अर० अव्य० वाह वा, वाह वा।

تعالی اللہ—[ਤ'ਆਲੱਲਾਹ] ਅਰ. ਅਵ. ਹੈਂ! ਵਾਹ ਵਾਹ!

[त'आलल्लाह] अर० अव्य० है! वाह वाह!

تعاون—[ਤ'ਆਵੁਨ] ਅਰ. ਪੁ. ਮਿਲਵਰਤਣ, ਸਹਾਇਤਾ, ਸਹਿਯੋਗ।

[त'आवुन] अर० पु० पारस्परिक सहयोग, एक दूसरे की सहायता करने का भाव, सहयोग।

تعب—[ਤ'ਅਬ] ਅਰ. ਪੁ. ਦੁਖ, ਤਕਲੀਫ਼, ਕਸ਼ਟ।

[त'अब] अर० पु० दुःख, तकलीफ़, कष्ट।

تعبد—[ਤ'ਅੱਬੁਦ] ਅਰ. ਪੁ. ਬੰਦਗੀ ਕਰਨ ਦਾ ਭਾਵ।

[त'अब्बुद] अर० पु० बंदगी, उपासना।

تعبیر—[ਤ'ਅ-ਬੀਰ] ਅਰ. ਇ. ਵਰਣਨ; ਸੁਪਨੇ ਦਾ ਕਾਰਣ ਦੱਸਣ ਦਾ ਭਾਵ।

[त'अ-बीर] अर० स्त्री० वर्णन; स्वप्न का कारण बताने का भाव।

تعبیہ—[ਤ'ਅ-ਬਿਯ:] ਅਰ. ਪੁ. ਲੁਕਾਉਣ ਦੀ ਕਿਰਿਆ; ਲੜਾਈ ਲਈ ਤਿਆਰ ਹੋਣ ਦਾ ਭਾਵ; ਪੇਸ਼ਬੰਦੀ ਕਰਨ ਦਾ ਭਾਵ।

[त'अ-बिय:] अर० पु० छिपाने की क्रिया; लड़ाई के लिए तैयार होने का भाव; पेशबंदी करने का भाव।

تعجب—[ਤ'ਅੱਜੁਬ] ਅਰ. ਪੁ. ਅਚੰਭਾ, ਅਸਚਰਜ, ਹੈਰਾਨੀ।

[त'अज्जुब] अर० पु० आश्चर्य, विस्मय, हैरानी।

تعجیل—[ਤ'ਅ-ਜੀਲ] ਅਰ. ਇ. ਛੇਤੀ, ਸ਼ਤਾਬੀ, ਜਲਦੀ।

[त'अ-जील] अर० स्त्री० शीघ्रता, फुरती, जल्दी।

تعداد—[ਤ'ਅ-ਦਾਦ] ਅਰ. ਇ. ਗਿਣਤੀ, ਸੰਖਿਆ।

[त'अ-दाद] अर० स्त्री० गिनती, संख्या।

تعدد—[ਤ'ਅੱਦੁਦ] ਅਰ. ਪੁ. ਬਹੁਤਾਤ।

[त'अद्दुद] अर० पु० आधिक्य, बहुतायत।

تعدد ازدواج—[ਤ'ਅੱਦੁਦੇ ਇਜ਼-ਦਿਵਾਜ] ਅਰ. ਪੁ. ਬਹੁਤ ਸਾਰੀਆਂ ਸ਼ਾਦੀਆਂ ਕਰਨ ਦਾ ਭਾਵ ਜਾਂ ਕ੍ਰਿਆ।

[त'अद्दुदे इज़-दिवाज] अर० पु० बहुत से विवाह करने का भाव अथवा क्रिया।

تعدی—[ਤ'ਅੱਦੀ] ਅਰ. ਇ. ਅਤਿਆਚਾਰ, ਜ਼ੁਲਮ; ਸਕਰਮਕ ਕ੍ਰਿਆ ਬਣਾਉਣ ਦਾ ਭਾਵ।

[त'अद्दी] अर० स्त्री० अत्याचार, जुल्म; सकर्मक क्रिया बनाने का भाव।

تعدیل—[ਤ'ਅ-ਦੀਲ] ਅਰ. ਇ. ਬਰਾਬਰ ਕਰਨ ਦਾ ਭਾਵ, ਇਕ ਪੱਧਰ ਤੇ ਲਿਆਉਣ ਦਾ ਭਾਵ।

[त'अ-दील] अर० स्त्री० बराबर करने का भाव, एक स्तर पर लाने का भाव।

تعدیل ارکان—[ਤ'ਅ-ਦੀਲੇ ਅਰ-ਕਾਨ] ਅਰ. ਇ. (ਫ਼ਿਕਾ) ਨਮਾਜ਼ ਦੇ ਰੁਕਨਾਂ ਦਾ ਹੌਲੀ ਹੌਲੀ ਠੀਕ ਅਦਾ ਕਰਨ ਦਾ ਭਾਵ।

[त'अ-दीले अर-कान] अर० स्त्री० (फ़िक़ा) नमाज़ के रुक्नों को शनैः शनैः ठीक ठीक अदा करने का भाव।

تعدیہ—[ਤ'ਅ-ਦਿਯ:] ਅਰ. ਪੁ. ਅਕਰਮਕ ਕ੍ਰਿਆ ਨੂੰ ਸਕਰਮਕ ਬਣਾਉਣਾ।

[त'अ-दिय:] अर० पु० अकर्मक क्रिया को सकर्मक बनाना।

تعرض—[ਤ'ਅੱਰੁਜ਼] ਅਰ. ਪੁ. ਇਤਰਾਜ਼ ਕਰਨ ਦਾ ਭਾਵ, ਰੁਕਾਵਟ।

[त'अर्रुज़] अर० पु० एतराज़ करने का भाव, रुकावट।

تعریب—[ਤ'ਅ-ਰੀਬ] ਅਰ. ਇ. ਕਿਸੇ ਹੋਰ ਬੋਲੀ ਦੇ ਸ਼ਬਦ ਨੂੰ ਅਰਬੀ ਰੂਪ ਦੇਣ ਦਾ ਭਾਵ।

[त'अ-रीब] अर० स्त्री० किसी अन्य भाषा के शब्द को अरबी रूप देने का भाव।

تعریض—[ਤ'ਅ-ਰੀਜ਼] ਅਰ. ਇ. ਇਸ਼ਾਰਾ।

[त'अ-रीज़] अर० स्त्री० इशारा।

تعریف—[ਤ'ਅ-ਰੀਫ਼] ਅਰ. ਇ. ਪਰੀਚਾ, ਪਛਾਣ; ਪਰਿਭਾਸ਼ਾ; ਵਿਆਖਿਆ, ਤਸ਼ਰੀਹ; ਸ਼ਲਾਘਾ, ਉਸਤਤ।

[त'अ-रीफ़] अर० स्त्री० परिचय, पहचान; परिभाषा; व्याख्या, तशरीह; श्लाघा, प्रशंसा, स्तुति।

تعریف المجہول بالمجہول—[ਤ'ਅ-ਰੀਫ਼ੁਲ-ਮਜ-ਹੂਲ-ਬਿਲ-ਮਜ-ਹੂਲ] ਅਰ. ਇ. ਕਿਸੇ ਅਣਜਾਣੀ ਗਲ ਨੂੰ ਇਉਂ ਦੱਸਣਾ ਕਿ ਕੁਝ ਪੱਲੇ ਨਾ ਪਵੇ।

[त'अ-रीफ़ुल-मज-हूल-बिल-मज-हूल] अर० स्त्री० किसी अज्ञात बातों का इस प्रकार वर्णन करना जिससे उस की कुछ भी समझ न पड़े।

تعزیت—[ਤ'ਅ-ਜ਼ਿਯਤ] ਅਰ. ਇ. ਮਾਤਮ, ਮਾਤਮ ਪੁਰਸੀ।

[त'अ-ज़ियत] अर० स्त्री० मातम पुरसी करने का भाव, मृत व्यक्ति के सम्बन्धियों को सान्त्वना देने की क्रिया।

تعزیر—[ਤ'ਅ-ਜ਼ੀਰ] ਅਰ. ਇ. ਸਜ਼ਾ, ਡੰਡ।

[त'अ-ज़ीर] अर० स्त्री० सज़ा, दण्ड।

تعزیرات ہند—[ਤ'ਅ-ਜ਼ੀਰਾਤੇ ਹਿੰਦ] ਅਰ. ਇ. ਹਿੰਦੁਸਤਾਨ ਦੇ ਫ਼ੌਜਦਾਰੀ ਕਨੂੰਨਾਂ ਦਾ ਸੰਗ੍ਰਹਿ, Indian Penal Code।

[त'अ-ज़ीराते हिंद] अर० स्त्री० भारतीय दण्ड संहिता, Indian Penal Code।

تعزیل—[ਤ'ਅ-ਜ਼ੀਲ] ਅਰ ਇ. ਮੌਕੂਫ਼ ਕਰਨ ਦਾ ਭਾਵ ਜਾਂ ਕ੍ਰਿਆ।

[त'अ-ज़ील] अर० स्त्री० नौकरी से अलग करने का भाव या क्रिया।

تعزیہ—[ਤਅ-ਜ਼ਿਯ:] ਅਰ. ਪੁ. ਮਾਤਮ ਪੁਰਸੀ; ਹਜ਼ਰਤ ਇਮਾਮ ਹਸਨ ਤੇ ਇਮਾਮ ਹੁਸੈਨ ਦਿਆਂ ਮਕਬਰਿਆਂ ਦੀ ਨਕਲ ਜੋ ਮੁਹੱਰਮ ਦੇ ਦਿਨਾਂ ਵਿਚ ਯਾਦਗਾਰ ਦੇ ਤੌਰ ਤੇ ਕਾਗ਼ਜ਼ ਅਤੇ ਬਾਂਸ ਆਦਿ ਦੀ ਬਣਾਈ ਜਾਂਦੀ ਹੈ, ਤਾਜ਼ੀਆ।

[त'अ-ज़ियः] अर० पु० मातम पुरसी; हज़रत इमाम हसन तथा इमाम हुसैन के मकबरों की नकल जो बांस तथा कागज़ों के साथ यादगार के रूप में तैयार की जाती है और जिसका जुलूस मुहर्रम के दिनों में निकलता है, ताज़िया।

—تعزیہ اٹھانا—[ਤਅ-ਜ਼ਿਯ: ਉਠਾਣਾ] ਕ੍ਰਿ. ਸਮਾ. ਤਾਜ਼ੀਏ ਨੂੰ ਇਮਾਮ ਬਾੜੇ ਜਾਂ ਤਾਜ਼ੀਆ ਖ਼ਾਨੇ ਤੋਂ ਗਸ਼ਤ ਕਰਾਉਣ ਜਾਂ ਦਫ਼ਨ ਕਰਨ ਲਈ ਲੈ ਜਾਣਾ।

[त'अ-ज़ियः उठाना] क्रि० सका० ताज़िये को ताज़िया खाने से गश्त करवाने या दफ़नाने के लिए ले जाना।

—تعزیہ ٹھنڈا ہونا—[ਤਅ-ਜ਼ਿਯ: ਠੰਢਾ ਹੋਣਾ] ਮੁਹਾ. ਤਾਜ਼ੀਏ ਦਾ ਦਫ਼ਨਾਇਆ ਜਾਣਾ; ਕਿਸੇ ਮਸ਼ਹੂਰ ਤੇ ਅਮੀਰ ਆਦਮੀ ਦਾ ਮਰਨਾ; ਦਿਵਾਲਾ ਨਿਕਲਣਾ।

[त'अ-ज़ियः ठंडा होना] मुहा० ताज़िये का दफ़नाया जाना; किसी प्रसिद्ध व्यक्ति की मृत्यु हो जाना; दिवाला निकलना।

—تعزیہ دار—[ਤਅ-ਜ਼ਿਯ: ਦਾਰ] ਅਰ. ਫ਼ਾ. ਪੁ. ਵਿ. ਉਹ ਵਿਅਕਤੀ ਜੋ ਤਾਜ਼ੀਆ ਕੱਢੇ; ਸੋਗਵਾਰ, ਮਾਤਮੀ।

[त'अ-ज़ियः दार] अर० फ़ा० पु० वि० वह व्यक्ति जो ताज़िया निकाले; शोकग्रस्त, शोकाकुल।

—تعزیہ داری—[ਤਅ-ਜ਼ਿਯ: ਦਾਰੀ] ਅਰ. ਫ਼ਾ. ਇ. ਤਾਜ਼ੀਆ ਬਣਾਉਣ ਜਾਂ ਤਾਜ਼ੀਆ ਕੱਢਣ ਦੀ ਕ੍ਰਿਆ; ਸੋਗਵਾਰੀ।

[त'अ-ज़ियः दारी] अर० फ़ा० स्त्री० ताज़िया बनाने या निकालने की क्रिया; मातम करने का भाव।

تعشق—[ਤਅੱਸ਼ੁਕ] ਅਰ. ਪੁ. ਇਸ਼ਕ ਬਾਜ਼ੀ; ਚਾਹ, ਪਿਆਰ; ਪ੍ਰੇਮ, ਇੱਛਾ।

[त'अश्शुक़] अर० पु० प्रेम करने का भाव; कामना, प्रेम; रुचि, लालसा।

تعصب—[ਤਅੱਸੁਬ] ਅਰ. ਪੁ. ਕਟੱੜਤਾ, [illegible] ਦਾ ਭਾਵ, ਤਰਫ਼ਦਾਰੀ।

[त'अस्सुब] अर० पु० कट्टरता, धार्मिक पक्षपात, पक्षपात।

—تعصب داری—[ਤਅੱਸੁਬਦਾਰੀ] ਅਰ. ਫ਼ਾ. ਇ. ਕਟੱੜਤਾ, ਮਜ਼੍ਹਬੀ ਤਰਫ਼ਦਾਰੀ।

[त'अस्सुबदारी] अर० फ़ा० स्त्री० कट्टरता, धर्म का पक्षपात।

تعطل—[ਤਅੱਤੁਲ] ਅਰ. ਪੁ. ਬੇਕਾਰ ਕਰਨ ਦਾ ਭਾਵ, ਮੁਅੱਤਲ ਕਰਨ ਦੀ ਕ੍ਰਿਆ।

[त'अत्तुल] अर० पु० बेकार बना देने का भाव, कुछ समय के लिये दण्ड रूप में नौकरी से हटा देने की क्रिया।

تعطیل—[ਤਅ-ਤੀਲ] ਅਰ. ਇ. ਛੁੱਟੀ।

[त'अ-तील] अर० स्त्री० अवकाश, छुट्टी।

تعظیم—[ਤਅ-ਜ਼ੀਮ] ਅਰ. ਇ. ਇੱਜ਼ਤ, ਸਨਮਾਨ, ਸਤਿਕਾਰ।

[त'अ-ज़ीम] अर० स्त्री० इज़्ज़त, सम्मान, सत्कार।

—تعظیم دینا—[ਤਅ-ਜ਼ੀਮ ਦੇਣਾ] ਕ੍ਰਿ. ਸਮਾ. ਮਾਣ ਦੇਣਾ; ਸਲਾਮੀ ਦੇਣਾ।

[त'अ-ज़ीम देना] क्रि० सका० सम्मान देना; सलामी देना।

—تعظیم کرنا—[ਤਅ-ਜ਼ੀਮ ਕਰ-ਨਾ] ਕ੍ਰਿ. ਸਮਾ. ਇੱਜ਼ਤ ਜਾਂ ਸਨਮਾਨ ਕਰਨਾ; ਸਲਾਮੀ ਦੇਣਾ।

[त'अ-ज़ीम कर-ना] क्रि० सका० आदर या सम्मान करना; सलामी देना।

تعفن—[ਤਅੱਫ਼ੁਨ] ਅਰ. ਪੁ. ਸੜ੍ਹਾਂਦ, ਬਦਬੂ।

[त'अफ़्फ़ुन] अर० पु० दुर्गन्ध, बदबू।

تعقیب—[ਤਅ-ਕੀਬ] ਅਰ. ਇ. ਨਮਾਜ਼ ਪੜ੍ਹਨ ਪਿੱਛੋਂ ਵਜ਼ੀਫ਼ੇ ਲਈ ਬੈਠਣ ਦੀ ਕ੍ਰਿਆ; ਅੱਗੇ ਪਿੱਛੇ ਕਰਨ ਦਾ ਭਾਵ।

[त'अ-क़ीब] अर० स्त्री० नमाज़ पढ़ने के पश्चात् वज़ीफ़े के लिए बैठने की क्रिया; आगे पीछे करने का भाव।

تعقید—[ਤਅ-ਕੀਦ] ਅਰ. ਇ. ਗੁੰਝਲ, ਉਲਝਣ।

[त'अ-क़ीद] अर० स्त्री० गुत्थी, उलझन।

تعلق—[ਤਅੱਲੁਕ] ਅਰ. ਪੁ. ਸੰਬੰਧ, ਰਿਸ਼ਤਾ; ਵਾਹ।

[त'अल्लुक़] अर० पु० सम्बन्ध, रिश्ता; वास्ता।

—تعلقہ—[ਤਅੱਲੁਕ:] ਅਰ. ਪੁ. ਜ਼ਿਲ੍ਹਾ; ਜਾਇਦਾਦ, ਜਾਗੀਰ, ਮਲਕੀਅਤ।

[त'अल्लुक़ः] अर० पु० ज़िला; जायदाद, जागीर, बहुत से इलाके की ज़मींदारी।

—تعلقہ داری—[ਤਅੱਲੁਕ:ਦਾਰੀ] ਅਰ. ਫ਼ਾ. ਇ. ਮਿਲਖ਼ੇਦਾਰੀ ਜਾਂ ਜਗੀਰਦਾਰੀ।

[त'अल्लुक़ःदारी] अर० फ़ा० स्त्री० तअल्लुक़ेदारी, जागीरदारी।

تعلم—[ਤਅੱਲੁਮ] ਅਰ. ਪੁ. ਇਲਮ ਪੜ੍ਹਨ ਦਾ ਭਾਵ, ਵਿਦਿਆਰਥੀ ਹੋਣ ਦਾ ਭਾਵ।

[त'अल्लुम] अर० पु० विद्या प्राप्त करने का भाव, विद्यार्थी होने का भाव।

تعلی—[ਤਅੱਲੀ] ਅਰ. ਇ. ਸ਼ੇਖ਼ੀ, ਫੀਂਗ, ਗੱਪ, ਕਪੋਲ।

[त'अल्ली] अर० स्त्री० शेखी, डींग, गप्प, गपोड़ा।

—تعلی کی لینا—[ਤਅੱਲੀ ਦੀ ਲੈਣਾ] ਮੁਹਾ. ਗੱਪ ਛੱਡਣਾ।

[त'अल्ली की लेना] मुहा० गप्प हाँकना, डींग मारना, घमंड की बातचीत करना ।

تعلیق—[ਤ'ਅ-ਲੀ'ਕ] ਅਰ. ਇ. ਲਟਕਾਉਣ ਦਾ ਭਾਵ; ਸੰਬੰਧਤ ਕਰਨ ਦਾ ਭਾਵ ।

[त'अ-लीक़] अर० स्त्री० लटकाने या मिलाने का भाव; सम्बन्धित करने का भाव ।

تعلیقہ—[ਤ'ਅ-ਲੀ'ਕ:] ਅਰ. ਪੁ. ਮਾਲ ਅਸਬਾਬ ਦੀ ਕੁਰਕੀ; ਕੁਰਕ ਹੋਏ ਮਾਲ ਦੀ ਲਿਸਟ ।

[त'अ-लीक़:] अर० पु० माल असबाब की कुर्की; कुर्क हुए माल की सूची ।

تعلیل—[ਤ'ਅ-ਲੀਲ] ਅਰ. ਇ. ਕਾਰਣ ਦੱਸਣ ਦਾ ਭਾਵ; (ਵਿਆਕਰਣ) ਸ੍ਵਰ ਅੱਖਰਾਂ ਦੀ ਤਬਦੀਲੀ ।

[त'अ-लील] अर० स्त्री० कारण बतलाने का भाव; (व्याकरण में) स्वरों का रूप परिवर्तन ।

تعلیم—[ਤ'ਅ-ਲੀਮ] ਅਰ. ਇ. ਸਿੱਖਿਆ, ਵਿਦਿਆ ।

[त'अ-लीम] अर० स्त्री० शिक्षा, विद्या ।

تعلیم پانا—[ਤ'ਅ-ਲੀਮ ਪਾਨਾ] ਕ੍ਰਿ. ਸਮਾ. ਵਿਦਿਆ ਪ੍ਰਾਪਤ ਕਰਨਾ, ਸਿੱਖਿਆ ਹਾਸਲ ਕਰਨਾ ।

[त'अ-लीम पाना] क्रि० समा० शिक्षा प्राप्त करना, शिक्षा लेना ।

تعمق—[ਤ'ਅਮੁੱ'ਕ] ਅਰ. ਪੁ. ਗੌਰ ਕਰਨ ਜਾਂ ਤਹਿ ਤੱਕ ਪਹੁੰਚਣ ਦੀ ਕ੍ਰਿਆ ।

[त'अमुक़] अर० पु० ध्यान देने अथवा गहराई तक पहुँचने की क्रिया ।

تعمیل—[ਤ'ਅ-ਮੀਲ] ਅਰ. ਇ. ਪਾਲਣਾ ਕਰਨ ਦਾ ਭਾਵ, ਪਾਲਣਾ (ਹੁਕਮ ਦੀ) ।

[त'अ-मील] अर० स्त्री० आदेश मानने का भाव, पालन (आज्ञा का) ।

تعمیل معاہدہ—[ਤ'ਅ-ਮੀਲੇ ਮੁ'ਆਹਦ:] ਅਰ. ਇ. ਇਕਰਾਰ ਦੀ ਪਰੀਪਾਲਣਾ ।

[त'अ-मीले मु'आहद:] अर० स्त्री० प्रतिज्ञा का परिपालन ।

تعمیم—[ਤ'ਅ-ਮੀਮ] ਅਰ. ਇ. ਆਮ ਕਰਨ ਦਾ ਭਾਵ ।

[त'अ-मीम] अर० स्त्री० आम करने का भाव ।

تعمیہ—[ਤ'ਅ-ਮੀਯ:] ਅਰ. ਪੁ. ਲੁਕਾਉਣ ਜਾਂ ਛੁਪਾਉਣ ਦੀ ਕ੍ਰਿਆ; ਗੋਰਖ ਧੰਧਾ ।

[त'अ-मिय:] अर० पु० छिपाने की क्रिया; गोरख धन्धा ।

تعویذ—[ਤ'ਅ-ਵੀ'ਜ਼] ਅਰ. ਪੁ. ਤਵੀਤ; ਕਬਰ ਦਾ ਪੱਥਰ ।

[त'अ-वीज़] अर० पु० धातु का चौकोर संपुट जिसमें कोई मन्त्र लिखकर बंद किया होता है, और जिसे तागे में डाल कर गले में पहनते हैं, जन्तर; कबर का पत्थर ।

تعویذ چاٹنا—[ਤ'ਅ-ਵੀ'ਜ਼ ਚਾਟ-ਨਾ] ਕ੍ਰਿ. ਸਮਾ. ਦਿਮਾਗ਼ ਦੀ ਚੇਤੰਨਤਾ ਵਧਾਉਣ ਲਈ ਤਵੀਤ ਲਿਖੇ ਕਾਗ਼ਜ਼ ਨੂੰ ਜੀਭ ਨਾਲ ਚੱਟਣਾ ।

[त'अ-वीज़ चाट-ना] क्रि० समा० मस्तिष्क की शक्ति को बढ़ाने के लिये जन्तर लिखित काग़ज़ को जीभ से चाटना ।

تعویذ و طومار—[ਤ'ਅ-ਵੀ'ਜ਼ੋ-'ਤੂਮਾਰ] ਅਰ. ਫ਼ਾ. ਪੁ. ਜੰਤਰ ਤਵੀਤ, ਜਾਦੂ ਟੂਣਾ ।

[त'अ-वी'ज़ो-'तूमार] अर० फ़ा० पु० जंतर-मंतर, जादू टोना ।

تعویذی گلوری—[ਤ'ਅ-ਵੀ'ਜ਼ੀ ਗਿਲੌਰੀ] ਇ. ਪਾਨ ਦਾ ਚੌਰਸ ਬੀੜਾ ।

[त'अ-वी'ज़ी गिलौरी] स्त्री० पान का चौरस बीड़ा ।

تعویق—[ਤ'ਅ-ਵੀ'ਕ] ਅਰ. ਇ. ਢਿਲ, ਦੇਰ ।

[त'अ-वीक़] अर० स्त्री० विलम्ब, देर ।

تعہد—[ਤ'ਅੱ'ਹੁਦ] ਅਰ. ਪੁ. ਇਕਰਾਰ ਨਾਮਾ, ਐਹਦ ਨਾਮਾ ।

[त'अह्हुद] अर० पु० प्रतिज्ञा पत्र, इकरार नामा ।

تعہد دار—[ਤ'ਅੱਹੁਦ-ਦਾਰ] ਅਰ. ਫ਼ਾ. ਪੁ. ਇਕਰਾਰ ਨਾਮਾ ਰੱਖਣ ਵਾਲਾ, ਪਟੇਦਾਰ ।

[त'अह्हुद-दार] अर० फ़ा० पु० इकरार नामा रखने वाला, पट्टेदार ।

تعیش—[ਤ'ਐਯੁਸ਼] ਅਰ. ਪੁ. ਅਨੰਦ ਮੰਗਲ, ਮੌਜ ਮੇਲਾ ।

[त'ऐयुश] अर० पु० आनन्द मंगल, मौज मेला ।

تعین—[ਤ'ਐੱਯੁਨ] ਅਰ. ਪੁ. ਨਿਯੁਕਤੀ ।

[त'ऐय्युन] अर० पु० नियुक्ति ।

تعینات—[ਤ'ਐਯੁਨਾਤ] ਅਰ. ਪੁ. تعین ਦਾ ਬਹੁ ਵਚਨ, ਤਕੱਰਰੀਆਂ, ਨਿਯੁਕਤੀਆਂ ।

[त'ऐयुनात] अर० पु० تعین का बहुवचन, नियुक्तियाँ ।

تعیناتی—[ਤ'ਐਯੁਨਾਤੀ] ਇ. ਨਿਯੁਕਤੀ, ਤਕੱਰਰੀ ।

[त'ऐयुनाती] स्त्री० नियुक्ति, नौकरी आदि पर लगाने की क्रिया ।

تعین دعویٰ—[ਤ'ਐੱਯੁਨੇ ਦ'ਅ-ਵਾ] ਅਰ. ਪੁ. ਦਾਵੇ ਦੀ ਨਿਯੁਕਤੀ ।

[त'ऐय्युने द'अ-वा] अर० पु० दावे की नियुक्ति ।

تغار—[ਤਗ਼ਾਰ] ਤੁਰ. ਪੁ. ਮਿੱਟੀ ਦਾ ਕੂੰਡਾ, ਉਹ ਟੋਆ ਜੈ ਗਾਰਾ ਜਾਂ ਚੂਨਾ ਤਿਆਰ ਕਰਨ ਲਈ ਬਣਾਉਂਦੇ ਹਨ ।

[तग़ार] तुर्की॰ पु॰ मिट्टी का कूंडा, वह घड़ा जो गारा अथवा चूना भिगोने के लिये बनाते हैं ।

تغاری—[ਤਗ਼ਾਰੀ] ਤੁਰ. ਇ. ਕੂੰਡਾ, ਕੜਾਹੀ, ਕੜ੍ਹਾਈ, ਮਿੱਟੀ ਜਾਂ ਲੋਹੇ ਦਾ ਉਹ ਭਾਂਡਾ ਜਿਸ ਵਿਚ ਖਮੀਰ ਕੀਤਾ ਚੂਨਾ ਰਖਿਆ ਜਾਂਦਾ ਹੈ ।

[तग़ारी] तुर्की॰ स्त्री॰ कूंडा, कड़ाही, मिट्टी अथवा लोहे का वह बड़ा पात्र जिस में खमीर किया चूना आदि रखा जाता है ।

تغافل—[ਤਗ਼ਾਫ਼ੁਲ] ਅਰ. ਪੁ. ਬੇਪਰਵਾਹੀ, ਅਣਗਹਿਲੀ ।

[तग़ाफ़ुल] अर॰ पु॰ ग़फ़लत, उपेक्षा, ध्यान न देने का भाव ।

تغافل شعار—[ਤਗ਼ਾਫ਼ੁਲ ਸ਼ਿਆਰ] ਅਰ. ਵਿ. ਗ਼ਾਫ਼ਲ, ਅਣਗਹਿਲੀ ਕਰਨ ਵਾਲਾ ।

[तग़ाफ़ुल शिआर] अर॰ वि॰ ग़ाफ़िल, ध्यान न देने वाला ।

تغایر—[ਤਗ਼ਾਯੁਰ] ਅਰ. ਪੁ. ਵਿਭਿੰਨਤਾ ।

[तग़ायुर] अर॰ पु॰ विभिन्नता ।

تغذیہ—[ਤਗ਼ਜ਼ੀਯ:] ਅਰ. ਪੁ. ਗ਼ਿਜ਼ਾ ਦੇਣ ਦਾ ਭਾਵ ।

[तग़ज़ियः] अर॰ पु॰ ग़िज़ा अथवा खाद्यवस्तु देने का भाव ।

تغزل—[ਤਗ਼ੱਜ਼ੁਲ] ਅਰ. ਪੁ. ਗ਼ਜ਼ਲ ਲਿਖਣ ਦਾ ਭਾਵ, ਗ਼ਜ਼ਲ ਗੋਈ ।

[तग़ज़्ज़ुल] अर॰ पु॰ ग़ज़ल लिखने का भाव, ग़ज़ल गोई ।

تغلب—[ਤਗ਼ੱਲੁਬ] ਅਰ. ਪੁ. ਗ਼ਲਬਾ, ਕਬਜ਼ਾ, ਗ਼ਸਬ ।

[तग़ल्लुब] अर॰ पु॰ ग़लबा, क़ब्ज़ा, ग़सब ।

تغلیط—[ਤਗ਼ਲੀਤ] ਅਰ. ਇ. ਗ਼ਲਤੀ ਵਿਚ ਪਾਉਣ ਦਾ ਭਾਵ ।

[तग़लीत] अर॰ स्त्री॰ ग़लती में डालने का भाव ।

تغما ، تمغا—[ਤਗ਼ਮਾ, ਤਮਗ਼ਾ] ਤੁਰ. ਪੁ. ਤਮਗ਼ਾ, ਮੈਡਲ; ਮੁਹਰ ।

[तग़मा तमग़ाः] तुर्की॰ पु॰ तमग़ा, पदक, मैडल; मोहर ।

تغمہ—[ਤਗ਼ਮ:] ਤੁਰ. ਪੁ ਤਮਗ਼ਾ, ਮੈਡਲ; ਮੁਹਰ

[तग़मः] तुर्की॰ पु॰ तमग़ा, मैडल, पदक; मोहर ।

تغمہ بٹھانا—[ਤਗ਼ਮ: ਬਿਠਾਨਾ] ਮੁਹਾ. ਸਿੱਕਾ ਬਿਠਾਉਣਾ, ਰੋਹਬ ਬਿਠਾਉਣਾ ।

[तग़मः बिठाना] मुहा॰ सिक्का बिठाना, रोब जमाना ।

تغیر—[ਤਗ਼ੱਯੁਰ] ਅਰ. ਪੁ. ਤਬਦੀਲੀ, ਵਟਾਂਦਰੀ, ਪਰਿਵਰਤਨ ।

[तग़य्युर] अर॰ पु॰ तब्दीली, बहुत बड़ा परिवर्तन ।

تغیرات ہر سالہ—[ਤਗ਼ੱਯੁਰਾਤੇ ਹਰ ਸਾਲ:] ਅਰ. ਫ਼ਾ. ਪੁ. ਇਕ ਕਿਤਾਬ ਜੋ ਤਹਿਸੀਲਦਾਰਾਂ ਦੇ ਕੋਲ ਰਹਿੰਦੀ ਹੈ ਤੇ ਇਸ ਵਿਚ ਹਰ ਸਾਲ ਕੀਆਂ ਅਦਲਾ ਬਦਲੀਆਂ (ਜਿਵੇਂ ਨੰਬਰਾਂ ਦਾ ਦਾਖ਼ਲ ਖ਼ਾਰਜ ਆਦਿ) ਦਰਜ ਕੀਤੀਆਂ ਜਾਂਦੀਆਂ ਹਨ ।

[तग़य्युराते हर सालः] अर॰ फ़ा॰ पु॰ एक पुस्तक जो तहसीलदारों के पास रहती है और उस में प्रति वर्ष की अदल बदल (जैसे कि नम्बरों का दाख़िल ख़ारिज आदि) दर्ज की जाती है ।

تغییر—[ਤਗ਼-ਈਰ] ਅਰ. ਇ. ਬਦਲਣ ਦਾ ਭਾਵ, ਤਬਦੀਲੀ ।

[तग़-ईर] अर॰ स्त्री॰ बदलने का भाव, परिवर्तन ।

تف—[ਤਫ਼] ਫ਼ਾ. ਪੁ. ਭਾਪ, ਧੂਆਂ; ਗਰਮੀ ।

[तफ़] फ़ा॰ पु॰ भाप, धुआं; गरमी ।

تف—[ਤੁਫ਼] ਅਰ. ਪੁ. ਇ. ਅਵ. ਥੁੱਕ; ਲਾਅਨਤ ।

[तुफ़] अर॰ पु॰ स्त्री॰ अव्य॰ थूक; धिक्, धिक्कार, लानत ।

تفاخر—[ਤਫ਼ਾਖ਼ੁਰ] ਅਰ. ਪੁ. ਫ਼ਖ਼ਰ ਜਤਾਉਣ ਦਾ ਭਾਵ, ਡੀਂਗ, ਸ਼ੇਖੀ ।

[तफ़ाख़ुर] अर॰ पु॰ अभिमान जताने का भाव, डींग मारने का भाव, शेख़ी मारने का भाव ।

تفاریق—[ਤਫ਼ਾਰੀਕ਼] ਅਰ. ਇ. تفریق ਦਾ ਬਹੁ ਵਚਨ, ਜੁਦਾਈਆਂ; ਵਕਫ਼ੇ; ਕਿਸਤਾਂ ।

[तफ़ारीक़] अर॰ स्त्री॰ تفریق का बहुवचन, जुदाइयाँ; अन्तर; किस्तें ।

تفاسیر—[ਤਫ਼ਾਸੀਰ] ਅਰ. ਇ. ਤਫ਼ਸੀਰਾਂ, ਟੀਕੇ ।

[तफ़ासीर] अर॰ स्त्री॰ टीकाएँ विशेषतः क़ुरान की ।

تفاصیل—[ਤਫ਼ਾਸੀਲ] ਅਰ. ਪੁ. ਵਿਆਖਿਆਵਾਂ ।

[तफ़ासील] अर॰ पु॰ ब्योरे, विवरण ।

تفاوت—[ਤਫ਼ਾਵੁਤ] ਅਰ. ਪੁ. ਅੰਤਰ, ਫ਼ਰਕ; ਜੁਦਾਈ ।

[तफ़ावुत] अर॰ पु॰ अन्तर, भेद; जुदाई ।

تفاؤل—[ਤਫ਼ਾਊਲ] ਅਰ ਪੁ. ਸ਼ਗਨ ਵਿਚਾਰ ।

[तफ़ाउल] अर॰ पु॰ शकुन विचार ।

تفتہ—[ਤਫ਼-ਤ:] ਫ਼ਾ. ਇ. ਜਲਿਆ ਭੁੰਨਿਆ, ਤਪਿਆ ਹੋਇਆ ।

[तफ़्तः] फ़ा॰ वि॰ जला भुना, तपा हुआ, झुलसा हुआ ।

تفتہ جگر—[ਤਫ਼-ਤ: ਜਿਗਰ] ਫ਼ਾ. ਵਿ ਭੁੱਜੇ ਕਲੇਜੇ ਵਾਲਾ, ਆਸ਼ਿਕ ।

[तफ़्तः जिगर] फ़ा॰ वि॰ दिल जला, आशिक़ ।

تفتیش—[ਤਫ਼-ਤੀਸ਼] ਅਰ. ਇ. ਖੋਜ, ਛਾਣਬੀਣ, ਜਾਂਚ ਪੜਤਾਲ ।

[तफ़्तीश] अर॰ स्त्री॰ अनुसंधान, छानबीन, जांच पड़ताल ।

تفحص—[ਤਫ਼-ਹੁੱਸ] ਅਰ. ਪੁ. ਤਫ਼ਤੀਸ਼, ਖੋਜ, ਛਾਣਬੀਣ ।

[तफ़-हुस्स] अर॰ पु॰ अन्वेषण, खोज, छानबीन ।

تفرج—[ਤਫ਼ੱਰੁਜ] ਅਰ. ਪੁ. ਸੈਰ, ਸੈਲ ।

[तफ़र्रुज] अर॰ पु॰ सैर, पर्यटन, भ्रमण ।

تفرد—[ਤਫ਼ੱਰੁਦ] ਅਰ. ਪੁ. ਇਕਾਂਤ, ਇਕੱਲ।

[तफ़र्रुद] अर० पु० एकांत, अकेला पन।

تفرس—[ਤਫ਼-ਰੁੱਸ] ਅਰ. ਪੁ. ਸਿਆਣਪ; ਤਾੜ ਜਾਣ ਦੀ ਕਿਰਿਆ, ਭਾਂਪ ਜਾਣ ਦੀ ਕ੍ਰਿਆ; ਕਿਆਫ਼ਾ ਸ਼ਨਾਸੀ।

[तफ़-र्रुसः] अर० पु० बुद्धिमत्ता; ताड़ जाने की क्रिया, भांप जाने की क्रिया; चेहरा देख कर ही सब कुछ जान जाने की क्रिया।

تفرقہ—[ਤਫ਼-ਰਿ-ਕ਼ਾ] ਅਰ. ਪੁ. ਅੰਤਰ, ਫ਼ਰਕ, ਫੁੱਟ; ਅਲਹਿਦਗੀ।

[तफ़-रिक़ः] अर० पु० अन्तर, फ़र्क़, फूट; पृथकता, जुदाई।

تفرقہ ڈالنا—[ਤਫ਼-ਰਿ-ਕ਼ਾ ਡਾਲ-ਨਾ] ਕ੍ਰਿ. ਸਮਾ. ਫ਼ਰਕ ਪਾਉਣਾ, ਫੁੱਟ ਪਾਉਣਾ, ਅਣਬਣ ਪੈਦਾ ਕਰਨਾ।

[तफ़-रिक़ः डाल-ना] क्रि० समा० फ़र्क़ डालना, फूट डालना, अनबन पैदा करना।

تفرنج—[ਤਫ਼ਰੰਜ] ਅਰ. ਪੁ. ਫ਼ਰੰਗੀ ਹੋਣ ਦਾ ਭਾਵ।

[तफ़रंज] अर० पु० फ़िरंगी होने का भाव।

تفریح—[ਤਫ਼-ਰੀ-ਹ] ਅਰ. ਇ. ਖ਼ੁਸ਼ੀ; ਆਰਾਮ; ਦਿਲ ਲਗੀ; ਹਾਸੀ; ਹਵਾਖੋਰੀ, ਸੈਰ; ਤਾਜ਼ਗੀ; (ਸਕੂਲ) ਅੱਧੀ ਛੁੱਟੀ, ਰੀਸੈਸ।

[तफ़-रीह] अर० स्त्री० ख़ुशी; आराम; दिल्लगी; हँसी; हवाख़ोरी, सैर; ताज़गी; (स्कूल) मध्यावकाश, रीसेस।

تفریحاً—[ਤਫ਼-ਰੀ-ਹਨ] ਅਰ. ਕ੍ਰਿ. ਵਿ. ਹਾਸੀ ਨਾਲ, ਦਿਲ ਲਗੀ ਦੇ ਤੌਰ ਤੇ।

[तफ़-रीहन] अर० क्रि० वि० हँसी में, दिल्लगी के तौर पर।

تفریح طبع—[ਤਫ਼-ਰੀਹੇ ਤਬ-ਅ] ਅਰ. ਪੁ. ਦਿਲ ਪਰਚਾਵਾ, ਹਾਸੀ, ਠੱਠਾ।

[तफ़-रीहे तब-अ] अर० पु० मन बहलाव, मनोरंजन, हँसी, ठट्ठा।

تفریس—[ਤਫ਼-ਰੀਸ] ਅਰ. ਇ. ਕਿਸੇ ਹੋਰ ਬੋਲੀ ਦੇ ਸ਼ਬਦ ਨੂੰ ਫ਼ਾਰਸੀ ਰੂਪ ਦੇਣ ਦੀ ਕ੍ਰਿਆ ਜਾਂ ਭਾਵ।

[तफ़-रीस] अर० स्त्री० किसी अन्य भाषा के शब्द को फ़ारसी रूप दे देने की क्रिया या भाव।

تفریط—[ਤਫ਼-ਰੀਤ] ਅਰ. ਇ. ਕਮੀ, ਘਾਟਾ।

[तफ़-रीत] अर० स्त्री० कमी, घाटा।

تفریق—[ਤਫ਼-ਰੀਕ਼] ਅਰ. ਇ. ਫ਼ਰਕ ਕਰਨਾ; (ਗਣਿਤ ਵਿਚ) ਘਟਾਉਣਾ; ਅੰਤਰ।

[तफ़-रीक़] अर० स्त्री० फ़र्क़ करना; (गणित में) घटाने की क्रिया, व्यवकलन; अन्तर।

تفریق نامہ—[ਤਫ਼-ਰੀਕ਼ ਨਾਮਾ] ਅਰ. ਫ਼ਾ. ਪੁ. ਉਹ ਲਿਖਤ ਜਿਸ ਵਿਚ ਹਰੇਕ ਧਿਰ ਦੇ ਹਿੱਸੇ ਦਰਜ ਹੁੰਦੇ ਹਨ; ਉਹ ਇਕਰਾਰਨਾਮਾ ਜੋ ਉਹਨਾਂ ਹਿੱਸਿਆਂ ਦਾ ਫ਼ੈਸਲਾ ਕਰ ਦੇਵੇ ਜਿਨ੍ਹਾਂ ਦਾ ਵੱਖੋ ਵੱਖ ਵਿਅਕਤੀਆਂ ਨੇ ਦਾਵਾ ਕੀਤਾ ਹੋਵੇ।

[तफ़-रीक़ नामः] अर० फ़ा० पु० वह लिखित जिस में प्रत्येक पक्ष के भाग अंकित होते हैं; वह इकरार नामा जो उन भागों का निर्णय कर दे जिन का भिन्न भिन्न व्यक्तियों ने दावा किया हो।

تفسیدہ—[ਤਫ਼-ਸੀਦਾ] ਫ਼ਾ. ਵਿ. ਬਹੁਤ ਤੱਤਾ; ਜਲਿਆ ਹੋਇਆ।

[तफ़-सीदः] फ़ा० वि० बहुत गरम; जला हुआ, दग्ध।

تفسیر—[ਤਫ਼-ਸੀਰ] ਅਰ. ਇ. ਟੀਕਾ (ਕੁਰਾਨ ਦਾ)।

[तफ़-सीर] अर० स्त्री० टीका (कुरान की)।

تفصیل—[ਤਫ਼-ਸੀਲ] ਅਰ. ਇ. ਵਿਸਥਾਰ, ਵਿਆਖਿਆ; ਵਿਆਖਿਆ ਸੂਚੀ, ਫ਼ਰਦ; ਵੇਰਵਾ।

[तफ़-सील] अर० स्त्री० विस्तार, व्याख्या; सूची; ब्योरा, विवरण।

تفضیل—[ਤਫ਼-ਜ਼ੀਲ] ਅਰ. ਇ. ਪਹਿਲ ਜਾਂ ਵਡਿਆਈ ਦੇਣ ਦਾ ਭਾਵ।

[तफ़-ज़ील] अर० स्त्री० श्रेष्ठ मानने अथवा बड़ा समझने का भाव।

تفضیل بعض—[ਤਫ਼-ਜ਼ੀਲੇ ਬ-ਅ-ਜ਼] ਅਰ. ਇ. (ਵਿਆਕਰਣ) ਵਿਸ਼ੇਸ਼ਣ ਦੀ ਉੱਤਰ ਅਵਸਥਾ।

[तफ़-ज़ीले ब-अ-ज़] अर० स्त्री० (व्याकरण में) विशेषण की उत्तरावस्था।

تفضیل کل—[ਤਫ਼-ਜ਼ੀਲੇ ਕੁਲ] ਅਰ. ਇ. (ਵਿਆਕਰਣ) ਵਿਸ਼ੇਸ਼ਣ ਦੀ ਉੱਤਮ ਅਵਸਥਾ।

[तफ़-ज़ीले कुल] अर० स्त्री० (व्याकरण में) विशेषण की उत्तमावस्था।

تفضیل نفسی—[ਤਫ਼-ਜ਼ੀਲੇ ਨਫ਼-ਸੀ] ਅਰ. ਇ. (ਵਿਆਕਰਣ) ਵਿਸ਼ੇਸ਼ਣ ਦੀ ਮੂਲ ਅਵਸਥਾ।

[तफ़-ज़ीले नफ़-सी] अर० स्त्री० (व्याकरण में) विशेषण की मूलावस्था।

تفقد—[ਤਫ਼ੱਕੁਦ] ਅਰ. ਪੁ. ਮਿਹਰਬਾਨੀ, ਕਿਰਪਾ।

[तफ़क़्क़ुद] अर० पु० अनुग्रह, कृपा।

تفقہ—[ਤਫ਼ੱਕੁਹ] ਅਰ. ਪੁ. ਫ਼ਿਕਾ (ਮੁਸਲਮਾਨਾਂ ਦਾ ਧਰਮ ਸ਼ਾਸਤਰ) ਦਾ ਗਿਆਨ।

[तफ़क़्क़ुह] अर० पु० फ़िक़्ह (मुसलमानों का धर्म शास्त्र) का ज्ञान।

تفکر—[ਤਫ਼ੱਕੁਰ] ਅਰ. ਪੁ. ਸੋਚ ਵਿਚਾਰ, ਚਿੰਤਾ, ਫ਼ਿਕਰ।

[तफ़क्कुर] अर० पु० सोच विचार, चिन्ता, फ़िक्र।

تفکہ—[ਤਫ਼ੱਕੁਹ] ਅਰ. ਪੁ. ਮੇਵਾ ਖਾਣ ਦਾ ਭਾਵ; ਸੁਆਦ; ਹੈਰਾਨੀ; ਸ਼ਰਮਿੰਦਗੀ; ਤੋਬਾ ।

[तफ़क्कुह] अर० पु० मेवा खाने का भाव; मज़ा, स्वाद; हैरानी; लज्जा; तौबा ।

تفنگ—[ਤੁਫ਼ੰਗ] ਫ਼ਾ. ਇ. ਤੋਪ, ਬੰਦੂਕ; ਐਸਾ ਨੜਾ ਜਿਸ ਵਿਚ ਮਿੱਟੀ ਜਾਂ ਆਟੇ ਆਦਿ ਦੀਆਂ ਗੋਲੀਆਂ ਜਾਂ ਛੋਟਾ ਜਿਹਾ ਤੀਰ ਪਾ ਕੇ ਫੂਕ ਮਾਰ ਕੇ ਜ਼ੋਰ ਨਾਲ ਚਲਾਉਂਦੇ ਹਨ ।

[तुफ़ंग] फ़ा० स्त्री० बन्दूक, तोप; एक प्रकार का खोखला नड़ जिस में मिट्टी अथवा आटे की गोलियां या छोटा सा तीर डाल कर और फिर फूँक मार कर उसे ज़ोर से चलाते हैं ।

تفنن—[ਤਫ਼ੱਨੁਨ] ਅਰ. ਪੁ. ਰੰਗ ਬਰੰਗੀ ਹੋਣ ਦਾ ਭਾਵ; ਚੁਹਲ, ਦਿਲਲਗੀ; ਮਜ਼ਾਕ ।

[तफ़न्नुन] अर० पु० भिन्न भिन्न रंग के होने का भाव; ठट्ठा, दिल्लगी, मनोरंजन ।

تفنن طبع—[ਤਫ਼ੱਨੁਨੇ ਤ਼ਬ-ਅ] ਅਰ. ਪੁ. ਦਿਲਲਗੀ, ਚੁਹਲ, ਮਜ਼ਾਕ ।

[तफ़न्नुने तब-अ] अर० पु० दिल्लगी, ठट्ठा, मनो-विनोद ।

تفوق—[ਤਫ਼ੱਵੁਕ਼] ਅਰ. ਪੁ. ਪਰਧਾਨਤਾ ਹੋਣ ਦਾ ਭਾਵ; ਹੋਰਾਂ ਨਾਲੋਂ ਚੰਗਾ ਮੰਨਣ ਦਾ ਭਾਵ, ਵਡਿਆਈ, ਪਹਿਲ ।

[तफ़व्वुक़] अर० पु० प्रधानता देने का भाव, औरों से अच्छा मानने का भाव, बड़ाई, प्राथमिकता ।

تفویض—[ਤਫ਼-ਵੀਜ਼] ਅਰ. ਇ. ਸਪੁਰਦਗੀ, ਹਵਾਲੇ ਕਰਨ ਦਾ ਭਾਵ ।

[तफ़-वीज़] अर० स्त्री० सुपुर्दगी, सौंपने का भाव ।

تفہم—[ਤਫ਼ੱਹੁਮ] ਅਰ. ਪੁ. ਸਮਝ, ਸੂਝ ।

[तफ़ह्हुम] अर० पु० समझ, सूझ ।

تفہیم—[ਤਫ਼-ਹੀਮ] ਅਰ. ਇ. ਸਮਝਾਉਣ ਦੀ ਕ੍ਰਿਆ ।

[तफ़-हीम] अर० स्त्री० समझाने की क्रिया ।

تقابل—[ਤ਼ਕ਼ਾਬੁਲ] ਅਰ. ਪੁ. ਮੁਕਾਬਲਾ, ਟਾਕਰਾ ।

[तक़ाबुल] अर० पु० मुक़ाबिला, सामना ।

تقارب—[ਤ਼ਕ਼ਾਰੁਬ] ਅਰ. ਪੁ. ਪਿੰਗਲ ਦੀ ਇਕ ਬਹਿਰ ਦਾ ਨਾਂ ।

[तक़ारुब] अर० पु० पिंगल के एक छन्द का नाम ।

تقاریب—[ਤ਼ਕ਼ਾਰੀਬ] ਅਰ. ਪੁ. ਇ. تقریب ਦਾ ਬਹੁਵਚਨ, ਉਤਸਵ ।

[तक़ारीब] अर० पु० स्त्री० تقریب का बहुवचन, उत्सव ।

تقاریر—[ਤ਼ਕ਼ਾਰੀਰ] ਅਰ. ਪੁ. ਇ. تقریر ਦਾ ਬਹੁ ਵਚਨ, ਵਿਆਖਿਆਨ, ਭਾਸ਼ਣ ।

[तक़ारीर] अर० पु० स्त्री० تقریر का बहुवचन, व्याख्यान, भाषण ।

تقاضا—[ਤ਼ਕ਼ਾਜ਼ਾ] ਅਰ. ਪੁ. ਤਕਾਜ਼ਾ; ਮੰਗ; ਤਾਕੀਦ, ਚੇਤਾਵਨੀ; ਕਨੂੰਨ ਵਿਚ ਦਾਵੇ ਦੀ ਮੰਗ ।

[तक़ाज़ा] अर० पु० मुतालबा; माँग; ताकीद, चेतावनी; क़ानून में दावे की माँग ।

تقاضائے سن—[ਤ਼ਕ਼ਾਜ਼ਾਏ ਸਿੰਨ] ਅਰ. ਕ੍ਰਿ. ਵਿ. ਉਮਰ ਅਨੁਸਾਰ, ਉਮਰ ਕਾਰਣ ।

[तक़ाज़ाए सिन्न] अर० क्रि० वि० अवस्था के अनुसार, आयु के कारण ।

تقاضائے عمر—[ਤ਼ਕ਼ਾਜ਼ਾਏ ਉਮ-ਰ] ਅਰ. ਕ੍ਰਿ. ਵਿ. ਉਮਰ ਅਨੁਸਾਰ, ਉਮਰ ਕਾਰਣ ।

[तक़ाज़ाए उम-र] अर० क्रि० वि० अवस्था के अनुसार, आयु के कारण ।

تقاضائے وقت—[ਤ਼ਕ਼ਾਜ਼ਾਏ ਵਕ਼-ਤ] ਅਰ. ਪੁ. ਕ੍ਰਿ. ਵਿ. ਸਮੇਂ ਦੀ ਮੰਗ; ਮੌਕੇ ਮੁਤਾਬਕ ।

[तक़ाज़ाए वक़्-त] अर० पु० क्रि० वि० समय की माँग; अवस्थानुसार ।

تقاطر—[ਤ਼ਕ਼ਾਤੁਰ] ਅਰ. ਪੁ. ਕਿਣਮਿਣ, ਬੂੰਦਾ ਬਾਂਦੀ, ਤੁਪਕਾ ਤੁਪਕਾ ਟਪਕਣ ਦਾ ਭਾਵ, ਫੁਹਾਰ ।

[तक़ातुर] अर० पु० झींसी, बूँदाबाँदी, टुपका टुपका टपकने का भाव, फुहार ।

تقاطع—[ਤ਼ਕ਼ਾਤੁਅ] ਅਰ. ਪੁ. ਇਕ ਦੂਜੇ ਤੋਂ ਵਖਰੇ ਵਖਰੇ ਹੋਣ ਦਾ ਭਾਵ ।

[तक़ातुअ] अर० पु० एक दूसरे से कटे हुए होने का भाव ।

تقاوی—[ਤ਼ਕ਼ਾਵੀ] ਅਰ. ਇ. ਤਕਾਵੀ, ਉਹ ਰੁਪਿਆ ਜੋ ਸਰਕਾਰ ਵਲੋਂ ਕਿਰਸਾਣਾਂ ਨੂੰ ਖੇਤੀ ਲਈ ਬੀ, ਬਲਦ ਆਦਿ ਖਰੀਦਣ ਹਿਤ ਸਹਾਇਤਾ ਦੇ ਤੌਰ ਤੇ ਕਰਜ਼ ਦਿੱਤਾ ਜਾਂਦਾ ਹੈ ।

[तक़ावी] अर० स्त्री० वह धन जो किसानों को खेती के लिये बीज, बैल आदि खरीदने के लिए सहायता के तौर पर क़र्ज़ के रूप में दिया जाता है ।

تقاویم—[ਤ਼ਕ਼ਾਵੀਮ] ਅਰ. ਪੁ. ਇ. تقویم ਦਾ ਬਹੁ ਵਚਨ, ਜੰਤਰੀਆਂ, ਕੁੰਡਲੀਆਂ, ਪਤਰੇ ।

[तक़ावीम] अर० पु० स्त्री० تقویم का बहुवचन, ज्योतिषियों के पंचांग, जन्तरियां ।

تقبیل—[ਤ਼ਕ਼-ਬੀਲ] ਅਰ. ਇ. ਚੁੰਮਣ ਦਾ ਭਾਵ ਜਾਂ ਕ੍ਰਿਆ ।

[तक़-बील] अर० स्त्री० चूमने का भाव अथवा क्रिया ।

تقدس—[ਤ਼ਕ਼ੱਦੁਸ] ਅਰ. ਪੁ. ਪਵਿੱਤਰ ਹੋਣ ਦਾ ਭਾਵ, ਪਵਿੱਤਰਤਾ ।

[तक़द्दुस] अर० पु० पवित्र होने का भाव, पवित्रता ।

تقدم—[ਤ.ਕੱਦੁਮ] ਅਰ. ਪੁ. ਅਗੇ ਵਧਣ ਦੀ ਕ੍ਰਿਆ ।
[तक़द्दुम] अर० पु० आगे बढ़ने की क्रिया ।

تقدير—[ਤ.ਕ-ਦੀਰ] ਅਰ. ਇ. ਭਾਗ, ਕਰਮ, ਕਿਸਮਤ, ਨਸੀਬ, ਲੇਖ ।
[तक़-दीर] अर० स्त्री० भाग्य, प्रारब्ध, क़िस्मत, नसीब, दैव ।

—تقدير آزمانا—[ਤ.ਕ-ਦੀਰ ਆਜ਼-ਮਾ-ਨਾ] ਕ੍ਰਿ. ਸਮਾ. ਕਿਸਮਤ ਅਜ਼ਮਾਉਣਾ, ਕਿਸਮਤ ਦੇ ਭਰੋਸੇ ਕੰਮ ਕਰਨਾ ।
[तक़-दीर आज़-माना] क्रि० समा० भाग्य परखना, क़िस्मत आज़माना, भाग्य के भरोसे पर काम करना ।

—تقدير اُلٹنا—[ਤ.ਕ-ਦੀਰ ਉਲਟ-ਨਾ] ਮੁਹਾ. ਕਿਸਮਤ ਦਾ ਉਲਟਾ ਹੋ ਜਾਣਾ, ਨਸੀਬ ਫਿਰਨਾ, ਬਦਕਿਸਮਤੀ ਆ ਜਾਣਾ, ਭਾਗ ਵਿਗੜਨਾ ।
[तक़-दीर उलट-ना] मुहा० भाग्य विपरीत होना, भाग्य फिर जाना, बद क़िस्मती आ जाना, दुर्भाग्य ग्रस्त होना ।

—تقدير بگڑنا—[ਤ.ਕਦੀਰ ਬਿਗੜ-ਨਾ] ਮੁਹਾ. ਕਿਸਮਤ ਵਿਗੜਨਾ, ਨਸੀਬ ਫਿਰਨਾ, ਬਦਕਿਸਮਤੀ ਆ ਜਾਣਾ ।
[तक़दीर बिगड़-ना] मुहा० भाग्य फिर जाना, नसीब फिरना, बद क़िस्मती आ जाना ।

—تقدير پلٹنا—[ਤ.ਕਦੀਰ ਪਲਟ-ਨਾ] ਮੁਹਾ. ਕਿਸਮਤ ਦਾ ਉਲਟਾ ਹੋ ਜਾਣਾ, ਨਸੀਬ ਫਿਰਨਾ, ਕਿਸਮਤ ਵਿਗੜਨਾ ।
[तक़दीर पलट-ना] मुहा० भाग्य विपरीत होना, भाग्य फिर जाना, बद क़िस्मती आ जाना ।

—تقدير پھرنا—[ਤ.ਕ-ਦੀਰ ਫਿਰ-ਨਾ] ਕ੍ਰਿ. ਸਮਾ. ਕਿਸਮਤ ਉਲਟਣਾ, ਭਾਗ ਬਦਲਣਾ, ਨਸੀਬ ਫਿਰਨਾ, ਚੰਗੇ ਦਿਨ ਆ ਜਾਣਾ ।
[तक़-दीर फिर-ना] क्रि० समा० भाग्य उलटना, भाग्य बदलना, भाग्योदय होना, अच्छे दिन आना ।

—تقدير پھوٹ جانا—[ਤ.ਕ-ਦੀਰ ਫੁਟ ਜਾਣਾ] ਮੁਹਾ. ਕਿਸਮਤ ਵਿਗੜ ਜਾਣਾ, ਨਸੀਬ ਵਿਗੜਨਾ; ਬੁਰੀ ਥਾਂ ਵਿਆਹ ਹੋਣਾ ।
[तक़-दीर फूट जाना] मुहा० भाग्य बिगड़ जाना, बुरे दिन आना; बुरी जगह विवाह होना ।

—تقدير جاگنا—[ਤ.ਕਦੀਰ ਜਾਗ-ਨਾ] ਕ੍ਰਿ. ਸਮਾ. ਚੰਗੇ ਦਿਨ ਆਉਣਾ, ਭਾਗ ਜਾਗਣਾ ।
[तक़-दीर जाग-ना] क्रि० समा० अच्छे दिन आना, भाग्य उदय होना ।

—تقدير چمکنا—[ਤ.ਕ-ਦੀਰ ਚਮਕ-ਨਾ] ਕ੍ਰਿ. ਸਮਾ. ਚੰਗੇ ਦਿਨ ਆਉਣਾ, ਵਿਕਾਸ ਹੋਣਾ ।
[तक़-दीर चमक-ना] क्रि० समा० अच्छे दिन आना, भाग्य उदय होना ।

—تقدير کا بدا—[ਤ.ਕ-ਦੀਰ ਕਾ ਬਦਾ] ਪੁ. ਕਿਸਮਤ ਦਾ ਲਿਖਿਆ ।
[तक़-दीर का बदा] पु० भाग्य का लिखा ।

—تقدير کا بل—[ਤ.ਕ-ਦੀਰ ਕਾ ਬਲ] ਪੁ. ਕਿਸਮਤ ਦਾ ਫੇਰ ।
[तक़-दीर का बल] पु० भाग्य का फेर ।

—تقدير کا پلٹا کھانا—[ਤ.ਕ-ਦੀਰ ਕਾ ਪਲ-ਟਾ ਖਾਣਾ] ਮੁਹਾ. ਬੁਰੇ ਦਿਨ ਆਉਣਾ, ਨਸੀਬ ਬਦਲਣਾ ।
[तक़-दीर का पल-टा खाना] मुहा० बुरे दिन आना, नसीब बदलना ।

—تقدير کا سو جانا—[ਤ.ਕ-ਦੀਰ ਕਾ ਸੋ ਜਾਣਾ] ਮੁਹਾ. ਬਦਕਿਸਮਤੀ ਦੇ ਦਿਨ ਸ਼ੁਰੂ ਹੋ ਜਾਣਾ, ਬੁਰੇ ਦਿਨ ਆਉਣਾ ।
[तक़-दीर का सो जाना] मुहा० बद क़िस्मती के दिन शुरू होना, बुरे दिन आना ।

—تقدير کا لکھا—[ਤ.ਕ-ਦੀਰ ਕਾ ਲਿਖਾ] ਪੁ. ਭਾਗ, ਕਰਮ, ਲੇਖ, ਬਿਧਿ ਮਾਤਾ ਦੇ ਲੇਖ ।
[तक़-दीर का लिखा] पु० भाग्य, दैव, प्रारब्ध, भाग्य का लिखा, मस्तक का लिखा ।

—تقدير کا ہیٹا—[ਤ.ਕ-ਦੀਰ ਕਾ ਹੇਟਾ] ਪੁ. ਵਿ. ਬੇਨਸੀਬ, ਅਭਾਗਾ ।
[तक़-दीर का हेटा] पु० वि० बदनसीब, अभागा ।

—تقدير کے آگے تدبير نہیں چلتی—[ਤ.ਕ-ਦੀਰ ਕੇ ਆਗੇ ਤਦ-ਬੀਰ ਨਹੀਂ ਚਲ-ਤੀ] ਅਖੌ. ਜੋ ਕੁਝ ਹੋਣਾ ਹੁੰਦਾ ਹੈ ਹੋ ਕੇ ਰਹਿੰਦਾ ਹੈ, ਭਾਗਾਂ ਵਿਚ ਲਿਖਿਆ ਹੋ ਕੇ ਰਹਿੰਦਾ ਹੈ ।
[तक़-दीर के आगे तद-बीर नहीं चल-ती] लोको० जो कुछ होना होता है, हो कर रहता है, कर्म गति टारे न टरे ।

—تقدير لڑنا—[ਤ.ਕ-ਦੀਰ ਲੜ-ਨਾ] ਮੁਹਾ. ਕਿਸਮਤ ਦਾ ਮੁਆਫ਼ਕ ਹੋਣਾ, ਭਾਗ ਚੰਗਾ ਹੋਣਾ ।
[तक़-दीर लड़-ना] मुहा० भाग्य का अनुकूल होना अथवा अच्छा होना ।

—تقديری—[ਤ.ਕ-ਦੀਰੀ] ਅਰ. ਫ਼ਾ. ਵਿ. ਕਿਸਮਤ ਸਬੰਧੀ ।
[तक़-दीरी] अर० फ़ा० वि० भाग्य सम्बन्धी ।

—تقديری امر—[ਤ.ਕ-ਦੀਰੀ ਅਮ-ਰ] ਅਰ. ਪੁ. ਹੋਣੀ, ਭਾਵੀ, ਭਾਵੀ ।
[तक़-दीरी अम-र] अर० पु० होनहार, होने वाली बात, भवितव्यता ।

تقديس—[ਤ.ਕ-ਦੀਸ] ਅਰ. ਇ. ਪਵਿੱਤਰਤਾ ।
[तक़-दीस] अर० स्त्री० पवित्रता ।

تقديم—[ਤ.ਕ-ਦੀਮ] ਅਰ. ਇ. ਪਹਿਲ; ਪੇਸ਼ ਕਰਨ ਦੀ ਕ੍ਰਿਆ ।
[तक़-दीम] अर० स्त्री० पहल; पेश करने की क्रिया ।

تقرب—[ਤ਼ਕ਼ੱਰੁਬ] ਅਰ. ਪੁ. ਨੇੜ।
[तक़र्रुब] अर० पु० सामीप्य।

تقرر—[ਤ਼ਕ਼ੱਰੁਰ] ਅਰ. ਪੁ. ਨਿਯੁਕਤੀ।
[तक़र्रुर] अर० पु० नियुक्ति।

تقریب—[ਤ਼ਕ਼-ਰੀਬ] ਅਰ. ਇ. ਉਤਸਵ; ਰਸਮ, ਰੀਤਿ; ਨੇੜ।
[तक़-रीब] अर० स्त्री० उत्सव, रसम, रीति; सामीप्य।

تقریبا—[ਤ਼ਕ਼-ਰੀਬਨ] ਅਰ. ਕ੍ਰਿ. ਵਿ. ਲਗਭਗ।
[तक़-रीबन] अर० क्रि० वि० लगभग।

تقریر—[ਤ਼ਕ਼-ਰੀਰ] ਅਰ. ਇ. ਵਿਆਖਿਆਨ, ਭਾਸ਼ਨ।
[तक़-रीर] अर० स्त्री० व्याख्यान, भाषण।

—تقریری—[ਤ਼ਕ਼-ਰੀਰੀ] ਅਰ. ਫ਼ਾ. ਵਿ. ਜ਼ਬਾਨੀ।
[तक़-रीरी] अर० फ़ा० वि० ज़बानी।

تقریظ—[ਤ਼ਕ਼-ਰੀਜ਼] ਅਰ. ਇ. ਆਲੋਚਨਾ, ਸਮਾਲੋਚਨਾ, ਆਪਣੇ ਸਾਥੀ ਦੀ ਉਪਮਾ।
—جان بچی لاکھوں پائے—[ਜਾਨ ਬਚੀ ਲਾਖੋਂ ਪਾਏ] ਅਖੌ. ਜੀਉਂਦੇ ਰਹਿਣਾ ਹੀ ਸਭ ਤੋਂ ਵੱਡੀ ਦੌਲਤ ਹੈ।

[जान बची लाखों पाए] लोको० जीते रहना ही सब से बड़ी दौलत है।

—جاں بحق تسلیم ہونا—[ਜਾਨ ਬ-ਹ:ਕ ਤਸ-ਲੀਮ ਹੋਨਾ] ਮੁਹਾ. ਮਰ ਜਾਣਾ।

[जान ब हक़ तस-लीम होना] मुहा० मर जाना

—جان بخشی—[ਜਾਨ ਬਖ਼ਸ਼ੀ] ਫ਼ਾ. ਇ. ਜਾਨ ਬਖ਼ਸ਼ਣ ਦਾ ਭਾਵ, ਮੁਆਫ਼ੀ, ਛੁਟਕਾਰਾ ।
[जान बख़्शी] फ़ा॰ स्त्री॰ जीता छोड़ देने का भाव, क्षमादान, छुटकारा ।

—جاں بر ہونا—[ਜਾਂ ਬਰ ਹੋਣਾ] ਮੁਹਾ. ਬਚ ਜਾਣਾ ।
[जाँ बर होना] मुहा॰ बच जाना ।

—جاں بہ لب—[ਜਾਂ-ਬ:-ਲਬ] ਫ਼ਾ. ਕ੍ਰਿ. ਵਿ. ਮਰਨ ਕਿਨਾਰੇ ।
[जाँ-ब:-लब] फ़ा॰ क्रि॰ वि॰ मरणासन्न, मौत के किनारे ।

—جان پر بننا—[ਜਾਨ ਪਰ ਬਨ-ਨਾ] ਮੁਹਾ. ਜਾਨ ਖ਼ਤਰੇ ਵਿਚ ਹੋਣਾ ।
[जान पर बन-ना] मुहा॰ प्राण संकट में होना ।

—جان پر کھیلنا—[ਜਾਨ ਪਰ ਖੇਲ-ਨਾ] ਮੁਹਾ. ਜਾਨ ਜੋਖ਼ਮ ਵਿਚ ਪਾਉਣਾ ।
[जान पर खेल-ना] मुहा॰ प्राण संकट में डालना ।

—جان پر نوبت آنا—[ਜਾਨ ਪਰ ਨੌਬਤ ਆਨਾ] ਮੁਹਾ. ਬੜੀ ਆਫ਼ਤ ਵਿਚ ਫਸਣਾ ।
[जान पर नौबत आना] मुहा॰ घोर संकट में पड़ना ।

—جان پڑنا—[ਜਾਨ ਪੜ-ਨਾ] ਕ੍ਰਿ. ਸਮਾ. ਕਿਸੇ ਚੀਜ਼ ਵਿਚ ਰੂਹ ਪੈਦਾ ਹੋਣਾ; ਖ਼ੁਸ਼ ਹੋਣਾ; ਤਾਜ਼ਾ ਹੋਣਾ ।
[जान पड़-ना] क्रि॰ समा॰ किसी वस्तु में जीवन आ जाना; प्रसन्न होना; ताज़ा होना ।

—جان تصدق کرنا—[ਜਾਨ ਤਸੱਦੁਕ ਕਰ-ਨਾ] ਕ੍ਰਿ. ਸਮਾ. ਜਾਨ ਵਾਰਨਾ ।
[जान तसद्दुक़ कर-ना] क्रि॰ समा॰ प्राण न्योछावर करना ।

—جان توڑ کر—[ਜਾਨ ਤੋੜ ਕਰ] ਕ੍ਰਿ. ਵਿ. ਬੜੀ ਮਿਹਨਤ ਨਾਲ, ਪੂਰੀ ਤਨਦੇਹੀ ਨਾਲ ।
[जान तोड़ कर] क्रि॰ वि॰ बड़ी मेहनत से, पूरी तनदेही से ।

—جان جوکھوں—[ਜਾਨ ਜੋਖੋਂ] ਇ. ਜਾਨੀ ਤੇ ਮਾਲੀ ਖ਼ਤਰਾ ।
[जान जोखों] स्त्री॰ जानी और माली ख़तरा ।

—جان چرانا—[ਜਾਨ ਚੁਰਾਨਾ] ਮੁਹਾ. ਜੀ ਚੁਰਾਉਣਾ, ਬਚਣਾ ।
[जान चुराना] मुहा॰ जी चुराना, बचना ।

—جان چھڑکنا—[ਜਾਨ ਛਿੜਕ-ਨਾ] ਮੁਹਾ. ਜਾਨ ਵਾਰਨਾ, ਜਾਨ ਕੁਰਬਾਨ ਕਰਨਾ; ਆਸ਼ਕ ਹੋਣਾ ।
[जान छिड़क-ना] मुहा॰ जान वारना, प्राण न्योछावर करना; आशिक़ होना, आसक्त होना ।

—جاندار—[ਜਾਨਦਾਰ] ਫ਼ਾ. ਵਿ. ਜਾਨ ਰੱਖਣ ਵਾਲਾ, ਜਿਊਂਦਾ; ਤਾਜ਼ਾ, ਤਕੜਾ ।
[जानदार] फ़ा॰ वि॰ सप्राण, सजीव, जीवित; शक्तिशाली, बलवान् ।

—جان دو بھر ہونا—[ਜਾਨ ਦੂਭਰ ਹੋਣਾ] ਮੁਹਾ. ਜੀਊਣਾ ਔਖਾ ਹੋਣਾ; ਦੁਖੀ ਹੋਣਾ, ਜਾਨ ਮੁਸੀਬਤ 'ਚ ਫਸੀ ਹੋਣਾ ।
[जान दूभर होना] मुहा॰ जीना मुश्किल होना; दुखी होना, प्राण संकट में होना ।

—جان دینا—[ਜਾਨ ਦੇਣਾ] ਮੁਹਾ. ਮਰਨਾ; ਜਾਨ ਕੁਰਬਾਨ ਕਰਨਾ; ਜੀਊਂਦਾ ਕਰਨਾ ।
[जान देना] मुहा॰ मरना; प्राणों की बलि देना; जीवित करना ।

—جان سی نکلنے لگنا—[ਜਾਨ ਸੀ ਨਿਕਲ-ਨੇ ਲਗ-ਨਾ] ਮੁਹਾ. ਜਾਨ ਟੁਟਣਾ, ਬੜੀ ਕਸ਼ਟ ਪਹੁੰਚਣਾ ।
[जान सी निकल-ने लग-ना] मुहा॰ प्राणान्तक कष्ट होना, बहुत कष्ट पाना ।

—جان سے جانا - جان سے گزرنا—[ਜਾਨ ਸੇ ਜਾਣਾ, ਜਾਨ ਸੇ ਗੁਜ਼ਰ-ਨਾ] ਮੁਹਾ. ਮਰ ਜਾਣਾ ।
[जान से जाना, जान से गुज़र-ना] मुहा॰ मर जाना ।

—جان سے مارنا—[ਜਾਨ ਸੇ ਮਾਰ-ਨਾ] ਮੁਹਾ. ਮਾਰ ਸੁਟਣਾ, ਕਤਲ ਕਰ ਦੇਣਾ, ਜਾਨੋਂ ਮੁਕਾ ਦੇਣਾ ।
[जान से मार-ना] मुहा॰ मार डालना, क़त्ल कर देना, प्राण हर लेना ।

—جان سے ہاتھ دھو بیٹھنا—[ਜਾਨ ਸੇ ਹਾਥ ਧੋ ਬੈਠ-ਨਾ] ਮੁਹਾ. ਜਾਨੋਂ ਹੱਥ ਧੋ ਬਹਿਣਾ, ਜ਼ਿੰਦਗੀ ਤੋਂ ਬੇ ਆਸ ਹੋਣਾ, ਮਰਨ ਲਈ ਤਿਆਰ ਹੋਣਾ ।
[जान से हाथ धो बैठ-ना] मुहा॰ प्राणों से हाथ धो बैठना, जीने की आशा न रहना, मरने के लिए तैयार होना ।

—جان فرسا—[ਜਾਨ ਫ਼ਰ-ਸਾ] ਫ਼ਾ. ਵਿ. ਜਾਨ ਨੂੰ ਘਟਾਉਣ ਵਾਲਾ, ਖ਼ੌਫ਼ਨਾਕ ।
[जान फ़र-सा] फ़ा॰ वि॰ जीवन घटाने वाला, ख़ौफ़नाक ।

—جاں فشانی کرنا—[ਜਾਂ ਫ਼ਿਸ਼ਾਨੀ ਕਰ-ਨਾ] ਮੁਹਾ. ਜਾਨ ਛਿੜਕਣਾ, ਜੀਵਨ ਵਾਰਨਾ; ਜਾਨ ਤੋੜ ਕੇ ਮਿਹਨਤ ਕਰਨਾ ।
[जाँ फ़िशानी कर-ना] मुहा॰ प्राण न्योछावर करना, ज़िन्दगी वारना; कड़ा परिश्रम करना ।

—جان کا بیری - یا گاہک یا لیوا—[ਜਾਨ ਕਾ ਵੈਰੀ ਯਾ ਗਾਹਕ ਯਾ ਲੇਵਾ] ਵਿ. ਜਾਨੀ ਦੁਸ਼ਮਣ, ਪੱਕਾ ਵੈਰੀ ।
[जान का बैरी या ग्राहक या लेवा] वि॰ जानी दुश्मन, पक्का शत्रु ।

—جان لینا—[ਜਾਨ ਲੇਨਾ] ਕ੍ਰਿ. ਸਮਾ. ਜਾਣ ਲੈਣਾ, ਮਾਲੂਮ ਕਰ ਲੈਣਾ, ਪਛਾਣ ਲੈਣਾ ।

[जान लेना] क्रि० सका० जान लेना, मालूम कर लेना।

—جان من—[ਜਾਨੇ ਮਨ] ਫ਼ਾ. ਪੁ. ਮੇਰੀ ਜਾਨ, ਮੇਰੇ ਪਿਆਰੇ।
[जाने मन] फ़ा० पु० मेरी जान, मेरे प्यारे।

—جان میں جان آنا—[ਜਾਨ ਮੇਂ ਜਾਨ ਆਨਾ] ਮੁਹਾ. ਖ਼ਤਰਾ ਟਲ ਜਾਣ ਤੇ ਬੇਫ਼ਿਕਰ ਹੋਣਾ।
[जान में जान आना] मुहा० संकट बीत जाने पर निश्चिन्त होना।

—جان نثار—[ਜਾਨ ਨਿਸਾਰ] ਫ਼ਾ. ਪੁ. ਜਾਨ ਕੁਰਬਾਨ ਕਰਨ ਵਾਲਾ, ਜਾਨ ਵਾਰਨ ਵਾਲਾ, ਜਾਨ ਬਾਜ਼।
[जान निसार] फ़ा० पु० प्राणों की बलि देने वाला, प्राणों पर खेल जाने वाला, जानबाज़।

—جان نثاری—[ਜਾਨ ਨਿਸਾਰੀ] ਫ਼ਾ. ਇ. ਜਾਨ ਵਾਰਨ ਦਾ ਭਾਵ, ਜਾਨ ਕੁਰਬਾਨ ਕਰਨ ਦਾ ਭਾਵ।
[जान निसारी] फ़ा० स्त्री० जान वारने का भाव, प्राण न्योछावर करने का भाव।

—جان نکلنا—[ਜਾਨ ਨਿਕਲ-ਨਾ] ਮੁਹਾ. ਦਮ ਨਿਕਲਣਾ, ਮਰਨਾ, ਪਰਾਣ ਖ਼ੁਸ਼ਕ ਹੋਣੇ।
[जान निकल-ना] मुहा० दम निकलना, मरना, प्राण सूखना।

—جانور—[ਜਾਨ-ਵਰ] ਫ਼ਾ. ਪੁ. ਜਨੌਰ, ਡੰਗਰ, ਪਸ਼ੂ, ਪਸ਼ੂ ਪੰਛੀ; ਕੀੜਾ ਮਕੌੜਾ; ਘੋੜਾ; ਅਹਿਮਕ।
[जान-वर] फ़ा० पु० हैवान, चौपाया, पशु, पशु पंछी; कीड़ा-मकोड़ा; घोड़ा; मूर्ख।

—جان ہار—[ਜਾਨ ਹਾਰ] ਵਿ. ਜਾਨ ਦੇਣ ਨੂੰ ਤਿਆਰ; ਬੜਾ ਸ਼ਰਾਰਤੀ; ਬੜਾ ਬਹਾਦੁਰ ਤੇ ਸਿਆਣਾ।
[जान हार] वि० प्राण देने को कटिबद्ध; बहुत शरारती; शूरवीर और समझदार।

—جان ہلکان کرنا—[ਜਾਨ ਹਲ-ਕਾਨ ਕਰ-ਨਾ] ਮੁਹਾ. ਤੰਗ ਕਰਨਾ; ਦੁਖ ਦੇਣਾ; ਹਲਾਕ ਕਰਨਾ।
[जान हल-कान कर-ना] मुहा० तंग करना; दुःख देना; मार देना।

—جان ہے تو جہان ہے—[ਜਾਨ ਹੈ ਤੋ ਜਹਾਨ ਹੈ] ਅਖੌ. ਜੀ ਜਾਣ ਜਹਾਨ, ਜ਼ਿੰਦਗੀ ਨਾਲ ਹੀ ਦੁਨੀਆਂ ਦੇ ਰੰਗ ਤਮਾਸ਼ੇ ਮੁਬਾਰਕ ਹੁੰਦੇ ਹਨ।
[जान है तो जहान है] लोको० जिन्दगी है तो सब कुछ है, संसार का आनन्द जीते जी ही है।

جانا—[ਜਾਨਾ] ਕ੍ਰਿ. ਅਕ. ਜਾਣਾ, ਚਲਿਆ ਜਾਣਾ, ਕੂਚ ਕਰਨਾ; ਮਰਨਾ; ਅਲੱਗ ਹੋਣਾ; ਪਹੁੰਚਣਾ; ਦੂਰ ਹੋਣਾ; ਬਰਬਾਦ ਹੋਣਾ।
[जाना] क्रि० अक० गमन करना, चले जाना, कूच करना; मरना; अलग होना; पहुँचना; दूर होना; बरबाद होना।

—جا بھڑنا—[ਜਾ ਭਿੜ-ਨਾ] ਮੁਹਾ. ਟਾਕਰੇ ਤੇ ਆਉਣਾ, ਟਾਕਰਾ ਕਰਨਾ; ਟੱਕਰ ਖਾਣਾ; ਟਾਕਰੇ ਦਾ ਹੋਣਾ।
[जा भिड़-ना] मुहा० सामना करना, सामना करने के लिये आना; टकराना; मुकाबले का होना।

—جاتا رہنا—[ਜਾਤਾ ਰਹਿ-ਨਾ] ਮੁਹਾ. ਗਰਭਪਾਤ ਹੋ ਜਾਣਾ; ਜਾਂਦਾ ਰਹਿਣਾ; ਖੋਇਆ ਜਾਣਾ।
[जाता रह-ना] मुहा० गर्भपात होना; गुम हो जाना; खो जाना।

—جانے دینا—[ਜਾਨੇ ਦੇਨਾ] ਕ੍ਰਿ. ਸਕ. ਜਾਣ ਦੇਣਾ, ਨਾ ਰੋਕਣਾ; ਮੁਆਫ਼ ਕਰਨਾ।
[जाने देना] क्रि० सका० न रोकना; क्षमा करना।

—جائے لاکھ رہے ساکھ—[ਜਾਏ ਲਾਖ ਰਹੇ ਸਾਖ] ਅਖੌ. ਭਾਵੇਂ ਲੱਖਾਂ ਦਾ ਨੁਕਸਾਨ ਹੋ ਜਾਵੇ ਪਰ ਸਾਖ ਬਣੀ ਰਹਿਣੀ ਚਾਹੀਦੀ ਹੈ।
[जाए लाख रहे साख] लोको० चाहे लाखों की हानि हो जाए किन्तु साख बनी रहनी चाहिए।

جاناں—[ਜਾਨਾਂ] ਫ਼ਾ. ਪੁ. ਪ੍ਰੇਮੀ, ਪਿਆਰਾ, ਪ੍ਰੇਮਿਕਾ, ਪ੍ਰੇਮ ਪਾਤਰ, ਮਾਸ਼ੂਕ।
[जानां] फ़ा० पु० प्रेमी, प्रियतम, प्रेमिका, प्रेम-पात्र, माशूक।

جانب—[ਜਾਨਿਬ] ਅਰ. ਇ. ਪਾਸਾ, ਤਰਫ਼, ਰੁਖ਼।
[जानिब] अर० स्त्री० दिशा, ओर, तरफ़।

—جانب دار—[ਜਾਨਿਬ-ਦਾਰ] ਅਰ. ਫ਼ਾ. ਪੁ. ਤਰਫ਼ਦਾਰ, ਹਮਾਇਤੀ, ਪੱਖ ਦਾ।
[जानिब-दार] अर० फ़ा० पु० तरफ़दार, पक्षपाती, पक्ष करने वाला।

—جانب داری—[ਜਾਨਿਬ ਦਾਰੀ] ਅਰ. ਫ਼ਾ. ਇ. ਤਰਫ਼ਦਾਰੀ, ਹਿਮਾਇਤ, ਪੱਖਪਾਤ।
[जानिब दारी] अर० फ़ा० स्त्री० तरफ़दारी, हिमायत, पक्षपात।

—جانبداری کرنا—[ਜਾਨਿਬ-ਦਾਰੀ ਕਰ-ਨਾ] ਕ੍ਰਿ. ਸਕ. ਹਿਮਾਇਤ ਕਰਨਾ, ਪੱਖ ਲੈਣਾ।
[जानिब-दारी कर-ना] क्रि० सका० हिमायत करना, पक्षपात करना।

جانبین—[ਜਾਨਿ ਬੈਨ] ਅਰ. ਪੁ. ਦੋਵੇਂ, ਧਿਰਾਂ।
[जानि बैन] अर० पु० दोनों पक्ष।

جانچ—[ਜਾਂਚ] ਇ. ਜਾਂਚ ਪੜਤਾਲ, ਨਿਰਖ, ਅਟਕਲ, ਪੜਤਾਲ, ਪਰਖ।
[जाँच] स्त्री० जाँच पड़ताल, अनुमान, अटकल, पड़ताल, परख।

جانچنا—[ਜਾਂਚ-ਨਾ] ਕ੍ਰਿ. ਸਕ. ਪਰਖਣਾ, ਤੋਲਣਾ, ਤਾੜਨਾ, ਮਲੂਮ ਕਰਨਾ।

[जाँच-ना] क्रि० सक० परखना, तौलना, जाँचना, मालूम करना ।

جانگل—**[ਜਾਂਗਲ]** ਪੁ. ਮੋਰੀਆਂ ਖਾਣ ਵਾਲਾ ਇਕ ਪੰਛੀ; ਤਿੱਤਰ ।

[जांगल] पु० मछलियाँ खाने वाला एक पक्षी; तीतर ।

جانگلو—**[ਜਾਂਗਲੂ]** ਪੁ. ਪੇਂਡੂ, ਉਜੱਡ, ਅਹਿਮਕ ।

[जांगलू] पु० देहाती, गंवार, मूर्ख ।

جانگلی—**[ਜਾਂਗਲੀ]** ਵਿ. ਜੰਗਲੀ; ਜਾਂਗਲੂ, ਪੇਂਡੂ; ਡੰਗਰ ।

[जांगली] वि० जंगली; ग्रामीण, देहाती; पशु ।

جانگھ—**[ਜਾਂਘ]** ਇ. ਪੱਟ ।

[जांघ] स्त्री० जंघा ।

جانگھیا—**[ਜਾਂਘਿਆ]** ਪੁ. ਲੰਗੋਟ, ਕੱਛਾ, ਕੁਮਾਲੀ ।

[जांघिया] पु० लंगोट, कछना, जुरन्ना ।

جاننا—**[ਜਾਣ-ਨਾ]** ਕ੍ਰਿ. ਸਕ. ਜਾਣਨਾ, ਵਾਕਫ਼ ਹੋਣਾ; ਪਛਾਣਨਾ; ਮੰਨਣਾ ।

[जान-ना] क्रि० सक० जानना, परिचित होना; पहचानना; मानना ।

—جانا بوجھا—**[ਜਾਣਾ ਬੁਝਾ]** ਵਿ. ਜਿਸ ਨਾਲ ਚੰਗੀ ਤਰ੍ਹਾਂ ਵਾਕਫ਼ੀ ਹੋਏ ।

[जाना बूझा] वि० भली-भाँति परिचित ।

جانی—**[ਜਾਨੀ]** ਫ਼ਾ. ਵਿ. ਪੁ. ਜਾਨ ਨਾਲ ਸਬੰਧਤ; ਪਿਆਰਾ; ਪ੍ਰੇਮੀ, ਮਾਸ਼ੂਕ ।

[जानी] फ़ा० वि० पु० जान से संबंधित; प्यारा; प्रेमी, माशूक़ ।

—جانی دشمن—**[ਜਾਨੀ ਦੁਸ਼-ਮਨ]** ਫ਼ਾ. ਪੁ. ਪੱਕਾ ਦੁਸ਼ਮਣ ।

[जानी दुश-मन] फ़ा० पु० पक्का शत्रु ।

—جانی دوست—**[ਜਾਨੀ ਦੋਸ-ਤ]** ਫ਼ਾ. ਪੁ. ਦਿਲੀ ਮਿੱਤਰ, ਪਿਆਰਾ ਮਿੱਤਰ ।

[जानी दोस-त] फ़ा० पु० घनिष्ठ मित्र, प्रिय मित्र ।

جاوتری—**[ਜਾਵਤ੍ਰੀ, ਜਾਵਿਤ੍ਰੀ]** ਇ. ਇਕ ਪ੍ਰਸਿੱਧ ਦਵਾਈ ਜੋ ਬੜੀ ਗਰਮ ਹੁੰਦੀ ਹੈ ।

[जावत्री, जावित्री] स्त्री० एक प्रसिद्ध औषध जो बहुत गर्म होती है ।

جاویداں ، جاوداں—**[ਜਾਵੀਦਾਂ, ਜਾਵਿਦਾਂ]** ਫ਼ਾ. ਵਿ. ਹਮੇਸ਼ਾ ਰਹਿਣ ਵਾਲਾ ।

[जावीदाँ, जाविदाँ] फ़ा० वि० सदा रहने वाला ।

جاویدانی - جاودانی—**[ਜਾਵਿਦਾਨੀ, ਜਾਵੀਦਾਨੀ]** ਫ਼ਾ. ਵਿ. ਹਮੇਸ਼ਾ ਰਹਿਣ ਵਾਲਾ ।

[जाविदानी, जावीदानी] फ़ा० वि० सदा रहने वाला ।

جاوید—**[ਜਾਵੀਦ, ਜਾਵੇਦ]** ਫ਼ਾ. ਵਿ. ਹਮੇਸ਼ਾ ਰਹਿਣ ਵਾਲਾ ।

[जावीद, जावेद] फ़ा० वि० सदा रहने वाला ।

جاہ—**[ਜਾਹ]** ਫ਼ਾ. ਪੁ. ਰੁਤਬਾ, ਪਦਵੀ, ਸ਼ਾਨ ।

[जाह] फ़ा० पु० रुतबा, पदवी, शान ।

—جاہ و جلال—**[ਜਾਹੋ ਜਲਾਲ]** ਫ਼ਾ. ਅਰ. ਪੁ. ਰੁਅਬ ਦਾਬ, ਠਾਠ ਬਾਠ ।

[जाहो जलाल] फ़ा० अर० पु० रोब-दाब, ठाठ बाठ ।

—جاہ و حشم—**[ਜਾਹੋ ਹਸ਼-ਮ]** ਫ਼ਾ. ਅਰ. ਪੁ. ਠਾਠ ਬਾਠ; ਲਾਉ ਲਸ਼ਕਰ ।

[जाहो हश-म] फ़ा० अर० पु० ठाठ-बाट, तड़क भड़क; लाव-लश्कर ।

—جاہ و منزلت—**[ਜਾਹੋ ਮਨ-ਜ਼ਿਲਤ]** ਅਰ. ਫ਼ਾ. ਪੁ. ਪਦਵੀ ਤੇ ਮਰਤਬਾ ।

[जाहो मन-ज़िलत] अर० फ़ा० पु० पदवी या प्रतिष्ठा ।

—جاہ و منصب—**[ਜਾਹੋ ਮਨ-ਸਬ]** ਅਰ. ਪੁ. ਪਦਵੀ ਤੇ ਰੁਤਬਾ ।

[जाहो मन-सब] अर० पु० पदवी तथा रुतबा ।

جاہل—**[ਜਾਹਿਲ]** ਅਰ. ਵਿ. ਪੁ. ਮੂਰਖ, ਅਨਪੜ੍ਹ ।

[जाहिल] अर० वि० पु० मूर्ख, अनपढ़, निरक्षर ।

جائداد—**[ਜਾਇਦਾਦ]** ਫ਼ਾ. ਇ. ਮਿਲਖ, ਜਾਇਦਾਦ, ਮਲਕੀਅਤ, ਜਾਗੀਰ ।

[जाइदाद] फ़ा० स्त्री० संपदा, भूसम्पत्ति, जागीर ।

—جائداد آبائی—**[ਜਾਇਦਾਦੇ ਆਬਾਈ]** ਫ਼ਾ. ਅਰ. ਇ. ਬਾਪ ਦਾਦੇ ਦੀ ਜਗੀਰ, ਜੱਦੀ ਜਾਇਦਾਦ ।

[जाइदादे आबाई] फ़ा० अर० स्त्री० पैतृक सम्पत्ति, जद्दी जायदाद ।

—جائداد غیر منقولہ—**[ਜਾਇਦਾਦੇ ਗ਼ੈਰ ਮਨ-ਕ਼ੂਲ:]** ਫ਼ਾ. ਅਰ. ਇ. ਅਚਲ ਜਾਇਦਾਦ, ਜ਼ਮੀਨ, ਮਕਾਨ, ਖੇਤੀ ਆਦਿ ਜਾਇਦਾਦ ਜਿਸ ਨੂੰ ਇਕ ਥਾਂ ਤੋਂ ਦੂਜੀ ਥਾਂ ਨਹੀਂ ਲੈ ਜਾਇਆ ਜਾ ਸਕਦਾ ।

[जाइदादे ग़ैर मन-क़ूलः] फ़ा० अर० स्त्री० अचल सम्पत्ति, भूमि, मकान खेती आदि संपदा जिसे एक स्थान से दूसरे स्थान पर नहीं ले जाया जा सकता ।

—جائداد مکفولہ—**[ਜਾਇਦਾਦੇ ਮਕ-ਫ਼ੂਲ:]** ਫ਼ਾ. ਅਰ. ਇ. ਉਹ ਜਾਇਦਾਦ ਜੋ ਰਹਿਨ ਕਰ ਦਿੱਤੀ ਜਾਵੇ ।

[जाइदादे मक-फ़ूल] फ़ा० अर० स्त्री० रहन रखी हुई सम्पत्ति ।

—جائداد منقولہ—**[ਜਾਇਦਾਦੇ ਮਨ-ਕ਼ੂਲ:]** ਫ਼ਾ. ਅਰ. ਇ. ਚਲ ਜਾਇਦਾਦ, ਉਹ ਮਿਲਖ ਜੋ ਇਕ ਥਾਂ ਤੋਂ ਦੂਜੀ ਥਾਂ ਲੈ ਜਾਈ ਜਾ ਸਕੇ ਜਿਵੇਂ ਟੂੰਬਾਂ, ਰੁਪਏ, ਘੋੜਾ ਗੱਡੀ ਆਦਿ ।

[जाइदादे मन-क़ूलः] फ़ा० अर० स्त्री० चल सम्पत्ति, वह सम्पत्ति जो एक स्थान से दूसरे स्थान पर ले जाई जा सके जैसे गहने, रुपये, घोड़ा गाड़ी आदि ।

جائز—[ਜਾਇਜ਼] ਅਰ. ਵਿ. ਵਾਜਬ, ਠੀਕ, ਮੁਨਾਸਿਬ, ਸਹੀ; ਕਨੂੰਨ ਦੇ ਮੁਤਾਬਕ, ਕਾਇਦੇ ਅਨੁਸਾਰ; ਜੋਗ; ਮਨਜ਼ੂਰੀ ਜੋਗ, ਮੰਨਣ ਜੋਗ।

[जाइज़] अर० वि० उचित, ठीक; उपयुक्त, सही; कानून के अनुसार, यथा: मानने योग्य।

—جائز رکھنا—[ਜਾਇਜ਼ ਰਖ-ਣਾ] ਕ੍ਰਿ. ਸਮਾ. ਮੰਨਣਾ, ਮਨਜ਼ੂਰ ਕਰਨਾ, ਠੀਕ ਖ਼ਿਆਲ ਸਮਝਣਾ।

[जाइज़ रख-ना] क्रि० समा० मानना, स्वीकार करना, ठीक मानना।

—جائز ولی—[ਜਾਇਜ਼ ਵਲੀ] ਅਰ. ਪੁ. ਯਤੀਮਾਂ ਦਾ ਰਾਖਾ।

[जाइज़ वली] अर० पु० अनाथों का रक्षक।

جائزہ—[ਜਾਇਜ਼ਹ] ਅਰ. ਪੁ. ਪੜਤਾਲ, ਜਾਂਚ; ਹਾਜ਼ਰੀ, ਗਿਣਤੀ।

[जाइज़ः] अर० पु० पड़ताल, जाँच, छानबीन; हाज़िरी, गिनती।

—جائزہ دینا—[ਜਾਇਜ਼ਹ ਦੇਣਾ] ਕ੍ਰਿ. ਸਮਾ. ਹਿਸਾਬ ਕਿਤਾਬ ਦੇਣਾ, ਚਾਰਜ ਦੇਣਾ।

[जाइज़ः देना] क्रि० समा० हिसाब-किताब देना, चार्ज देना।

—جائزہ لینا—[ਜਾਇਜ਼ਹ ਲੈਣਾ] ਕ੍ਰਿ. ਸਮਾ. ਪੜਤਾਲ ਕਰਨਾ, ਅਨੁਮਾਨ ਲਾਉਣਾ।

[जाइज़ः लेना] क्रि० समा० पड़ताल करना, अनुमान लगाना।

جائفل—[ਜਾਇਫਲ] ਅਰ. ਪੁ. ਜੈਫਲ, ਲੌਂਗਾਂ ਦਾ ਫਲ।

[जाइफल] अर० पु० जायफल, लौंगों का फल।

جائی—[ਜਾਈ] ਇ. ਪੁਤਰੀ, ਬੇਟੀ।

[जाई] स्त्री० पुत्री, बेटी।

جائسی—[ਜਾਇਸੀ] ਪੁ. ਹਿੰਦੀ ਦੇ ਪਰਸਿੱਧ ਮਹਾਕਾਵਿ 'ਪਦਮਾਵਤ' ਦਾ ਕਰਤਾ ਮਲਿਕ ਮੁਹੰਮਦ ਜਾਇਸੀ।

[जायसी] पु० हिन्दी के प्रसिद्ध महाकाव्य 'पद्मावत' के रचयिता मलिक मुहम्मद जायसी।

جائے—[ਜਾਏ] ਫ਼ਾ. ਇ. ਥਾਂ, ਜਗ੍ਹਾ।

[जाए] फ़ा० स्त्री० स्थान, जगह।

—جائے استاد خالی است—[ਜਾਏ ਉਸ-ਤਾਦ ਖ਼ਾਲੀ ਅਸ-ਤ] ਫ਼ਾ. ਅਖੌ. ਉਸਤਾਦ ਉਸਤਾਦ ਹੀ ਹੈ।

[जाए उस-ताद ख़ाली अस-त] फ़ा० लोको० गुरु गुरु ही रहता है।

—جائے تنگ است و مردماں بسیار—[ਜਾਏ ਤੰਗ ਅਸ-ਤ-ਵ-ਮਰ-ਦੁਮਾਂ ਬਿਸ-ਯਾਰ] ਫ਼ਾ. ਅਖੌ. ਜਦੋਂ ਤੰਗ ਜਗ੍ਹਾ ਵਿਚ ਬਹੁਤ ਸਾਰੇ ਆਦਮੀ ਜਮ੍ਹਾਂ ਹੋਣ ਤਾਂ ਕਹਿੰਦੇ ਹਨ।

[जाए तंग अस-त-व-मर-दुमां बिस-यार] फ़ा० लोको० जब बहुत से व्यक्ति तंग स्थान पर एकत्रित हों तब ऐसा कहते हैं।

—جائے ضرور—[ਜਾਏ ਜ਼ਰੂਰ] ਫ਼ਾ. ਇ. ਟੱਟੀ, ਪਾਖ਼ਾਨਾ।

[जाए ज़रूर] फ़ा० स्त्री० टट्टी, शौचालय।

—جائے ماجرا—[ਜਾਏ ਮਾਜਰਾ] ਫ਼ਾ. ਅਰ. ਇ. ਜਾਏ ਵਕੂਆ, ਜੁਰਮ ਹੋਇਆ ਹੋਣ ਦੀ ਥਾਂ।

[जाए माजरा] फ़ा० अर० स्त्री० वह स्थान जहाँ अपराध हुआ हो।

جائے پھل—[ਜਾਇਫਲ] ਪੁ. ਜੈਫਲ, ਲੌਂਗ ਦੇ ਪੌਦੇ ਦਾ ਫਲ।

[जाइफल] पु० जायफल, लौंग के पौधे का फल।

جایا—[ਜਾਯਾ] ਪੁ. ਜਾਇਆ, ਪੁਤਰ।

[जाया] पु० बेटा, पुत्र।

جب—[ਜਬ] ਅਵ. ਜਿਸ ਸਮੇਂ, ਜਦੋਂ, ਜਬ।

[जब] अव्य० जिस समय, जब।

—جب تلک - جب تک—[ਜਬ ਤਕ, ਜਬ ਤਲੱਕ] ਅਵ. ਜਦੋਂ ਤਕ, ਜਦ ਤੋੜੀ।

[जब तक, जब तलक] अव्य० जिस समय तक।

—جب تک سانس تب تک آس—[ਜਬ ਤਕ ਸਾਂਸ ਤਬ ਤਕ ਆਸ] ਅਖੌ. ਜਦੋਂ ਤਕ ਦਮ ਹੈ ਜੀਉਣ ਦੀ ਆਸ ਬਣੀ ਰਹਿੰਦੀ ਹੈ।

[जब तक साँस तब तक आस] लोको० जब तक दम है जीने की आशा बनी रहती है।

—جب ہی - جبھی—[ਜਭੀ, ਜਬ-ਹੀ] ਅਵ. ਉਸੇ ਸਮੇਂ, ਉਸੇ ਵੇਲੇ।

[जभी, जब-ही] अव्य० उसी समय, उसी वक्त।

جبار—[ਜੱਬਾਰ] ਅਰ. ਵਿ. ਪੁ. ਜਾਬਰ, (ਰਬ) ਡਾਢਾ।

[जब्बार] अर० वि० पु० शक्तिशाली (ईश्वर)।

جبر—[ਜਬ-ਰ] ਅਰ. ਪੁ. ਸਖ਼ਤੀ, ਜ਼ੁਲਮ, ਬੇਰਹਿਮੀ।

[जब-र] अर० पु० कठोरता, अत्याचार, निर्दयता।

—جبراً—[ਜਬ-ਰਨ] ਅਰ. ਕ੍ਰਿ. ਵਿ. ਜ਼ਬਰਦਸਤੀ, ਧਿੰਗੋਜ਼ੋਰੀ।

[जब-रन] अर० क्रि० वि० ज़बरदस्ती, बलपूर्वक।

—جبراً و قہراً—[ਜਬ-ਰਨ-ਵ-ਕ਼ਹ-ਰਨ] ਅਰ. ਕ੍ਰਿ. ਵਿ. ਮਜਬੂਰੀ ਨਾਲ, ਜ਼ਬਰਦਸਤੀ।

[जब-रन-व-क़ह-रन] अर० क्रि० वि० विवशता से, बलपूर्वक, ज़बरदस्ती।

—جبر کرنا—[ਜਬ-ਰ ਕਰ-ਨਾ] ਕ੍ਰਿ. ਸਮਾ. ਸਖ਼ਤੀ ਕਰਨਾ, ਦਬਾਉਣਾ।

[जब-र कर-ना] क्रि० समा० सख़्ती करना, दबाना।

جبر مجرمانہ—[ਜਬ-ਰੇ ਮੁਜ-ਰਿਮਾਨ:] ਅਰ. ਫ਼ਾ. ਪੁ. ਅਜਿਹਾ ਜਬਰ ਜੋ ਅਪਰਾਧ ਹੋਵੇ।

[जब-रे मुज-रिमानः] अर० फ़ा० पु० वह अत्याचार जो अपराध हो।

—جبر نقصان—[ਜਬ-ਰ ਨੁਕ-ਸਾਨ] ਅਰ. ਪੁ. ਤਾਵਾਨ, ਹਾਨੀ ਪੂਰਤੀ।
[जब-र नुक़-सान] अर॰ पु॰ तावान, हानि-पूर्ति।
—جبر و تعدی—[ਜਬ-ਰੋ ਤ-ਅੱਦੀ] ਅਰ. ਇ. ਜ਼ੁਲਮ ਸਿਤਮ, ਅਤਿਆਚਾਰ।
[जब-रो त-अद्दी] अर॰ स्त्री॰ ज़ुल्म, सितम, अत्याचार।
—جبر و مقابلہ—[ਜਬ-ਰੋ ਮੁ-ਕਾਬਲ:] ਅਰ. ਪੁ. ਅਲਜਬਰਾ, ਬੀਜ ਗਣਿਤ।
[जब-रो मुक़ाबल:] अर॰ पु॰ अलजबरा, बीजगणित।
جبرائیل - جبرئیل - جبریل—[ਜਬ-ਰਾਈਲ, ਜਬ-ਰੀਲ, ਜਿਬ-ਰੀਲ] ਇਬ. ਪੁ. ਜਬਰਾਈਲ ਫ਼ਰਿਸ਼ਤਾ।
[जब-राईल, जब-रील, जिब-रील] अर॰ पु॰ जबराईल फ़रिश्ता।
جبروت—[ਜਬਰੂਤ, ਜਬ-ਰੂਤ] ਅਰ. ਇ. ਵਡੱਪਣ; ਗ਼ਰੂਰ; ਰੱਬੀ ਸ਼ਾਨ।
[जबरूत, जब-रूत] अर॰ स्त्री॰ बड़प्पन; अभिमान; ईश्वरीय गौरव।
جبڑا—[ਜਬ-ੜਾ] ਪੁ. ਜਬਾੜ੍ਹਾ।
[जब-ड़ा] पु॰ जबड़ा, कल्ला।
—جبڑا توڑ—[ਜਬ-ੜਾ ਤੋੜ] ਵਿ. ਮੂੰਹ ਤੋੜ, ਮੂੰਹ ਭੰਨ।
[जब-ड़ा तोड़] वि॰ जबड़ा तोड़ने वाला, मुँह-तोड़।
جبل—[ਜਬਲ] ਅਰ. ਪੁ. ਪਹਾੜ।
[जबल] अर॰ पु॰ पर्वत।
جبلت—[ਜਿਬਿੱਲਤ] ਅਰ. ਇ. ਸੁਭਾ, ਖ਼ੋ।
[जिबिल्लत] अर॰ स्त्री॰ स्वभाव, प्रकृति।
جبلی—[ਜਿਬਿੱਲੀ] ਅਰ. ਵਿ. ਸੁਭਾ ਵਿਚ ਰਾਖਵਾਂ, ਪੈਦਾਇਸ਼ੀ।
[जिबिल्ली] अर॰ वि॰ स्वाभाविक; प्राकृतिक, जन्मजात।
جبن—[ਜੁਬ-ਨ, ਜੁਬੁਨ] ਅਰ. ਪੁ. ਬੁਜ਼ਦਿਲੀ, ਕਾਇਰਤਾ।
[जुब-न, जुबुन] अर॰ पु॰ बुज़दिली, कायरता।
جبین—[ਜੁਬਨ] ਅਰ. ਪੁ. ਪਨੀਰ।
[जुबुन] अर॰ पु॰ पनीर।
جبہ—[ਜੁੱਬ:] ਅਰ. ਪੁ. ਚੋਗ਼ਾ, ਇਕ ਪਰਕਾਰ ਦਾ ਲੰਮਾ ਕੋਟ।
[जुब्ब:] अर॰ पु॰ चोग़ा, एक प्रकार का लम्बा कोट।
جبہہ—[ਜਬ-ਹ:] ਅਰ. ਪੁ. ਮੱਥਾ।
[जब-ह:] अर॰ पु॰ माथा।
—جبہہ سا—[ਜਬ-ਹ: ਸਾ] ਅਰ. ਫ਼ਾ. ਵਿ. ਮਿੰਨਤਾਂ ਕਰਨ ਵਾਲਾ, ਮੱਥਾ ਰਗੜਨ ਵਾਲਾ।
[जब-ह: सा] अर॰ फ़ा॰ वि॰ मिन्नतें करने वाला, माथा रगड़ने वाला।
—جبہہ سائی—[ਜਬ-ਹ: ਸਾਈ] ਅਰ. ਫ਼ਾ. ਇ. ਨੱਕ ਰਗੜਨ ਦੀ ਕ੍ਰਿਆ, ਮੱਥਾ ਘਸਾਈ।
[जब-ह: साई] अर॰ फ़ा॰ स्त्री॰ नाक रगड़ने की क्रिया, माथा-घिसाई, अनुनय-विनय।
جبیں—[ਜਬੀਂ] ਫ਼ਾ. ਇ. ਮੱਥਾ।
[जबीं] फ़ा॰ स्त्री॰ माथा।
جپنا—[ਜਪ-ਨਾ] ਕ੍ਰਿ. ਸਕ. ਮਾਲਾ ਫੇਰਨਾ, ਰਟਣਾ, ਜਾਪ ਕਰਨਾ।
[जप-ना] क्रि॰ सक॰ माला फेरना, रटना, जाप करना।
جپی تپی—[ਜਪੀ ਤਪੀ] ਪੁ. ਜਪ ਤਪ ਕਰਨ ਵਾਲਾ, ਭਗਤ, ਤਪਾ।
[जपी तपी] पु॰ जप तप करने वाला, भक्त, तपस्वी।
جتساری - جتا ساری—[ਜਤਾਸਾਰੀ, ਜਤ-ਸਾਰੀ] ਇ. ਉਹ ਗੀਤ ਜੋ ਤੀਵੀਆਂ ਚੱਕੀ ਪੀਂਹਦੇ ਸਮੇਂ ਗਾਉਂਦੀਆਂ ਹਨ।
[जतासारी, जत-सारी] स्त्री॰ वह गीत जो स्त्रियाँ चक्की पीसते समय गाती हैं।
جتانا - جتلانا—[ਜਤਾਣਾ, ਜਤ-ਲਾਣਾ] ਕ੍ਰਿ. ਸਕ. ਦੱਸਣਾ; ਕੰਨ ਖੋਲ੍ਹਣਾ; ਯਾਦ ਕਰਾਉਣਾ।
[जताना, जत-लाना] क्रि॰ सक॰ बताना; सावधान करना; याद कराना।
جتانا—[ਜਿਤਾਣਾ] ਕ੍ਰਿ. ਸਕ. ਜਿਤਾਉਣਾ, ਕਾਮਯਾਬ ਕਰਾਉਣਾ।
[जिताना] क्रि॰ सक॰ विजय दिलाना, सफल बनाना।
جتانا—[ਜੁਤਾਣਾ] ਕ੍ਰਿ. ਪ੍ਰੇ. ਹਲ ਜੁਤਵਾਉਣਾ।
[जुताना] क्रि॰ प्रे॰ हल जुतवाना।
جتاؤ—[ਜੁਤਾਊ] ਵਿ. ਵਾਹੀ ਜੋਗਾ; ਜੋਤਣ ਲਾਇਕ।
[जुताऊ] वि॰ खेती के योग्य; जोतने के योग्य।
جتائی—[ਜੁਤਾਈ] ਇ. ਵਾਹੀ।
[जुताई] स्त्री॰ हल जोतने की क्रिया।
جتن—[ਜਤਨ] ਪੁ. ਉੱਦਮ, ਉਪਾ, ਹੀਲਾ।
[जतन] पु॰ उद्यम, यत्न, उपाय।
جتنا—[ਜਿਤ-ਨਾ] ਵਿ. ਜਿੰਨਾ।
[जित ना] वि॰ जिस क़दर।
—جتنے منہ اتنی ہی باتیں—[ਜਿਤ-ਨੇ ਮੂੰ ਉਤ ਨੀ ਹੀ ਬਾਤੇਂ] ਅਖੌ. ਜਿੰਨੇ ਮੂੰਹ ਉਨੀਆਂ ਗੱਲਾਂ।
[जित-ने मुँह उत-नी ही बातें] लोकोक्ति॰ प्रत्येक मनुष्य के विचार भिन्न होते हैं।
جتنا—[ਜੁਤ-ਨਾ] ਕ੍ਰਿ. ਅਕ. ਹਲ ਜਾਂ ਗੱਡੀ ਵਿਚ ਜੁੜਨਾ; ਲਗਣਾ; ਲੜਨਾ, ਭਿੜਨਾ; ਟਹਿਲ ਕਰਨਾ; ਮਿਹਨਤ ਕਰਨਾ।
[जुत-ना] क्रि॰ अक॰ हल या गाड़ी में जुतना; लगना; लड़ना, भिड़ना; सेवा करना; मेहनत करना।

جتنی—[ਜਤ-ਨੀ] ਵਿ. ਇ. ਜਤਨ ਕਰਨ ਵਾਲੀ, ਮਿਹਨਤੀ; ਚਰਖੇ ਦੀ ਤਕਲੀ, ਉਹ ਰੱਸੀ ਜੋ ਚਰਖੇ ਦੇ ਫਲਹੁਾਂ ਦੇ ਕੰਢੇ ਉੱਤੇ ਮਾਲ੍ਹ ਨੂੰ ਟਿਕਾਉਣ ਲਈ ਬੰਨ੍ਹਦੇ ਹਨ ।

[जत-नी] वि० स्त्री० यत्न करने वाला, परिश्रमी; वह रस्सी या डोरी जो चरखे की पंखड़ियों के किनारों पर माल के टिकाने के लिए बांधी जाती है ।

جتھا—[ਜੱਥਾ] ਪੁ. ਮੰਡਲੀ, ਟੋਲੀ, ਸੰਘ, ਸੰਗਠਨ ।

[जत्था] पु० मण्डली, टोली, समूह, संगठन ।

جتھا باندھنا—[ਜੱਥਾ ਬੰਨ੍ਹ-ਣਾ] ਕ੍ਰਿ. ਸਮਾ. ਜੱਥਾ ਬਣਾਉਣਾ, ਇਕੱਠਾ ਹੋਣਾ ।

[जत्था बांध-ना] क्रि० समा० टोली बनाना, इकट्ठे होना, संगठित होना ।

جتی—[ਜਤੀ] ਪੁ. ਬ੍ਰਹਮਚਾਰੀ, ਅਣਵਿਆਹਿਆ; ਆਪਣੀ ਇਸਤਰੀ ਤੋਂ ਬਿਨਾਂ ਦੂਜੀ ਇਸਤਰੀ ਕੋਲ ਨਾ ਜਾਣ ਵਾਲਾ ਆਦਮੀ; ਸੰਨਿਆਸੀ; ਸੰਤ, ਜਤੀ ਸਤੀ; ਜੋਗੀ ।

[जती] पु० ब्रह्मचारी, अविवाहित व्यक्ति; अपनी पत्नी के अतिरिक्त और किसी के पास न जाने वाला व्यक्ति; सन्यासी, सन्त, यति, योगी ।

جتی ستی—[ਜਤੀ ਸਤੀ] ਪੁ. ਜਤ ਸਤ ਵਾਲਾ, ਤਿਆਗੀ, ਬ੍ਰਹਮਚਾਰੀ ।

[जती सती] पु० यति, त्यागी व्यक्ति, ब्रह्मचारी ।

جٹ—[ਜਟ] ਪੁ. ਪੰਜਾਬ ਦਾ ਜੱਟ ।

[जट] पु० पंजाब का जाट ।

جٹ—[ਜੁਟ] ਪੁ. ਜੋੜਾ, ਜੋੜੀ, ਜੋੜੀਦਾਰ ।

[जुट] पु० जोड़ का व्यक्ति, साथी ।

جٹا ماسی - جٹا ماںسی—[ਜਟਾ ਮਾਸੀ, ਜਟਾ ਮਾਂਸੀ] ਇ. ਸੁੰਬਲ, ਬਾਲਛੜ ।

[जटा मासी, जटा मांसी] स्त्री० सुम्बल, बालछड़ ।

جٹنا—[ਜੁਟ-ਣਾ] ਕ੍ਰਿ. ਅਕ. ਜੁੜਨਾ, ਚਿੰਬੜਨਾ, ਮਿਲਣਾ; ਜੋੜ ਬਣਨਾ ।

[जुट-ना] क्रि० अक० चिपटना, मिलना, लिपटना; योग करना ।

جٹواڑا—[ਜਟ-ਵਾੜਾ] ਪੁ. ਜੱਟਾਂ ਦੇ ਰਹਿਣ ਦੀ ਥਾਂ; ਜੱਟਾਂ ਦਾ ਮਹੱਲਾ; ਜੱਟਾਂ ਦਾ ਇਲਾਕਾ ।

[जट-वारा] पु० जाटों के रहने का स्थान; जाटों का मुहल्ला अथवा इलाका ।

جٹھانی—[ਜਿਠਾਣੀ] ਇ. ਜੇਠ ਦੀ ਵਹੁਟੀ, ਜਿਠਾਣੀ ।

[जिठानी] स्त्री० जेठ की पत्नी ।

جٹی—[ਜੱਟੀ] ਇ. ਜੱਟ ਦੀ ਵਹੁਟੀ ।

[जट्टी] स्त्री० जाटनी; जाट की पत्नी ।

جٹی—[ਜੁੱਟੀ] ਇ. ਗੁੱਟੀ, ਸੁੱਕੇ ਤਮਾਕੂ ਦੀ ਪੂਲੀ; ਰੋਟੀਆਂ ਦੀ ਥਹੀ; ਉੱਪਰ ਥੱਲੇ ਰੱਖੇ ਰੁਪਏ ਜਾਂ ਪੈਸਿਆਂ ਦੀ ਥਹੀ ।

[जुट्टी] स्त्री० सूखे तम्बाकू की गड्डी; रोटियों की परत; ऊपर नीचे, रुपयों या पैसों की परत ।

جثہ—[ਜੁੱਸਾ] ਅਰ. ਪੁ. ਕਾਠੀ, ਜਿਸਮ, ਸਰੀਰ ।

[जुस्सा] अर० पु० काठी, शरीर ।

جچا—[ਜੱਚਾ] ਇ. ਪਰਸੂਤਾ ।

[जच्चा] स्त्री० प्रसूता, बच्चे को जन्म देने वाली स्त्री ।

جچنا—[ਜਚ-ਣਾ] ਕ੍ਰਿ. ਅਕ. ਠੀਕ ਲੱਗਣਾ, ਜੱਚ ਜਾਣਾ ।

[जच-ना] क्रि० अक० ठीक लगना, जँचना ।

جحیم—[ਜ਼ਹੀਮ] ਅਰ. ਪੁ. ਦੋਜ਼ਖ ।

[जहीम] अर० पु० दोजख, नरक ।

جد—[ਜੱਦ] ਅਰ. ਪੁ. ਦਾਦਾ, ਪਿਉ ਦਾ ਪਿਉ, ਬਾਬਾ ।

[जद्द] अर० पु० दादा, पिता का पिता, पितामह ।

جد—[ਜਿੱਦ] ਅਰ. ਇ. ਉੱਦਮ, ਕੋਸ਼ਿਸ਼ ;

[जिद्द] अर० स्त्री० प्रयत्न, कोशिश ।

جدا—[ਜੁਦਾ] ਫ਼ਾ. ਵਿ. ਕ੍ਰਿ. ਵਿ. ਅਲੱਗ; ਅਲਹਿਦਾ, ਵੱਖ ।

[जुदा] फ़ा० वि० क्रि० वि० पृथक; अलग, भिन्न ।

جدا جدا—[ਜੁਦਾ ਜੁਦਾ] ਫ਼ਾ. ਕ੍ਰਿ. ਵਿ. ਅਲੱਗ ਅਲੱਗ, ਅਲਹਿਦਾ ਅਲਹਿਦਾ ।

[जुदा जुदा] फ़ा० क्रि० वि० अलग अलग, पृथक-पृथक ।

جداگانہ—[ਜੁਦਾ ਗਾਨਾ] ਫ਼ਾ. ਵਿ. ਅਲੱਗ, ਵੱਖ ।

[जुदा गानः] फ़ा० वि० पृथक, अलग ।

جدائی—[ਜੁਦਾਈ] ਫ਼ਾ. ਇ. ਅਲਹਿਦਗੀ, ਜੁਦਾਈ, ਵਿਜੋਗ, ਵੱਖ ਹੋਣ ਦਾ ਭਾਵ ।

[जुदाई] फ़ा० स्त्री० पृथकता, वियोग, अलग होने का भाव ।

جدت—[ਜਿੱਦਤ] ਅਰ. ਇ. ਨਵੀਨਤਾ ।

[जिद्दत] अर० स्त्री० नवीनता ।

جدل—[ਜਦਲ] ਅਰ. ਪੁ. ਲੜਾਈ, ਜੰਗ, ਯੁੱਧ ।

[जदल] अर० पु० लड़ाई, जंग, युद्ध ।

جدوار—[ਜਦ-ਵਾਰ] ਅਰ. ਇ. ਨਿਰਬਿਸੀ, ਹਲਦੀ ਦੀ ਗੰਢੀ ਵਰਗੀ ਇਕ ਦਵਾ ਜੋ ਜ਼ਹਿਰ ਨੂੰ ਦੂਰ ਕਰਦੀ ਹੈ ।

[जद-वार] अर० स्त्री० निर्विषी, हल्दी की गांठ जैसी एक औषधि जो विष के प्रभाव को दूर कर देती है ।

جدوار خطائی—[ਜਦ-ਵਾਰ ਖ਼ਤਾਈ] ਅਰ. ਫ਼ਾ. ਇ. ਤੁਰਕਿਸਤਾਨ ਦੇ ਇਲਾਕੇ ਦੀ ਨਿਰਬਿਸੀ ।

[जद-वार ख़ताई] अर० पु० फ़ा० स्त्री० तुर्किस्तान के प्रदेश की निर्विषी नामक औषधि ।

جدول—[ਜਦ-ਵਲ] ਅਰ. ਇ. ਨਹਿਰ, ਨਾਲੀ; ਪੱਟੀ, ਹਾਸ਼ੀਆ, ਲਕੀਰ ।
[जद-वल] अर० स्त्री० नहर, नाली; पट्टी, हाशिया; लकीर ।

¹جدہ—[ਜੱਦ:] ਅਰ. ਇ. ਦਾਦੀ; ਨਾਨੀ ।
[जद्दः] अर० स्त्री० दादी; नानी ।

²جدہ—[ਜੱਦ:] ਅਰ. ਪੁ. ਅਰਬ ਦਾ ਇਕ ਪਰਸਿੱਧ ਸ਼ਹਿਰ ।
[जद्दः] अर० पु० अरब का एक प्रसिद्ध नगर ।

جدھ—[ਜੁਧ] ਪੁ. ਯੁਧ, ਲੜਾਈ ।
[जुध] पु० युद्ध, लड़ाई ।

جدھر—[ਜਿਧਰ] ਕ੍ਰਿ. ਵਿ. ਜਿਸ ਪਾਸੇ, ਜਿਧਰ, ਜਿੱਥੇ ।
[जिधर] क्रि० वि० जिस ओर, जिधर, जहाँ ।

جدھر تدھر—[ਜਿਧਰ ਤਿਧਰ] ਕ੍ਰਿ. ਵਿ. ਜਿਸ ਪਾਸੇ, ਜਿਧਰ ਕਿਧਰ, ਜਿੱਥੇ-ਕਿੱਥੇ ।
[जिधर तिधर] क्रि० वि० जिस ओर, जिधर-किधर, जहाँ-तहाँ ।

جدی—[ਜਦੀ] ਅਰ. ਪੁ. ਮਕਰ ਰਾਸ਼ੀ; ਉੱਤਰੀ ਧਰੁ ਦੇ ਨੇੜੇ ਇਕ ਤਾਰਾ ।
[जदी] अर० पु० मकर राशि; उत्तरी ध्रुव के समीप एक तारा ।

جدی—[ਜੱਦੀ] ਅਰ. ਵਿ. ਦਾਦੇ ਵਾਲੀ, ਪਿਉ ਦਾਦੇ ਦੀ ।
[जद्दी] अर० वि० पैतृक ।

جدید—[ਜਦੀਦ] ਅਰ. ਵਿ. ਨਵੀਨ ।
[जदीद] अर० वि० नवीन ।

جذام—[ਜੁਜ਼ਾਮ] ਅਰ. ਪੁ. ਕੋੜ੍ਹ ।
[जुज़ाम] अर० पु० कोढ़ ।

جذامی—[ਜੁਜ਼ਾਮੀ] ਫ਼ਾ. ਪੁ. ਕੋੜ੍ਹੀ ।
[जुज़ामी] फ़ा० पु० कोढ़ी ।

جذب—[ਜਜ਼-ਬ] ਅਰ. ਪੁ. ਚੂਸਣ ਦਾ ਭਾਵ ।
[जज़-ब] अर० पु० चूसने का भाव ।

جذبات—[ਜਜ਼-ਬਾਤ] ਅਰ. ਪੁ. جذبہ ਦਾ ਬਹੁਵਚਨ, ਭਾਵਨਾਵਾਂ, ਭਾਵ ।
[जज़-बात] अर० पु० جذبہ का बहुवचन, भावनाएं, भाव ।

جذبات دلی—[ਜਜ਼-ਬਾਤੇ ਦਿਲੀ] ਅਰ. ਫ਼ਾ. ਪੁ. ਦਿਲੀ ਭਾਵ, ਹਾਵ ਭਾਵ ।
[जज़-बाते दिली] अर० फ़ा० पु० हार्दिक भाव, हाव भाव ।

جذبات طبعی—[ਜਜ਼-ਬਾਤੇ ਤਬ-ਈ] ਅਰ. ਪੁ. ਕੁਦਰਤੀ ਭਾਵਨਾਵਾਂ, ਕੁਦਰਤੀ ਵਲਵਲੇ ।
[जज़-बाते तब-ई] अर० पु० भौतिक भावनाएं, प्राकृतिक भावनाएँ ।

جذبہ—[ਜਜ਼-ਬ:] ਅਰ. ਪੁ. ਭਾਵ, ਭਾਵਨਾ, ਵਲਵਲਾ; ਖਿੱਚ ।
[जज़-बः] अर० पु० भाव, भावना; आवेग; खिंचाव ।

جذر—[ਜਿਜ਼-ਰ] ਅਰ. ਪੁ. ਅਸਲ, ਜੜ੍ਹ, ਮੂਲ; (ਹਿਸਾਬ) ਵਰਗ ਮੂਲ ।
[जिज़-र] अर० पु० असल, जड़, मूल; (गणित) वर्गमूल ।

جذر اصم—[ਜਿਜ਼-ਰੇ ਅਸੱਮ] ਅਰ. ਪੁ. ਜੋ ਵਰਗ ਮੂਲ ਸਹੀ ਅੰਕਾਂ ਵਿਚ ਨਾ ਹੋਵੇ ਜਿਵੇਂ √੫, √੨, √੩ ਆਦਿ ।
[जिज़-रे असम्म] अर० पु० जो वर्ग मूल सही अंकों में न हो जैसे √५, √२, √३ आदि ।

جر—[ਜੱਰ] ਅਰ. ਪੁ. ਖਿੱਚ, ਕਸ਼ਿਸ਼; (ਵਿਆਕਰਣ) ਜ਼ੇਰ ।
[जर्र] अर० पु० खिंचाव, आकर्षण; (व्याकरण) ज़ेर ।

جر ثقیل—[ਜੱਰੇ ਸਕੀਲ] ਅਰ. ਪੁ. ਭਾਰੀ ਬੋਝ, ਭਾਰੀ ਬੋਝ ਚੁੱਕਣ ਦਾ ਵਿਗਿਆਨ, ਯੰਤਰ-ਵਿਦਿਆ ।
[जर्रे सक़ील] अर० पु० भारी बोझ, अधिक भार उठाने का विज्ञान, मिकैनिक्स ।

جراب—[ਜੁੱਰਾਬ] ਅਰ. ਇ. ਮੌਜਾ, ਜੁਰਾਬ ।
[जुर्राब] अर० स्त्री० मोज़ा, जुराब ।

¹جرات—[ਜੁਰ-ਅਤ] ਅਰ. ਇ. ਸਾਹਸ, ਦਲੇਰੀ, ਹੌਸਲਾ ।
[जुर-अत] अर० स्त्री० जुर्रत, साहस, दिलेरी, बहादुरी ।

²جرات—[ਜੁਰ-ਅਤ] ਪੁ. ਉਰਦੂ ਦੇ ਪਰਸਿੱਧ ਕਵੀ ਮੀਆਂ ਕਲੰਦਰ ਬਖ਼ਸ਼ ਦਾ ਉਪ-ਨਾਮ ।
[जुर-अत] पु० उर्दू के प्रसिद्ध कवि मियाँ कलन्दर बख़्श का उपनाम ।

جراثیم—[ਜਰਾਸੀਮ] ਅਰ. ਪੁ. جرثومہ ਦਾ ਬਹੁਵਚਨ, ਕੀਟਾਣੂ, ਰੋਗਾਣੂ ।
[जरासीम] अर० पु० جرثومہ का बहुवचन, कीटाणु, रोगाणु ।

جراح—[ਜੱਰਾਹ] ਅਰ. ਪੁ. ਜਰਾਹ, ਚੀਰ ਫਾੜ ਕਰਨ ਵਾਲਾ, ਸਰਜਨ; ਨਸ਼ਤਰ ਖੋਭਣ ਵਾਲਾ, ਚੀਰਾ ਦੇਣ ਵਾਲਾ ।
[जर्राह] अर० पु० चीर फाड़ करने वाला, नाड़ी छेदने वाला, चीरा देने वाला, शल्य-चिकित्सक, सर्जन ।

جراحت—[ਜਰਾਹਤ] ਅਰ. ਇ. ਜ਼ਖ਼ਮ, ਘਾ; ਫੱਟ ।
[जराहत] अर० स्त्री० घाव, ज़ख़्म ।

جراحی—[ਜੱਰਾਹੀ] ਅਰ. ਇ. ਜੱਰਾਹ ਦਾ ਪੇਸ਼ਾ, ਚੀਰ ਫਾੜ, ਜੱਰਾਹੀ, ਨਸ਼ਤਰ ਲਾ ਕੇ ਨਾੜ ਖੋਲ੍ਹਣ ਦਾ ਪੇਸ਼ਾ ।
[जर्राही] अर० स्त्री० जर्राह का पेशा, चीर फाड़, सर्जरी, नश्तर लगा कर नाड़ी खोलने का पेशा ।

جرار—[ਜੱਰਾਰ] ਅਰ. ਵਿ. ਬਹੁਤ ਭਾਰੀ (ਲਸ਼ਕਰ); ਬਹਾਦੁਰ, ਸੂਰਮਾ ।

[जर्रार] अर० वि० बहुत बड़ी (सेना); बहादुर, शूरवीर ।

جرائد—[ਜਰਾਇਦ] ਅਰ. ਪੁ. جریدہ ਦਾ ਬਹੁਵਚਨ, ਅਖ਼ਬਾਰਾਂ ।

[जराइद] अर० पु० जरीदा का बहु वचन, बहुत से समाचार पत्र ।

جرائم—[ਜਰਾਇਮ] ਅਰ. ਪੁ. جرم ਦਾ ਬਹੁ ਵਚਨ, ਜੁਰਮ, ਅਪਰਾਧ, ਗੁਨਾਹ ।

[जराइम] अर० पु० जुर्म का बहुवचन, जुर्म, अपराध, दोष ।

—جرائم خلاف وضع فطری—[ਜਰਾਇਮ ਖ਼ਿਲਾਫ਼ੇ-ਵ-ਜ਼ਏ ਫ਼ਿਤ੍ਰ-ਰੀ] ਅਰ. ਪੁ. ਕੁਦਰਤੀ ਢੰਗ ਤੋਂ ਹੁਣ ਹੋਰ ਕਿਸਮ ਦੇ ਅਪਰਾਧ; ਗ਼ੈਰ ਕੁਦਰਤੀ ਢੰਗ ਅਪਰਾਧ ।

[जराइम खिलाफ़े व-ज़-ए फ़ित्-र-री] अर० पु० स्त्री संगत को छोड़ कर और प्रकार के लैंगिक अपराध, अप्राकृतिक मैथुन अपराध ।

—جرائم مقابلہ سرکار—[ਜਰਾਇਮੇ ਮੁਕ਼ਾਬ-ਲਏ ਸਰ-ਕਾਰ] ਅਰ. ਫ਼ਾ. ਪੁ. ਬਾਦਸ਼ਾਹ ਦੇ ਵਿਰੁਧ ਜੰਗ, ਫ਼ੌਜੀ ਤਾਕਤ ਦੁਆਰਾ ਸਰਕਾਰ ਨੂੰ ਧਮਕਾਉਣ ਦੇ ਅਪਰਾਧ ।

[जराइमे मुक़ाब-लए सर-कार] अर० फ़ा० पु० बादशाह के विरुद्ध युद्ध, फ़ौजी शक्ति द्वारा सरकार को धमकाने के अपराध ।

جرح—[ਜਰ-ਹ] ਅਰ. ਪੁ. ਜ਼ਖ਼ਮ, ਘਾਉ, (ਕ਼ਾਨੂਨ) ਉਜ਼ਰ, ਇਤਰਾਜ਼ ।

[जर-ह] अर० पु० घाव; (क़ानून) आपत्ति, एतराज़ ।

—جرح کرنا—[ਜਰ-ਹ ਕਰ-ਨਾ] ਕ੍ਰਿ. ਸਮਾ. ਇਤਰਾਜ਼ ਕਰਨਾ, ਪੁਛਣਾ, ਟੀਕਾ ਟਿਪਣੀ ਕਰਨਾ ।

[जर-ह कर-ना] क्रि० सया० आपत्ति करना, पूछना, टीका टिप्पणी करना ।

—جرح کے سوالات—[ਜਰ-ਹ ਕੇ ਸਵਾਲਾਤ] ਪੁ. ਉਹ ਸਵਾਲ ਜੋ ਵਕੀਲ ਗਵਾਹ ਤੋਂ ਪੁੱਛਦਾ ਹੈ ।

[जर-ह के सवालात] पु० वे प्रश्न जो वकील गवाह से पूछता है ।

جرس—[ਜਰਸ] ਅਰ. ਪੁ. ਘੰਟਾ, ਘੜਿਆਲ, ਟੱਲੀ ।

[जरस] अर० पु० घण्टा, घड़ियाल, घंटी ।

جرعہ—[ਜੁਰ-ਅ:] ਅਰ. ਪੁ. ਘੁੱਟ, ਦੁਆ ਦੀ ਇਕ ਖ਼ੁਰਾਕ ।

[जुर-अः] अर० पु० घूंट, दवा की एक खुराक ।

جرگہ—[ਜਰ-ਗਾ:] ਤੁਰ. ਪੁ. ਗਿਰੋਹ, ਟੋਲੀ, ਟੋਲਾ, ਜਥਾ ।

[जर-गः] तुर० पु० गिरोह, टोली, समूह, जत्था ।

جرم—[ਜਿਰ-ਮ] ਅਰ. ਪੁ. ਪਿੰਡ, ਜਿਸਮ; ਤਾਰਾ ।

[जिर-म] अर० पु० शरीर, बदन; तारा ।

جرم—[ਜੁਰ-ਮ] ਅਰ. ਪੁ. ਪਾਪ, ਅਪਰਾਧ, ਕ਼ਸੂਰ, ਦੋਸ਼ ।

[जुर-म] अर० पु० पाप, अपराध, क़सूर, दोष ।

—جرم قابل دست اندازی—[ਜੁਰ-ਮ ਕ਼ਾਬਿਲੇ ਦਸ-ਤ-ਅੰਦਾਜ਼ੀ] ਅਰ. ਫ਼ਾ. ਪੁ. ਅਜਿਹਾ ਅਪਰਾਧ ਜਿਸ ਵਿਚ ਪੁਲਸ ਦਾ ਅਹਿਲਕਾਰ ਮੁਜਰਮ ਨੂੰ ਕ਼ਨੂੰਨੀ ਤੌਰ ਤੇ ਵਰੰਟਾਂ ਬਿਨਾਂ ਗ੍ਰਿਫ਼ਤਾਰ ਕਰ ਸਕਦਾ ਹੈ ।

[जुर-म क़ाबिले दस-त-अंदाज़ी] अर० फ़ा० पु० ऐसा अपराध जिसमें पुलिस का कर्मचारी अपराधी को क़ानूनी तौर पर बिना वारंट पकड़ सकता है ।

—جرم قابل ضمانت—[ਜੁਰ-ਮ ਕ਼ਾ-ਬਿਲੇ-ਜ਼ਮਾਨਤ] ਅਰ. ਪੁ. ਅਜਿਹਾ ਜੁਰਮ ਜਿਸ ਵਿਚ ਜ਼ਮਾਨਤ ਹੋ ਸਕੇ ।

[जुर-म क़ाबिले ज़मानत] अर० पु० ऐसा अपराध जिस में ज़मानत हो सके ।

—جرم کا اقدام—[ਜੁਰ-ਮ ਕਾ ਇਕ਼-ਦਾਮ] ਪੁ. ਜੁਰਮ ਕਰਨ ਲਈ ਕੋਸ਼ਿਸ਼ ਕਰਨਾ ।

[जुर-म का इक़-दाम] पु० अपराध करने का प्रयत्न करना ।

—جرم واجب القتل—[ਜੁਰ-ਮ ਵਾਜਿਬੁਲ-ਕ਼ਤ-ਲ] ਅਰ. ਪੁ. ਅਜਿਹਾ ਜੁਰਮ ਜਿਸ ਅਨੁਸਾਰ ਮੁਜਰਮ ਦਾ ਕਤਲ ਹੋਣਾ ਜ਼ਰੂਰੀ ਹੈ ।

[जुर-म वाजिबुल-क़त-ल] अर० पु० जिसके अनुसार अपराधी का वध किया जाना आवश्यक है ।

جرمانہ—[ਜੁਰ-ਮਾਨ:] ਫ਼ਾ. ਪੁ. ਡੰਡ, ਤਾਵਾਨ, ਚੱਟੀ ।

[जुर-माना] फ़ा० पु० दण्ड, अर्थ-दण्ड, धन-दण्ड ।

جرو—[ਜੁੱਰ:] ਫ਼ਾ. ਪੁ. ਨਰ, ਬਾਜ਼ ।

[जुर्रः] फ़ा० पु० नर, बाज़ ।

جری—[ਜਰੀ] ਅਰ. ਵਿ. ਸੂਰਮਾ, ਬਹਾਦੁਰ, ਯੋਧਾ ।

[जरी] अर० वि० शूरवीर, बहादुर, वीर ।

جریان—[ਜਰਯਾਨ, ਜਿਰ-ਯਾਨ] ਅਰ. ਪੁ. ਰਹਿਣਾ, ਵੇਗ, ਰਵਾਨੀ; ਧਾਤ ਦਾ ਰੋਗ, ਪ੍ਰਮੇਹ, ਧਾਤ ਪੈਣਾ ।

[जरयान, जिर-यान] अर० पु० बहाव; वेग, प्रवाह; शुक्र, प्रमेह ।

¹جریب—[ਜਰੀਬ] ਵਿ. ਲਾਠੀ, ਡੰਡਾ ।

[जरीब] स्त्री० लाठी, डंडा ।

²جریب—[ਜਰੀਬ] ਅਰ. ਇ. ਸੰਗਲੀ, ਜੰਜ਼ੀਰ, ਧਰਤੀ ਮਿਣਨ ਦੀ ਜ਼ੰਜੀਰੀ ਜਿਸ ਨੂੰ ਪਟਵਾਰੀ ਵਰਤਦੇ ਹਨ ।

[जरीब] अर० स्त्री० सांकल, ज़ंजीर, भूमि मापने की ज़ंजीर जिस का प्रयोग पटवारी करते हैं ।

—جریب ڈالنا—[ਜਰੀਬ ਡਾਲ-ਨਾ] ਕ੍ਰਿ. ਸਮਾ. ਧਰਤੀ ਨੂੰ ਕੜ ਪਾਉਣਾ, ਖੇਤ ਦੀ ਪੈਮਾਇਸ਼ ਕਰਨਾ ।

[जरीब डाल-ना] क्रि० सका० भूमि को मापना, खेत नापना ।

جریب کش—[ਜਰੀਬ ਕਸ਼] ਫ਼. ਪੁ. ਜ਼ਮੀਨ ਨੂੰ ਕਦਮ ਪਾਉਣ ਵਾਲਾ, ਪੈਮਾਇਸ਼ ਕਰਨ ਵਾਲਾ ।

[जरीब कश] फ़ा० पु० भूमि नापने वाला, पैमाइश करने वाला ।

1جریدہ—[ਜਰੀਦਾ:] ਅਰ. ਵਿ. ਇਕੱਲਾ ।

[जरीदः] अर० वि० अकेला ।

2جریدہ—[ਜਰੀਦਾ:] ਅਰ. ਪੁ. ਰਜਿਸਟਰ; ਅਖ਼ਬਾਰ ।

[जरीदः] अर० पु० रजिस्टर; समाचार पत्र ।

جڑ—[ਜੜ] ਇ. ਮੂਲ; ਬੁਨਿਆਦ, ਨੀਂਹ ।

[जड़] स्त्री० मूल; बुनियाद, नींव ।

جڑ اکھیڑنا—[ਜੜ ਉਖੇੜ-ਨਾ] ਕ੍ਰਿ. ਸਕਾ. ਮੁਹਾ. ਜੜ ਪੁੱਟਣਾ, ਮਲੀਆ ਮੇਟ ਕਰਨਾ ।

[जड़ उखेड़-ना] क्रि० सका० मुहा० मूलोन्मूलन करना, नष्ट करना ।

جڑ پکڑنا—[ਜੜ ਪਕੜ-ਨਾ] ਕ੍ਰਿ. ਸਕਾ. ਜੜ ਫੜਨਾ; ਮਜ਼ਬੂਤ ਹੋਣਾ ।

[जड़ पकड़-ना] क्रि० सका० जड़ जमना; मज़बूत होना, पक्का होना ।

جڑاور - جڑاول—[ਜੜਾਵਰ, ਜੜਾਵਲ] ਇ. ਸਰਦੀ ਦੇ ਕਪੜੇ, ਗਰਮ ਕਪੜੇ ।

[जड़ावर, जड़ावल] स्त्री० सर्दी के कपड़े, गर्म कपड़े ।

جڑاؤ—[ਜੜਾਊ] ਵਿ. ਜੜਤ, ਹੀਰੇ ਮੋਤੀਆਂ ਨਾਲ ਜੜਿਆ ਹੋਇਆ ।

[जड़ाऊ] वि० जड़ित, हीरे मोतियों से जड़ा हुआ ।

جڑائی—[ਜੜਾਈ] ਇ. ਜੜਾਉਣ ਦੀ ਮਜ਼ਦੂਰੀ; ਜੜਨ ਦਾ ਕੰਮ ।

[जड़ाई] स्त्री० जड़ाने की मज़दूरी; जड़ने का काम ।

جڑنا—[ਜੜ-ਨਾ] ਕ੍ਰਿ. ਸਕ. ਕਿਸੇ ਚੀਜ਼ ਵਿਚ ਬਿਠਾਉਣਾ; ਠੋਕਣਾ; ਮਾਰਨਾ ।

[जड़-ना] क्रि० सक० एक चीज़ को दूसरी चीज़ में इस तरह बैठाना कि वह जल्दी उखड़ या निकल न सके ; ठोकना ; मारना ।

جُڑنا—[ਜੁੜ-ਨਾ] ਕ੍ਰਿ. ਅਕ. ਮਿਲਣਾ, ਨਾਲ ਚਿਪਕ ਜਾਣਾ; ਨਾਲ ਲਗਣਾ; ਜੁੜਨਾ; ਭੋਗ ਕਰਨਾ; ਜਮ੍ਹਾਂ ਹੋਣਾ, ਇਕੱਠਾ ਹੋਣਾ; ਪ੍ਰਾਪਤ ਹੋਣਾ; ਘੋੜੇ ਬਲਦ ਆਦਿ ਦਾ ਗੱਡੀ ਅੱਗੇ ਜੁਤਣਾ ।

[जुड़-ना] क्रि० अक० मिलना, साथ चिपक जाना; साथ लगना; जुटना, संभोग करना, मैथुन करना; इकट्ठा होना; प्राप्त होना; घोड़े अथवा बैल आदि का गाड़ी के आगे जुतना ।

جڑواں—[ਜੁੜ-ਵਾਂ] ਵਿ. ਪੁ. ਜੌੜੇ ।

[जुड़-वाँ] वि० पु० दो बच्चे जो एक ही माता के गर्भ से इकट्ठे उत्पन्न हों, यमल ।

جڑی—[ਜੜੀ] ਇ. ਬੂਟੀ ।

[जड़ी] स्त्री० बूटी ।

جڑی بوٹی—[ਜੜੀ ਬੂਟੀ] ਇ. ਜੜਾਂ-ਬੂਟੀਆਂ, ਉਹ ਜੜ੍ਹਾਂ ਤੇ ਪੱਤੇ ਆਦਿ ਜੋ ਦਵਾਈ ਦੇ ਤੌਰ ਤੇ ਵਰਤੇ ਜਾਂਦੇ ਹਨ ।

[जड़ी बूटी] स्त्री० औषधि, वह जड़ अथवा पत्ते जो औषधि के रूप में प्रयुक्त होते हैं ।

جڑیا—[ਜੜੀਆ] ਪੁ. ਗਹਿਣਿਆਂ ਵਿਚ ਜੜਾਈ ਦਾ ਕੰਮ ਕਰਨ ਵਾਲਾ, ਜੜੀਆ; ਮਿੱਤਰ, ਯਾਰ, ਪਰਾਹੁਣਾ ।

[जड़िया] पु० गहनों में जड़ाई का काम करने वाला; मित्र, दोस्त, यगाना, यार ।

جڑیلا - جڑیلی—[ਜੜੀਲਾ, ਜੜੀਲੀ] ਪੁ. ਉਹ ਮੂਲੀ ਜਾਂ ਸ਼ਲਗਮ ਜਿਸ ਵਿਚ ਜੜ੍ਹਾਂ ਨਿਕਲਣ ਕਾਰਣ ਲਕੜਾਪਣ ਆ ਗਿਆ ਹੋਵੇ ।

[जड़ीला, जड़ीली] पु० स्त्री० वह मूली अथवा शलगम जिस में जड़ें निकलने के कारण सख्ती आ गई हो ।

جز—[ਜੁਜ਼] ਫ਼. ਅਵ. ਬਿਨਾਂ, ਛੁਟ, ਸਿਵਾਏ ।

[जुज़] फ़ा० अव्य० बिना, अतिरिक्त, सिवाय ।

جز—[ਜੁਜ਼] ਅਰ. ਪੁ. ਵੇਖੋ : جزو

[जुज़] अर० पु० देखो : جزو

جز بندی—[ਜੁਜ਼ ਬੰਦੀ] ਅਰ. ਫ਼ਾ. ਇ. ਕਿਤਾਬ ਦੇ ਜੁਜ਼ਾਂ ਨੂੰ ਜਿਲਦ ਬਾਂਧਣ ਲਈ ਨਾਲ ਸੀਉਣਾ ।

[जुज़ बंदी] अर० फ़ा० स्त्री० पुस्तक की वह सिलाई जिस में प्रत्येक खण्ड को जिल्द बांधने के लिए अलग अलग सिया जाता है ।

جزدان—[ਜੁਜ਼-ਦਾਨ] ਅਰ. ਫ਼ਾ. ਪੁ. ਬਸਤਾ ।

[जुज़-दान] अर० फ़ा० पु० बस्ता ।

جز رس—[ਜੁਜ਼-ਰਸ] ਅਰ. ਫ਼ਾ. ਵਿ. ਘਟ ਖ਼ਰਚ ਕਰਨ ਵਾਲਾ, ਕੰਜੂਸ; ਸਮਝਦਾਰ, ਸਿਆਣਾ ।

[जुज़-रस] अर० फ़ा० वि० कम खर्च करने वाला, कंजूस; बुद्धिमान, अक्लमंद ।

جز رسی—[ਜੁਜ਼-ਰਸੀ] ਅਰ. ਫ਼ਾ. ਇ. ਸੰਜਮ; ਕੰਜੂਸੀ ।

[जुज़-रसी] अर० फ़ा० स्त्री० संयम; कृपणता ।

جز و کل—[ਜੁਜ਼ੋਕੁਲ] ਅਰ. ਵਿ. ਸਾਰੇ ਦਾ ਸਾਰਾ, ਸਭ, ਪੂਰਾ ।

[जुज़ोकुल] अर० वि० सब का सब, समूचा, पूरा ।

جزا—[ਜਜ਼ਾ] ਅਰ. ਇ. ਬਦਲਾ, ਫਲ ।

[जज़ा] अर० स्त्री० बदला, फल ।

جزاک اللہ—[ਜਜ਼ਾਕੱਲਾਹ] ਅਰ. ਅਵ. ਸ਼ਾਬਾਸ਼, ਰੱਬ ਤੈਨੂੰ ਨੇਕੀ ਦੇਵੇ, ਬੱਲੇ ਬੱਲੇ ।

[जज़ाकल्लाह] अर० अव्य० शाबाश, ईश्वर तुम्हें इसका शुभ फल दे, बहुत अच्छे ।

جزائر—[ਜਜ਼ਾਇਰ] ਅਰ. ਪੁ. جزیرہ ਦਾ ਬਹੁ ਵਚਨ, ਟਾਪੂ, ਦੀਪ ।

[जज़ाइर] अर० पु० جزیرہ का बहुवचन, टापू, द्वीप ।

جزبز—[ਜਿਜ਼-ਬਿਜ਼] ਫ਼ਾ. ਵਿ. ਤੰਗ, ਦੁਖੀ; ਨਾਰਾਜ਼ ।

[जिज़-बिज़] फ़ा० वि० तंग, दुखी; अप्रसन्न, रुष्ट ।

جزبز ہونا—[ਜਿਜ਼ ਬਿਜ਼ ਹੋਣਾ] ਕ੍ਰਿ. ਸਮਾ. ਚਿੜ ਹੋਣਾ, ਦੁਖੀ ਹੋਣਾ, ਤੰਗ ਹੋਣਾ ।

[जिज़ बिज़ होना] क्रि० समा० खिन्न होना, तंग होना, दुखी होना ।

جزر—[ਜਜ਼-ਰ] ਅਰ. ਪੁ. ਭਾਟਾ, ਸਮੁੰਦਰ ਦੇ ਪਾਣੀ ਦਾ ਉਤਾਰ ।

[जज़-र] अर० पु० भाटा, समुद्र के पानी का उतार ।

جزر و مد—[ਜਜ਼-ਰੋ ਮੱਦ] ਅਰ. ਪੁ. ਜਵਾਰ ਭਾਟਾ, ਚੰਨ ਦੀ ਖਿੱਚ ਕਾਰਨ ਸਮੁੰਦਰ ਦੇ ਪਾਣੀ ਦਾ ਉਤਾਰ ਚੜ੍ਹਾ ।

[जज़-रो मद्द] अर० पु० ज्वार भाटा, चन्द्रमा के आकर्षण के कारण समुद्र में पानी का उतार-चढ़ाव ।

1جزع—[ਜਜ਼-ਅ] ਅਰ. ਪੁ. ਕੌਡੀ ।

[जज़-अ] अर० पु० कौड़ी ।

2جزع—[ਜਜ਼ਾ] ਅਰ. ਇ. ਬੇਚੈਨੀ, ਘਬਰਾਹਟ ।

[जज़ा] अर० स्त्री० बेचैनी, घबराहट ।

جزع فزع—[ਜਜ਼ਅ ਫ਼ਜ਼ਅ] ਅਰ. ਇ. ਰੋਣਾ ਪਿਟਣਾ, ਸਿਆਪਾ ।

[जज़अ फ़ज़अ] अर० स्त्री० रोना पीटना, स्यापा ।

جزم—[ਜਜ਼-ਮ] ਅਰ. ਵਿ. ਪੁ. ਪੱਕਾ; ਹਰਫ਼ ਨੂੰ ਸਾਕਿਨ ਕਰਨ ਦਾ ਚਿੰਨ੍ਹ ਜਿਵੇਂ (ْ); ਹਰਫ਼ ਨੂੰ ਹਲੰਤ ਜਾਂ ਸਾਕਿਨ ਕਰਨ ਦਾ ਭਾਵ ।

[जज़-म] अर० वि० पु० पक्का, दृढ़; अक्षर को हलन्त करने का चिह्न (ْ); अक्षर को हलन्त करने का भाव ।

جزو—[ਜੁਜ਼-ਵ] ਅਰ. ਪੁ. ਟੁਕੜਾ, ਅੰਗ, ਭਾਗ, ਹਿੱਸਾ; ਸੋਲ੍ਹਾਂ ਪਤਰਿਆਂ ਜਾਂ ਅਠਾ ਵਰਕਿਆਂ ਦੀ ਜੁਜ਼ ।

[जुज़-व] अर० पु० टुकड़ा, अंग, भाग, हिस्सा; सोलह पृष्ठों या आठ पन्नों की गड्डी ।

جزو بدن ہونا—[ਜੁਜ਼-ਵੇ ਬਦਨ ਹੋਣਾ] ਕ੍ਰਿ. ਸਮਾ. ਖ਼ੁਰਾਕ ਦਾ ਲਗਣਾ, ਕਿਸੇ ਚੀਜ਼ ਦਾ ਏਨੀ ਤਰ੍ਹਾਂ ਹਜ਼ਮ ਹੋਣਾ ਖ਼ੂਨ ਵਿਚ ਮਿਲਣਾ ।

[जुज़-वे बदन होना] क्रि० समा० ख़ुराक लगना, किसी वस्तु का बिल्कुल हज़म होकर ख़ून में मिलना ।

جزو لاینفک—[ਜੁਜ਼-ਵੇ ਲਾ ਯੁਨਫ਼ੱਕ] ਅਰ. ਪੁ. ਅਜਿਹਾ ਅੰਗ ਜੋ ਵੱਖ ਨਾ ਕੀਤਾ ਜਾ ਸਕੇ, ਅਨਿੱਖੜਵਾਂ ਭਾਗ ।

[जुज़-वे ला यनफ़क्का] अर० पु० ऐसा अंग जो पृथक् न किया जा सके, अटूट अंग ।

جزو لا ینقسم—[ਜੁਜ਼-ਵੇ ਲਾ ਯੁਨ-ਕ਼ਸਮ] ਅਰ. ਪੁ. ਅਜਿਹਾ ਭਾਗ ਜੋ ਅਗੇ ਵੰਡਿਆ ਨਾ ਜਾ ਸਕੇ, ਕੱਖ ਦਾ ਛੋਟਾ ਹਿੱਸਾ ।

[जुज़-वे ला युन-क़सम] अर० पु० ऐसा भाग जो पृथक् न किया जा सके, पृथक् न होने वाला भाग ।

جزوی - جزئی—[ਜੁਜ਼-ਵੀ, ਜੁਜ਼-ਈ] ਅਰ. ਵਿ. ਥੋੜ੍ਹਾ ਜਿਹਾ, ਮਾਮੂਲੀ ।

[जुज़-वी, जुज़-ई] अर० वि० थोड़ा सा, मामूली ।

جزویات - جزئیات—[ਜੁਜ਼ਵਿਯਾਤ, ਜੁਜ਼ਈਯਾਤ] ਅਰ. ਪੁ. ਛੋਟੀਆਂ ਛੋਟੀਆਂ ਗੱਲਾਂ, ਛੋਟੇ ਛੋਟੇ ਅੰਗ ।

[जुज़-वियात, जुज़ोय्यात] अर० पु० छोटी छोटी बातें, छोटे छोटे अंश ।

جزیرہ—[ਜਜ਼ੀਰ:] ਅਰ. ਪੁ. ਟਾਪੂ, ਦੀਪ ।

[जज़ीर:] अर० पु० टापू, द्वीप ।

جزیرہ نما—[ਜਜ਼ੀਰ: ਨੁਮਾ] ਅਰ. ਫ਼ਾ. ਪੁ. ਦੀਪਕਲਪ, ਉਹ ਦੀਪ ਜਿਸ ਦੇ ਇਕ ਪਾਸੇ ਖ਼ੁਸ਼ਕੀ ਤੇ ਤਿੰਨ ਪਾਸੇ ਪਾਣੀ ਹੋਵੇ ।

[जज़ीर: नुमा] अर० फ़ा० पु० प्रायद्वीप, वह द्वीप जिसके एक ओर स्थल और तीन ओर जल हो ।

جزیہ—[ਜਿਜ਼-ਯ: ਜਜ਼-ਯ:] ਅਰ. ਪੁ. ਮੁਸਲਮਾਨਾਂ ਦੇ ਜ਼ਮਾਨੇ ਦਾ ਇਕ ਟੈਕਸ ।

[जिज़-य: जज़-य:] अर० पु० मुसलमानों के ज़माने का एक कर ।

جس—[ਜਸ] ਪੁ. ਇੱਜ਼ਤ, ਨਾਮਣਾ, ਸ਼ਾਖ, ਨੇਕੀ ।

[जस] पु० यश, कीर्ति, साख, नेकी ।

جس لینا—[ਜਸ ਲੈਣਾ] ਕ੍ਰਿ. ਸਮਾ. ਜਸ ਖੱਟਣਾ, ਨਾਮਣਾ ਪ੍ਰਾਪਤ ਕਰਨਾ ।

[जस लेना] क्रि० समा० यश कमाना, नाम पैदा करना ।

جس—[ਜਿਸ] ਪੜ. 'ਜੋ' ਦਾ ਵਿਭਕਤੀ ਲਗਣ ਸਮੇਂ ਬਣਨ ਵਾਲਾ ਰੂਪ, ਜੋ, ਜਿਹੜਾ ।

[जिस] सर्व० 'जो' का विभक्ति लगने से बनने वाला रूप, जो, जो कोई ।

جس ڈالی پر بیٹھیں اسی کو کاٹیں—

جس برتن میں کھائیں اسی میں چھید کریں—

[ਜਿਸ ਬਰ-ਤਨ ਮੇਂ ਖਾਏਂ ਉਸੀ ਮੇਂ ਛੇਦ ਕਰੇਂ, ਜਿਸ ਡਾਲੀ ਪਰ ਬੈਠੇਂ ਉਸੀ ਕੋ ਜੜ ਕਾਟੇਂ] ਅਖੌ. ਕ੍ਰਿਤਘਣ ਲਈ ਵਰਤੇ ਜਾਣ ।

[जिस बर-तन में खाएं उसी में छेद करें, जिस डाली पर बैठें उसी की जड़ काटें] लोको० कृतघ्न व्यक्ति के विषय में ऐसा कहा जाता है ।

جس کا کام اسی کو ساجھے اور کرے تو ٹھینگا باجے—**[ਜਿਸ ਦਾ ਕਾਮ ਉਸੀ ਕੋ ਸਾਜੇ ਔਰ ਕਰੇ ਤੋ ਠੇਂਗਾ ਬਾਜੇ]** ਅਖੋ. ਜਿਸ ਦਾ ਕਿੱਤਾ ਹੈ ਉਹੀ ਉਸ ਕੰਮ ਨੂੰ ਚੰਗੀ ਤਰ੍ਹਾਂ ਸਿਰੇ ਚਾੜ੍ਹ ਸਕਦਾ ਹੈ। ਜੇ ਕੋਈ ਹੋਰ ਉਸ ਨੂੰ ਕਰਨ ਦਾ ਜਤਨ ਕਰੇਗਾ ਤਾਂ ਕੰਮ ਠੀਕ ਨਹੀਂ ਹੋ ਸਕੇਗਾ।

[जिस का काम उसी को साजे और करे तो ठेंगा बाजे] लोको॰ जो काम जिसका है उसे वही पूरा कर सकता है। यदि कोई और उस काम को करने का प्रयत्न करेगा तो वह ठीक नहीं कर पाएगा।

جس کی لاٹھی اسی کی بھینس—**[ਜਿਸ-ਦੀ ਲਾਠੀ ਉਸੀ ਦੀ ਭੈਂਸ]** ਅਖੋ. ਜ਼ਬਰਦਸਤ ਦਾ ਹਰ ਚੀਜ਼ ਤੇ ਕਬਜ਼ਾ ਹੁੰਦਾ ਹੈ, ਮਾੜੇ ਦਾ ਸਤੀਂ ਵੀਹੀਂ ਸੌ।

[जिस-की लाठी उसी की भैंस] लोको॰ बलवान व्यक्ति का प्रत्येक वस्तु पर अधिकार होता है।

جس ہانڈی میں کھائیں اسی میں چھید کریں—**[ਜਿਸ ਹਾਂਡੀ ਮੇਂ ਖਾਏਂ ਉਸੀ ਮੇਂ ਛੇਦ ਕਰੇਂ]** ਅਖੋ. ਜਦੋਂ ਜਿਸ ਤੋਂ ਫ਼ਾਇਦਾ ਉਠਾਈਏ ਉਸੇ ਨੂੰ ਉਲਟਾ ਨੁਕਸਾਨ ਪੁਚਾਈਏ ਤਾਂ ਕਹੀਦਾ ਹੈ।

[जिस हांडी में खाएं उसी में छेद करें] लोको॰ जब जिस से काम चलाया जाए उसी की हानि पहुँचाने का प्रयत्न किया जाए तब ऐसा कहते हैं।

جسارت—**[ਜਸਾਰਤ]** ਅਰ. ਇ. ਸਾਹਸ, ਹੌਸਲਾ; ਦਲੇਰੀ।

[जसारत] अर॰ स्त्री॰ साहस, उत्साह; दिलेरी।

جسامت—**[ਜਸਾਮਤ]** ਅਰ. ਇ. ਡੀਲ ਡੌਲ, ਮੁਟਾਪਾ; ਜੁਸਮ।

[जसामत] अर॰ स्त्री॰ डील डौल, स्थूलता; जुसम।

1 **جست**—**[ਜਸ-ਤ, ਜਿਸ-ਤ]** ਪੁ. ਇਕ ਧਾਤ ਦਾ ਨਾਂ, ਜਿਸਤ।

[जस-त, जिस-त] पु॰ एक धातु का नाम, जिस्त।

2 **جست**—**[ਜਸ-ਤ]** ਫ਼ਾ. ਇ. ਛਾਲ, ਚੌਂਕੜੀ ਜਾਂ ਉੱਚੀ ਛਾਲ ਦੀ ਕ੍ਰਿਆ।

[जस-त] फ़ा॰ स्त्री॰ छलांग चौकड़ी या कुलांच भरने की क्रिया।

جستجو—**[ਜੁਸ-ਤਜੂ]** ਫ਼ਾ. ਇ. ਭਾਲ, ਢੂੰਡ ਭਾਲ, ਤਲਾਸ਼।

[जुस-तजू] फ़ा॰ स्त्री॰ खोज, गवेषणा, तलाश।

جسد—**[ਜਸਦ]** ਅਰ ਪੁ. ਸਰੀਰ।

[जसद] अर॰ पु॰ शरीर।

جسم—**[ਜਿਸ-ਮ]** ਅਰ. ਪੁ. ਸਰੀਰ।

[जिस-म] अर॰ पु॰ शरीर।

جسمانی—**[ਜਿਸ-ਮਾਨੀ]** ਅਰ. ਵਿ. ਸਰੀਰਕ।

[जिस-मानी] अर॰ वि॰ शारीरिक।

جسمی—**[ਜਿਸ-ਮੀ]** ਅਰ. ਵਿ. ਸਰੀਰ-ਸੰਬੰਧੀ

[जिस-मी] अर॰ वि॰ शरीर-सम्बन्धी।

جسولنی—**[ਜਸੋਲਨੀ]** ਇ. ਚੋਬਦਾਰਨੀ।

[जसोलनी] स्त्री॰ चोबदारनी।

جسیم—**[ਜਸੀਮ]** ਅਰ. ਵਿ. ਮੋਟਾ, ਹੱਟਾ ਕੱਟਾ।

[जसीम] अर॰ वि॰ मोटा, हृष्ट पुष्ट।

جشن—**[ਜਸ਼-ਨ]** ਫ਼ਾ. ਪੁ. ਜਲਸਾ, ਉਤਸਵ।

[जश-न] फ़ा॰ पु॰ जलसा, उत्सव।

جعد—**[ਜਾਅ-ਦ]** ਅਰ. ਇ. ਲਟ, ਜਿਟ; ਮੀਂਢੀ, ਚੋਟੀ, ਜੂੜਾ।

[जा़अ-द] अर॰ स्त्री॰ अलक, लट; मेंढ़ी, चोटी, जूड़ा।

جعفر—**[ਜਾਅ-ਫ਼ਰ]** ਅਰ. ਪੁ. ਇਮਾਮ ਜਾਫ਼ਰ, ਜਿਨ੍ਹਾਂ ਨੂੰ ਜਾਫ਼ਰ ਸਾਦਿਕ ਆਖਦੇ ਹਨ।

[जा़अ-फ़र] अर॰ पु॰ इमाम जाफ़र, जिन को जाफ़र सादिक़ कहते हैं।

جعفر طیار—**[ਜਾਅ-ਫ਼ਰੇ ਤੱਯਾਰ]** ਅਰ. ਪੁ. ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਦਾ ਨਾਂ।

[जा़अ-फ़रे तय्यार] अर॰ पु॰ हजरत मुहम्मद साहिब के चाचा का नाम।

جعفری—**[ਜਾਅ-ਫ਼ਰੀ]** ਅਰ. ਇ. ਵਿ. ਖਰਾ ਸੋਨਾ; ਜਾਫ਼ਰ ਦਾ; ਪੀਲਾ।

[जा़अ-फ़री] अर॰ स्त्री॰ वि॰ शुद्ध स्वर्ण; जाफ़र का; खरा सोना; पीला।

جعل—**[ਜਾਅ-ਲ]** ਅਰ. ਪੁ. ਬਣਾਉਟ, ਧੋਖਾ, ਝੂਠ।

[जा़अ-ल] अर॰ पु॰ बनावट, धोखा, झूठ।

جعل ساز—**[ਜਾਅ-ਲ ਸਾਜ਼]** ਅਰ. ਫ਼ਾ. ਪੁ. ਧੋਖੇਬਾਜ਼; ਛਲੀਆ।

[जा़अ-ल साज़] अर॰ फ़ा॰ पु॰ धोखे बाज़, कपटी आदमी, छली व्यक्ति।

جعل سازی—**[ਜਾਅ-ਲ ਸਾਜ਼ੀ]** ਅਰ. ਫ਼ਾ, ਇ. ਧੋਖਾ, ਫ਼ਰੇਬ, ਛਲ।

[जा़अ-ल साज़ी] अर॰ फ़ा॰ स्त्री॰ धोखा, कपट, छल।

جعلی—**[ਜਾਅ-ਲੀ]** ਅਰ. ਵਿ. ਨਕਲੀ, ਬਣਾਉਟੀ।

[जा़अ-ली] अर॰ वि॰ नकली, बनावटी, कृत्रिम।

جعلی دستاویز—**[ਜਾਅ-ਲੀ ਦਸ-ਤਾਵੇਜ਼]** ਅਰ. ਫ਼ਾ. ਇ. ਬਣਾਉਟੀ ਦਸਤਾਵੇਜ਼, ਨਕਲੀ ਲਿਖਤ।

[जा़अ-ली दस-तावेज़] अर॰ फ़ा॰ स्त्री॰ बनावटी दस्तावेज़, नक़ली लिखित।

جغرات—**[ਜੁਗ਼-ਰਾਤ]** ਫ਼ਾ. ਪੁ. ਦਹੀ।

[जुग़ रात] फ़ा॰ पु॰ दही।

جغرافی—**[ਜੁਗ਼-ਰਾਫ਼ੀ]** ਫ਼ਾ. ਪੁ. ਜੁਗ਼ਰਾਫ਼ੀਆ ਜਾਣਨ ਵਾਲਾ।

[जुग़-राफ़ी] फ़ा॰ पु॰ भूगोल-वेत्ता।

جغرافیائی—[ਜੁੱਗ-ਰਾਫ਼ਿਆਈ] ਫ਼ਾ. ਵਿ. ਭੂਗੋਲਕ ।
[जुग-राफ़ियाई] फ़ा० वि० भौगोलिक ।

جغرافیہ—[ਜੁਗ-ਰਾਫ਼ਿਅ:] ਯੂਨਾ. ਪੁ. (Geography) ਭੂਗੋਲ ।
[जुग-राफ़िय:] यूना० पु० (Geography) भूगोल ।

جفا—[ਜਫ਼ਾ] ਫ਼ਾ. ਇ. ਜ਼ੁਲਮ, ਸਖ਼ਤੀ ।
[जफ़ा] फ़ा० स्त्री० ज़ुल्म, अत्याचार, कठोरता ।

جفا کشا—[ਜਫ਼ਾ ਕਸ਼ਾ] ਫ਼ਾ. ਇ. ਜ਼ੁਲਮ, ਸਖ਼ਤੀ ।
[जफ़ा कशा] फ़ा० स्त्री० ज़ुल्म, अत्याचार ।

جفا کش—[ਜਫ਼ਾ ਕਸ਼] ਫ਼ਾ. ਵਿ. ਸਖ਼ਤੀ ਝੱਲਣ ਵਾਲਾ, ਸਖ਼ਤ ਮਿਹਨਤ ਕਰਨ ਵਾਲਾ, ਜਾਨ-ਮਾਰੂ ।
[जफ़ा कश] फ़ा० वि० सख़्ती झेलने वाला, कष्ट सहिष्णु, कड़ा परिश्रम करने वाला, कर्मशूर ।

جفت—[ਜੁਫ਼-ਤ] ਫ਼ਾ. ਪੁ. ਜੋੜਾ, ਜਿਸਤ ।
[जुफ़-त] फ़ा० पु० जोड़ा, अभसंख्या ।

جفتہ—[ਜੁਫ਼-ਤ:] ਫ਼ਾ. ਪੁ. ਵੇਢ; ਸਲਵਟ; ਤ੍ਰੇੜ, ਦਰਜ਼; ਦਾਗ਼, ਧੱਬਾ ।
[जुफ़-त:] फ़ा० पु० ऐंठापन; बल; दरार; दरज; दाग़, धब्बा ।

جفتے پڑنا—[ਜੁਫ਼-ਤੇ ਪੜ-ਨਾ] ਕ੍ਰਿ. ਸਮਾ. ਸ਼ਿਕਨ ਪੈਣਾ, ਸਲਵਟਾਂ ਪੈਣਾ; ਧੋਤੇ ਹੋਏ ਕਪੜਿਆਂ ਦਾ ਤਾਰ ਤਾਰ ਹੋਣਾ ।
[जुफ़-ते पड़-ना] क्रि० समा० शिकन पड़ना; धुले हुए कपड़ों का तार तार होना ।

جفتی—[ਜੁਫ਼-ਤੀ] ਫ਼ਾ. ਇ. ਨਰ ਮਦੀਨ ਦਾ ਆਪਸ ਵਿਚ ਮਿਲਣਾ, ਨਰ ਨੂੰ ਮਦੀਨ ਨਾਲ ਮਿਲਾਉਣ ਦਾ ਭਾਵ ਜਾਂ ਕ੍ਰਿਆ ।
[जुफ़-ती] फ़ा० स्त्री० नर और मादा का आपस में मिलना, नर मादा का आपस में संसर्ग करना ।

جفتی کھانا—[ਜੁਫ਼-ਤੀ ਖਾਣਾ] ਕ੍ਰਿ. ਸਮਾ. ਗੱਭਿਆ ਜਾਣਾ, ਮਿਲਣਾ (ਪਸ਼ੂ ਦਾ) ।
[जुफ़-ती खाना] क्रि० समा० पशुओं का संभोग करना, पशुओं आदि का मैथुन ।

جفر—[ਜਫ਼-ਰ, ਜਫ਼ਰ] ਅਰ. ਪੁ. ਜੋਤਿਸ਼ ਦੀ ਕਿਸਮ ਦਾ ਇਕ ਇਲਮ ।
[जफ़-र, जफ़र] अर० पु० ज्योतिष की तरह की एक विद्या ।

جق جق—[ਜਿਕ਼ ਜਿਕ਼] ਫ਼ਾ. ਇ. ਬੇਮਤਲਬ ਸ਼ੋਰ ।
[जिक़ जिक़] फ़ा० स्त्री० व्यर्थ का कोलाहल ।

جکڑ بند—[ਜਕੜ ਬੰਦ] ਪੁ. ਗਠੀਆ, ਜੋੜਾਂ ਦਾ ਦਰਦ ।
[जकड़ बंद] पु० गठिया रोग, जोड़ों का दर्द ।

جکڑ جانا—[ਜਕੜ ਜਾਣਾ] ਕ੍ਰਿ. ਅਕ. ਆਕੜਨਾ; ਕੱਸ ਕੇ ਬੰਨ੍ਹਿਆ ਜਾਣਾ ।
[जकड़ जाना] क्रि० अक० अकड़ना; कस कर बांधा जाना ।

جکڑنا—[ਜਕੜ-ਨਾ] ਕ੍ਰਿ. ਸਕ. ਕੱਸ ਕੇ ਬੰਨ੍ਹਣਾ ।
[जकड़-ना] क्रि० सक० कस कर बांधना ।

جگ—[ਜਗ] ਪੁ. ਸੰਸਾਰ, ਦੁਨੀਆਂ; ਜਗਤ, ਸਮਾਜ, ਯੱਗ, ਹਵਨ, ਪੂਜਾ; ਸ਼ਾਹੀ ਜਸ਼ਨ ।
[जग] पु० संसार, विश्व, जगत, दुनिया; यज्ञ, हवन, पूजा; शाही जश्न ।

جگ جیتنا—[ਜਗ ਜੀਤ-ਨਾ] ਕ੍ਰਿ. ਸਮਾ. ਦੁਨੀਆਂ ਨੂੰ ਜਿੱਤ ਲੈਣਾ ।
[जग जीत-ना] क्रि० समा० संसार को जीतना ।

جگ ہنسائی—[ਜਗ ਹੰਸਾਈ] ਇ. ਜਗ ਹਸਾਈ, ਬਦਨਾਮੀ; ਮਖੌਲ ।
[जग हंसाई] स्त्री० लोक-हँसाई, बदनामी; मखौल, उपहास ।

جگ—[ਜੁਗ] ਪੁ. ਜੁਗ, ਕਾਲ; ਪੀੜ੍ਹੀ, ਪੁਸ਼ਤ ।
[जुग] पु० युग, काल; पीढ़ी, पुश्त ।

جگ جگ—[ਜੁਗ ਜੁਗ] ਕ੍ਰਿ. ਵਿ. ਜੁਗਾਂ ਜੁਗਾਂ ਤਕ, ਹਮੇਸ਼ਾ ।
[जुग जुग] क्रि० वि० युग युग तक, सदा ।

جگ ٹوٹنا—[ਜੁਗ ਟੂਟ-ਨਾ] ਮੁਹਾ. ਮੰਡਲੀ ਵਿਚ ਫੁੱਟ ਪੈ ਜਾਣਾ; ਦੋ ਮਿੱਤ੍ਰਾਂ ਵਿਚ ਵਿਰੋਧ ਹੋ ਜਾਣਾ; ਪਤੀ ਪਤਨੀ ਵਿਚੋਂ ਇਕ ਦਾ ਅਕਾਲ ਚਲਾਣਾ ਕਰ ਜਾਣਾ, ਜੁਦਾਈ ਹੋ ਜਾਣਾ, ਜੋੜੀ ਟੁੱਟ ਜਾਣਾ ।
[जुग टूट-ना] मुहा० मण्डली में फूट पड़ना; दो मित्रों में विरोध हो जाना; पति-पत्नी में से एक की मृत्यु हो जाना, वियोग हो जाना, जोड़ी टूट जाना ।

جگادری—[ਜੁਗਾਦਰੀ] ਵਿ. ਜੁਗਾਂ ਪੁਰਾਣਾ, ਪੁਰਾਣਾ ਜੁਗਾਂ ਦਾ, ਪੁਰਾਣਾ ਤੇ ਹੋਲ ਡੋਲ ਦਾ ਵੱਡਾ ਜਨੌਰ,
[जुगादरी] वि० पुराना, पुराना पुराना, पुराना और हृष्ट पुष्ट व्यक्ति या जानवर ।

جگادری ٹڈا—[ਜੁਗਾਦਰੀ ਟਿੱਡਾ] ਪੁ. ਬਹੁਤ ਵੱਡਾ ਟਿੱਡਾ, ਲੰਮੀਆਂ ਲੱਤਾਂ ਵਾਲਾ ਟਿੱਡਾ ।
[जुगादरी टिड्डा] पु० बहुत बड़ा टिड्डा, लम्बी टांगों वाला टिड्डा ।

جگالی—[ਜੁਗਾਲੀ] ਇ. ਉਗਾਲੀ ।
[जुगाली] स्त्री० पागुर ।

جگاڑ—[ਜੁਗਾੜ] ਪੁ. ਧੋਤੇ ਹੋਏ ਕਪੜਿਆਂ ਦੀ ਤਹਿ, ਧੋਤੇ ਕਪੜੇ ਦਾ ਜੋੜੇ ।
[जुगाड़] पु० धुले कपड़ों की गांठ, धुले कपड़े अथवा जोड़े ।

جگانا—[ਜਗਾਣਾ] ਕ੍ਰਿ. ਸਕ. ਜਗਾਉਣਾ, ਨੀਂਦ ਤੋਂ ਉਠਾਉਣਾ; ਸਚੇਤ ਕਰਨਾ, ਸਾਵਧਾਨ ਕਰਨਾ; ਪ੍ਰਜਵਲਤ ਕਰਨਾ; ਉਕਸਾਉਣਾ; ਰੌਸ਼ਨ ਕਰਨਾ ।

[जगाना] क्रि० सक० प्रबोधना, नींद से उठाना; सचेत करना, सावधान करना; उकसाना; जलाना (दीपक)।

جگت—[ਜਗਤ] ਪੁ ਵਿ. ਜਗ, ਦੁਨੀਆਂ, ਸੰਸਾਰ; ਖੂਹ ਦੀ ਮੌਣ।

[जगत] पु० स्त्री० विश्व, दुनिया, संसार; कुएं के चारों ओर बनी हुई गोल मेंड़।

—جگت اُستاد—[ਜਗਤ ਉਸ-ਤਾਦ] ਪੁ. ਗੁਰੂ ਘੰਟਾਲ, ਜਗਤ ਪੀਰ।

[जगत उस-ताद] पु० गुरु घंटाल, जगत-पीर।

—جگت سالا—[ਜਗਤ ਸਾਲਾ] ਪੁ. ਜਗਤ ਦਾ ਸਾਲਾ, ਸਭ ਦਾ ਸਾਲਾ, ਵੇਸਵਾ ਦਾ ਭਰਾ, ਕਮੀਨੇ ਤੋਂ ਕਮੀਨਾ ਆਦਮੀ।

[जगत साला] पु० जगत का साला, सब का साला, वेश्या का भाई, नीचतम व्यक्ति।

—جگت سیٹھ—[ਜਗਤ ਸੇਠ] ਪੁ ਵੱਡਾ ਧਨਾਢ, ਬੜਾ ਮਾਲਦਾਰ।

[जगत सेठ] पु० प्रसिद्ध सेठ, अत्यधिक धनी।

جگت—[ਜੁਗਤ] ਵਿ. ਜੁਗਤੀ, ਤਦਬੀਰ; ਚੁੰਨਤ; ਟਿੱਚਰ।

[जुगत] स्त्री० युक्ति, विधि; दुक्कत, आपत्ति; व्यंग्योक्ति।

—جگت باز—[ਜੁਗਤ ਬਾਜ਼] ਪੁ. ਮਖੌਲੀ, ਟਿੱਚਰਾਂ ਕਰਨ ਵਾਲਾ, ਜੁਗਤਾਂ ਘੜਨ ਵਾਲਾ।

[जुगत बाज़] पु० व्यंग्य विनोद भरी बातें करने वाला, छेड़ करने वाला, जोड़ तोड़ लगाने वाला।

—جگت بازی—[ਜੁਗਤ ਬਾਜ਼ੀ] ਵਿ. ਟਿੱਚਰ ਬਾਜ਼ੀ, ਜੁਗਤਾਂ ਘੜਨ ਦਾ ਭਾਵ।

[जुगत बाज़ी] स्त्री० छेड़खानी, व्यंग्य-विनोद भरी बातें करने का भाव।

—جگت رنگ—[ਜੁਗਤ ਰੰਗ] ਪੁ. ਜੁਗਤੀ, ਟਿੱਚਰ ਬਾਜ਼, ਜੁਗਤਾਂ ਘੜਨ ਵਾਲਾ।

[जुगत रंग] पु० जुगत से काम लेने वाला, छेड़खानी करने वाला, जोड़-तोड़ लगाने वाला।

—جگت لڑانا—[ਜੁਗਤ ਲੜਾਣਾ] ਕ੍ਰਿ. ਸਮਾ. ਜੋੜ ਤੋੜ ਮੇਲਣਾ, ਜੁਗਤ ਬਣਾਉਣਾ, ਤਦਬੀਰ ਲੜਾਉਣਾ।

[जुगत लड़ाना] क्रि० समा० जोड़-तोड़ करना, उपाय निकालना, युक्ति करना।

—جگت ملانا—[ਜੁਗਤ ਮਿਲਾਣਾ] ਮੁਹਾ. ਆਪਣੇ ਮਤਲਬ ਤੇ ਲਿਆਉਣਾ।

[जुगत मिलाना] मुहा० अपने मतलब पर लाना।

جگتی - جگتیا—[ਜੁਗਤੀ, ਜੁਗਤੀਆ] ਵਿ. ਪੁ. ਜੁਗਤ ਬਾਜ਼; ਚਤਰ; ਸ਼ਰਾਰਤੀ; ਮੌਜੀ।

[जुगती, जुगतिया] वि० पु० युक्तिवान; चतुर; शरारती; मिलनसार।

جگجگا—[ਜਗ-ਜਗਾ] ਪੁ. ਪਿੱਤਲ ਦਾ ਪੱਤਰਾ, ਪੰਨੀ।

[जग-जगा] पु० पीतल का वर्क़, पन्नी।

جگجگانا—[ਜਗ-ਜਗਾਣਾ] ਕ੍ਰਿ. ਅਕ. ਚਮਕਣਾ, ਝਮਕਣਾ, ਟਿਮਟਿਮਾਉਣਾ।

[जग-जगाना] क्रि० अक० जगमगाना, झलकना, टिमटिमाना।

جگجگی—[ਜਿਗ-ਜਿਗੀ] ਵਿ. ਮਿੰਨਤ ਖ਼ੁਸ਼ਾਮਦ, ਤਰਲਾ ਮਿੰਨਤ।

[जिग-जिगी] स्त्री० मिन्नत खुशामद, अनुनय विनय।

جگر—[ਜਿਗਰ] ਫ਼ਾ. ਪੁ. ਕਲੇਜਾ, ਕਲੇਜੀ; ਮਨ, ਜੀ।

[जिगर] फ़ा० पु० कलेजा, कलेजी; मन, जी।

—جگر بند—[ਜਿਗਰ ਬੰਦ] ਫ਼ਾ. ਪੁ ਦਿਲ; ਤਿੱਲੀ, ਫੇਫੜੇ ਤੇ ਕਲੇਜੇ ਦਾ ਸਮੂਹ; ਪੁੱਤਰ।

[जिगर बंद] फ़ा० पु० हृदय; तिल्ली, फेफड़े और कलेजे का समूह; पुत्र।

—جگر جگر ہے - دگر دگر ہے—[ਜਿਗਰ ਜਿਗਰ ਹੈ, ਦਿਗਰ ਦਿਗਰ ਹੈ] ਅਖੌ. ਹੀਰ ਹੀਰ ਹੈ, ਆਪਣਾ ਆਪਣਾ ਹੈ।

[जिगर जिगर है, दिगर दिगर है] लोको० अपना अपना है, पराया पराया है।

—جگر گوشہ—[ਜਿਗਰ ਗੋਸ਼ਾ:] ਫ਼ਾ. ਪੁ. ਜਿਗਰ ਦਾ ਟੋਟਾ, ਪੁੱਤਰ।

[जिगर गोशः] फ़ा० पु० हृदय का टुकड़ा, पुत्र।

جگرا—[ਜਿਗ-ਰਾ] ਪੁ. ਹਿੰਮਤ, ਹੌਂਸਲਾ।

[जिग-रा] पु० हिम्मत, साहस।

جگر جگر کرنا—[ਜਗਰ ਜਗਰ ਕਰ-ਨਾ] ਮੁਹਾ. ਚਮਕਣਾ, ਜਗਮਗਾਉਣਾ।

[जगर जगर कर-ना] मुहा० चमकना, जगमगाना।

جگری—[ਜਿਗ-ਰੀ] ਫ਼ਾ. ਵਿ. ਦਿਲ ਦੀ, ਅੰਦਰ ਦਾ, ਗੂੜ੍ਹੀ; ਦਿਲੀ, ਸੱਚਾ।

[जिग-री] फ़ा० वि० भीतरी, अन्तरंग; हार्दिक, सच्चा।

جگل—[ਜੁਗਲ] ਪੁ. ਜੋੜਾ।

[जुगल] पु० जोड़ा, युगल।

جگمگ—[ਜਗ-ਮਗ] ਵਿ. ਰੋਸ਼ਨੀ, ਚੁੰਧਿਆ ਦੇਣ ਵਾਲੀ ਰੋਸ਼ਨੀ।

[जग-मग] स्त्री० प्रकाश, चुँधिया देने वाला प्रकाश।

—جگمگ جگمگ کرنا—[ਜਗ-ਮਗ ਜਗ-ਮਗ ਕਰ-ਨਾ] ਕ੍ਰਿ. ਸਮਾ. ਟਹਿ ਟਹਿ ਕਰਨਾ, ਖ਼ੂਬ ਚਮਕਣਾ।

[जग-मग जग-मग कर-ना] क्रि० समा० जगमगाना, खूब चमकना।

جگمگانا—[ਜਗ-ਮਗਾਣਾ] ਕ੍ਰਿ. ਅਕ. ਟਹਿ ਟਹਿ ਕਰਨਾ, ਖ਼ੂਬ ਚਮਕਣਾ।

[जग-मगाना] क्रि० सक० जगमग जगमग करना, खूब चमकना।

جگمگاہٹ—[ਜਗ-ਮਗਾਹਟ] ਇ. ਟਹਿ ਟਹਿ ਕਰਨ ਦੀ ਕ੍ਰਿਆ, ਜਗਮਗਾਹਟ, ਲਿਸ਼ਕ; ਰੌਣਕ ।
[जग-मगाहट] स्त्री॰ जगमगाने की क्रिया, चमक, प्रकाश; रौनक ।

جگنو—[ਜੁਗ-ਨੂ] ਪੁ. ਟਟਹਿਣਾ, ਟਟਿਆਣਾ, ਪਟਬੀਜਣਾ ।
[जुग-नू] पु॰ खद्योत, पटबीजना ।

جگنی—[ਜੁਗ-ਨੀ] ਇ. ਇਸਤਰੀਆਂ ਦਾ ਗਲ ਵਿਚ ਪਾਉਣ ਵਾਲਾ ਇਕ ਗਹਿਣਾ; ਇਕ ਖਾਸ ਤਰ੍ਹਾਂ ਦਾ ਪਰਸਿੱਧ ਪੰਜਾਬੀ ਗੀਤ ।
[जुग-नी] स्त्री॰ स्त्रियों के गले का एक आभूषण; एक विशेष प्रकार का पंजाबी गीत ।

جگہ—[ਜਗਾਹ] ਫ਼ਾ. ਇ. ਥਾਂ, ਟਿਕਾਣਾ; ਵਿਹਲ; ਨੌਕਰੀ ।
[जगह] फ़ा॰ स्त्री॰ स्थान, ठिकाना; रिक्तस्थान; नौकरी ।

جگہ جگہ—[ਜਗਾਹ ਜਗਾਹ] ਕ੍ਰਿ. ਵਿ. ਹਰ ਥਾਂ, ਥਾਂ ਥਾਂ ।
[जगह जगह] क्रि॰ वि॰ प्रत्येक स्थान पर, स्थान स्थान पर ।

جگہ چھوڑنا—[ਜਗਾਹ ਛੋੜ-ਨਾ] ਕ੍ਰਿ. ਸਮਾ. ਥਾਂ ਛੱਡਣਾ, ਹਟਣਾ, ਸਰਕਣਾ, ਨੌਕਰੀ ਛੱਡਣਾ ।
[जगह छोड़-ना] क्रि॰ समा॰ स्थान त्यागना, स्थान छोड़ना, हटना, सरकना, नौकरी छोड़ना ।

جگراتا—[ਜਗ-ਰਾਤਾ] ਇ. ਸਮਾ. ਉਨੀਂਦਰਾ ।
[जग-रात] स्त्री॰ जागरण, उन्निद्र ।

جگی جگی—[ਜਿਗੀ ਜਿਗੀ] ਫ਼ਾ. ਅਵ. ਹਥੋ ਹੱਥੀ ।
[जिगी जिगी] फ़ा॰ अव्य॰ हाथ हाथ ।

جل—[ਜਲ] ਪੁ. ਪਾਣੀ ।
[जल] पु॰ पानी ।

جل ترنگ—[ਜਲ ਤਰੰਗ] ਪੁ. ਪਾਣੀ ਦੀ ਲਹਿਰ; ਪਿਆਲੀਆਂ ਵਿਚ ਪਾਣੀ ਭਰ ਕੇ ਵਜਾਉਣ ਨੂੰ ਜਲ ਤਰੰਗ ਆਖਦੇ ਹਨ ।
[जल तरंग] पु॰ जल की लहर या तरंग; जल से भरी हुई प्यालियों पर आघात करके बजाया जाने वाला बाजा ।

جل توری—[ਜਲ ਤੋਰੀ] ਇ. ਮੱਛੀ ।
[जल तोरी] स्त्री॰ मछली ।

جل تھل—[ਜਲ ਥਲ] ਪੁ. ਪ੍ਰਿਥਵੀ ਤੇ ਪਾਣੀ ।
[जल थल] पु॰ जल और पृथ्वी ।

جل تھل ایک ہونا—[ਜਲ ਥਲ ਇਕ ਹੋਣਾ] ਮੁਹਾ. ਬਹੁਤ ਮੀਂਹ ਪੈਣਾ ।
[जल थल एक होना] मुहा॰ भारी वर्षा होना ।

جل جوگنی—[ਜਲ ਜੋਗਣੀ] ਇ. ਜੋਂਕ; ਇੱਲ; ਬਦਇਖ਼ਲਾਕ ਆਦਮੀ ।
[जल जोगनी] स्त्री॰ जोंक; चील; बदमिज़ाज व्यक्ति ।

جل کاگ—[ਜਲ ਕਾਗ] ਪੁ. ਜਲ ਕਾਂ ।
[जल काग] पु॰ जल कौआ ।

جل ککڑ—[ਜਲ ਕੁੱਕੜ] ਪੁ. ਮੁਰਗਾਬੀ, ਮੁਰਗਾਈ ।
[जल कुक्कड़] पु॰ मुर्ग़ाबी, जल कुक्कुट ।

جل—[ਜੱਲ] ਅਰ. ਵਿ. ਮਹਾਨ, ਵੱਡਾ, ਸ਼ਾਨ ਵਾਲਾ ।
[जल्ल] अर॰ वि॰ महान्, बड़ा, शान वाला ।

جل جلالہ—[ਜੱਲ ਜਲਾਲਹੂ] ਅਰ. ਅਵ. ਉਸ (ਰੱਬ) ਦੀ ਵੱਡੀ ਸ਼ਾਨ ਹੈ; ਉਹ ਬਹੁਤ ਵੱਡਾ ਹੈ ।
[जल्ल जलालुहू] अर॰ अव्य॰ ईश्वर की लीला अपार है; ईश्वर महान् है ।

جل—[ਜੁਲ] ਪੁ. ਛਲ, ਧੋਖਾ, ਫ਼ਰੇਬ ।
[जुल] पु॰ छल, कपट, फ़रेब ।

جل باز—[ਜੁਲ ਬਾਜ਼] ਪੁ. ਧੋਖੇ ਬਾਜ਼, ਛਲੀਆ ।
[जुल बाज़] पु॰ धोखे बाज़, छलिया ।

جل—[ਜੁੱਲ, ਜੁਲ] ਫ਼ਾ. ਪੁ. ਝੁੱਲ ।
[जुल्ल, जुल] फ़ा॰ पु॰ झूल ।

جلا—[ਜਿਲਾ] ਪੁ. ਚਮਕ ।
[जिला] पु॰ चमक ।

جلا دینا—[ਜਿਲਾ ਦੇਣਾ] ਕ੍ਰਿ. ਸਕ. ਚਮਕਾਉਣਾ ।
[जिला देना] क्रि॰ सक॰ चमकाना ।

جلا کار—[ਜਿਲਾਕਾਰ] ਅਰ. ਫ਼ਾ. ਪੁ. ਸਿਕਲੀਗਰ ।
[जिलाकार] अर॰ फ़ा॰ पु॰ सिकलीगर ।

جلاب—[ਜੁੱਲਾਬ, ਜੁਲਾਬ] ਪੁ. ਦਸਤ ਲਿਆਉਣ ਵਾਲੀ ਦਵਾ ।
[जुल्लाब, जुलाब] पु॰ दस्त लाने वाली दवा ।

جلا بھنا—[ਜਲਾ ਭੁਨਾ] ਵਿ. ਜਲਿਆ ਭੁੱਜਿਆ, ਗੁੱਸੇ ।
[जला भुना] वि॰ जला भुना, क्रुद्ध ।

جلاپا—[ਜਲਾਪਾ] ਪੁ. ਈਰਖਾ ।
[जलापा] पु॰ ईर्ष्या ।

جلا تن—[ਜਲਾ ਤਨ] ਪੁ. ਸੜੂ ਬੰਦਾ, ਜਲਿਆ ਬਲਿਆ ।
[जला तन] पु॰ कुढ़ने वाला, जला-भुना ।

جلاجل—[ਜਲਾ ਜਿਲ] ਅਰ. ਪੁ. ਝਾਂਜਰ ।
[जला जिल] अर॰ पु॰ झांजर ।

جلاد—[ਜੱਲਾਦ] ਅਰ. ਪੁ. ਖੱਲ ਲਾਹੁਣ ਵਾਲਾ; ਗਲ ਵੱਢਣ ਵਾਲਾ; ਕੋੜੇ ਮਾਰਨ ਵਾਲਾ; ਜ਼ਾਲਿਮ ।
[जल्लाद] अर॰ पु॰ चमड़ी उतारने वाला; गला काटने वाला; कोड़े लगाने वाला; अत्याचारी ।

جلاد فلک—[ਜੱਲਾਦੇ ਫ਼ਲਕ] ਫ਼ਾ. ਪੁ. ਮੰਗਲ ਸਤਾਰਾ ।
[जल्लादे फ़लक] फ़ा॰ पु॰ मंगल नक्षत्र ।

جلادی—[ਜੱਲਾਦੀ] ਫ਼ਾ. ਇ. ਜੱਲਾਦ ਦਾ ਕੰਮ; ਜ਼ੁਲਮ ।
[जल्लादी] फ़ा॰ स्त्री॰ जल्लाद का काम; अत्याचार ।

1 جلال — [ਜਲਾਲ] ਅਰ. ਪੁ. ਸ਼ਾਨ; ਰੱਬੀ ਸ਼ਾਨ ।
[जलाल] अर० पु० शान; ईश्वरीय शान ।

2 جلال — [ਜਲਾਲ] ਅਰ. ਪੁ. ਉਰਦੂ ਦੇ ਪ੍ਰਸਿੱਧ ਕਵੀ ਸੱਯਦ ਜ਼ਾਮਿਨ ਅਲੀ ਦਾ ਤਖ਼ੱਲੁਸ ।
[जलाल] अर० पु० उर्दू के प्रसिद्ध कवि सय्यद ज़ामिन अली का उपनाम ।

جلالت — [ਜਲਾਲਤ] ਅਰ. ਇ. ਸ਼ਾਨ, ਰੱਬੀ ਸ਼ਾਨ ।
[जलालत] अर० स्त्री० शान, ईश्वरीय शान

جلالی — [ਜਲਾਲੀ] ਅਰ. ਵਿ. ਜਲਾਲੁੱਦੀਨ ਦੀ ਪਰੰਪਰਾ ਦਾ ਫ਼ਕੀਰ; ਰੱਬ ਦੀ ਸ਼ਾਨ ਤੇ ਕਹਿਰ ਦੀ ਸਥਾਪਿਤ ਹੋਈ; 'ਜਲਾਲੀ' ਕਲੰਡਰ ਦਾ ਮਹੀਨਾ ।
[जलाली] अर० वि० जलालुद्दीन की परम्परा का फ़क़ीर; ईश्वर का भयप्रदकारी रूप; 'जलाली' साल का महीना ।

جلا میری — [ਜੱਲਾ ਮੀਰੀ] ਪੁ. ਮੁੰਡਿਆਂ ਦੀ ਇਕ ਖੇਡ ।
[जल्ला मीरी] पु० लड़कों का एक खेल ।

جلانا — [ਜਲਾਣਾ] ਕ੍ਰਿ. ਸਕ. ਸਾੜਨਾ, ਫੂਕਣਾ, ਅੱਗ ਲਾਉਣਾ; ਈਰਖਾ ਨਾਲ ਸਾੜਨਾ, ਭੜਕਾਉਣਾ ।
[जलाना] क्रि० सक० दग्ध करना, प्रज्वलित करना, आग लगाना, ईर्ष्या उत्पन्न करना, भड़काना ।

جِلانا — [ਜਿਲਾਣਾ] ਕ੍ਰਿ. ਸਕ. ਜੀਉਂਦਾ ਕਰਨਾ ।
[जिलाना] क्रि० सक० जीवित करना ।

جلا وطن — [ਜਲਾ ਵਤਨ] ਅਰ. ਵਿ. ਦੇਸੋਂ ਕੱਢਿਆ ।
[जला वतन] अर० वि० देश से निर्वासित ।

جلا وطنی — [ਜਲਾ ਵਤਨੀ] ਅਰ. ਫ਼ਾ. ਇ. ਦੇਸ਼ ਨਿਕਾਲਾ ।
[जला वतनी] अर० फ़ा० स्त्री० देश-निकाला, निर्वासन ।

جلب — [ਜਲ-ਬ, ਜਲਬ] ਅਰ. ਪੁ. ਖਿੱਚਣ ਦਾ ਭਾਵ ।
[जल-ब, जलब] अर० पु० खींचने का भाव ।

جلبِ منفعت — [ਜਲ-ਬੇ ਮਨ-ਫ਼ਅਤ] ਅਰ. ਪੁ. ਲਾਭ ਪਰਾਪਤ ਕਰਨ ਦਾ ਭਾਵ ।
[जल-बे मन-फ़अत] अर० पु० लाभ प्राप्त करने का भाव ।

جلباب — [ਜਿਲ-ਬਾਬ] ਅਰ. ਇ. ਚਾਦਰ ।
[जिल-बाब] अर० स्त्री० चादर ।

جلد — [ਜਿਲ-ਦ] ਅਰ. ਇ. ਚਮੜੀ; ਕਿਤਾਬਾਂ ਉੱਤੇ ਚੜ੍ਹਾਇਆ ਗੱਤਾ ।
[जिल-द] अर० स्त्री० त्वचा; पुस्तक के ऊपर चढ़ाया गया गत्ता ।

جلد ساز — [ਜਿਲ-ਦ ਸਾਜ਼] ਫ਼ਾ. ਪੁ. ਜਿਲਦਾਂ ਬਣਾਉਣ ਵਾਲਾ ।
[जिल-द साज़] फ़ा० पु० पुस्तकों की जिल्दें बाँधने वाला ।

جلد گر — [ਜਿਲ-ਦ ਗਰ] ਫ਼ਾ. ਪੁ. ਜਿਲਦਾਂ ਬਣਾਉਣ ਵਾਲਾ ।
[जिल-द गर] फ़ा० पु० पुस्तकों की जिल्दें बाँधने वाला ।

جلد — [ਜਲ-ਦ] ਫ਼ਾ. ਕ੍ਰਿ. ਵਿ. ਛੇਤੀ, ਝਟ ਪਟ ।
[जल-द] फ़ा० क्रि० वि० शीघ्र, जल्दी, झटपट ।

جلد باز — [ਜਲ-ਦ ਬਾਜ਼] ਫ਼ਾ. ਵਿ. ਪੁ. ਛੇਤੀ ਕਰਨ ਵਾਲਾ ।
[जल-द बाज़] फ़ा० वि० पु० शीघ्रता करने वाला ।

جلدو — [ਜਲ-ਦੂ, ਜੁਲ-ਦੂ] ਤੁਰ. ਪੁ. ਇਨਾਮ ।
[जल-दू, जुल-दू] तुर्क० पु० इनाम ।

جِلدی — [ਜਿਲ-ਦੀ] ਫ਼ਾ. ਵਿ. ਚਮੜੀ ਸਬੰਧੀ ।
[जिल-दी] फ़ा० वि० त्वचा-सम्बन्धी ।

جلدی — [ਜਲ-ਦੀ] ਫ਼ਾ. ਇ. ਛੇਤੀ ।
[जल-दी] फ़ा० स्त्री० शीघ्रता ।

جلدی کام شیطان کا — [ਜਲ-ਦੀ ਕਾਮ ਸ਼ੈਤਾਨ ਕਾ] ਅਖੌ. ਛੇਤੀ ਕਰਨ ਨਾਲ ਕੰਮ ਖ਼ਰਾਬ ਹੋ ਜਾਂਦਾ ਹੈ ।
[जल-दी काम शैतान का] लोको० शीघ्रता करने से काम बिगड़ जाता है ।

جلسہ — [ਜਲ-ਸਾ] ਅਰ. ਪੁ. ਬੈਠਕ, ਇਜਲਾਸ, ਸਭਾ, ਗਾਉਣ ਵਜਾਉਣ ਦੀ ਮਹਿਫ਼ਲ ।
[जल-सः] अर० पु० बैठक, अधिवेशन, सभा, गाने बजाने का समारोह ।

جلق — [ਜਲ-ਕ਼, ਜਲਕ਼] ਅਰ. ਪੁ. ਹੱਥਰਸੀ, ਹੱਥ ਨਾਲ ਵੀਰਜ ਪਾਤ ਕਰਨ ਦੀ ਕ੍ਰਿਆ, ਹਸਤ ਮੈਥੁਨ ।
[जल-क़, जलक़] अर० पु० हस्त क्रिया, हस्त मैथुन ।

جلق لگانا — [ਜਲ-ਕ਼, ਜਲਕ਼ ਲਗਾਣਾ] ਕ੍ਰਿ. ਸਕ. ਹੱਥਰਸੀ ਕਰਨਾ ।
[जल-क़, जलक़ लगाना] क्रि० सक० हस्त मैथुन करना ।

جلقی — [ਜਲ-ਕ਼ੀ, ਜਲਕ਼ੀ] ਅਰ. ਪੁ. ਹੱਥਰਸੀ ਕਰਨ ਵਾਲਾ ।
[जल-क़ी, जलक़ी] अर० पु० हस्त मैथुन करने वाला ।

جلن — [ਜਲਨ] ਇ. ਸੜਨ ਦੀ ਹਾਲਤ; ਈਰਖਾ ।
[जलन] स्त्री० जलने की स्थिति; ईर्ष्या ।

جلنا — [ਜਲ-ਣਾ] ਕ੍ਰਿ. ਅਕ. ਸੜਨਾ, ਫੁਕਣਾ, ਸੁਲਘਣਾ; ਕੁਮਲਾਇਆ ਜਾਣਾ, ਤਲ ਜਾਣਾ; ਈਰਖਾ ਕਰਨਾ; ਜਲਣ ਹੋਣਾ ।
[जल-ना] क्रि० अक० दग्ध होना, जलना, सुलगना; झुलसना, जल जाना; ईर्ष्या करना; जलन होना ।

جل ککڑ یا ککڑا یا ککڑی — [ਜਲ ਕੁੱਕੜ ਜਾਂ ਕੁਕੜਾ ਜਾਂ ਕੁਕੜੀ] ਪੁ. ਇ. ਚਿੜਚਿੜੇ ਸੁਭਾਅ ਦਾ ਬੰਦਾ ਜਾਂ ਇਸਤ੍ਰੀ ।
[जल कुक्कड़ या कुकड़ा या कुकड़ी] पु० स्त्री० चिड़चिड़े स्वभाव का नर या नारी ।

جل مرنا—[ਜਲ ਮਰ-ਨਾ] ਮੁਹਾ. ਈਰਖਾ ਕਾਰਨ ਸੜ ਬਲ ਕੇ ਖੇਹ ਹੋ ਜਾਣਾ ।
[जल-मर-ना] मुहा॰ ईर्ष्या से जल कर राख हो जाना ।

جلندھر - جالندھر—[ਜਲੰਦਰ, ਜਲੰਧਰ] ਪੁ. ਇਸਤਸਕਾ, ਜਲੋਦਰ, ਪੇਟ ਵਿਚ ਪਾਣੀ ਪੈ ਜਾਣ ਦਾ ਰੋਗ ।
[जलंदर, जलंधर] पु॰ जलोदर रोग, पेट में पानी भर जाने का रोग ।

جلو—[ਜਿਲੌ, ਜਲੌ] ਤੁਰ. ਇ. ਠਾਠ ਨਾਲ ਹੋਣ ਦਾ ਭਾਵ ।
[जिलौ जलौ] तुर्की॰ स्त्री॰ ठाठ के साथ होने का भाव ।

جلو خانہ—[ਜਿਲੌ ਖ਼ਾਨਹ] ਤੁਰ. ਫ਼ਾ. ਪੁ. ਵੇਹੜਾ, ਉਹ ਮੈਦਾਨ ਜੋ ਸ਼ਾਹੀ ਦਰਵਾਜ਼ੇ ਦੇ ਸਾਹਮਣੇ ਹੋਵੇ ।
[जिलौ खानः] तुर्की॰ फ़ा॰ पु॰ आंगन, वह मैदान जो शाही दरवाज़े के सामने हो ।

جلو دار—[ਜਿਲੌਦਾਰ] ਤੁਰ. ਫ਼ਾ. ਪੁ. ਮੁਸਾਹਿਬ, ਹਾਜ਼ਰ ਬਾਸ਼ ।
[जिलौदार] तुर्की॰ फ़ा॰ पु॰ पार्श्ववर्ती, साथ रहने वाला ।

جلو ریز—[ਜਲੌ ਰੇਜ਼] ਤੁਰ. ਫ਼ਾ. ਕ੍ਰਿ. ਵਿ. ਇ. ਤੇਜ਼, ਸਰਪਟ; ਛੇਤੀ ।
[जलौ रेज़] तुर्की॰ फ़ा॰ क्रि॰ वि॰ स्त्री॰ तेज, सरपट; शीघ्रता ।

جلوت—[ਜਲ-ਵਤ] ਅਰ. ਇ. ਆਮ ਥਾਂ; ਪਬਲਕ ਵਿਚ ਪਰਗਟ ਹੋਣ ਜਾਂ ਕਰਨ ਦਾ ਭਾਵ ।
[जल-वत] अर॰ स्त्री॰ आम जगह; जनता में प्रकट होने या करने का भाव ।

جلوس—[ਜੁਲੂਸ] ਅਰ. ਪੁ. ਬੈਠਕ; ਤਖ਼ਤ ਉੱਤੇ ਬੈਠਣ ਦਾ ਭਾਵ, ਰਾਜ ਗੱਦੀ; ਅਮੀਰਾਂ ਤੇ ਬਾਦਸ਼ਾਹਾਂ ਦੀ ਸਵਾਰੀ; ਕਿਸੇ ਮੌਕੇ ਤੇ ਬਹੁਤ ਸਾਰੇ ਲੋਕਾਂ ਦਾ ਇਕੱਠੇ ਹੋ ਕੇ ਬਾਜ਼ਾਰਾਂ ਆਦਿ ਵਿਚੋਂ ਲੰਘਣਾ ।
[जुलूस] अर॰ पु॰ बैठक; राज्य सिंहासन पर बैठने का भाव, राज्य सिंहासन; धनवानों और राजाओं की सवारी; किसी विशेष अवसर पर बहुत से लोगों का इकट्ठे हो कर बाज़ारों आदि में से गुज़रना ।

جلوسی—[ਜੁਲੂਸੀ] ਅਰ. ਵਿ. ਜਲੂਸ ਨਾਲ ਸਬੰਧਤ ।
[जुलूसी] अर॰ वि॰ जलूस से सम्बन्धित ।

جلوہ—[ਜਲ-ਵਹ] ਅਰ. ਪੁ. ਝਲਕੀ, ਰੱਬੀ ਨੂਰ ਦੀ ਝਲਕ ।
[जल-वः] अर॰ पु॰ झलक, ईश्वरीय ज्योति की झलक ।

جلوہ گر—[ਜਲ-ਵਹ ਗਰ] ਫ਼ਾ. ਪੁ. ਝਲਕੀ ਦੇਣ ਵਾਲਾ ।
[जल-वः गर] फ़ा॰ पु॰ झलक दिखाने वाला ।

جلی—[ਜਲੀ] ਵਿ. ਸਪੱਸ਼ਟ ।
[जली] वि॰ स्पष्ट ।

جلیبا—[ਜਲੇਬਾ] ਪੁ. ਸ਼ਹਿਤੂਤ; ਸਲੀਬ ।
[जलेबा] पु॰ शहतूत; सलीब ।

جلیبی—[ਜਲੇਬੀ] ਇ. ਇਕ ਕਿਸਮ ਦੀ ਮਿਠਾਈ ।
[जलेबी] स्त्री॰ एक प्रकार की मिठाई ।

جلے پاؤں کی بلی—[ਜਲੇ ਪਾਉਂ ਕੀ ਬਿੱਲੀ] ਇ. ਆਵਾਰਾ (ਆਦਮੀ) ।
[जले पाओं की बिल्ली] स्त्री॰ आवारा (व्यक्ति) ।

جلے پر نمک چھڑکنا—[ਜਲੇ ਪਰ ਨਮਕ ਛਿੜਕ-ਨਾ] ਮੁਹਾ. ਦੁਖੀ ਨੂੰ ਹੋਰ ਦੁਖੀ ਕਰਨਾ ।
[जले पर नमक छिड़क-ना] मुहा॰ दुखी को और दुखी करना ।

جلے پھپھولے پھوڑنا—[ਜਲੇ ਫਫੋਲੇ ਫੋੜ-ਨਾ] ਮੁਹਾ. ਬਦਲਾ ਲੈਣਾ; ਗੁੱਸਾ ਜ਼ਾਹਿਰ ਕਰਨਾ, ਜਲੀ ਕਟੀ ਕਹਿਣਾ ।
[जले फफोले फोड़-ना] मुहा॰ बदला लेना; रोष प्रकट करना, जली कटी सुनाना ।

جلے تن—[ਜਲੇ ਤਨ] ਪੁ. ਵੇਖੋ : جلا تن
[जले तन] पु॰ देखो : جلا تن

جلیری—[ਜਲੇਰੀ, ਜਿਲੇਰੀ] ਇ. ਲੋਹਾਰਾਂ ਦੀ ਕੁੰਡ ।
[जलेरी, जिलेरी] स्त्री॰ लोहारों का कुंड ।

جلیس—[ਜਲੀਸ] ਅਰ. ਪੁ. ਮੁਸਾਹਿਬ ।
[जलीस] अर॰ पु॰ मुसाहिब, पार्श्ववर्ती ।

جلی کٹی کہنا—[ਜਲੀ ਕਟੀ ਕਹਿ-ਣਾ] ਮੁਹਾ. ਬੁਰੀ ਭਲੀ ਆਖਣਾ ।
[जली कटी कह-ना] मुहा॰ बुरा भला कहना ।

جلیل—[ਜਲੀਲ] ਅਰ. ਵਿ. ਵੱਡਾ; ਰੱਬ ਦੀ ਇਕ ਸਿਫ਼ਤ ।
[जलील] अर॰ वि॰ बड़ा; ईश्वर की एक उपाधि ।

جلیل القدر—[ਜਲੀਲੁਲ ਕਦ-ਰ] ਅਰ. ਵਿ. ਵੱਡੇ ਮਰਤਬੇ ਵਾਲਾ ।
[जलीलुल क़द-र] अर॰ वि॰ ऊंचे मरतबे वाला ।

جم—[ਜਮ] ਫ਼ਾ. ਪੁ. ਜਮਸ਼ੇਦ; ਸਿਕੰਦਰ; ਸੁਲੇਮਾਨ ।
[जम] फ़ा॰ पु॰ जमशेद; सिकन्दर; सुलेमान ।

جم جاہ—[ਜਮ ਜਾਹ] ਫ਼ਾ. ਅਰ. ਪੁ. ਜਮਸ਼ੈਦ ਵਰਗੇ ਮਰਤਬੇ ਵਾਲਾ ।
[जम जाह] फ़ा॰ अर॰ पु॰ जमशेद जैसे मरतबे वाला ।

جمادات—[ਜਮਾਦਾਤ] ਅਰ. ਪੁ. ਜੜ੍ਹ ਚੀਜ਼ਾਂ ।
[जमादात] अर॰ पु॰ जड़ वस्तुएँ ।

جمادی الآخر - جمادی—[ਜੁਮਾਦੀ, ਜਮਾਦੀ ਉਲ-ਆਖ਼ਿਰ] ਅਰ. ਪੁ. ਵੇਖੋ : جمادی الاخریٰ
[जुमादी, जमादी उल-आखिर] अर॰ पु॰ देखो : جمادی الاخریٰ

جمادی الاخریٰ—[ਜੁਮਾਦਿਲ ਉਖ਼-ਰਾ] ਅਰ. ਪੁ. ਛੇਵਾਂ ਹਿਜਰੀ ਮਹੀਨਾ ।
[जुमादिल उख़-रा] अर० पु० छठा हिजरी महीना ।

جمادی الاولیٰ—[ਜੁਮਾਦਿਲ-ਊਲਾ] ਅਰ. ਪੁ. ਪੰਜਵਾਂ ਹਿਜਰੀ ਮਹੀਨਾ ।
[जुमादिल-ऊला] अर० पु० पाँचवाँ हिजरी महीना ।

جمار—[ਜਿਮਾਰ] ਅਰ. ਪੁ. ਰੋੜੇ ।
[जिमार] अर० पु० कंकड़ ।

جماع—[ਜਿ-ਮਾ-ਅ] ਅਰ. ਪੁ. ਸੰਭੋਗ ।
[जिमा-अ] अर० पु० संभोग ।

جماعت—[ਜਮਾ-ਅਤ] ਅਰ. ਇ. ਸ਼੍ਰੇਣੀ; ਜੱਥਾ ।
[जमा-अत] अर० स्त्री० श्रेणी; जत्था ।

جماعت کرامات—[ਜਮਾ-ਅਤ ਕਰਾਮਾਤ] ਅਖੌ. ਇਤਫ਼ਾਕ ਵਿਚ ਤਾਕਤ ਹੈ ।
[जमा-अत करामात] लोको० संगठन में शक्ति है ।

جمال—[ਜਮਾਲ] ਅਰ. ਪੁ. ਖ਼ੂਬਸੂਰਤੀ ।
[जमाल] अर० पु० सुन्दरता ।

جمال گوٹا—[ਜਮਾਲ ਗੋਟਾ] ਪੁ. ਜਮਾਲ ਗੋਟਾ, ਇਕ ਦਸਤ ਲਿਆਉਣ ਵਾਲੀ ਦਵਾ ।
[जमाल गोटा] पु० एक पौधा जिसके बीज अत्यन्त रेचक होते हैं, एक दस्त लाने वाली दवा ।

جمالی—[ਜਮਾਲੀ] ਅਰ. ਵਿ, ਪੁ. ਰੱਬ ਦੀ ਰਹਿਮਤ ਦੀ ਸ਼ਾਨ; ਇਕ ਪ੍ਰਕਾਰ ਦਾ ਖ਼ਰਬੂਜ਼ਾ ।
[जमाली] अर० वि० पु० ईश्वर की कृपा का चमत्कार; एक प्रकार का ख़रबूज़ा ।

جمانا—[ਜਮਾਉਣਾ] ਕ੍ਰਿ. ਸਕ. ਠੰਡਾ ਕਰਕੇ ਜਮਾ ਦੇਣਾ; ਰਖਣਾ, ਧਰਨਾ ।
[जमाना] क्रि० सक० ठंडा करके जमा देना; रखना, धरना ।

جمائی—[ਜਮਾਈ] ਇ. ਉਬਾਸੀ ।
[जमाई] स्त्री० जम्हाई ।

جماؤ—[ਜਮਾਉ] ਪੁ. ਜੰਮਣ ਦਾ ਭਾਵ ।
[जमाओ] पु० जमने का भाव ।

جمدھر—[ਜਮ-ਧਰ] ਪੁ. ਇਕ ਪ੍ਰਕਾਰ ਦੀ ਛੁਰੀ; ਇਕ ਤਰ੍ਹਾਂ ਦਾ ਬਾਦਾਮੀ ਕਾਗ਼ਜ਼ ।
[जम-धर] पु० एक प्रकार की छुरी; एक प्रकार का बादामी कागज़ ।

جمشید—[ਜਮ-ਸ਼ੈਦ, ਜਮ-ਸ਼ੀਦ, ਜਮਸ਼ੇਦ] ਫ਼ਾ. ਪੁ. ਈਰਾਨ ਦੇ ਇਕ ਬਾਦਸ਼ਾਹ ਦਾ ਨਾਂ ।
[जम-शैद, जमशीद, जमशेद] फ़ा० पु० ईरान के एक बादशाह का नाम ।

جمع—[ਜਮ-ਅ] ਅਰ. ਪੁ. (ਹਿਸਾਬ) ਜੋੜ; ਕੁਲ ਜੋੜ; ਪੂੰਜੀ, ਧਨ ।
[जम-अ] अर० पु० (गणित) जोड़; कुल जोड़; पूँजी, धन ।

جمع کرنا—[ਜਮ-ਅ ਕਰ-ਨਾ] ਕ੍ਰਿ. ਸਕ. ਇਕੱਠਾ ਕਰਨਾ, ਜਮ੍ਹਾਂ ਕਰਨਾ, ਜੋੜ ਕਰਨਾ; ਅਮਾਨਤ ਰਖਣਾ; ਸਪੁਰਦਗੀ ਵਿਚ ਦੇਣਾ; ਹਿਸਾਬ ਵਿਚ ਵਸੂਲ ਲਿਖਣਾ ।
[जम-अ कर-ना] क्रि० सक० एकत्रित करना, एकत्र करना, जोड़ करना; धरोहर रखना; सुपुर्दगी में देना; हिसाब में वसूल लिखना ।

جمع و خرچ—[ਜਮ-ਅ-ਵ ਖ਼ਰ-ਚ] ਅਰ. ਫ਼ਾ. ਪੁ. ਆਮਦਨੀ ਅਤੇ ਖ਼ਰਚ ।
[जम-अ-व ख़र-च] अर० फ़ा० पु० जमा ख़र्च, आय और व्यय ।

جمعبندی—[ਜਮ-ਅਬੰਦੀ] ਅਰ. ਫ਼ਾ. ਇ. ਲਗਾਨ ਆਦਿ ਦਾ ਹਿਸਾਬ; ਭੋਂ ਦੀ ਪੈਦਾਵਾਰ; ਸਰਕਾਰੀ ਮਾਲਗੁਜ਼ਾਰੀ ।
[जम-अबंदी] अर० फ़ा० स्त्री० लगान आदि का हिसाब; भूमि की उपज; सरकारी मालगुज़ारी ।

جمعدار—[ਜਮ-ਅਦਾਰ] ਅਰ. ਫ਼ਾ. ਪੁ. ਸਪਾਹੀਆਂ ਦਾ ਅਫ਼ਸਰ, ਜਮਾਦਾਰ, ਦਰੋਗਾ, ਹੌਲਦਾਰ ।
[दुख भर-ना] मुहा० कष्ट उठाना, विपत्ति का सामना करना, दुःख सहना।

—دکھ بھگتنا—[ਦੁਖ ਭੁਗਤ-ਨਾ] ਮੁਹਾ. ਵੇਖੋ : دکھ بھرنا
[दुख भुगत-ना] मुहा० देखो : دکھ بھرنا

—دکھ درد کا شریک—[ਦੁਖ ਦਰ-ਦ ਦਾ ਸ਼ਰੀਕ] ਪੁ. ਦੁਖ ਦਾ ਭਿਆਲ, ਸੱਜਣ, ਮਿੱਤਰ।
[दुख दर-द का शरीक] पु० दुःख का साथी, सज्जन, मित्र।

—دکھ سکھ—[ਦੁਖ ਸੁਖ] ਪੁ. ਗ਼ਮੀ ਖ਼ੁਸ਼ੀ।
[दुख सुख] पु० हर्ष शोक।

دکھاوا—[ਦਿਖਾਵਾ] ਪੁ. ਉਪਰਲੀ ਭੂੰ ਭਾਂ, ਬਨਾਵਟ, ਵਿਖਾਵਾ।
[दिखावा] पु० ऊपर की चटक मटक, बनावट, प्रदर्शन।

—دکھاوٹ—[ਦਿਖਾਵਟ] ਵਿ. ਦਿਖਾਵਾ, ਅਡੰਬਰ।
[दिखावट] स्त्री० दिखावा, आडम्बर।

—دکھاؤ—[ਦਿਖਾਊ] ਵਿ. ਪਰਗਟ, ਦਿੱਸਣ ਵਾਲਾ; ਸੋਹਣਾ; ਵਿਖਾਉਣ ਵਾਸਤੇ ਰੱਖਿਆ ਹੋਇਆ, ਨੁਮਾਇਸ਼ੀ; ਖੁਲ੍ਹਾ।
[दिखाऊ] वि० प्रकट, दिखाई देने वाला; सुन्दर; दिखाने के लिए रखा हुआ, प्रदर्शनीय; खुला।

—دکھائی دینا—[ਦਿਖਾਈ ਦੇਣਾ] ਮੁਹਾ. ਨਜ਼ਰ ਆਉਣਾ, ਦਿੱਸਣਾ।
[दिखाई देना] मुहा० दिखाई पड़ना, दृष्टिगोचर होना।

دکھدی جوت کنوڈے بھینٹ—[ਦੁਖ-ਤੇ ਚੋਟ ਕਨੌਂਡੇ ਭੇਂਟ] ਅਖੌ. ਦੁਖਦੀ ਥਾਂ ਤੇ ਹੀ ਸੱਟ ਲਗਦੀ ਹੈ ਤੇ ਜਿਸਨੂੰ ਮਿਲਣਾ ਨਹੀਂ ਹੁੰਦਾ ਉਹ ਜ਼ਰੂਰ ਮਿਲ ਹੀ ਜਾਂਦਾ ਹੈ।
[दुख-ते चोट कनौड़े भेंट] लोको० दुखते हुए स्थान पर ही चोट लगती है और जिसको मिलना अभीष्ट नहीं होता वह अवश्य ही मिल जाता है।

دکھڑا—[ਦੁਖ-ੜਾ] ਪੁ. ਮੁਸੀਬਤ, ਦੁਖ, ਵਿਪਤਾ; ਰੋਗ, ਬੀਮਾਰੀ; ਮਿਹਨਤ, ਮਜ਼ਦੂਰੀ; ਦਰਦ ਭਰੀ ਵਿਥਿਆ।
[दुख-ड़ा] पु० विपत्ति, दुःख, आपत्ति; रोग, बीमारी; परिश्रम, मेहनत; दर्द भरी कहानी।

—دکھڑا پڑنا—[ਦੁਖ-ੜਾ ਪੜ-ਨਾ] ਮੁਹਾ. ਮੁਸੀਬਤ ਸਿਰ ਆ ਪੈਣੀ; ਰੰਡਾ ਹੋ ਜਾਣਾ; ਜੀਵਨ ਸਾਥੀ ਦਾ ਮਰ ਜਾਣਾ।
[दुख-ड़ा पड़-ना] मुहा० विपत्ति का सिर पर आ पड़ना; विधुर हो जाना; जीवन साथी का मर जाना।

—دکھڑا رونا—[ਦੁਖ-ੜਾ ਰੋਣਾ] ਮੁਹਾ. ਦੁਖ ਭਰੀ ਵਿਥਿਆ ਸੁਣਾਉਣਾ।
[दुख-ड़ा रोना] मुहा० दुःख भरी कहानी सुनाना।

دکھلانا—[ਦਿਖ-ਲਾਣਾ] ਕ੍ਰਿ. ਸਕ. ਦਿਖਾਉਣਾ, ਦੱਸਣਾ, ਜਤਾਉਣਾ, ਸੂਚਿਤ ਕਰਨਾ; ਪੇਸ਼ ਕਰਨਾ, ਸਾਹਮਣੇ ਲਿਆਉਣਾ; ਅਗਵਾਈ ਕਰਨਾ, ਰਾਹ ਵਿਖਾਉਣਾ।
[दिख-लाना] क्रि० सक० दिखाना, बताना, सूचित करना; पेश करना, सामने लाना; मार्ग दिखलाना, रास्ता बताना।

—دکھلاوا—[ਦਿਖ-ਲਾਵਾ] ਪੁ. ਦਿਖਾਵਾ।
[दिख-लावा] पु० दिखावा।

دکھن - دکن—[ਦੱਖਣ, ਦੱਖਨ] ਪੁ. ਉੱਤਰ ਤੋਂ ਉਲਟ ਦਿਸ਼ਾ, ਦੱਖਣ।
[दक्खन, दक्षन] पु० उत्तर से उल्ट की दिशा, दक्षिण।

دکھنا—[ਦੱਖਿਣਾ] ਵਿ. ਦੱਖਣ ਵਲ ਦੀ ਹਵਾ।
[दक्खिना] स्त्री० दक्षिण दिशा की वायु।

دکھنا—[ਦੁਖ-ਨਾ] ਕ੍ਰਿ. ਅਕ. ਦਰਦ ਕਰਨਾ, ਦਰਦ ਹੋਣਾ, ਪੀੜ ਕਰਨਾ।
[दुख-ना] क्रि० अक० दर्द होना, पीड़ा होना, दर्द करना।

دکھنی—[ਦੱਖ-ਨੀ] ਵਿ. ਦੱਖਣ ਸੰਬੰਧੀ, ਦੱਖਣ ਦਾ।
[दक्ख-नी] वि० दक्षिण सम्बन्धी, दक्षिणी।

دکھی—[ਦੁਖੀ] ਪੁ. ਰੋਗੀ, ਬੀਮਾਰ; ਜਿਸ ਨੂੰ ਦੁਖ ਪੁੱਜਾ ਹੋਵੇ।
[दुखी] पु० रोगी, बीमार; जिसे कष्ट पहुँचा हो।

دکھیا—[ਦੁਖਿਆ] ਵਿ. ਪੁ. ਦੁਖੀ ਜ਼ਨਾਨੀ; ਰੰਡੀ, ਵਿਧਵਾ; ਦੁਖੀ।
[दुखिया] स्त्री० पु० दुखी स्त्री; विधवा; दुखी।

—دکھیا دکھ رووے سکھیا کمر توڑے—[ਦੁਖਿਆ ਦੁਖ ਰੋਵੇ ਸੁਖਿਆ ਕਮਰ ਤੋੜੇ] ਅਖੌ. ਜਦੋਂ ਕੋਈ ਫ਼ਰਿਆਦ ਕਰਨ ਵਾਲੇ ਨਾਲ ਸਖ਼ਤੀ ਨਾਲ ਪੇਸ਼ ਆਏ ਤਾਂ ਕਹਿੰਦੇ ਹਨ।
[दुखिया दुख रोवे सुखिया कमर तोड़े] लोको० जब कोई पुकार करने वाले के साथ कठोरता का व्यवहार करे तब ऐसा कहते हैं।

—دکھیارا [ਦੁਖਿਆਰਾ] ਪੁ. ਦੁਖੀ।
[दुखियारा] पु० दुखी।

دُکّی—[ਦੁੱਕੀ] ਇ. ਤਾਸ਼ ਵਿਚ ਦੋ ਨਿਸ਼ਾਨਾਂ ਵਾਲਾ ਪੱਤਾ ।
[दुक्की] स्त्री० ताश में दो निशानों वाला पत्ता ।
دوگاڑا—[ਦੁਗਾੜਾ] ਪੁ. ਵੇਖੋ : دوگاڑا
[दुगाड़ा] पु० देखो : دوگاڑا
دوگانہ—[ਦੁਗਾਨਾ] ਪੁ. ਵੇਖੋ : دوگانہ
[दुगाना] पु० देखो : دوگانہ
دُگدا—[ਦੁਗ-ਦਾ] ਪੁ. ਦੁਬਿਧਾ, ਉਲਝਣ ।
[दुग-दा] पु० दुविधा, उलझन ।
دُگدا وچ دونوں گئے مایا ملی نہ رام—[ਦੁਗ-ਦਾ ਮੇਂ ਦੋਨੋਂ ਗਏ ਮਾਯਾ ਮਿਲੀ ਨ ਰਾਮ] ਅਖੌ. ਦੁਚਿੱਤੀ ਵਿਚ ਕੋਈ ਕੰਮ ਨਹੀਂ ਹੁੰਦਾ ।
[दुग-दा में दोनों गए माया मिली न राम] लोको० असमंजस में पड़ जाने से कोई काम नहीं होता ।
دگدگا—[ਦਗ-ਦਗਾ] ਪੁ. ਵੇਖੋ : دغدغا
[दग-दगा] पु० देखो : دغدغا
دگدگانا—[ਦਗ-ਦਗਾਣਾ] ਕ੍ਰਿ. ਅਕ. ਵੇਖੋ : دغدغانا
[दग-दगाना] क्रि० अक० देखो : دغدغانا
دگدگاہٹ—[ਦਗ-ਦਗਾਹਟ] ਇ. ਵੇਖੋ : دغدغاہٹ
[दग-दगाहट] स्त्री० देखो : دغدغاہٹ
دُگدُگی—[ਦੁਗ-ਦੁਗੀ] ਇ. ਮਾਲਾ, ਹਾਰ; ਗਲੇ ਦਾ ਇਕ ਜ਼ੇਵਰ, ਜੁਗਨੀ; ਸੀਨੇ ਦੀ ਹੱਡੀ, ਚੌਂਸ ।
[दुग-दुगी] स्त्री० माला, कण्ठ, गले का एक आभूषण, जुगनी; सीने की हड्डी ।
دُگدُگی وچ دم ہونا—[ਦੁਗ-ਦੁਗੀ ਮੇਂ ਦਮ ਹੋਣਾ] ਮੁਹਾ. ਘੰਡਾਣੂ ਬੋਲਣਾ, ਅੰਤਲੇ ਸੁਆਸਾਂ ਤੇ ਹੋਣਾ, ਮਰਨ ਕੰਢੇ ਹੋਣਾ ।
[दुग-दुगी में दम होना] मुहा० अन्तिम श्वासों पर होना, मरणासन्न होना ।
دگر—[ਦਿਗਰ] ਵਿ. ਦੂਜਾ, ਹੋਰ, ਓਪਰਾ, ਗ਼ੈਰ ।
[दिगर] वि० दूसरा, अन्य, पराया ।
دگر گوں—[ਦਿਗਰ ਗੂੰ] ਵਿ. ਬਦਲਿਆ ਹੋਇਆ, ਉਲਟ ਪੁਲਟ ।
[दिगर गूं] वि० परिवर्तित, बदला हुआ, उलट पुलट ।
دگرگوں ہونا—[ਦਿਗਰ ਗੂੰ ਹੋਣਾ] ਮੁਹਾ. ਰੰਗ ਬਦਲਣਾ, ਹੋਰਵੇਂ ਹੋਣਾ; ਗੁੱਸੇ ਹੋਣਾ ।
[दिगर गूं होना] मुहा० रंग बदलना, उलट पुलट होना; नाराज़ होना ।
دگڑا—[ਦਗ-ੜਾ] ਪੁ. ਰਾਹ, ਸੜਕ, ਰਸਤਾ, ਪਹਿਆ, ਪਗਡੰਡੀ ।
[दग-ड़ा] पु० मार्ग, सड़क, पथ, पगडंडी ।
دگلا—[ਦਗ-ਲਾ] ਪੁ. ਰੂੰ ਵਾਲਾ ਅੰਗਰਖਾ ।
[दग-ला] पु० रूई वाला अंगरखा ।

دُگن—[ਦੁਗਨ] ਇ. ਸਾਜ਼ ਦਾ ਇਕ ਤਾਲ, ਤਬਲੇ ਆਦਿ ਦਾ ਇਕ ਤਾਲ ।
[दुगन] स्त्री० साज का एक ताल, मृदंग आदि का एक ताल ।
دُگنا—[ਦੁਗ-ਣਾ] ਵਿ. ਦੂਣਾ, ਦੁਹਰਾ ।
[दुग-ना] वि० दोगुना, दुगना ।
دل—[ਦਲ] ਪੁ. ਮੋਟਾਈ, ਆਕਾਰ; ਫ਼ੌਜ, ਲਸ਼ਕਰ; ਪੱਤਾ, ਪੱਤਰ ।
[दल] पु० मोटाई, आकार; सेना, फ़ौज; पत्ता ।
دل بادل—[ਦਲ ਬਾਦਲ] ਪੁ. ਬਹੁਤ ਸਾਰੀ ਫ਼ੌਜ; ਸ਼ਾਹ ਜਹਾਨ ਦਾ ਵੱਡਾ ਖ਼ੇਮਾ; ਵੱਡਾ ਸ਼ਾਮਿਆਨਾ ।
[दल बादल] पु० बहुत सी सेना; शाहजहाँ का बड़ा तम्बू; बड़ा तम्बू ।
دلدار—[ਦਲ-ਦਾਰ] ਵਿ. ਮੋਟਾ, ਗਾੜ੍ਹਾ ।
[दल-दार] वि० मोटा, गाढ़ा ।
دل—[ਦਿਲ] ਫ਼ਾ. ਪੁ. ਮਨ, ਕਲੇਜਾ, ਜ਼ਮੀਰ, ਜਿਗਰ; ਰੂਹ, ਖ਼ੁਸ਼ਦਿਲੀ; ਹਿੰਮਤ, ਦਲੇਰੀ; ਧਿਆਨ; ਇੱਛਾ, ਮਰਜ਼ੀ ।
[दिल] फ़ा० पु० मन, कलेजा, हृदय; जान, जवाहरात; उत्साह, साहस; ध्यान; इच्छा, मर्ज़ी ।
دل آب آب ہونا—[ਦਿਲ ਆਬ ਆਬ ਹੋਣਾ] ਮੁਹਾ. ਦਿਲ ਨਰਮ ਹੋਣਾ, ਪਸੀਜਣਾ ।
[दिल आब आब होना] मुहा० हृदय कोमल होना, पसीजना ।
دل آرام—[ਦਿਲ-ਆਰਾਮ, ਦਿਲਾਰਾਮ] ਫ਼ਾ. ਪੁ. ਦਿਲ ਨੂੰ ਖ਼ੁਸ਼ੀ ਦੇਣ ਵਾਲਾ, ਪਿਆਰਾ; ਮਹਬੂਬ ।
[दिल-आराम, दिलाराम] फ़ा० पु० हृदय को प्रसन्नता देने वाला, प्रेमी; प्रेमपात्र ।
دلارام—[ਦਿਲਾਰਾਮ] ਪੁ. ਵੇਖੋ : دل آرام
[दिलाराम] पु० देखो : دل آرام
دل آزار—[ਦਿਲ ਆਜ਼ਾਰ] ਵਿ. ਜ਼ਾਲਮ; ਦੁਖਦਾਈ, ਦਿਲ ਨੂੰ ਦੁਖ ਦੇਣ ਵਾਲਾ ।
[दिल-आज़ार] वि० अत्याचारी, दुखदाई, दिल को दुख देने वाला ।
دل آزاری—[ਦਿਲ ਆਜ਼ਾਰੀ] ਫ਼ਾ. ਇ. ਦੁਖ ਦੇਣ ਦਾ ਭਾਵ, ਦੁਖੀ ਕਰਨ ਦਾ ਭਾਵ, ਜ਼ੁਲਮ ।
[दिल-आज़ारी] फ़ा० स्त्री० दुख देने का भाव, दुखी करने का भाव, अत्याचार ।
دلازار—[ਦਿਲਾਜ਼ਾਰ] ਵਿ. ਵੇਖੋ : دل آزار
[दिलाज़ार] वि० देखो : دل آزار
دلازاری—[ਦਿਲਾਜ਼ਾਰੀ] ਇ. ਵੇਖੋ : دل آزاری
[दिलाज़ारी] स्त्री० देखो : دل آزاری

—دل آزردہ—[ਦਿਲ ਆਜ਼ੁਰ-ਦ:] ਵਿ. ਨਾਰਾਜ਼, ਖ਼ਫ਼ਾ, ਜਿਸ ਨੂੰ ਦੁਖ ਪੁੱਜਾ ਹੋਵੇ, ਦੁਖੀ।
[दिल आज़ुर-द:] वि॰ क्रुद्ध, रुष्ट, जिसे कष्ट पहुँचा हो, दुखी।
—دل آنا—[ਦਿਲ ਆਨਾ] ਮੁਹਾ. ਪ੍ਰੇਮ ਉਪਜਣਾ, ਆਸ਼ਕ ਹੋਣਾ।
[दिल आना] मुहा॰ प्रेम उत्पन्न होना, आसक्त होना।
—دل آور—[ਦਿਲ ਆਵਰ] ਪੁ. ਵੇਖੋ : دلاور
[दिल आवर] पु॰ देखो : دلاور
—دل آوری—[ਦਿਲ ਆਵਰੀ] ਇ. ਵੇਖੋ : دلاوری
[दिल आवरी] स्त्री॰ देखो : دلاوری
—دلاور—[ਦਿਲਾਵਰ] ਪੁ. ਬਹਾਦੁਰ ਆਦਮੀ, ਸੂਰਾ, ਸੂਰਮਾ।
[दिलावर] पु॰ बहादुर आदमी, शूरवीर।
—دلاوری—[ਦਿਲਾਵਰੀ] ਇ. ਬਹਾਦਰੀ, ਸੂਰਮਗਤੀ, ਸੂਰਮਤਾਈ; ਜੁੱਰਤ, ਹਮੱਤੀ।
[दिलावरी] स्त्री॰ वीरता, साहस, शौर्य; साहस, उत्साह।
—دل آویز—[ਦਿਲ ਆਵੇਜ਼] ਵਿ. ਵੇਖੋ : دلاویز
[दिल आवेज़] वि॰ देखो : دلاویز
—دل آویزی—[ਦਿਲ ਆਵੇਜ਼ੀ] ਇ. ਵੇਖੋ : دلاویزی
[दिल आवेज़ी] स्त्री॰ देखो : دلاویزی
—دلاویز—[ਦਿਲਾਵੇਜ਼] ਵਿ. ਦਿਲ ਨੂੰ ਚੰਗਾ ਲੱਗਣ ਵਾਲਾ, ਮਨ ਭਾਉਂਦਾ, ਮਨ ਭਾਉਣਾ।
[दिलावेज़] वि॰ मनोहर, चित्ताकर्षक, आकर्षण मय।
—دلاویزی—[ਦਿਲਾਵੇਜ਼ੀ] ਇ. ਪਸੰਦ ਆਉਣ ਦਾ ਭਾਵ, ਚੰਗਾ ਲੱਗਣ ਦਾ ਭਾਵ।
[दिलावेज़ी] स्त्री॰ अच्छा लगने का भाव, मन को भाने का भाव।
—دل اٹکنا—[ਦਿਲ ਅਟਕ-ਣਾ] ਮੁਹਾ. ਪਿਆਰ ਪੈਣਾ।
[दिल अटक-ना] मुहा॰ प्रेम होना।
—دل اٹھ جانا—[ਦਿਲ ਉਠ ਜਾਣਾ] ਮੁਹਾ. ਜੀ ਉਦਾਸ ਹੋਣਾ, ਜੀ ਉਚਾਟ ਹੋਣਾ।
[दिल उठ जाना] मुहा॰ मन व्याकुल होना, मन उचाट होना।
—دل اٹھنا—[ਦਿਲ ਉਠ-ਣਾ] ਮੁਹਾ. ਵੇਖੋ : دل اٹھ جانا
[दिल उठ-ना] मुहा॰ देखो : دل اٹھ جانا
—دل اچاٹ ہونا—[ਦਿਲ ਉਚਾਟ ਹੋਣਾ] ਮੁਹਾ. ਦਿਲ ਬੇਜ਼ਾਰ ਹੋਣਾ, ਜੀ ਉਕਤਾਉਣਾ।
[दिल उचाट होना] मुहा॰ दिल उकताना, दिल का व्याकुल होना।
—دل افتادہ—[ਦਿਲ ਉਫ਼-ਤਾਦ:] ਵਿ. ਟੁੱਟੇ ਦਿਲ ਵਾਲਾ।
[दिल उफ़-ताद:] वि॰ टूटे हुए दिल वाला।
—دل افروز—[ਦਿਲ ਅਫ਼-ਰੋਜ਼] ਵਿ. ਦਿਲ ਵਿਚ ਚਾਨਣ ਕਰਨ ਵਾਲਾ।
[दिल अफ़-रोज़] वि॰ हृदय में प्रकाश कर देने वाला।
—دل افگار—[ਦਿਲ ਅਫ਼-ਗਾਰ] ਵਿ. ਫਟੇ ਹੋਏ ਦਿਲ ਵਾਲਾ, ਗ਼ਮਗੀਨ, ਉਦਾਸ।
[दिल अफ़-गार] वि॰ क्षत हृदय, घायल दिल वाला, व्याकुल, दुखी, उदास।
—دل الٹنا—[ਦਿਲ ਉਲਟ-ਣਾ] ਮੁਹਾ. ਪਾਗਲ ਹੋਣਾ, ਸ਼ੁਦਾਈ ਹੋਣਾ, ਸੁਧ ਭੁੱਲਣਾ, ਦਿਲ ਘਬਰਾਉਣਾ।
[दिल उलट-ना] मुहा॰ पागल होना, दीवाना होना, व्याकुल होना, दिल घबराना।
—دل امنڈنا—[ਦਿਲ ਉਮੰਡ-ਣਾ] ਮੁਹਾ. ਦਿਲ ਭਰ ਆਉਣਾ, ਰੋਣ ਤੇ ਜੀ ਕਰ ਆਉਣਾ, ਰੋਣ ਹਾਕਾ ਹੋਣਾ।
[दिल उमंड-ना] मुहा॰ दिल भर आना, रोने को जी करना।
—دل باغ باغ ہونا—[ਦਿਲ ਬਾਗ਼ ਬਾਗ਼ ਹੋਣਾ] ਮੁਹਾ. ਬਹੁਤ ਖ਼ੁਸ਼ ਹੋਣਾ, ਅਤੀ ਪਰਸੰਨ ਹੋਣਾ।
[दिल बाग़ बाग़ होना] मुहा॰ बहुत प्रसन्न होना, अत्यधिक हर्ष अनुभव करना।
—دل باندھنا—[ਦਿਲ ਬਾਂਧ-ਣਾ] ਮੁਹਾ. ਆਕਰਸ਼ਤ ਕਰ ਲੈਣਾ, ਦਿਲ ਨੂੰ ਮਾਇਲ ਕਰਨਾ।
[दिल बाँध-ना] मुहा॰ आकर्षित कर लेना।
—دل بجھنا—[ਦਿਲ ਬੁਝ-ਣਾ] ਮੁਹਾ. ਉਦਾਸ ਹੋਣਾ, ਨਿਰਾਸ ਹੋਣਾ।
[दिल बुझ-ना] मुहा॰ उदास होना, निराश होना।
—دلبر—[ਦਿਲ-ਬਰ] ਪੁ. ਮਹਿਬੂਬ, ਪਿਆਰਾ, ਯਾਰ।
[दिल-बर] पु॰ प्रीतम, प्रेमी, प्रेम-पात्र।
—دل برا ہونا—[ਦਿਲ ਬੁਰਾ ਹੋਣਾ] ਮੁਹਾ. ਨਾਰਾਜ਼ ਹੋਣਾ, ਦਿਲ ਖੱਟਾ ਹੋਣਾ।
[दिल बुरा होना] मुहा॰ नाराज़ होना, गुस्से होना, दिल खट्टा होना।
—دل برداشتہ ہونا—[ਦਿਲ ਬਰ-ਦਾਸ਼-ਤ: ਹੋਣਾ] ਮੁਹਾ. ਬੇਜ਼ਾਰ ਹੋਣਾ, ਜੀ ਉਚਾਟ ਹੋਣਾ।
[दिल बर-दाश-त: होना] मुहा॰ व्याकुल होना, मन ऊब जाना।
—دل بڑھانا—[ਦਿਲ ਬੜ੍ਹਾਉਣਾ] ਮੁਹਾ. ਹੌਸਲਾ ਦੇਣਾ; ਦਲੇਰ ਕਰਨਾ, ਵਾਹ ਵਾਹ ਦੇਣਾ, ਉਤਸ਼ਾਹ ਦੇਣਾ।
[दिल बढ़ाना] मुहा॰ उत्साह बढ़ाना, साहस दिलाना, प्रशंसा करना।

—دل بلیوں اچھلنا—[ਦਿਲ ਬੱਲਿਆਂ ਉਛਲ-ਣਾ] ਮੁਹਾ. ਬਹੁਤ ਉਤਸੁਕ ਹੋਣਾ; ਘਬਰਾਉਣਾ।
[दिल बल्लियों उछल-ना] मुहा० बहुत उत्सुक होना; घबराना।

—دل بھر آنا—[ਦਿਲ ਭਰ ਆਉਣਾ] ਮੁਹਾ. ਕਿਸੇ ਦੀ ਵਿਥਿਆ ਸੁਣ ਕੇ ਅੱਖਾਂ ਵਿਚ ਅੰਝੂ ਭਰ ਆਉਣੇ, ਦਿਲ ਉਮਡ ਆਉਣਾ।
[दिल भर आना] मुहा० किसी की दुःख भरी कहानी सुन कर आंसू भर आना, दिल उमड़ आना।

دل بہلنا—[ਦਿਲ ਬਹਿਲ-ਣਾ] ਮੁਹਾ. ਜੀ ਪਰਚਾਉਣਾ।
[दिल बह-लाना] मुहा० दिल लगाना।

دل پذیر - دلپذیر—[ਦਿਲ ਪਜ਼ੀਰ] ਵਿ. ਦਿਲ ਨੂੰ ਚੰਗਾ ਲੱਗਣ ਵਾਲਾ, ਮਨ ਭਾਉਂਦਾ।
[दिल पज़ीर] वि० दिल का अच्छा लगने वाला, मनोहर।

—دل پر سانپ لوٹنا—[ਦਿਲ ਪਰ ਸੱਪ ਲੇਟ-ਣਾ] ਮੁਹਾ. ਪਛਤਾਵਾ ਲੱਗਣਾ; ਸਾੜਾ ਲੱਗਣਾ, ਹਸਦ ਕਰਨਾ।
[दिल पर सांप लोट-ना] मुहा० प्रायश्चित करना; ईर्ष्या करना, जलना।

—دل پر میل آنا—[ਦਿਲ ਪਰ ਮੈਲ ਆਉਣਾ] ਮੁਹਾ. ਦਿਲ ਨੂੰ ਚੰਗਾ ਨਾ ਲੱਗਣਾ, ਦਿਲ ਨੂੰ ਦੁੱਖ ਪੁੱਜਣਾ।
[दिल पर मैल आना] मुहा० दिल को अच्छा न लगना, दिल को दुःख पहुंचना।

—دل پر نقش ہونا—[ਦਿਲ ਪਰ ਨਕ਼ਸ਼ ਹੋਣਾ] ਮੁਹਾ. ਚੰਗੀ ਤਰ੍ਹਾਂ ਯਾਦ ਹੋ ਜਾਣਾ, ਦਿਲ ਵਿਚ ਵਹਿ ਜਾਣਾ।
[दिल पर नक़्श होना] मुहा० अच्छी प्रकार स्मरण कर लेना, भली भान्ति याद रहना।

دل پر ہاتھ رکھے پھرنا—[ਦਿਲ ਪਰ ਹਾਥ ਰੱਖੇ ਫਿਰ-ਣਾ] ਮੁਹਾ. ਪਿਆਰ ਦਾ ਪਰਗਟਾਵਾ ਕਰਨਾ।
[दिल पर हाथ रखे फिर-ना] मुहा० प्रेम की अभिव्यक्ति करना।

—دلپسند—[ਦਿਲ ਪਸੰਦ] ਵਿ. ਜੋ ਦਿਲ ਨੂੰ ਭਾਵੇ, ਦਿਲ ਨੂੰ ਚੰਗਾ ਲੱਗਣ ਵਾਲਾ।
[दिल पसंद] वि० जो मन को भाए, दिल को अच्छा लगने वाला।

—دل پسیجنا—[ਦਿਲ ਪਸੀਜ-ਣਾ] ਮੁਹਾ. ਮਨ ਡੁੱਲ੍ਹਣਾ, ਨਰਮ ਹੋਣਾ, ਤਰਸ ਕਰਨਾ; ਦਾਨ ਦੇਣ ਲਈ ਤਤਪਰ ਹੋਣਾ।
[दिल पसीज-ना] मुहा० हृदय कोमल होना, दिल में दया आना; दान देने के लिए तत्पर होना।

دل پک جانا—[ਦਿਲ ਪੱਕ ਜਾਣਾ] ਮੁਹਾ. ਦੁੱਖਾਂ ਜਾਂ ਮਿਹਣਿਆਂ ਨਾਲ ਦਿਲ ਉਕਤਾ ਜਾਣਾ।
[दिल पक्क जाना] मुहा० दुखों अथवा कठोर वचनों से मन उकता जाना।

—دل پکڑا جانا—[ਦਿਲ ਪਕੜਾ ਜਾਣਾ] ਮੁਹਾ. ਦਿਲ ਵਿਚ ਸ਼ੱਕ ਪੈਦਾ ਹੋਣਾ।
[दिल पक-ड़ा जाना] मुहा० दिल में सन्देह उत्पन्न होना।

—دل پکڑ کر بیٹھ جانا—[ਦਿਲ ਪਕੜ ਕਰ ਬੈਠ ਜਾਣਾ] ਮੁਹਾ. ਹਾਏ ਹਾਏ ਕਰ ਕੇ ਬਹਿ ਜਾਣਾ; ਦਿਲ ਤੇ ਚੋਟ ਲੱਗਣ ਤੇ ਬੋਲ ਨਾ ਸਕਣਾ।
[दिल पकड़ कर बैठ जाना] मुहा० हाय हाय कर के बैठ जाना, हृदय पर आघात होने पर भी बोल न सकना।

—دل پکڑ لینا—[ਦਿਲ ਪਕੜ ਲੈਣਾ] ਮੁਹਾ. ਬੇਚੈਨ ਹੋ ਜਾਣਾ, ਕਿਸੇ ਸਦਮੇ ਨੂੰ ਸਹਿ ਸਕਣ ਦੀ ਸ਼ਕਤੀ ਨਾ ਹੋਣਾ।
[दिल पक-ड़ लेना] मुहा० व्याकुल हो जाना, किसी आघात को सहन करने की शक्ति न होना।

—دل پکڑے پھرنا—[ਦਿਲ ਪਕੜੇ ਫਿਰ-ਣਾ] ਮੁਹਾ. ਉਤਸੁਕ ਰਹਿਣਾ, ਪਿਆਰ ਕਰਨ ਲਈ ਬੇਤਾਬ ਹੋਏ ਫਿਰਨਾ।
[दिल पक-ड़े फिर-ना] मुहा० उत्सुक रहना, प्रेम करने के लिए व्याकुल हुए फिरना।

—دل پھٹنا—[ਦਿਲ ਫਟ-ਣਾ] ਮੁਹਾ. ਦਿਲ ਬੇਜ਼ਾਰ ਹੋਣਾ, ਜੀ ਉਕਤਾਉਣਾ।
[दिल फट-ना] मुहा० दिल का व्याकुल होना, मन ऊब जाना।

—دل پھرنا—[ਦਿਲ ਫਿਰ-ਣਾ] ਮੁਹਾ. ਰੱਜ ਜਾਣਾ, ਜੀ ਭਰ ਜਾਣਾ; ਘਿਰਣਾ ਪੈਦਾ ਹੋ ਜਾਣਾ।
[दिल फिर-ना] मुहा० जी भरना, घृणा उत्पन्न हो जाना।

—دل پھیرنا—[ਦਿਲ ਫੇਰ-ਣਾ] ਮੁਹਾ. ਬੇਜ਼ਾਰ ਕਰਨਾ, ਘਿਰਣਾ ਉਪਜਾਉਣਾ; ਰਜਾ ਦੇਣਾ।
[दिल फेर-ना] मुहा० उदासीन करना, घृणा उत्पन्न करना; तृप्त कर देना।

—دل پھیکا ہو جانا—[ਦਿਲ ਫੋਕਾ ਹੋ ਜਾਣਾ] ਮੁਹਾ. ਰੱਜ ਜਾਣਾ, ਖਿਆਲ ਹਟ ਜਾਣਾ, ਰੁਚੀ ਨਾ ਰਹਿਣੀ।
[दिल फीका हो जाना] मुहा० जी भर जाना, ध्यान हट जाना, आकर्षण न रहना।

—دل تڑپنا—[ਦਿਲ ਤੜਪ-ਣਾ] ਮੁਹਾ. ਬੇਕਰਾਰ ਹੋਣਾ, ਬੇਚੈਨ ਹੋਣਾ, ਤਾਂਘਣਾ; ਤੀਬਰ ਇੱਛਾ ਪੈਦਾ ਹੋਣਾ।
[दिल तड़प-ना] मुहा० व्याकुल होना, आतुर होना, प्रतीक्षा करना; तीव्र इच्छा उत्पन्न होना।

—دل توڑنا—[ਦਿਲ ਤੋੜ-ਣਾ] ਮੁਹਾ. ਨਿਰਾਸ਼ ਕਰਨਾ, ਹਿੰਮਤ ਢਾਹ ਦੇਣਾ; ਸੰਬੰਧ ਤੋੜ ਲੈਣਾ।
[दिल तोड़-ना] मुहा० निराश करना, उत्साह गिराना, साहस घटाना; सम्बन्ध तोड़ लेना।

—دل تولنا—[ਦਿਲ ਤੋਲ-ਣਾ] ਮੁਹਾ. ਪਰਖਣਾ, ਦਿਲ ਅਜ਼ਮਾਉਣਾ, ਦਿਲ ਦੀ ਪ੍ਰੀਖਿਆ ਲੈਣਾ ।
[दिल तोल-ना] मुहा॰ परखना, दिल की परख करना, मन की परीक्षा लेना ।

—دل تھام کر بیٹھ جانا—[ਦਿਲ ਥਾਮ ਕਰ ਬੈਠ ਜਾਣਾ] ਮੁਹਾ. ਵੇਖੋ : دل پکڑ کر بیٹھ جانا ।
[दिल थाम कर बैठ जाना] मुहा॰ देखो : دل پکڑ کر بیٹھ جانا ।

—دل ٹھکانے لگنا—[ਦਿਲ ਟਿਕਾਣੇ ਲਗ-ਣਾ] ਮੁਹਾ. ਦਿਲ ਠਹਿਰਨਾ, ਤਸੱਲੀ ਹੋਣਾ ।
[दिल ठिकाने लग-ना] मुहा॰ दिल ठहरना, आश्वासन मिलना, ढारस बन्धना, तसल्ली होना ।

—دل ٹھکانے ہونا—[ਦਿਲ ਟਿਕਾਣੇ ਹੋਣਾ] ਮੁਹਾ. ਵੇਖੋ : دل ٹھکانے لگنا ।
[दिल ठिकाने होना] मुहा॰ देखो : دل ٹھکانے لگنا ।

—دل جلا—[ਦਿਲ ਜਲਾ] ਪੁ. ਆਸ਼ਕ, ਪ੍ਰੇਮੀ ।
[दिल जला] पु॰ प्रेमी, आशिक ।

—دل جل کر کباب ہونا—[ਦਿਲ ਜਲ ਕਰ ਕਬਾਬ ਹੋਣਾ] ਮੁਹਾ. ਬਹੁਤ ਦੁਖ ਪੁੱਜਣਾ; ਬਹੁਤ ਸਾੜਾ ਉਪਜਣਾ; ਦਿਲ ਸੜਨਾ ।
[दिल जल कर कबाब होना] मुहा॰ बहुत दुःख पहुँचना; बहुत ईर्ष्या होना, दिल जलना ।

—دل جمعی—[ਦਿਲ ਜਮ-ਈ] ਇ. ਸੰਤੁਸ਼ਟਤਾ, ਤਸੱਲੀ, ਬੇਫ਼ਿਕਰੀ ।
[दिल जम-ई] स्त्री॰ सन्तोष, आश्वासन, निश्चिन्तता ।

دل جمنا—[ਦਿਲ ਜਮ-ਣਾ] ਮੁਹਾ. ਤਸੱਲੀ ਹੋਣਾ, ਦਿਲ ਲੱਗਣਾ, ਧਿਆਨ ਹੋਣਾ ।
[दिल जम-ना] मुहा॰ तसल्ली होना, दिल लगना, ध्यान होना ।

دل جو—[ਦਿਲਜੂ] ਵਿ. ਪੁ. ਪਿਆਰਾ, ਮਹਿਬੂਬ ।
[दिलजू] वि॰ पु॰ प्रिय, प्रियतम, प्रेम-पात्र ।

—دل جوئی—[ਦਿਲ ਜੋਈ, ਦਿਲ-ਜੂਈ] ਇ. ਤਸੱਲੀ, ਦਿਲਾਸਾ, ਦਿਲਦਾਰੀ ।
[दिलजोई, दिलजूई] स्त्री॰ आश्वासन, तसल्ली ।

—دل چرانا—[ਦਿਲ ਚੁਰਾਣਾ] ਪੁ. ਕਿਸੇ ਕੰਮ ਤੋਂ ਕਤਰਾਉਣਾ; ਦਿਲ ਖੋਹ ਲੈਣਾ ।
[दिल चुराना] पु॰ किसी काम से कतराना; दिल छीनना ।

—دلچسپ—[ਦਿਲ-ਚਸ-ਪ] ਫ਼ਾ. ਵਿ. ਸੁਆਦਲਾ, ਮੋਹਣਾ, ਮਨ ਭਾਉਂਦਾ, ਦਿਲ ਨੂੰ ਚੰਗਾ ਲੱਗਣ ਵਾਲਾ ।
[दिल-चस-प] फ़ा॰ वि॰ रुचिकर, सुन्दर, मन को अच्छा लगने वाला ।

—دلچسپی—[ਦਿਲ-ਚਸ-ਪੀ] ਇ. ਸੁਆਦ, ਰੁਚੀ, ਮਜ਼ਾ, ਮੇਲ ।
[दिल-चस-पी] स्त्री॰ रुचि, आनन्द, स्वाद, रस, शौक ।

—دل چلا—[ਦਿਲ ਚਲਾ] ਵਿ. ਦਲੇਰ, ਬਹਾਦਰ; ਦਰਿਆਦਿਲ, ਸਖੀ, ਦਾਤਾ; ਹਿੰਮਤੀ; ਪਾਗਲ, ਸ਼ੁਦਾਈ ।
[दिल चला] वि॰ वीर, बहादुर; उदारचित्त; उत्साही; पागल ।

—دل چلنا—[ਦਿਲ ਚਲ-ਣਾ] ਮੁਹਾ. ਇੱਛਾ ਪੈਦਾ ਹੋਣੀ, ਆਕਰਸ਼ਤ ਹੋਣਾ, ਸ਼ੌਕ ਜਾਗਣਾ, ਪਾਗਲ ਹੋਣਾ ।
[दिल चल-ना] मुहा॰ इच्छा उत्पन्न होना, रुचि पैदा होना, पागल होना ।

—دل حاضر ہونا—[ਦਿਲ ਹਾਜ਼ਿਰ ਹੋਣਾ] ਮੁਹਾ. ਦਿਲ ਕਾਇਮ ਹੋਣਾ, ਜੀ ਟਿਕਾਣੇ ਹੋਣਾ ।
[दिल हाज़िर होना] मुहा॰ चित्त स्थिर होना ।

—دل خراش—[ਦਿਲ ਖ਼ਰਾਸ਼] ਵਿ. ਦਿਲ ਨੂੰ ਦੁੱਖ ਪੁਚਾਉਣ ਵਾਲਾ, ਦਿਲ ਦੁਖਾਊ ।
[दिल ख़राश] वि॰ हृदय को कष्ट पहुँचाने वाला, दिल को दुखाने वाला ।

—دل خستہ—[ਦਿਲ ਖ਼ਸ-ਤਾ] ਫ਼ਾ. ਵਿ. ਦੁਖੀਆ, ਦੁਖਿਆਰਾ, ਜਿਸ ਨੂੰ ਦੁੱਖ ਪੁੱਜਾ ਹੋਵੇ, ਰੰਜਾਣਾ; ਪ੍ਰੇਮੀ ।
[दिल खस-ता] फ़ा॰ वि॰ दुखी, जिसे दुःख पहुँचा हो, जिस के दिल को आघात पहुँचा हो; प्रेमी ।

—دل خواہ—[ਦਿਲ ਖ਼੍ਵਾਹ] ਵਿ. ਇੱਛਾ ਅਨੁਸਾਰ, ਚਾਹ ਮੁਤਾਬਕ, ਮਨ ਪਸੰਦ ।
[दिल ख़्वाह] वि॰ इच्छानुसार, इच्छानुकूल, मन चाहा ।

—دلدادہ—[ਦਿਲਦਾਦਾ] ਫ਼ਾ. ਪੁ. ਆਸ਼ਕ, ਪ੍ਰੇਮੀ ।
[दिलदादा] फ़ा॰ पु॰ प्रेमी, आशिक ।

—دلدار—[ਦਿਲ-ਦਾਰ] ਪੁ. ਪਿਆਰਾ, ਮਹਿਬੂਬ, ਜਾਨੀ ।
[दिल-दार] पु॰ प्रिय, प्रेम-पात्र, प्रेमी ।

—دلداری—[ਦਿਲ-ਦਾਰੀ] ਇ. ਤਸੱਲੀ, ਸੰਤੁਸ਼ਟਤਾ; ਹਮਦਰਦੀ, ਵਫ਼ਾਦਾਰੀ, ਪਿਆਰ ਦਾ ਪ੍ਰਗਟਾਉ ।
[दिल-दारी] स्त्री॰ तसल्ली, सन्तुष्टता; सहानुभूति, वफ़ादारी, प्यार की अभिव्यक्ति ।

—دلدوز—[ਦਿਲ ਦੋਜ਼] ਵਿ. ਦਿਲ ਤੇ ਅਸਰ ਕਰਨ ਵਾਲਾ, ਪਸੰਦ ਆਉਣ ਵਾਲਾ; ਦਿਲ ਵਿਚ ਛੇਕ ਕਰਨ ਵਾਲਾ, ਦੁੱਖੀ ਕਰਨ ਵਾਲਾ; ਮਹਿਬੂਬ ।
[दिल दोज़] वि॰ हृदय पर प्रभाव डालने वाला, अच्छा लगने वाला; दुःखी करने वाला, हृदय को कष्ट पहुँचाने वाला; प्रेम-पात्र ।

—دل دھڑکنا—[ਦਿਲ ਧੜਕ-ਣਾ] ਮੁਹਾ. ਦਿਲ ਕੰਬਣਾ, ਡਰਨਾ, ਸਹਿਮਣਾ; ਸ਼ੋਕ ਹੋਣਾ, ਖੇਦ ਹੋਣਾ।
[दिल धड़क-ना] मुहा॰ दिल कांपना, डरना, भयभीत होना; खेद होना।

—دل دھک سے ہو جانا—[ਦਿਲ ਧਕ ਸੇ ਹੋ ਜਾਣਾ] ਮੁਹਾ. ਅਚਾਨਕ ਸਦਮਾ ਆ ਪੈਣਾ, ਅਚਾਨਕ ਦਿਲ ਤੇ ਚੋਟ ਲਗਣਾ।
[दिल धक से हो जाना] मुहा॰ अचानक सदमा आ पड़ना, अचानक दिल पर चोट लगना।

—دل دہلنا—[ਦਿਲ ਦਹਲ-ਣਾ] ਪੁ. ਡਰ ਲਗਣਾ ਦਿਲ ਧੜਕਣਾ, ਸਹਿਮ ਜਾਣਾ।
[दिल दहल-ना] पु॰ डर लगना, दिल धड़कना, भयभीत होना।

—دل دہی—[ਦਿਲ ਦਹੀ] ਇ. ਤਸੱਲੀ, ਦਿਲ ਜਮਈ, ਢਾਰਸ; ਦਿਲਾਸਾ।
[दिल दही] स्त्री॰ आश्वासन, ढारस; ध्यान।

—دل دیکھنا—[ਦਿਲ ਦੇਖ-ਣਾ] ਮੁਹਾ. ਅਜ਼ਮਾਉਣਾ, ਪਰਤਾਉਣਾ, ਦਿਲ ਦੀ ਗਲ ਜਾਨਣ ਦਾ ਯਤਨ ਕਰਨਾ, ਦਿਲ ਟੋਹਣਾ।
[दिल देख-ना] मुहा॰ परखना, जानना, दिल की बात जानने का यत्न करना।

—دل ڈوبنا—[ਦਿਲ ਡੁਬ-ਣਾ] ਮੁਹਾ. ਕਮਜ਼ੋਰੀ ਕਾਰਨ ਦਿਲ ਬੈਠਦਾ ਮਹਿਸੂਸ ਹੋਣਾ।
[दिल डूब-ना] मुहा॰ शिथिलता के कारण हृदय बैठता हुआ सा अनुभव होना।

—دل ٹھہرنا—[ਦਿਲ ਠਹਰ-ਣਾ] ਮੁਹਾ. ਤਸੱਲੀ ਹੋਣਾ, ਸੰਤੁਸ਼ਟਤਾ ਹੋਣਾ, ਕਿਸੇ ਕੰਮ ਲਈ ਤਤਪਰ ਹੋਣਾ।
[दिल ठहर-ना] मुहा॰ आश्वस्त होना, सन्तुष्ट होना, किसी काम के लिए तत्पर होना।

—دل ربا—[ਦਿਲ ਰੁਬਾ] ਫ਼ਾ. ਵਿ. ਪੁ. ਦਿਲ ਨੂੰ ਮੋਹ ਲੈਣ ਵਾਲਾ, ਦਿਲ ਚੋਰੀ ਕਰ ਲੈਣ ਵਾਲਾ, ਮਹਿਬੂਬ, ਪਿਆਰਾ, ਦਿਲਬਰ; ਇਕ ਸਾਜ਼ ਦਾ ਨਾਂ।
[दिल रुबा] फ़ा॰ वि॰ पु॰ दिल लेने वाला, दिल चुराने वाला, प्रेम-पात्र, प्रिय, प्रियतम; एक साज़ का नाम।

—دل ربائی—[ਦਿਲ ਰੁਬਾਈ] ਇ. ਦਿਲਬਰੀ, ਮਹਿਬੂਬਾਂ ਵਾਂਗ ਦਿਲ ਨੂੰ ਚੰਗਾ ਲਗਣ ਦਾ ਭਾਵ।
[दिल-रुबाई] स्त्री॰ दिल को बहुत प्रिय लगने का भाव, प्रेमिका के समान दिल को बहुत प्रिय लगने का भाव।

—دل رکنا—[ਦਿਲ ਰੁਕ-ਣਾ] ਮੁਹਾ. ਜੀ ਨਾ ਲੱਗਣਾ; ਦਿਲ ਉਦਾਸ ਹੋਣਾ।
[दिल रुक-ना] मुहा॰ दिल न लगना, मन उदास होना।

—دل ریش—[ਦਿਲ ਰੇਸ਼] ਵਿ. ਪੁ. ਜ਼ਖ਼ਮੀ ਦਿਲ, ਜਿਸ ਦੇ ਦਿਲ ਤੇ ਸੱਟ ਲੱਗੀ ਹੋਵੇ, ਪ੍ਰੇਮੀ, ਆਸ਼ਕ।
[दिल रेश] वि॰ पु॰ आहत मन, जिसके मन पर चोट लगी हो, प्रेमी।

—دل ریشی—[ਦਿਲ ਰੇਸ਼ੀ] ਫ਼ਾ. ਇ. ਦਿਲ ਦੀ ਪੀੜਾ, ਦਰਦ।
[दिल रेशी] फ़ा॰ स्त्री॰ दिल की पीड़ा, दर्द, पीड़ा।

—دل زدہ—[ਦਿਲ ਜ਼ਦ:] ਵਿ. ਪੁ. ਹੈਰਾਨ, ਉਦਾਸ, ਫ਼ਿਕਰਮੰਦ, ਚਿੰਤਾਤੁਰ।
[दिल ज़द:] वि॰ पु॰ चकित, उदास, चिन्तातुर, आशंका-ग्रस्त।

—دلسوز—[ਦਿਲ ਸੋਜ਼] ਫ਼ਾ. ਪੁ. ਵਿ. ਦਰਦੀ, ਹਮਦਰਦ, ਸ਼ੁਭ-ਚਿੰਤਕ, ਸ਼ੁਭਚਿੰਤਕ; ਦੋਸਤ, ਮੱਦਦ, ਮਿੱਤਰ; ਦਿਲ ਹਿਲਾ ਦੇਣ ਵਾਲਾ, ਦਿਲ ਨੂੰ ਪਿਘਲਾਣ ਵਾਲਾ।
[दिल सोज़] फ़ा॰ पु॰ वि॰ सहायक, सहानुभूति प्रकट करने वाला, शुभ चिन्तक; मित्र, मददगार, दोस्त; दिल को हिलाने वाला, दिल को पिघलाने वाला, दर्द पैदा करने वाला।

—دل سوزی—[ਦਿਲ-ਸੋਜ਼ੀ] ਫ਼ਾ. ਇ. ਹਮਦਰਦੀ, ਮਿੱਠ ਬੋਲੀ, ਸ਼ੁਭ ਇੱਛਾ; ਪ੍ਰੇਮ; ਪਿਆਰ ਦਾ ਜੋਸ਼।
[दिल सोज़ी] फ़ा॰ स्त्री॰ सहानुभूति, शुभ इच्छा; शौक; प्यार की गर्मी।

—دل سے اترنا—[ਦਿਲ ਸੇ ਉਤਰ-ਣਾ] ਪੁ. ਦਿਲ ਨੂੰ ਚੰਗਾ ਨਾ ਲਗਣਾ, ਨਜ਼ਰਾਂ ਵਿਚੋਂ ਡਿਗ ਜਾਣਾ।
[दिल से उतर-ना] पु॰ दिल को अच्छा न लगना, नज़रों से गिरना।

—دل سے دھواں اٹھنا—[ਦਿਲ ਸੇ ਧੂਆਂ ਉਠ-ਣਾ] ਮੁਹਾ. ਦਿਲੋਂ ਆਹ ਨਿਕਲਣਾ।
[दिल से धुआं उठ-ना] मुहा॰ दिल से आह निकलना।

—دل شاد—[ਦਿਲ ਸ਼ਾਦ] ਫ਼ਾ. ਵਿ. ਖ਼ੁਸ਼, ਖ਼ੁਸ਼ਦਿਲ, ਅਚਿੰਤ, ਨਿਸ਼ਚਿੰਤ, ਬੇਫ਼ਿਕਰ।
[दिल शाद] फ़ा॰ वि॰ प्रसन्न, प्रसन्नचित्त, चिन्ता रहित, निश्चिन्त।

—دل شکستہ—[ਦਿਲਸ਼ਿਕਸ-ਤ:] ਵਿ. ਪੁ. ਟੁੱਟੇ ਦਿਲ ਵਾਲਾ, ਦੁਖੀ, ਦੁਖੀ ਦਿਲ ਵਾਲਾ, ਟੁੱਟੇ ਹੋਏ ਦਿਲ ਵਾਲਾ; ਉਹ ਦਿਲ ਜਿਸ ਨੂੰ ਸਦਮਾ ਪੁੱਜਾ ਹੋਵੇ।
[दिल शिकस-त:] वि॰ पु॰ टूटे हृदय वाला, दुखी, दुखी हृदय वाला; वह दिल जिसे आघात पहुंचा हो।

—دل شکن—[ਦਿਲ ਸ਼ਿਕਨ] ਵਿ. ਦਿਲ ਤੋੜਨ ਵਾਲਾ, ਹੌਸਲਾ ਢਾਹੁਣ ਵਾਲਾ।
[दिल शिकन] वि॰ दिल तोड़ने वाला, हतोत्साह करने वाला।

—دل شکنی—[ਦਿਲ ਸ਼ਿਕਨੀ] ਇ. ਦਿਲ ਤੋੜਨ ਦਾ ਭਾਵ, ਹੌਸਲਾ ਢਾਹੁਣ ਦਾ ਭਾਵ।

[दिल शिकनी] स्त्री० दिल तोड़ने का भाव, हतोत्साह करने का भाव।

—دل شگفتہ—[ਦਿਲ ਸ਼ਿਗੁਫ਼ਤ:] ਫ਼ਾ. ਵਿ. ਖਿੜੇ ਹੋਏ ਦਿਲ ਵਾਲਾ, ਖ਼ੁਸ਼ਦਿਲ।

[दिल शिगुफ़्त:] फ़ा० वि० प्रसन्न चित्त, खिले हुए दिल वाला।

—دل فروز—[ਦਿਲ-ਫ਼ਰੋਜ਼] ਵਿ. ਦਿਲ ਨੂੰ ਰੋਸ਼ਨ ਕਰਨ ਵਾਲਾ, ਦਿਲ ਨੂੰ ਪ੍ਰਕਾਸ਼ਿਤ ਕਰਨ ਵਾਲਾ, ਦਿਲ ਨੂੰ ਖ਼ੁਸ਼ ਕਰਨ ਵਾਲਾ।

[दिल-फ़रोज़] वि० मन को प्रकाशित करने वाला, दिल को चमकाने वाला, मन को प्रसन्न करने वाला।

—دل فریب ، دلفریب—[ਦਿਲ ਫ਼ਰੇਬ] ਵਿ. ਮਨ ਮੋਹਣ, ਮਨ ਨੂੰ ਮੋਹਣ ਵਾਲਾ; ਦਿਲ ਨੂੰ ਚੰਗਾ ਲੱਗਣ ਵਾਲਾ।

[दिल फ़रेब] वि० चित्ताकर्षक, दिल को मोहित करने वाला, दिल को अच्छा लगने वाला।

—دلفریبی—[ਦਿਲ ਫ਼ਰੇਬੀ] ਇ. ਦਿਲ ਨੂੰ ਚੰਗਾ ਲੱਗਣ ਦਾ ਭਾਵ; ਮਨ ਨੂੰ ਮੋਹਣ ਦਾ ਭਾਵ, ਆਕਰਸ਼ਣ।

[दिल फ़रेबी] स्त्री० दिल को अच्छा लगने का भाव, मन को मोहित करने का भाव, आकर्षण।

—دل کا بخار نکالنا—[ਦਿਲ ਦਾ ਬੁਖ਼ਾਰ ਨਿਕਾਲ-ਨਾ] ਮੁਹਾ. ਦਿਲ ਦੀ ਹਵਾੜ ਕੱਢਣਾ, ਗ਼ੁਬਾਰ ਕੱਢਣਾ।

[दिल का बुख़ार निकाल-ना] मुहा० दिल हल्का करना, दिल का भार हल्का करना।

—دل کا کھاؤ رانی جانے یا راؤ—[ਦਿਲ ਦਾ ਘਾਉ ਰਾਣੀ ਜਾਣੇ ਜਾਂ ਰਾਉ] ਅਖੌ. ਆਪਸ ਵਿਚ ਦੇ ਦੁਖ ਨੂੰ ਮੀਆਂ ਬੀਵੀ ਹੀ ਜਾਣਦੇ ਹਨ।

[दिल का घाओ रानी जाने या राओ] लोको० पारस्परिक दुःख को केवल पति पत्नी ही जानते हैं।

—دل کا مالک اللہ ہے—[ਦਿਲ ਦਾ ਮਾਲਿਕ ਅੱਲਾਹ ਹੈ] ਵਾਕ. ਰੱਬ ਹੀ ਦਿਲ ਤੇ ਪਰਭਾਵ ਪਾ ਸਕਦਾ ਹੈ; ਰੱਬ ਹੀ ਦਿਲ ਦੀਆਂ ਗੱਲਾਂ ਜਾਣਦਾ ਹੈ।

[दिल का मालिक अल्लाह है] वाक्य० ईश्वर ही हृदय पर प्रभाव डाल सकता है; ईश्वर ही दिल की बातें जानता है।

—دل کباب ہونا—[ਦਿਲ ਕਬਾਬ ਹੋਣਾ] ਮੁਹਾ. ਦਿਲ ਸੜਨਾ, ਦਿਲ ਨੂੰ ਬਹੁਤ ਹੀ ਦੁੱਖ ਪੁੱਜਣਾ, ਦਿਲ ਸੜ ਕੇ ਸੁਆਹ ਹੋਣਾ।

[दिल कबाब होना] मुहा० दिल जलना, हृदय को बहुत दुःख पहुँचना, दिल जल कर राख होना।

—دل کٹنا—[ਦਿਲ ਕਟ-ਣਾ] ਮੁਹਾ. ਸ਼ਰਮਿੰਦਾ ਹੋਣਾ, ਸ਼ਰਮਸਾਰ ਹੋਣਾ।

[दिल कट-ना] मुहा० लज्जित होना।

—دل کرنا—[ਦਿਲ ਕਰ-ਨਾ] ਮੁਹਾ. ਹਿੰਮਤ ਕਰਨਾ, ਜੁਰੱਅਤ ਕਰਨਾ; ਜੀਅ ਕਰਨਾ।

[दिल कर-ना] मुहा० साहस करना, उत्साह करना; चाह करना।

—دل کڑا کرنا—[ਦਿਲ ਕੜਾ-ਕਰਨਾ] ਮੁਹਾ. ਦਿਲ ਤਕੜਾ ਕਰਨਾ, ਹਿੰਮਤ ਕਰਨਾ।

[दिल कड़ा-करना] मुहा० दिल कड़ा करना, साहस करना।

—دل کڑھنا—[ਦਿਲ ਕੁੜ੍ਹ-ਨਾ] ਮੁਹਾ. ਖਿਝਣਾ, ਅੰਦਰੋਂ ਅੰਦਰੀ ਸੜਨਾ; ਦੁਖ ਹੋਣਾ, ਅਫ਼ਸੋਸ ਹੋਣਾ।

[दिल कुढ़-ना] मुहा० दुखी होना, अन्दर ही अन्दर जलना; खेद होना, शोक होना।

—دل کش—[ਦਿਲਕਸ਼] ਫ਼ਾ. ਵਿ. ਦਿਲ ਖਿੱਚਣ ਵਾਲਾ, ਮਨ ਨੂੰ ਭਾ ਜਾਣ ਵਾਲਾ, ਸੋਹਣਾ, ਆਕਰਸ਼ਕ।

[दिलकश] फ़ा० वि० चित्ताकर्षक, दिल को अच्छा लगने वाला, सुन्दर, मनोहर, आकर्षक।

—دل کشا—[ਦਿਲ ਕੁਸ਼ਾ] ਵਿ. ਦਿਲ ਨੂੰ ਖ਼ੁਸ਼ ਕਰਨ ਵਾਲਾ, ਮਨ ਨੂੰ ਪਰਸੰਨ ਕਰਨ ਵਾਲਾ; ਖੁੱਲ੍ਹਾ, ਚਮਕਦਾ ਹੋਇਆ।

[दिल कुशा] वि० दिल को प्रसन्न करने वाला, चित्त को हर्ष प्रदान करने वाला; खुला; चमकता हुआ।

—دل کشی—[ਦਿਲ ਕਸ਼ੀ] ਫ਼ਾ. ਇ. ਖ਼ੂਬਸੂਰਤੀ, ਮਨ ਨੂੰ ਮੋਹਣ ਦਾ ਗੁਣ ਜਾਂ ਭਾਵ।

[दिल कशी] फ़ा० स्त्री० सुन्दरता, मन को मोहित करने का गुण अथवा भाव।

—دل کشیدہ ہونا—[ਦਿਲ ਕਸ਼ੀਦ: ਹੋਣਾ] ਮੁਹਾ. ਦਿਲ ਬੇਜ਼ਾਰ ਹੋਣਾ, ਦਿਲ ਦੁਖੀ ਹੋਣਾ।

[दिल कशीद: होना] मुहा० दिल व्याकुल होना, दिल दुखी होना।

—دل کو پنکھا لگنا—[ਦਿਲ ਕੋ ਪੰਖਾ ਲਗ-ਣਾ] ਮੁਹਾ. ਬਹੁਤ ਬੇਚੈਨ ਹੋਣਾ, ਬੇਕਰਾਰ ਹੋਣਾ।

[दिल को पंखा लग-ना] मुहा० अत्यधिक बेचैन होना, व्याकुल होना।

—دل کو دل سے راہ ہونا—[ਦਿਲ ਕੋ ਦਿਲ ਸੇ ਰਾਹ ਹੋਣਾ] ਮੁਹਾ. ਦੋਹੀਂ ਪਾਸੀਂ ਪਿਆਰ ਹੋਣਾ, ਦਿਲ ਨੂੰ ਦਿਲ ਦੀ ਰਾਹ ਹੋਣਾ, ਪਿਆਰ ਕਰਨ ਵਾਲੇ ਨਾਲ ਪਿਆਰ ਹੋਣਾ।

[दिल को दिल से राह होना] मुहा० दोनों ओर प्रेम होना, दिल को दिल से प्रेम होना, प्रेम करने वाले से प्रेम होना।

—دل کو ڈھالنا—[ਦਿਲ ਕੋ ਢਾਲ-ਨਾ] ਮੁਹਾ. ਦਿਲ ਨੂੰ ਆਪਣੇ ਵਲ ਖਿੱਚਣਾ, ਮੋਹਣਾ, ਮਾਇਲ ਕਰਨਾ।

[दिल को ढाल-ना] मुहा० दिल को अपनी ओर आकर्षित करना, मोह लेना।

—دل کی پھانس—[ਦਿਲ ਦੀ ਫਾਂਸ] ਇ. ਦਿਲ ਦਾ ਦੁਖ।
[दिल की फाँस] स्त्री० दिल का दुःख।

—دل کی کنجی—[ਦਿਲ ਦੀ ਕੁੰਜੀ] ਇ. ਭੇਤੀ, ਸਲਾਹਕਾਰ।
[दिल की कुंजी] स्त्री० भेदी, परामर्श दाता।

—دل کی لاگ—[ਦਿਲ ਦੀ ਲਾਗ] ਇ. ਪ੍ਰੇਮ, ਇਸ਼ਕ, ਪਿਆਰ।
[दिल की लाग] स्त्री० प्रेम, प्रीत, प्यार।

—دل کے پھپھولے پھوڑنا—[ਦਿਲ ਦੇ ਫਫੋਲੇ ਫੋੜ-ਨਾ] ਮੁਹਾ. ਦਿਲ ਦੀ ਭੜਾਸ ਕਢਣਾ, ਸਾੜਾ ਕੱਢਣਾ, ਗੁੱਸਾ ਕੱਢਣਾ, ਅਰਮਾਨ ਕਢਣਾ।
[दिल के फफोले फोड़-ना] मुहा० हृदय की भड़ास निकालना, दिल की जलन निकालना, क्रोध निकालना, अरमान निकालना।

—دل گداز—[ਦਿਲ ਗੁਦਾਜ਼] ਵਿ. ਦਿਲ ਨੂੰ ਪਿਘਲਾਉਣ ਜਾਂ ਨਰਮ ਕਰਨ ਵਾਲਾ, ਦਰਦ ਭਰਪੂਰ।
[दिल गुदाज़] वि० दिल को पिघलाने या नर्म करने वाला, जोश से भरा हुआ।

—دل گردہ—[ਦਿਲ ਗੁਰ-ਦ:] ਪੁ. ਜਿਗਰਾ, ਹੌਂਸਲਾ, ਦਲੇਰੀ, ਜੁਰਅਤ; ਸਹਿਣ ਸ਼ੀਲਤਾ।
[दिल गुर-द:] पु० साहस, हिम्मत, उत्साह, वीरता; सहन-शीलता।

—دل گرمی—[ਦਿਲ ਗਰ-ਮੀ] ਫ਼ਾ. ਇ. ਨਿੱਘ, ਗੂੜ੍ਹੀ ਦੋਸਤੀ।
[दिल गर-मी] फ़ा० स्त्री० प्यार की गर्मी, गहरी मित्रता।

—دلگیر—[ਦਿਲ-ਗੀਰ] ਵਿ. ਦੁਖੀ, ਚਿੰਤਾਤੁਰ, ਫ਼ਿਕਰਮੰਦ, ਸੋਗੀ।
[दिल-गीर] वि० अर स० चिन्तातुर, चिन्ता-ग्रस्त, शोक-ग्रस्त।

—دل لگی—[ਦਿਲ-ਲਗੀ] ਇ. ਹਾਸਾ ਠੱਠਾ, ਮਖੌਲ; ਦੋਸਤੀ, ਪਿਆਰ, ਇਸ਼ਕ, ਮੁਹੱਬਤ; ਦਿਲ ਲਗਾਉਣਾ।
[दिल-लगी] स्त्री० हँसी ठट्ठा; मित्रता, प्रेम, प्यार, प्रीत; मनोविनोद।

—دل لگی باز—[ਦਿਲ-ਲਗੀ ਬਾਜ਼] ਵਿ. ਪੁ. ਮਖੌਲੀਆ, ਹੀਮੋਰ, ਠੱਠੇ ਬਾਜ਼, ਮਸਖਰਾ।
[दिल-लगी बाज़] वि० पु० हंसोड़, ठट्ठे बाज़, परिहास करने वाला।

—دل لوٹنا—[ਦਿਲ ਲੋਟ-ਨਾ] ਪੁ. ਦੇਖੋ: دل لوٹنا
[दिल लोट-ना] पु० देखो: دل لوٹنا

—دل مارنا—[ਦਿਲ ਮਾਰ-ਨਾ] ਮੁਹਾ. ਮਨ ਮਾਰਨਾ।
[दिल मार-ना] मुहा० मन मारना।

—دل مسوس کر رہ جانا—[ਦਿਲ ਮਸੋਸ ਕਰ ਰਹਿ ਜਾਣਾ] ਮੁਹਾ. ਚੁਪ ਕਰਕੇ ਦੁਖ ਸਹਿ ਲੈਣਾ, ਗੁੰਮ ਸੁੰਮ ਹੋ ਜਾਣਾ, ਦਿਲ ਫੜ ਕੇ ਬਹਿ ਜਾਣਾ।
[दिल मसोस कर रह जाना] मुहा० मूक होकर दुःख सहन कर लेना, किसी चोट के बाद चुप हो जाना, दिल पकड़ कर बैठ जाना।

—دل میں چٹکیاں لینا—[ਦਿਲ ਮੇਂ ਚੁਟਕਿਯਾਂ ਲੇਨਾ] ਮੁਹਾ. ਚੋਭੀ ਮਾਰਨਾ, ਦਿਲ ਦੁਖਾਉਣਾ; ਭਾ ਜਾਣਾ, ਦਿਲ ਵਿਚ ਸਮਾ ਜਾਣਾ।
[दिल में चुटकियां लेना] मुहा० व्यंग्य करना, दिल दुखाना; अच्छा लगना, दिल में समा जाना।

—دل میں راہ کرنا—[ਦਿਲ ਮੇਂ ਰਾਹ ਕਰ-ਨਾ] ਮੁਹਾ. ਭਾ ਜਾਣਾ, ਦਿਲ ਨੂੰ ਚੰਗਾ ਲੱਗਣਾ।
[दिल में राह कर-ना] मुहा० अच्छा लगना, दिल को प्रिय लगना।

—دل میں گرہ پڑنا—[ਦਿਲ ਮੇਂ ਗਿਰਹ ਪੜ-ਨਾ] ਮੁਹਾ. ਦਿਲ ਵਿਚ ਫ਼ਰਕ ਆ ਜਾਣਾ, ਦਿਲ ਵਿਚ ਕੋਈ ਗਿਲਾ ਉਸਲਾ ਬੈਠ ਜਾਣਾ, ਦਿਲ ਵਿਚ ਗੰਢ ਪੈ ਜਾਣਾ।
[दिल में गिरिह पड़-ना] मुहा० दिल में फ़र्क़ आ जाना, मन में गिला बनाना, दिल में गांठ पड़ जाना।

—دل میں گڑ جانا—[ਦਿਲ ਮੇਂ ਗੜ ਜਾਣਾ] ਮੁਹਾ. ਪਸੰਦ ਆ ਜਾਣਾ, ਭਾ ਜਾਣਾ, ਦਿਲ ਵਿੱਚ ਬਹਿ ਜਾਣਾ।
[दिल में गड़ जाना] मुहा० अच्छा लगना, पसन्द आ जाना, दिल में बैठ जाना।

—دل میں گھر کرنا—[ਦਿਲ ਮੇਂ ਘਰ ਕਰ-ਨਾ] ਪੁ. ਦਿਲ 'ਚ ਬੈਠ ਜਾਣਾ, ਵਿਸ਼ਿਸ਼ਟਤਾਈ ਪੈਦਾ ਕਰਨਾ; ਪਿਆਰ ਵਧਾਉਣਾ, ਮਿਤ੍ਰ ਬਣਾਉਣਾ।
[दिल में घर कर ना] पु० मन में बैठ जाना, विशेषता पैदा करना; प्यार बढ़ाना, मित्र बनाना।

—دل نشیں - دلنشیں—[ਦਿਲ ਨਿਸ਼ੀਂ] ਵਿ. ਦਿਲ ਤੇ ਅਸਰ ਕਰਨ ਵਾਲਾ, ਭਾ ਜਾਣ ਵਾਲਾ।
[दिल निशीं] वि० हृदय पर प्रभाव डालने वाला, प्रिय लगने वाला।

—دل نشینی - دلنشینی—[ਦਿਲ ਨਿਸ਼ੀਨੀ] ਫ਼ਾ. ਇ. ਦਿਲ ਤੇ ਅਸਰ ਕਰ ਜਾਣ ਦਾ ਭਾਵ।
[दिल निशीनी] फ़ा० स्त्री० दिल पर प्रभाव डालने का भाव।

—دل نواز - دلنواز—[ਦਿਲ ਨਵਾਜ਼] ਵਿ. ਦਿਲ ਖ਼ੁਸ਼ ਕਰਨ ਵਾਲਾ, ਪਿਆਰਾ।
[दिल नवाज़] वि० चित्त प्रसन्न करने वाला, प्रिय।

—دل نوازی - دلنوازی—[ਦਿਲ ਨਵਾਜ਼ੀ] ਫ਼ਾ. ਇ. ਦਿਲ ਨੂੰ ਖ਼ੁਸ਼ੀ ਦੇਣ ਦਾ ਭਾਵ।
[दिल नवाज़ी] फ़ा० स्त्री० दिल को प्रसन्नता देने का भाव।

دل و جان سے—[ਦਿਲੋ ਜਾਨ ਸੇ] ਕ੍ਰਿ. ਵਿ. ਸਿਰ ਮੱਥੇ, ਬੜੀ ਖ਼ੁਸ਼ੀ ਨਾਲ; ਪ੍ਰੇਮ ਨਾਲ; ਬਹੁਤ ਚਾਵ ਨਾਲ।

[दिलो जान से] क्रि० वि० सिर माथे, बड़ी प्रसन्नता से; शौक़ से; बहुत चाव से।

دل ہی دل میں—[ਦਿਲ ਹੀ ਦਿਲ ਮੇਂ] ਕ੍ਰਿ. ਵਿ. ਮਨ ਵਿਚ ਹੀ, ਚੁਪਚੁਪੀਤੇ।

[दिल ही दिल में] क्रि० वि० मन में ही, चुपके चुपके।

دلار—[ਦੁਲਾਰ] ਪੁ. ਪਿਆਰ, ਲਾਡ।

[दुलार] पु० प्रेम, लाड, प्यार।

دلارا—[ਦੁਲਾਰਾ] ਵਿ. ਲਾਡਲਾ, ਪਿਆਰਾ।

[दुलारा] वि० लाडला, प्रिय, प्यारा।

دلاری—[ਦੁਲਾਰੀ] ਵਿ. ਪਿਆਰੀ, ਲਾਡਲੀ, ਸਜਣੀ।

[दुलारी] स्त्री० प्यारी, लाडली, सजनी।

دلاسا—[ਦਿਲਾਸਾ] ਫ਼ਾ. ਪੁ. ਤਸੱਲੀ, ਧੀਰਜ।

[दिलासा] फ़ा० पु० आश्वासन, धैर्य।

دلاک—[ਦੱਲਾਕ] ਪੁ. ਹਮਾਮ ਵਿਚ ਸਰੀਰ ਨੂੰ ਮਲਣ ਵਾਲਾ ਆਦਮੀ, ਮਾਲਿਸ਼ ਕਰਨ ਵਾਲਾ; ਨਾਈ।

[दल्लाक] पु० हमाम में शरीर को मलने वाला मनुष्य, मालिश करने वाला; नाई।

دلال—[ਦੱਲਾਲ] ਅਰ. ਪੁ. ਸੌਦਾ ਕਰਾਉਣ ਵਾਲਾ, ਕਮਿਸ਼ਨ ਏਜੰਟ; ਆੜ੍ਹਤੀ; ਦੱਲਾ, ਭੜੂਆ।

[दल्लाल] अर० पु० सौदा कराने वाला, कमीशन एजेंट; आढ़ती; भड़ुआ।

دلالت—[ਦਲਾਲਤ] ਅਰ. ਇ. ਅਗਵਾਈ; ਹਦਾਇਤ; ਦਲੀਲ, ਸਬੂਤ।

[दलालत] अर० स्त्री० पथ-प्रदर्शन; हिदायत, निर्देश; दलील, प्रमाण।

دلالہ—[ਦੱਲਾਲਾ] ਅਰ. ਇ. ਕੁਟਨੀ, ਦਲਾਲੀ ਕਰਨ ਵਾਲੀ ਤੀਵੀਂ, ਭੜਵੀ।

[दल्लाला] अर० स्त्री० दलाली करने वाली स्त्री, कुटनी, भड़वी।

دلالی—[ਦੱਲਾਲੀ] ਇ. ਦਲਾਲ ਦਾ ਕੰਮ ਜਾਂ ਉਸਦਾ ਕਮਿਸ਼ਨ।

[दल्लाली] स्त्री० दलाल का काम अथवा उसका कमीशन।

دلانا—[ਦਿਲਾਣਾ] ਕ੍ਰਿ. ਪ੍ਰੇ. ਦਿਵਾਉਣਾ।

[दिलाना] क्रि० प्रे० दिला देना।

دلائی—[ਦੁਲਾਈ] ਇ. ਦੋਹਰੀ ਚਾਦਰ, ਰੂੰ ਦੇ ਬਿਨਾਂ ਦੋਹਰੀ ਰਜ਼ਾਈ।

[दुलाई] स्त्री० दोहरी चादर, रूई के बिना दोहरी रजाई।

دلائل—[ਦਲਾਇਲ] ਅਰ. ਇ. دلیل ਦਾ ਬਹੁਵਚਨ।

[दलाइल] अर० स्त्री० دلیل का बहुवचन।

دلبا—[ਦਲ-ਬਾ] ਪੁ. ਉਹ ਪੰਛੀ ਜਿਸ ਨੂੰ ਹੋਰ ਪੰਛੀਆਂ ਨਾਲ ਲੜਨ ਦੀ ਲੜਾਈ ਲਈ ਤਿਆਰ ਕੀਤਾ ਜਾਂਦਾ ਹੈ; ਦਬੇਲ।

[दल-बा] पु० लड़ाई करने वाला वह पक्षी जिसको और पक्षियों से लड़ा कर लड़ाई के लिए तैयार किया जाता है; दबेल।

دلتی—[ਦੁਲੱਤੀ] ਇ. ਪਸ਼ੂ ਦੀਆਂ ਪਿਛਲੀਆਂ ਦੋਹਾਂ ਲੱਤਾਂ ਦੀ ਮਾਰ।

[दुलत्ती] स्त्री० पशु की पिछली दो टाँगों की मार।

دلدا پیشگیر—[ਦਲਦਾ ਪੇਸ਼ਗੀਰ] ਪੁ. ਤਰੇਲ ਤੋਂ ਬਚਣ ਲਈ ਪਲੰਘ ਉੱਤੇ ਲਾਇਆ ਕਪੜਾ।

[दलदा पेशगीर] पु० ओस से बचने के लिए खाट पर लगाया गया कपड़ा।

دلدر—[ਦਲਿੱਦਰ] ਪੁ. ਗ਼ਰੀਬੀ, ਤੰਗ ਹਾਲੀ, ਕੁੱਖ ਤੰਗ, ਦਲਿੱਦਰ।

[दलिद्दर] पु० निर्धनता, ग़रीबी, दरिद्र।

دلدل—[ਦੁਲ-ਦੁਲ] ਇ. ਉਹ ਖੱਚਰ ਜੋ ਇਸਕੰਦਰੀਆ ਦੇ ਹਾਕਮ ਨੇ ਹਜ਼ਰਤ ਮੁਹੰਮਦ ਸਾਹਬ ਨੂੰ ਭੇਟਾ ਕੀਤੀ ਸੀ ਤੇ ਉਨ੍ਹਾਂ ਨੇ ਅੱਗੋਂ ਹਜ਼ਰਤ ਅਲੀ ਨੂੰ ਬਖ਼ਸ਼ ਦਿੱਤੀ, ਹਜ਼ਰਤ ਅਲੀ ਦਾ ਘੋੜਾ।

[दुल-दुल] स्त्री० वह खच्चर जो इसकंदरिया के शासक ने हज़रत मुहम्मद साहिब को भेंट की थी, और उन्होंने आगे हज़रत अली को दे दी, हज़रत अली का घोड़ा।

دلدل سوار—[ਦੁਲ-ਦੁਲ ਸਵਾਰ] ਪੁ. ਹਜ਼ਰਤ ਅਲੀ ਦਾ ਗੁਣਵਾਚੀ ਉਪਨਾਮ।

[दुल-दुल सवार] पु० हज़रत अली का गुणवाची उपनाम।

دلدل—[ਦਲ-ਦਲ] ਇ. ਚਿੱਕੜ, ਖੋਭਾ, ਤਿਲ੍ਹਕਣ।

[दल-दल] स्त्री० कीचड़, पंक।

دلڑا—[ਦੁਲੜਾ] ਵਿ. ਦੋ ਲੜਾਂ ਵਾਲਾ, ਜਿਸ ਦੇ ਦੋ ਲੜ ਹੋਣ, ਦੋ ਲੜਾ।

[दुलड़ा] वि० दो लड़ियों वाला, जिसकी दो लड़ियां हों।

دلق—[ਦਲ-ਕ] ਫ਼ਾ. ਇ. ਗੋਦੜੀ, ਸੂਫ਼ੀਆਂ ਦੇ ਪਹਿਨਣ ਵਾਲਾ, ਪਸ਼ਮੀਨੇ ਦਾ ਪਹਿਰਾਵਾ।

[दल-क़] फ़ा० स्त्री० गुदड़ी, सूफ़ियों के पहनने की ऊनी पोशाक।

دلق پوش—[ਦਲ-ਕ਼ ਪੋਸ਼] ਪੁ. ਗੋਦੜੀ ਪਹਿਨਣ ਵਾਲਾ ਫ਼ਕੀਰ, ਗੋਦੜੀ ਪੋਸ਼, ਦਰਵੇਸ਼, ਸਾਈਂ ਲੋਕ, ਸੂਫ਼ੀ।

[दल-क़ पोश] पु० गुदड़ी पहिनने वाला फ़क़ीर, दरवेश, सूफ़ी।

دلکی—[ਦੁਲ-ਕੀ] ਇ. ਘੋੜੇ ਦੀ ਇਕ ਦਰਮਿਆਨੀ ਚਾਲ, ਦੁੜਕੀ।

[दुल-की] स्त्री० घोड़े की बीच की चाल जब वह कुछ उछल कर चलता है।

دلہ—[ਦਲ-ਕ:] ਫ਼ਾ. ਪੁ. ਟਾਕੀ ਪਲੀਤ ।
[दल-कः] फ़ा॰ पु॰ गुदड़ा फ़कीर ।
دلنا—[ਦਲ-ਣਾ] ਕ੍ਰਿ. ਸਕ. ਮੋਟਾ ਮੋਟਾ ਪੀਹਣਾ ।
[दल-ना] क्रि॰ सक॰ मोटा मोटा पीसना ।
دلو—[ਦਲ-ਵ] ਅਰ. ਪੁ. ਡੋਲ; ਅਸਮਾਨ ਦਾ ਗਿਆਰ੍ਹਵਾਂ ਬੁਰਜ, ਕੁੰਭ ਰਾਸ਼ੀ ।
[दल-व] अर॰ पु॰ डोल; ज्योतिष में कुम्भ राशि, आकाश का ग्यारहवाँ बुर्ज, कुम्भ राशि ।
دلوائی—[ਦਲ-ਵਾਈ] ਇ. ਦਲਣ ਦੀ ਮਜੂਰੀ, ਦਲਾਈ ।
[दल-वाई] स्त्री॰ दलने की मज़दूरी, दलाई ।
دلہا—[ਦੁਲ-ਹਾ] ਪੁ. ਲਾੜਾ, ਦੂਲ੍ਹਾ, ਬੰਨਾ, ਪਿਆਰਾ, ਲਾੜੀ, ਸ਼ੌਕੀਨ ਬੰਦ ।
[दुल-हा] पु॰ वर, दुल्हा, प्यारा ।
دلہن—[ਦੁਲ-ਹਨ] ਇ. ਲਾੜੀ, ਵਹੁਟੀ, ਮੁਕਲਾਇਨ, ਪਿਆਰੀ ।
[दुल-हन] स्त्री॰ वधू, बहू, पत्नी, प्यारी ।
دلی—[ਦਿੱਲੀ] ਪੁ. ਦਿੱਲੀ, ਦੇਹਲੀ, ਭਾਰਤ ਦੀ ਰਾਜਧਾਨੀ ।
[दिल्ली] पु॰ दिल्ली, देहली, भारत की राजधानी ।
—دلی دور ہے—[ਦਿੱਲੀ ਦੂਰ ਹੈ] ਵਾਕ. ਅਜੇ ਮਨ ਇੱਛਤ ਟਿਕਾਣਾ ਔਖੇ ਹੈ, ਹਾਲੀਂ ਮੰਜ਼ਲ ਬਹੁਤ ਦੂਰ ਹੈ ।
[दिल्ली दूर है] वाक्य॰ अभी ध्येय बहुत दूर है ।
دلی—[ਦਿਲੀ] ਵਿ. ਦਿਲ ਦਾ, ਦਿਲ ਵਾਲਾ, ਖ਼ਲਿਸ, ਜਿਗਰੀ ।
[दिली] वि॰ मानसिक, दिल का, दिल वाला, ख़ास ।
دلیر—[ਦਲੇਰ] ਵਿ. ਬਹਾਦਰ, ਨਿਡਰ, ਸੂਰਮਾ, ਮਨਚਲਾ ।
[दलेर] वि॰ शूरवीर, निर्भीक, निडर, मनचला ।
دلیرانہ—[ਦਲੇਰਾਨਹ:] ਕ੍ਰਿ. ਵਿ. ਦਲੇਰੀ ਨਾਲ, ਦਲੇਰਾਂ ਵਾਂਗ ।
[दलेरानः] क्रि॰ वि॰ वीरता सहित, वीरों की भान्ति ।
دلیری—[ਦਲੇਰੀ] ਇ. ਬਹਾਦਰੀ, ਸੂਰਮਤਾ, ਨਿਡਰਤਾ, ਜੁੱਰਤ ।
[दलेरी] स्त्री॰ वीरता, पराक्रम, बहादुरी, निडरता, साहस ।
دلیل—[ਦਲੀਲ] ਅਰ. ਇ. ਕਾਰਨ, ਸਬੂਤ, ਯੁਕਤੀ ।
[दलील] अर॰ स्त्री॰ कारण, प्रमाण, युक्ति ।
—دلیل کامل—[ਦਲੀਲ ਕਾਮਿਲ] ਇ. ਪੂਰੀ ਦਲੀਲ, ਪੂਰਾ ਸਬੂਤ, ਪ੍ਰਤੱਖ ਪ੍ਰਮਾਣ ।
[दलीले कामिल] स्त्री॰ पूरी दलील, पूरा प्रमाण, प्रत्यक्ष प्रमाण ।
—دلیل ناقص—[ਦਲੀਲ ਨਾ-ਕ਼ਿਸ] ਇ. ਘਟੀਆ ਦਲੀਲ, ਕਮਜ਼ੋਰ ਸਬੂਤ, ਕੱਚੀ ਦਲੀਲ, ਥੋਥੀ ਗਲ ।
[दलीले नाक़िस] स्त्री॰ घटिया दलील, कच्चा प्रमाण, कमज़ोर सबूत ।
دم—[ਦਮ] ਅਰ. ਪੁ. ਖ਼ੂਨ, ਰਤ, ਰਕਤ ।
[दम] अर॰ पु॰ रक्त, रुधिर, ख़ून ।
—دم الاخوین—[ਦਮੁਲ ਉਖ਼ਵੈਨ] ਅਰ. ਇ. ਦੋ ਭਰਾਵਾਂ ਦਾ ਖ਼ੂਨ; ਇਕ ਲਾਲ ਰੰਗ ਦੀ ਗੋਂਦ ਜੋ ਕਪੜੇ ਰੰਗਣ ਜਾਂ ਦਵਾਈਆਂ ਵਿਚ ਪਾਉਣ ਦੇ ਕੰਮ ਆਉਂਦੀ ਹੈ ।
[दमुल उख़वैन] अर॰ स्त्री॰ दो भाइयों का रक्त; एक लाल रंग की गोंद जो कपड़े रंगने अथवा औषधियों में डालने के काम आती है ।
دم—[ਦਮ] ਅਰ. ਪੁ. ਸਾਹ, ਆਤਮਾ, ਜੀਵਨ, ਸਾਹ, ਸੁਆਸ; ਫੂਕ, ਝਾੜਾ; ਧੋਖਾ, ਛਲ, ਮਕਰ; ਹੁੱਕੇ ਦਾ ਕਸ਼; ਜਾਨ, ਜੀ; ਪਲ, ਛਿਨ ।
[दम] अर॰ पु॰ जान, आत्मा, श्वास; फूंक, झाड़ फूंक; धोखा, छल, कपट; हुक्के का कश; व्यक्तित्व; पल, क्षण ।
—دم الٹنا—[ਦਮ ਉਲਟ-ਣਾ] ਮੁਹਾ. ਸਾਹ ਉੱਖੜਨਾ, ਦਿਲ ਘਬਰਾਉਣਾ, ਘੋਖੜੂ ਚੱਲਣਾ, ਘੋੜ ਚੱਲਣਾ ।
[दम उलट-ना] मुहा॰ साँस उखड़ना; दिल घबराना, दम टूटना ।
—دم باز—[ਦਮ ਬਾਜ਼] ਫ਼ਾ. ਵਿ. ਪੁ. ਫ਼ਰੇਬੀ, ਛਲੀਆ; ਝੂਠਾ, ਬਹਾਨੇ ਬਾਜ਼, ਧੋਖਾ ਦੇਣ ਵਾਲਾ, ਪੱਕੇ ਬਾਜ਼ ।
[दम बाज़] फ़ा॰ वि॰ पु॰ छलिया, कपटी; झूठा, बहाने करने वाला, धोखा देने वाला, पक्के बाज़ ।
—دم بخود—[ਦਮ-ਬਖ਼ੁਦ] ਫ਼ਾ. ਕ੍ਰਿ. ਵਿ. ਚੁਪ, ਹੈਰਾਨ, ਗੁਮਸੁਮ, ਹੱਕਾ ਬੱਕਾ ।
[दम-बख़ुद] फ़ा॰ क्रि॰ वि॰ चुप, मौन, चकित, स्तब्ध ।
—دم بدم—[ਦਮ-ਬਦਮ] ਫ਼ਾ. ਕ੍ਰਿ. ਵਿ. ਘੜੀ ਘੜੀ, ਹਰ ਵੇਲੇ, ਸਦਾ, ਹਮੇਸ਼ਾ, ਬਰਾਬਰ, ਹਰ ਘੜੀ ।
[दम-बदम] फ़ा॰ क्रि॰ वि॰ घड़ी घड़ी, हर समय, सदैव, बराबर, हर घड़ी ।
—دم بھر—[ਦਮ ਭਰ] ਕ੍ਰਿ. ਵਿ. ਪਲ ਭਰ, ਪਲ ਕੁ, ਛਿਨ ਕੁ ।
[दम भर] क्रि॰ वि॰ पल भर, ज़रा भर, पल भर ।
—دم بھرانا—[ਦਮ ਭਰਾਣਾ] ਮੁਹਾ. ਪਹਿਲਵਾਨਾਂ ਦਾ ਕੁਸ਼ਤੀ ਵਿਚ ਸ਼ਾਗਿਰਦਾਂ ਨਾਲ ਘੁਲ ਘੁਲ ਕੇ ਉਨ੍ਹਾਂ ਨੂੰ ਥਕਾਉਣਾ; ਕਬੂਤਰ ਦੇ ਪੇਟ ਵਿਚ ਹਵਾ ਭਰਨਾ ।
[दम भराना] मुहा॰ पहलवानों का मल्ल-युद्ध में शिष्यों के साथ व्यायाम करके उनको थकाना; कबूतर के पेट में हवा भरना ।
—دم بھرنا—[ਦਮ ਭਰ-ਨਾ] ਮੁਹਾ. ਸਾਹ ਫੁੱਲਣਾ, ਸਾਹ ਚੜ੍ਹਨਾ, ਹਫਣਾ, ਸ਼ਾਮਲ ਭਰਨਾ, ਪਿਆਰ ਦਾ ਦਾਅਵਾ ਕਰਨਾ ।
[दम भर-ना] मुहा॰ साँस फूलना, साँस चढ़ना, हाँफना; किसी के साथ प्रेम अथवा मित्रता आदि पर पक्का भरोसा रखना और अभिमान पूर्वक उसका बखान करना, दावा करना ।

—دم پخت—[ਦਮ ਪੁਖ਼ਤ] ਫ਼ਾ. ਪੁ. ਦੇਗ ਦਾ ਮੂੰਹ ਬੰਦ ਕਰਕੇ ਜਾਂ ਤੰਦੂਰ ਨੂੰ ਉੱਤੋਂ ਬੰਦ ਕਰਕੇ ਤਿਆਰ ਕੀਤਾ ਖਾਣਾ, ਇਕ ਕਿਸਮ ਦਾ ਪੁਲਾਉ ।

[दम पुख़्त] फ़ा० पु० हण्डिया का मुँह बन्द करके अथवा तन्दूर को ऊपर से बन्द करके तैयार किया गया खाना, एक तरह का पुलाव ।

—دم پر آنا—[ਦਮ ਪਰ ਆਨਾ] ਮੁਹਾ. ਖਾਣੇ ਦਾ ਤਿਆਰ ਹੋਣਾ ਜਾਂ ਪੱਕਣ ਤੇ ਆਉਣਾ ।

[दम पर आना] मुहा० खाने का तैयार होना अथवा पकने पर आना ।

—دم پر بن جانا—[ਦਮ ਪਰ ਬਨ ਜਾਨਾ] ਮੁਹਾ. ਜਾਨ ਤੇ ਬਣ ਜਾਣਾ, ਵਖ਼ਤ ਪੈ ਜਾਣਾ, ਮੁਸੀਬਤ ਗਲ ਪੈ ਜਾਣਾ; ਮਰਨ ਕਿਨਾਰੇ ਹੋਣਾ ।

[दम पर बन जाना] मुहा० जान पर बन जाना, विपत्ति सिर पर पड़ना; मौत के समीप होना ।

—دم پھولنا—[ਦਮ ਫੂਲ-ਨਾ] ਕ੍ਰਿ. ਅਕ. ਮੁਹਾ. ਸਾਹ ਚੜ੍ਹਨਾ, ਦਮ ਚੜ੍ਹ ਜਾਣਾ ।

[दम फूल-ना] क्रि० अक० मुहा० श्वास चढ़ना, दम चढ़ जाना ।

—دم پھونکنا—[ਦਮ ਫੂੰਕ-ਨਾ] ਮੁਹਾ. ਜਾਨ ਪਾਉਣਾ, ਨਵੀਂ ਰੂਹ ਫੂਕਣਾ ।

[दम फूंक-ना] मुहा० जान डालना, रूह फूँकना ।

—دم توڑنا—[ਦਮ ਤੋੜ-ਨਾ] ਮੁਹਾ. ਸਾਹ ਉਖੜਨਾ, ਮਰਨਾ, ਜਾਨ ਦੇਣਾ ।

[दम तोड़-ना] मुहा० श्वास उखड़ना, मरना, जान देना ।

—دمِ تیغ—[ਦਮੇ ਤੇਗ਼] ਪੁ. ਤਲਵਾਰ ਦੀ ਧਾਰ ਜਾਂ ਧਾਰ ।

[दमे तेग़] पु० खड्ग की धार ।

—دم خشک ہونا—[ਦਮ ਖ਼ੁਸ਼ਕ ਹੋਣਾ] ਮੁਹਾ. ਸਹਿਮਣਾ ਡਰਨਾ ।

[दम ख़ुश्क होना] मुहा० भयभीत होना, डरना ।

—دم خم—[ਦਮ ਖ਼ਮ] ਪੁ. ਜ਼ੋਰ, ਤਾਕਤ, ਰੋਹਬ ਦਾਬ; ਤਲਵਾਰ ਦੀ ਧਾਰ ਤੇ ਟੇਢ; ਹੋਸ਼ ਹਵਾਸ ।

[दम ख़म] पु० शक्ति, सामर्थ्य, दबदबा; तलवार की धार अथवा टेढ़ापन; सुध-बुध ।

—دم دایہ—[ਦਮ ਦਾਇਯ:] ਪੁ. ਹੌਸਲਾ, ਸਹਾਰਾ ।

[दम दाइय:] पु० उत्साह, ढारस ।

—دم دلاسا—[ਦਮ ਦਿਲਾਸਾ] ਪੁ. ਝਾਂਸਾ, ਧੋਖਾ, ਛਲ; ਭੁਲਾਵਾ ।

[दम दिलासा] पु० झांसा, धोखा, छल, कपट; चाटुकारिता ।

—دم سادھنا—[ਦਮ ਸਾਧ-ਨਾ] ਮੁਹਾ. ਸਾਹ ਰੋਕਣਾ, ਪ੍ਰਾਣਾਯਾਮ ਕਰਨਾ ।

[दम साध-ना] मुहा० श्वास रोकना, प्राणायाम करना ।

—دم ساز—[ਦਮ-ਸਾਜ਼] ਫ਼ਾ. ਪੁ. ਦਮ ਭਰਨ ਵਾਲਾ, ਦੋਸਤ, ਮਿੱਤਰ, ਸਾਥੀ; ਗਾਉਣ ਵਿਚ ਸਾਥ ਦੇਣ ਵਾਲਾ ਤੇ ਸਾਹ ਦੁਆਉਣ ਵਾਲਾ ।

[दम-साज़] फ़ा० पु० दम भरने वाला, मित्र, साथी, सहचर; गाने में साथ देने वाला ।

—دم طمانچہ—[ਦਮ ਤਮਾਂਚ:] ਪੁ. ਪੇਸ਼ ਕਬਜ਼, ਖੰਜਰ, ਕਟਾਰ ।

[दम तमांच:] पु० पेशक़ब्ज़ी, ख़ंजर, कटार ।

—دمِ عیسیٰ—[ਦਮੇ ਈਸਾ] ਪੁ. ਹਜ਼ਰਤ ਈਸਾ ਦੇ ਸਾਹ ਦੀ ਫੂਕ ਜਿਸ ਨਾਲ ਉਹ ਮੁਰਦਿਆਂ ਨੂੰ ਜਿਵਾਲਦੇ ਸਨ; ਅਰੋਗ ਕਰ ਦੇਣ ਵਾਲਾ, ਨਵੀਂ ਜਾਨ ਪਾਉਣ ਵਾਲਾ ।

[दमे ईसा] पु० हज़रत ईसा के श्वास की फूंक जिससे वह मरे हुए लोगों को जीवन देते थे, आरोग्य प्रदान करने वाला, नया जीवन देने वाला ।

—دم کے دم میں—[ਦਮ ਕੇ ਦਮ ਮੇਂ] ਕ੍ਰਿ. ਵਿ. ਝਟਪਟ, ਪਲ ਭਰ ਵਿੱਚ, ਛਿਨ ਭਰ ਵਿੱਚ ।

[दम के दम में] क्रि० वि० शीघ्र, झटपट, क्षण भर में, पलभर में ।

—دم کھانا—[ਦਮ ਖਾਨਾ] ਮੁਹਾ. ਜਾਨ ਖਾਣਾ, ਤੰਗ ਕਰਨਾ; ਚੁਪ ਰਹਿਣਾ, ਮੋਨ ਸਾਧਣਾ; ਸਬਰ ਕਰਨਾ; ਖਾਣੇ ਦਾ ਮੱਠੀ ਮੱਠੀ ਅੱਗ ਤੇ ਰਿੱਝਣਾ; ਧੋਖਾ ਖਾਣਾ ।

[दम खाना] मुहा० जान खाना, तंग करना; चुप रहना, मौन धारण करना; सन्तोष करना; खाने का धीमी धीमी आग पर पकना; धोखा खाना ।

—دم قدم کی خیر—[ਦਮ ਕ਼ਦਮ ਕੀ ਖ਼ੈਰ] ਇ. ਜਾਨ ਦੀ ਸੁਖ ਤੇ ਸਲਾਮਤੀ ਲਈ ਦੁਆ ।

[दम क़दम की ख़ैर] स्त्री० प्राणों के सुख तथा कुशलता के लिए प्रार्थना ।

—دم لگانا—[ਦਮ ਲਗਾਨਾ] ਮੁਹਾ. ਸੂਟਾ ਲਾਉਣਾ, ਹੁੱਕੇ ਦਾ ਕਸ਼ ਲਾਉਣਾ, ਚਰਸ ਪੀਣਾ ।

[दम लगाना] मुहा० कश लगाना, हुक्के का कश लगाना, चरस पीना ।

—دم مارنا—[ਦਮ ਮਾਰ-ਨਾ] ਮੁਹਾ. ਦਾਅਵਾ ਕਰਨਾ; ਆਕੜ ਕਰਨਾ, ਸ਼ੇਖ਼ੀ ਮਾਰਨਾ ।

[दम मार-ना] मुहा० दावा करना; अकड़ना, शेख़ी जताना ।

—دم میں دم آنا—[ਦਮ ਮੇਂ ਦਮ ਆਨਾ] ਮੁਹਾ. ਸਾਹ ਫਿਰਨਾ, ਸੁਖ ਦਾ ਸਾਹ ਆਉਣਾ ।

[दम में दम आना] मुहा० श्वास फिरना, सुख की साँस आना।

دم نقد —[ਦਮੇ ਨਕ਼-ਦ] ਕ੍ਰਿ. ਵਿ. ਇਕੱਲਾ, ਕੱਲਾ; ਇਸੇ ਵੇਲੇ।

[दमे नक़्-द] क्रि० वि० एकाकी, अकेला; इसी समय।

—دم واپسیں —[ਦਮੇ ਵਾਪ-ਸੀਂ] ਫ਼ਾ. ਪੁ. ਆਖ਼ਰੀ ਸੁਆਸ, ਅੰਤਮ ਸਮਾਂ।

[दमे वाप-सीं] फ़ा० पु० अन्तिम श्वास, आख़री साँस।

دم —[ਦੁਮ] ਇ. ਪੂਛ; ਪਿਛਲਾ ਹਿੱਸਾ; ਅੰਤ, ਸਿੱਟਾ।

[दुम] स्त्री० पूँछ; पिछला भाग; अन्त, परिणाम।

—دم چھلا —[ਦੁਮ ਛੱਲਾ] ਪੁ. ਝੱਬਾ, ਫੁਦਨਾ।

[दुम छल्ला] पु० झब्बा, फुंदना।

—دمدار —[ਦੁਮ-ਦਾਰ] ਵਿ. ਪੂੰਛਵਾਲਾ।

[दुम-दार] वि० पूँछ वाला।

—دم دار تارا —[ਦੁਮ-ਦਾਰ ਤਾਰਾ] ਪੁ. ਬੋਦੀ ਵਾਲਾ ਤਾਰਾ।

[दुम-दार तारा] पु० पूँछ वाला तारा।

—دم دبا کر —[ਦੁਮ ਦਬਾ ਕਰ] ਕ੍ਰਿ. ਵਿ. ਚੁੱਪ ਕਰਕੇ, ਕੰਨ ਵਲ੍ਹੇਟ ਕੇ।

[दुम दबा कर] क्रि० वि० चुप कर के, चुप चाप।

—دم دبا کر بھاگنا —[ਦੁਮ ਦਬਾ ਕਰ ਭਾਗ-ਨਾ] ਮੁਹਾ. ਡਰ ਕੇ ਨੱਸ ਜਾਣਾ।

[दुम दबा कर भाग-ना] मुहा० डर कर भाग जाना।

—دم کے پیچھے پھرنا —[ਦੁਮ ਕੇ ਪੀਛੇ ਫਿਰ-ਨਾ] ਮੁਹਾ. ਨਾਲ ਨਾਲ ਲੱਗਾ ਰਹਿਣਾ, ਹਰ ਵੇਲੇ ਪਿੱਛੇ ਪਿੱਛੇ ਫਿਰਨਾ।

[दुम के पीछे फिर-ना] मुहा० साथ साथ लगे रहना, हर समय पीछे पीछे रहना।

—دم میں گھسنا —[ਦੁਮ ਮੇਂ ਘੁਸ-ਨਾ] ਮੁਹਾ. ਖ਼ੁਸ਼ਾਮਦ ਕਰਨਾ, ਚਾਪਲੂਸੀ ਕਰਨਾ।

[दुम में घुस-ना] मुहा० चाटुकारिता करना, ख़ुशामद करना।

دمادم —[ਦਮਾ ਦਮ] ਕ੍ਰਿ. ਵਿ. ਲਗਾਤਾਰ, ਹਮੇਸ਼ਾ, ਸਦਾ।

[दमा दम] क्रि० वि० निरन्तर, हमेशा, सदा।

دماغ —[ਦਿਮਾਗ਼, ਦਮਾਗ਼] ਅਰ. ਫ਼ਾ. ਪੁ. ਮਗ਼ਜ਼, ਸਮਝ, ਅਕਲ, ਹੋਸ਼, ਸੂਝ।

[दिमाग़, दमाग़] अर० फ़ा० पु० मस्तिष्क, समझ, बुद्धि, होश, सूझ।

—دماغ آسمان پر ہونا —[ਦਿਮਾਗ਼ ਆਸ-ਮਾਨ ਪਰ ਹੋਨਾ] ਮੁਹਾ. ਵੇਖੋ : دماغ چلنا

[दिमाग़ आस-मान पर होना] मुहा० देखो : دماغ چلنا

—دماغ چاٹنا —[ਦਿਮਾਗ਼ ਚਾਟ-ਨਾ] ਮੁਹਾ. ਮਗ਼ਜ਼ ਖਾਣਾ, ਬਕ-ਵਾਸ ਕਰਨਾ, ਬਕਣਾ।

[दिमाग़ चाट-ना] मुहा० दिमाग़ खाना, बकवास करना, बकना।

—دماغ چٹ —[ਦਿਮਾਗ਼ ਚਟ] ਵਿ. ਬਕਵਾਸੀ, ਹਰ ਵੇਲੇ ਬਕਣ ਵਾਲਾ।

[दिमाग़ चट] वि० बकवासी, हर समय बकने वाला।

—دماغ چل جانا —[ਦਿਮਾਗ਼ ਚਲ ਜਾਨਾ] ਮੁਹਾ. ਪਾਗਲ ਹੋ ਜਾਣਾ, ਵਹਿਮੀ ਹੋ ਜਾਣਾ, ਸਿੜ੍ਹੀ ਹੋ ਜਾਣਾ।

[दिमाग़ चल जाना] मुहा० पागल हो जाना, वहमी हो जाना, सिड़ी हो जाना।

—دماغ چلنا —[ਦਿਮਾਗ਼ ਚਲ-ਨਾ] ਮੁਹਾ. ਆਕੜ ਜਾਣਾ, ਘਮੰਡ ਕਰਨਾ, ਮਾਣ ਕਰਨਾ।

[दिमाग़ चल-ना] मुहा० अकड़ जाना, अभिमान करना, घमण्ड करना।

دماغ رکھنا —[ਦਿਮਾਗ਼ ਰਖ-ਨਾ] ਮੁਹਾ. ਹੰਕਾਰ ਕਰਨਾ, ਹੰਕਾਰੀ ਹੋਣਾ।

[दिमाग़ रख-ना] मुहा० अहंकार करना, अभिमान करना।

—دماغ روشن —[ਦਿਮਾਗ਼ ਰੌਸ਼ਨ] ਵਿ. ਨਸਵਾਰ।

[दिमाग़ रौशन] स्त्री० नसवार।

—دماغ میں خلل ہونا —[ਦਿਮਾਗ਼ ਮੇਂ ਖ਼ਲਲ ਹੋਨਾ] ਮੁਹਾ. ਦਿਮਾਗ਼ ਵਿਚ ਫ਼ਰਕ ਆ ਜਾਣਾ, ਮਾਲੀਖ਼ੋਲੀਆ ਹੋਣਾ।

[दिमाग़ में ख़लल होना] मुहा० दिमाग़ ख़राब हो जाना, विक्षिप्त होना।

دمامہ —[ਦਮਾਮਾ] ਪੁ. ਨਗਾਰਾ, ਧੌਂਸਾ।

[दमामा] पु० नगारा, धौंसा।

دماں —[ਦਮਾਂ] ਵਿ. ਤਿੱਖਾ ਤੁਰਨ ਵਾਲਾ; ਜ਼ੋਰਾਵਰ, ਜ਼ੋਰਦਾਰ; ਖ਼ੂਨਖ਼ਾਰ, ਹਿੰਸਕ; ਭਿਆਨਕ।

[दमाँ] वि० तीव्र चलने वाला; शक्ति शाली; ख़ूनी, हिंसक; भयानक।

دمانا —[ਦਮਾਣਾ] ਕ੍ਰਿ. ਸਕ. ਤਲਵਾਰ ਨੂੰ ਚਮਕਾਉਣਾ ਜਾਂ ਲਿਸ਼ਕਾਉਣਾ।

[दमाना] क्रि० सक० तलवार को चमकाना।

دمانک —[ਦਮਾਨਕ] ਇ. ਘੋੜੇ ਤੇ ਬੈਠ ਕੇ ਚਲਾਉਣ ਵਾਲੀ ਇਕ ਬੰਦੂਕ।

[दमानक] स्त्री० घोड़े पर बैठ कर चलाई जाने वाली एक बन्दूक।

دمچی —[ਦੁਮ-ਚੀ] ਫ਼ਾ. ਇ. ਕਾਠੀ ਦਾ ਉਹ ਤਸਮਾ ਜੋ ਘੋੜੇ ਦੀ ਪੂਛ ਦੇ ਹੇਠਾਂ ਰਹਿੰਦਾ ਹੈ।

[दुम-ची] फ़ा० स्त्री० जीन के साथ चमड़े की वह डोरी जो घोड़े की पूँछ के नीचे रहती है।

دمدمہ—[ਦਮ-ਦਮਾ:] ਪੁ. ਮੋਰਚਾ, ਲੜਾਈ ਦੇ ਵੇਲੇ ਥੈਲਿਆਂ ਵਿਚ ਮਿੱਟੀ ਭਰ ਕੇ ਬਣਾਇਆ ਮੋਰਚਾ; ਸ਼ੋਰ, ਰੌਲਾ; ਮਸ਼ਹੂਰੀ; ਅਫ਼ਵਾਹ; ਨਗਾਰਾ, ਦਮਾਮਾ ।
[दम-दमः] पु० मोर्चा, युद्ध के समय थैलों में मिट्टी भर कर बनाया गया मोर्चा; शोर, कोलाहल; प्रसिद्धि; अफ़वाह; नक्कारा ।
دمڑک—[ਦਮ-ੜਕ] ਪੁ. ਦਮਕੜਾ ।
[दम-ड़क] पु० हुक्के को लगाया जाने वाला गोल चमड़े का टुकड़ा ।
دمڑکا—[ਦਮ-ੜਕਾ] ਪੁ. ਦੇਖੋ : دمڑک
[दम-ड़का] पु० देखो : دمڑک
دمڑیل • دمڑیلی—[ਦਮ-ਰੇਲ, ਦਮ-ਰੇਲੀ] ਪੁ. ਉਹ ਫਲ ਜੋ ਮੌਸਮ ਦੇ ਬੀਤ ਜਾਣ ਮਗਰੋਂ ਜਾਂ ਫਲ ਦੇ ਤੋੜ ਲੈਣ ਮਗਰੋਂ ਲੱਗੇ ।
[दम-रेल, दम-रेल] पु० वह फल जो ऋतु के बीत जाने पर अथवा फल के तोड़ लेने पर लगे ।
دمڑی—[ਦਮੜੀ] ਇ. ਵਿ. ਪੈਸੇ ਦੇ ਚੌਥੇ ਹਿੱਸੇ ਜਿੰਨਾ ਸਿੱਕਾ, ਥੋੜ੍ਹੀ ਕੀਮਤ; ਜੈਸੇ ੨੫ ਪੈਸੇ ।
[दम-ड़ी] स्त्री० वि० पैसे के चौथे भाग का एक सिक्का, थोड़ा मूल्य; जैसे २५ पैसे ।
دمڑی کا گوشت اور چوہے کی دم—[ਦਮੜੀ ਦਾ ਗੋਸ਼ਤ-ਬ: ਅਤੇ ਚੂਹੇ ਦੀ ਦੁਮ] ਅਖੌ. ਜਦੋਂ ਖਾਣ ਪੀਣ ਵਾਲੀ ਥੋੜ੍ਹੀ ਜਿਹੀ ਚੀਜ਼ ਵਿਚ ਦਿਲ ਨੂੰ ਕਚਿਆਉਣ ਵਾਲੀ ਚੀਜ਼ ਆ ਜਾਏ ਤਾਂ ਮਜ਼ਾਕ ਨਾਲ ਕਹਿੰਦੇ ਹਨ ।
[दम-ड़ी का गोश्त-बः और चूहे की दुम] लोको० , जब खाने पीने की थोड़ी सी वस्तु में दिल को कच्चा करने वाली कोई वस्तु आ जाए तो उपहास के रूप में ऐसा कहते हैं ।
دمڑی کے تین تین—[ਦਮੜੀ ਦੇ ਤੀਨ ਤੀਨ] ਵਿ. ਬਹੁਤ ਸਸਤਾ, ਕੌਡੀ ਦੇ ਭਾ ।
[दम-ड़ी के तीन तीन] वि० बहुत सस्ता, कौड़ियों के भाव ।
دمڑے—[ਦਮੜੇ] ਪੁ. ਰੁਪਏ ।
[दम-ड़े] पु० रुपये ।
دمڑے خرچنا—[ਦਮੜੇ ਖ਼ਰਚ-ਣਾ] ਕ੍ਰਿ. ਸਮਾ. ਪੈਸੇ ਲਾਉਣਾ, ਮਾਲ ਲਾਉਣਾ, ਪੈਸੇ ਖ਼ਰਚ ਕੇ ਮੁੱਲ ਲੈਣਾ ।
[दम-ड़े ख़र्च-ना] क्रि० सका० सम्पत्ति लगाना, धन लगाना, धन व्यय कर के ख़रीदना ।
دمک—[ਦਮਕ] ਇ. ਚਮਕ, ਜਗਮਗਾਹਟ, ਲਿਸ਼ਕ ।
[दमक] स्त्री० चमक, जगमगाहट, प्रकाश ।
دمکلا—[ਦਮ-ਕਲਾ] ਪੁ. ਪਚਕਾਰੀ, ਸ਼ਰਿੰਜ ।
[दम-कला] पु० पिचकारी, सरिंज ।
دمل—[ਦੁੱਮਲ] ਅਰ. ਪੁ. ਦੇਖੋ : دنبل ।
[दुम्मल] अर० पु० देखो : دنبل ।
دمن—[ਦਮਨ] ਇ. ਰਾਜਾ ਨਲ ਦੀ ਪ੍ਰੇਮਿਕਾ ਦਮਯੰਤੀ ।
[दमन] स्त्री० राजा नल की पत्नी दमयन्ती ।
دمنا—[ਦਮ-ਣਾ] ਕ੍ਰਿ. ਅਕ. ਚਮਕਣਾ; ਲਚਕਣਾ; ਮੁਲਾਇਮ ਜਾਂ ਲਚਕਦਾਰ ਹੋਣਾ (ਲੋਹੇ ਦਾ); ਮੁੜ ਜਾਣਾ, ਦੋਹਰਾ ਹੋ ਜਾਣਾ, ਤਲਵਾਰ ਦਾ ਲਿਫ਼ਣਾ ।
[दम-ना] क्रि० सक० चमकना; लचकना; कोमल अथवा लचकदार होना (लोहे का); मुड़ जाना, तलवार का मुड़ना ।
دموی—[ਦਮ-ਵੀ] ਅਰ. ਵਿ. ਖ਼ੂਨ ਦੇ ਗ਼ਲਬੇ ਵਾਲਾ; ਖ਼ੂਨ ਸਬੰਧੀ ।
[दम-वी] अर० वि० रक्त का, ख़ून सम्बन्धी; ख़ून के दबाव वाला ।
دموی مزاج—[ਦਮ-ਵੀ ਮਿਜ਼ਾਜ] ਪੁ. ਉਹ ਆਦਮੀ ਜਿਸ ਦੇ ਸਰੀਰ ਵਿਚ ਖ਼ੂਨ ਬਹੁਤ ਵਧਿਆ ਹੋ ਜਾਵੇ ।
[दम-वी मिज़ाज] पु० वह मनुष्य जिसके शरीर में रक्त बढ़ जाए ।
دمہ—[ਦਮਾ:] ਪੁ. ਧੌਂਕਣੀ, ਹਫਣੀ, ਸਾਹ, ਖੰਘ, ਸਾਹ ।
[दमः] पु० श्वास रोग, दमकशी, श्वास कास, खांसी युक्त सांस ।
دمی—[ਦਮੀ] ਇ. ਛੋਟਾ ਜਿਹਾ ਹੁੱਕਾ, ਗੁੜਗੁੜੀ ।
[दमी] स्त्री० छोटा सा हुक्का ।
دن—[ਦਿਨ] ਪੁ. ਦਿਨ, ਸਵੇਰ, ਜ਼ਮਾਨਾ, ਵਕਤ; ਜ਼ਮਾਨਾ, ਸਮਾਂ, ਦੌਰ, ਜੁੱਗ; ਭਾਗ, ਨਸੀਬ, ਕਿਸਮਤ ।
[दिन] पु० दिवस, प्रातः, सवेरा; ज़माना, समय, युग; भाग्य, नसीब, क़िस्मत ।
دن آنا—[ਦਿਨ ਆਣਾ] ਮੁਹਾ. ਮੌਸਮ ਆਉਣਾ, ਸਮਾਂ ਆਉਣਾ; ਮੌਤ ਦਾ ਵੇਲਾ ਆਉਣਾ, ਮਾਸਕ ਰਿਤੂ ਆਉਣਾ; ਬੁਰੇ ਦਿਨ ਆਉਣਾ ।
[दिन आना] मुहा० मौसम आना, समय आना; मृत्यु का समय आना; मासिक धर्म आना; बुरे दिन आना ।
دن بدن—[ਦਿਨ ਬਦਿਨ] ਕ੍ਰਿ. ਵਿ. ਦਿਨੋਂ ਦਿਨ, ਰੋਜ਼ ਰੋਜ਼, ਹੌਲੀ ਹੌਲੀ ।
[दिन बदिन] क्रि० वि० दिनों दिन, प्रति दिन, शनैः शनैः ।
دن بھاری رہنا—[ਦਿਨ ਭਾਰੀ ਰਹਿ-ਣਾ] ਮੁਹਾ. ਭੈੜੇ ਦਿਨ ਆਉਣਾ ।
[दिन भारी रह-ना] मुहा० बुरे दिन आना ।
دن بھاری ہونا—[ਦਿਨ ਭਾਰੀ ਹੋਣਾ] ਮੁਹਾ. ਦੇਖੋ : دن بھاری رہنا ।
[दिन भारी होना] मुहा० देखो : دن بھاری رہنا ।
دن بھر—[ਦਿਨ ਭਰ] ਕ੍ਰਿ. ਵਿ. ਸਾਰਾ ਦਿਨ ।
[दिन भर] क्रि० वि० सारा दिन ।

—دن بھرنا—[ਦਿਨ ਭਰ-ਨਾ] ਮੁਹਾ. ਦਿਨ ਪੂਰੇ ਕਰਨਾ, ਔਖਾ ਸਮਾਂ ਕੱਟਣਾ, ਔਖੇ ਦਿਨ ਬਿਤਾਉਣਾ।

[दिन भर-ना] मुहा॰ दिन पूरे करना, बुरे दिन काटना, विपत्ति का समय बिताना।

—دن پڑنا—[ਦਿਨ ਪੜ-ਨਾ] ਮੁਹਾ. ਮੁਸੀਬਤ ਆਉਣਾ, ਔਖਾ ਵਕਤ ਆਉਣਾ; ਵਿਧਵਾ ਹੋਣਾ।

[दिन पड़-ना] मुहा॰ विपत्ति पड़ना, बुरा समय आना; विधवा होना।

—دن پھرنا—[ਦਿਨ ਫਿਰ-ਨਾ] ਮੁਹਾ. ਚੰਗੇ ਦਿਨ ਆਉਣਾ, ਬੁਰੇ ਦਿਨ ਬੀਤ ਜਾਣਾ।

[दिन फिर-ना] मुहा॰ अच्छे दिन आना, बुरे दिनों का बीत जाना।

—دن دوپہر—[ਦਿਨ ਦੋਪਹਰ] ਕ੍ਰਿ. ਵਿ. ਦਿਨੇ ਦਿਨ, ਦਿਹਾੜੀ ਦਿਹਾੜੀ, ਦਿਨੇ ਚਾਨਣੇ, ਦਿਨੇ ਦਿਨ।

[दिन दोपहर] क्रि॰ वि॰ दिन ही दिन में, दिन दहाड़े, दिन में ही।

—دن دونا رات چوگنا—[ਦਿਨ ਦੂਣਾ ਰਾਤ ਚੌਗੁਣਾ] ਵਿ. ਵੱਧ ਤੋਂ ਵੱਧ, ਬਹੁਤ ਜ਼ਿਆਦਾ; ਦੂਣ ਸਵਾਇਆ, ਉੱਨਤੀ ਵਾਲਾ।

[दिन दूना रात चौगुना] वि॰ अधिक से अधिक, बहुत ज़्यादा, उन्नति वाला।

—دن دہاڑے—[ਦਿਨ ਦਹਾੜੇ] ਕ੍ਰਿ. ਵਿ. ਦਿਨ ਦੀਵੀਂ, ਦਿਨੇ ਦਿਨੇ, ਦਿਨ ਦੁਪਹਿਰ।

[दिन दहाड़े] क्रि॰ वि॰ दिन में, दिन के समय।

—دن عید رات شب برات ہونا—[ਦਿਨ ਈਦ ਰਾਤ ਸ਼ਬ ਬਰਾਤ ਹੋਣਾ] ਮੁਹਾ. ਦਿਨ ਰਾਤ ਖ਼ੁਸ਼ੀ ਤੇ ਚੈਨ ਵਿਚ ਬੀਤਣਾ।

[दिन ईद रात शब बरात होना] मुहा॰ दिन रात प्रसन्नता और आनन्द में बीतना।

—دن کو تارے دکھانا—[ਦਿਨ ਨੂੰ ਤਾਰੇ ਦਿਖਾਣਾ] ਮੁਹਾ. ਦਿਮਾਗ਼ੀ ਸੱਟ ਪੁਚਾਣਾ, ਜਿਸ ਨਾਲ ਅੱਖਾਂ ਅੱਗੇ ਤਾਰੇ ਜਿਹੇ ਦਿਸਣ; ਕੋਈ ਅਜੀਬ ਗਲ ਕਰਨਾ।

[दिन को तारे दिखाना] मुहा॰ दिमाग़ी चोट पहुँचाना जिससे आँखों के आगे तारे से दिखने लगें; कोई विचित्र बात करना।

—دن کو دن رات کو رات نہ جاننا—[ਦਿਨ ਨੂੰ ਦਿਨ ਰਾਤ ਨੂੰ ਰਾਤ ਨ: ਜਾਣ-ਨਾ] ਮੁਹਾ. ਕੋਈ ਕੰਮ ਕਰਦਿਆਂ ਦਿਨ ਰਾਤ ਦੀ ਪਰਵਾਹ ਨਾ ਕਰਨਾ, ਬਹੁਤ ਮਿਹਨਤ ਕਰਨਾ।

[दिन को दिन रात को रात न: जान-ना] मुहा॰ कोई काम करते हुए दिन रात की परवाह न करना, बहुत परिश्रम करना।

—دن کو دن رات کو رات نہ سمجھنا—[ਦਿਨ ਨੂੰ ਦਿਨ ਰਾਤ ਨੂੰ ਰਾਤ ਨ: ਸਮਝ-ਨਾ] ਮੁਹਾ. ਦੇਖੋ : دن کو دن رات کو رات نہ جاننا।

[दिन को दिन रात को रात न: समझ-ना] मुहा॰ देखो : دن کو دن رات کو رات نہ جاننا।

دنا—[ਦੱਨਾ] ਪੁ. ਵਿ. ਮੋਟਾ, ਲੰਮਾ; ਤਕੜਾ, ਭਾਰੀ।

[दन्ना] पु॰ वि॰ मोटा, लम्बा; बलवान, भारी।

دنادن—[ਦਨਾ ਦਨ] ਵਿ. ਤੋਪਾਂ ਦੇ ਲਗਾਤਾਰ ਚੱਲਣ ਦੀ ਆਵਾਜ਼; ਉਪਰੋਂ ਥਲੀ ਚੋਟਾਂ ਪੈਣ ਦੀ ਆਵਾਜ਼।

[दना दन] स्त्री॰ तोपों के निरन्तर चलने की आवाज़; लगातार चोट पड़ने की आवाज़।

دنانیر—[ਦਨਾਨੀਰ] ਅਰ. ਪੁ. دینار ਦਾ ਬਹੁਵਚਨ।

[दनानीर] अर॰ पु॰ دینار का बहुवचन।

دنایت—[ਦਿਨਾਯਤ] ਅਰ. ਵਿ. ਕਮੀਨਗੀ, ਨੀਚਪੁਣਾ।

[दिनायत] अर॰ स्त्री॰ नीचता, कमीनापन।

دنبالہ—[ਦੁੰਬਾਲ:] ਫ਼ਾ. ਪੁ. ਪੂਛ, ਪਿੱਛਾ; ਸੁਰਮੇ ਦੀ ਲਕੀਰ ਜੋ ਅੱਖ ਦੇ ਕੋਨੇ ਤੋਂ ਬਾਹਰ ਖਿੱਚੀ ਜਾਂਦੀ ਹੈ; ਬੇੜੀ ਜਾਂ ਜਹਾਜ਼ ਦਾ ਪਿਛਲਾ ਹਿੱਸਾ, ਪੂੰਛਲਾ।

[दुंबाल:] फ़ा॰ पु॰ पूँछ, पीछा; सुरमे की लकीर जो आँख के कोने से बाहर खींची जाती है; नाव अथवा जहाज़ का पिछला भाग।

—دنبالہ دار—[ਦੁੰਬਾਲ: ਦਾਰ] ਫ਼ਾ. ਵਿ. ਪੂਛ ਵਾਲਾ, ਬੋਦੇ ਦਾਰ।

[दुंबाल: दार] फ़ा॰ वि॰ पूँछ वाला।

—دنبل—[ਦੁੰਬਲ] ਫ਼ਾ. ਪੁ. ਫੋੜਾ।

[दुंबल] फ़ा॰ पु॰ फोड़ा।

دنبہ—[ਦੁੰਬ:] ਪੁ. ਵਿ. ਭੇਡ ਦਾ ਨਰ, ਛੇਤੂ, ਮੇਂਢਾ।

[दुंब:] पु॰ वि॰ भेड़ का पुलिंग वाची शब्द; मेंढा, मेष; मोटा।

دنت—[ਦੰਤ] ਪੁ. ਦੰਦ; ਹਾਥੀ ਜਾਂ ਸੂਰ ਦਾ ਬਾਹਰ ਦਿਸਦਾ ਹੋਇਆ ਦੰਦ, ਚੁੰਝ; ਨੇਜ਼ੇ ਦੀ ਨੋਕ; ਪਹਾੜ ਦੀ ਚੋਟੀ।

[दंत] पु॰ दांत; हाथी अथवा सूअर का बाहर निकला हुआ दांत; नेज़े की नोक; पर्वत की चोटी।

—دنت کھودنی—[ਦੰਤ ਖੋਦ-ਨੀ] ਵਿ. ਦੰਦ ਖੁਰਚਣੀ।

[दंत खोद-नी] स्त्री॰ दांतों को कुरेदने की सींकी।

دنتیل—[ਦੰਤੇਲ] ਵਿ. ਦੰਦਾਂ ਵਾਲਾ, ਦੰਦਲ।

[दंतेल] वि॰ दांतों वाला।

دنتیلا—[ਦੰਤੇਲਾ] ਵਿ. ਲੰਮੇ ਲੰਮੇ ਦੰਦਾਂ ਵਾਲਾ; ਦੰਦਿਆਂ ਵਾਲਾ, ਦੰਦਾਲੇ ਦਾਰ।

[दंतैला] वि॰ लम्बे लम्बे दांतों वाला; दांतों वाला।

دند—[ਦੁੰਦ] ਪੁ. ਵੱਡਾ ਨਗਾਰਾ, ਵੱਡਾ ਧੌਂਸਾ, ਦਮਾਮਾ; ਰੌਲਾ; ਹਨੇਰ, ਜ਼ੁਲਮ, ਅਨਿਆਂ ।

[दुंद] पु० बड़ा नगारा, बड़ा धौंसा, दमामा; शोर; अंधेर, अत्याचार, अन्याय ।

—دند مچانا—[ਦੁੰਦ ਮਚਾਣਾ] ਮੁਹਾ. ਰੌਲਾ ਰੱਪਾ ਪਾਉਣਾ; ਜ਼ੁਲਮ ਕਰਨਾ, ਹਨੇਰ ਖਾਤਾ ਪਾਉਣਾ ।

[दुंद मचाना] मुहा० शोर मचाना; अत्याचार करना, अन्धेर मचाना ।

دندان—[ਦੰਦਾਨ] ਫ਼ਾ. ਪੁ. ਦੰਦ ।

[दंदान] फ़ा० पु० दांत ।

—دندان شکن—[ਦੰਦਾਂ ਸ਼ਿਕਨ] ਫ਼ਾ. ਵਿ. ਮੂੰਹ ਤੋੜ ।

[दंदां शिकन] फ़ा० वि० मुंह तोड़ ।

—دندان شکن جواب دینا—[ਦੰਦਾਂ ਸ਼ਿਕਨ ਜਵਾਬ ਦੇਣਾ] ਮੁਹਾ. ਮੂੰਹ ਤੋੜ ਉੱਤਰ ਦੇਣਾ ।

[दंदां शिकन जवाब देना] मुहा० मुंह तोड़ उत्तर देना ।

دندانہ—[ਦੰਦਾਨਹ] ਫ਼ਾ. ਪੁ. ਆਰੇ ਜਾਂ ਦਾਤਰੀ ਦਾ ਦੰਦਾ ।

[दंदानः] फ़ा० पु० आरी अथवा दरान्ती का दांत ।

دندنانا—[ਦਨ-ਦਨਾਣਾ] ਕ੍ਰਿ. ਅਕ. ਐਸ਼ ਕਰਨਾ, ਖ਼ੁਸ਼ੀ ਮਨਾਉਣਾ, ਗੁਲਛੱਰੇ ਉਡਾਣਾ ।

[दन-दनाना] क्रि० अक० आनन्द मनाना, खुशी मनाना, गुलछर्रे उड़ाना ।

دنوا—[ਦੁਨ-ਵਾ] ਪੁ. ਅਨਾਜ ਦਾ ਦਾਣਾ ।

[दुन-वा] पु० अनाज का दाना ।

دنگ—[ਦੰਗ] ਫ਼ਾ. ਵਿ. ਹੈਰਾਨ, ਚਕਿਤ ।

[दंग] फ़ा० वि० चकित, आश्चर्यान्वित ।

دنگا—[ਦੰਗਾ] ਪੁ. ਫ਼ਸਾਦ, ਝਗੜਾ, ਲੜਾਈ, ਬਖੇੜਾ; ਸ਼ਰਾਰਤ ।

[दंगा] पु० झगड़ा, कलह, लड़ाई; शरारत ।

دنگل—[ਦੰਗਲ] ਪੁ. ਕੁਸ਼ਤੀ ਲੜਨ ਦੀ ਥਾਂ, ਅਖਾੜਾ, ਛਿੰਝ, ਪਹਿਲਵਾਨੀ ਕਰਨ ਦੀ ਥਾਂ ।

[दंगल] पु० मल्ल युद्ध का स्थान, अखाड़ा, कुश्ती की प्रतिद्वन्द्वता, पहलवानी करने की जगह ।

دنوندا—[ਦਿਨੌਂਦਾ] ਪੁ. ਇਕ ਰੋਗ ਜਿਸ ਕਰਕੇ ਦਿਨੇ ਘਟ ਦਿਖਾਈ ਦੇਂਦਾ ਹੈ ।

[दिनौंधा] पु० एक नेत्र रोग जिसके कारण दिन में कम दिखाई देता है ।

دنی—[ਦਨੀ] ਅਰ. ਵਿ. ਕਮੀਨਾ, ਨੀਚ, ਘਟੀਆ, ਪਾਜੀ ।

[दनी] अर० वि० कमीना, नीच, अधम, पाजी ।

دنیا—[ਦੁਨ-ਯਾ] ਅਰ. ਇ. ਸੰਸਾਰ, ਜਹਾਨ, ਜਗਤ, ਜੱਗ; ਸੰਸਾਰ ਦੇ ਲੋਕ; ਧਨ, ਦੌਲਤ; ਲੋਭ ਲਾਲਚ ।

[दुन-या] अर० स्त्री० संसार, विश्व, जगत; संसार के लोग; धन, सम्पत्ति, लोभ, लालच ।

—دنیا با امید قائم—[ਦੁਨ-ਯਾ ਬਾ ਉੱਮੀਦ ਕ਼ਾਇਮ] ਅਖੌ. ਜਦ ਤੀਕ ਸੁਆਸ ਤਦ ਤੀਕ ਆਸ ।

[दुन-या बा उम्मीद क़ाइम] लोको० जब तक सांस तब तक आस ।

—دنیا دار—[ਦੁਨ-ਯਾ ਦਾਰ] ਪੁ. ਸੰਸਾਰੀ, ਸੰਸਾਰਕ ਸਬੰਧਾਂ ਵਿਚ ਗ੍ਰਸਿਆ ਹੋਇਆ ਮਨੁੱਖ, ਗ੍ਰਹਸਥੀ ।

[दुन-या दार] पु० सांसारिक व्यक्ति, सांसारिक सम्बन्धों में जकड़ा हुआ मनुष्य, गृहस्थी ।

—دنیا داری—[ਦੁਨ-ਯਾ ਦਾਰੀ] ਇ. ਗ੍ਰਹਿਸਤ, ਸੰਸਾਰਕ ਸੰਬੰਧ, ਪਰਿਵਾਰ, ਕਬੀਲਾ, ਰਿਸ਼ਤਾ; ਡੋਲ ।

[दुन-या दारी] स्त्री० गृहस्थ, सांसारिक सम्बन्ध, परिवार, वंश, सम्बन्ध; संयोग ।

—دنیا ساز—[ਦੁਨ-ਯਾ ਸਾਜ਼] ਪੁ. ਦਿਖਾਵਾ ਕਰਨ ਵਾਲਾ ।

[दुन-या साज़] पु० दिखावा करने वाला ।

—دنیا سازی—[ਦੁਨ-ਯਾ ਸਾਜ਼ੀ] ਇ. ਦਿਖਾਵੇ ਦੀਆਂ ਗੱਲਾਂ, ਦਿਖਾਵਟ, ਬਣਾਵਟ, ਅਡੰਬਰ ।

[दुन-या साज़ी] स्त्री० दिखावे की बातें, आडम्बर, बनावट ।

—دنیا کے پردے سے اٹھ جانا—[ਦੁਨ-ਯਾ ਕੇ ਪਰ-ਦੇ ਸੇ ਉਠ ਜਾਨਾ] ਮੁਹਾ. ਮਰ ਜਾਣਾ, ਕੂਚ ਕਰ ਜਾਣਾ ।

[दुन-या के पर-दे से उठ जाना] मुहा० मर जाना, कूच कर जाना ।

—دنیا ہو اور تم ہو—[ਦੁਨ-ਯਾ ਹੋ ਔਰ ਤੁਮ ਹੋ] ਅਖੌ. ਤੂੰ ਰਹਿੰਦੀ ਦੁਨੀਆਂ ਤਕ ਜੀਵੇਂ ।

[दुन-या हो और तुम हो] लोको० जब तक संसार रहे तब तक तुम जीवित रहो ।

—دنیا ہے اور خوشامد ہے—[ਦੁਨ-ਯਾ ਹੈ ਔਰ ਖ਼ੁਸ਼ਾਮਦ ਹੈ] ਅਖੌ. ਸੰਸਾਰ ਵਿਚ ਖ਼ੁਸ਼ਾਮਦ ਨਾਲ ਹੀ ਕੰਮ ਚਲਦਾ ਹੈ ।

[दुन-या है और खुशामद है] लोको० संसार में खुशामद से ही काम चलता है ।

—دنیوی—[ਦੁਨ-ਯਵੀ] ਵਿ. ਦੁਨੀਆਂ ਸੰਬੰਧੀ, ਸੰਸਾਰਕ ।

[दुन-यवी] वि० सांसारिक, संसार सम्बन्धी ।

دو—[ਦੋ] ਫ਼ਾ. ਵਿ. ਇਕ + ਇਕ ਦੀ ਗਿਣਤੀ, ੨ ।

[दो] फ़ा० वि० एक और एक की संख्या, २ ।

—دوآبہ—[ਦੋ ਆਬਹ] ਫ਼ਾ. ਪੁ. ਦੋ ਦਰਿਆਵਾਂ ਵਿਚਾਲੇ ਦੀ ਧਰਤੀ ।

[दो आबः] फ़ा० वि० दो नदियों के मध्य की भूमि ।

—دو آتشہ—[ਦੋ ਆਤਿਸ਼ਹ] ਫ਼ਾ. ਪੁ. ਦੋ ਵਾਰੀ ਖਿੱਚਿਆ ਹੋਇਆ ਅਰਕ ਜਾਂ ਸ਼ਰਾਬ ।

[दो आतिशः] फ़ा० वि० दो बार निकाला हुआ अर्क़ अथवा शराब।

—دو اُشیانہ خیمہ—[ਦੋ ਆਸ਼ਯਾਨਹ ਖ਼ੈਮਹ] ਫ਼ਾ. ਪੁ. ਦੂਹਰਾ ਤੰਬੂ, ਦੋ ਮੰਜ਼ਲਾ ਤੰਬੂ।

[दो आशयानः ख़ेमः] फ़ा० पु० दुहरा तम्बू, दो मंज़िलों वाला तम्बू।

—دو آنسو بہانا—[ਦੋ ਅਾਂਸੂ ਵਹਾਣਾ] ਮੁਹਾ. ਥੋੜ੍ਹਾ ਜਿਹਾ ਰੋਣਾ।

[दो आंसू बहाना] मुहा० थोड़ा सा रोना।

—دو آنسو ڈالنا—[ਦੋ ਅਾਂਸੂ ਡਾਲ-ਨਾ] ਮੁਹਾ. ਦੇਖੋ : دو آنسو بہانا

[दो आंसू डाल-ना] मुहा० देखो : دو آنسو بہانا

—دو آنسو گرانا—[ਦੋ ਅਾਂਸੂ ਗਿਰਾਣਾ] ਮੁਹਾ. ਦੇਖੋ : دو آنسو بہانا

[दो आंसू गिराना] मुहा० देखो : دو آنسو بہانا

—دو اسپہ—[ਦੋ ਅਸ-ਪਃ] ਫ਼ਾ. ਪੁ. ਕ੍ਰਿ. ਵਿ. ਦੋ ਘੋੜਿਆਂ ਵਾਲੀ ਸਵਾਰੀ; ਬੱਘੀ, ਦੋ ਘੋੜਿਆਂ ਦੀ ਡਾਕ; ਝਟਪਟ, ਤੁਰਤ।

[दो अस-पः] फ़ा० पु० क्रि० वि० दो घोड़ों की सवारी; बग्घी; दो घोड़ों की डाक; झट पट, तत्काल।

—دو انگ—[ਦੋ ਅੰਗ] ਪੁ. ਢਾਲ ਤਲਵਾਰ ਲੈ ਕੇ ਜਾਂ ਘੋੜੇ ਤੇ ਸਵਾਰ ਹੋ ਕੇ ਲੜਾਈ ਕਰਨ ਦਾ ਭਾਵ।

[दो अंग] पु० खड्ग और ढाल लेकर अथवा घोड़े पर सवार होकर युद्ध करने का भाव।

—دو اُنگل کی بچی—[ਦੋ ਉਂਗਲ ਕੀ ਬੱਚੀ] ਇ. ਛੋਟੀ ਉਮਰ ਦੀ ਲੜਕੀ।

[दो उंगल की बच्ची] स्त्री० अल्प आयु की लड़की।

—دو ایک—[ਦੋ ਏਕ] ਵਿ. ਕੁਝ ਕੁ, ਥੋੜ੍ਹਾ ਜਿਹਾ।

[दो एक] वि० कुछ, थोड़ा सा।

—دوبارہ—[ਦੋਬਾਰ:] ਵਿ. ਦੂਜੀ ਵਾਰੀ, ਫਿਰ।

[दोबारः] वि० दूसरी बार, फिर।

—دو باز—[ਦੋ ਬਾਜ਼] ਪੁ. ਦੋ ਰੰਗਾ ਕਬੂਤਰ ਜਾਂ ਪਤੰਗ।

[दो बाज़] पु० दो रंगा कबूतर अथवा पतंग।

—دو بول پڑھانا—[ਦੋ ਬੋਲ ਪੜ੍ਹਾਣਾ] ਮੁਹਾ. ਨਿਕਾਹ ਪੜ੍ਹਾਉਣਾ, ਗ਼ਰੀਬੀ ਢੰਗ ਦਾ ਵਿਆਹ ਕਰਨਾ।

[दो बोल पढ़ाना] मुहा० मुसलमानी ढंग पर साधारण रीति से विवाह करना।

—دو بھیسیا—[ਦੋ ਭੇਸਿਯਾ] ਪੁ. ਵਿ. ਦੋ ਰੰਗਾ।

[दो भेसिया] पु० वि० दो रंगा।

—دو پایہ—[ਦੋ ਪਾਯ:] ਪੁ. ਵਿ. ਦੋ ਟੰਗਾਂ ਵਾਲਾ, ਦੋ ਪੈਰਾਂ ਵਾਲਾ।

[दो पायः] पु० वि० दो टांगों वाला, दो पैरों वाला।

—دو پٹہ—[ਦੋਪੱਟ:] ਪੁ. ਪੱਲਾ, ਪਟਕਾ, ਪਗੜੀ; ਤੀਵੀਂ ਦਾ ਝੋਲ਼ਕ, ਪਤਲਾ ਮਲਮਲ ਦਾ ਝੋਲ਼ਕ, ਦੋ ਪੱਟ ਦੀ ਚਾਦਰ।

[दोपट्टः] पु० उष्णीष, पगड़ी; स्त्री के सिर का ओढ़न, पतला मलमल का ओढ़न।

—دو پٹہ بدلنا—[ਦੋਪੱਟ: ਬਦਲ-ਨਾ] ਮੁਹਾ. ਤੀਵੀਆਂ ਦਾ ਇਕ ਦੂਜੀ ਦੀ ਪੱਕੀ ਸਹੇਲੀ ਬਣਨਾ।

[दोपट्टः बदल-ना] मुहा० स्त्रियों का एक दूसरे की सखियां बनना।

—دو پشتہ کرنا—[ਦੋ ਪੁਸ਼-ਤ: ਕਰ-ਨਾ] ਮੁਹਾ. ਛਾਪੇ ਖ਼ਾਨੇ ਵਿਚ ਕਾਗ਼ਜ਼ ਨੂੰ ਇਕ ਪਾਸੇ ਛਾਪ ਕੇ ਦੂਜੇ ਪਾਸਿਓਂ ਛਾਪਣਾ।

[दो पुश-तः कर-ना] मुहा० छापेख़ाने में काग़ज़ को एक ओर से छाप कर दूसरी ओर छापना।

—دو پلڑی—[ਦੋ-ਪਲ-ੜੀ] ਇ. ਦੋ ਪੱਲਿਆਂ ਦੀ ਛੋਟੀ ਟੋਪੀ।

[दो-पल-ड़ी] स्त्री० दो भागों वाली छोटी टोपी।

—دو پلہ—[ਦੋ ਪਲ-ਲਾ] ਪੁ. ਇਕ ਪਰਕਾਰ ਦਾ ਨਗੀਨਾ; ਇਕ ਪਰਕਾਰ ਦਾ ਕਬੂਤਰ; ਇਕ ਕਿਸਮ ਦਾ ਪਤੰਗ।

[दो पल-ला] पु० एक प्रकार का नगीना; एक प्रकार का कबूतर; एक प्रकार की पतंग।

—دو پلّی—[ਦੋ ਪੱਲੀ] ਇ. ਇਕ ਪਰਕਾਰ ਦੀ ਦੋਹਰੇ ਖ਼ਾਨਿਆਂ ਵਾਲੀ ਜਾਲੀ ਜਿਸ ਦੀ ਤੀਵੀਆਂ ਕੁੜਤੀ ਬਣਾਉਂਦੀਆਂ ਹਨ।

[दो पल्ली] स्त्री० एक प्रकार की दोहरे ख़ानों वाली जाली जिसकी स्त्रियाँ कुर्ती बनाती हैं।

—دوپہر—[ਦੋਪਹਰ] ਇ. ਦਿਨ ਦੇ ਬਾਰ੍ਹਾਂ ਵਜੇ ਦਾ ਵਕਤ, ਦੁਪਹਿਰ ਦਾ ਸਮਾਂ।

[दोपहर] स्त्री० दिन के बारह बजे का समय, दोपहर का समय।

—دوپہریا—[ਦੋਪਹ-ਰਿਯਾ] ਪੁ. ਦੁਪਹਿਰ ਨੂੰ ਖਿੜਨ ਵਾਲਾ ਫੁੱਲ।

[दोपह-रिया] पु० दोपहर को खिलने वाला फूल।

—دو پیازہ—[ਦੋ ਪਿਯਾਜ਼ਃ] ਫ਼ਾ. ਪੁ. ਬਿਨਾਂ ਸਬਜ਼ੀ ਪਾਏ ਰਿੱਧਿਆ ਗੋਸ਼ਤ ਜਿਸ ਵਿਚ ਪਿਆਜ਼ ਦੋ ਵਾਰੀ ਪਾਇਆ ਜਾਂਦਾ ਹੈ।

[दो पियाज़ः] फ़ा० पु० बिना सब्ज़ी डाले पकाया गया मांस जिस में प्याज़ दो बार डाला जाता है।

—دوتا—[ਦੋਤਾ] ਫ਼ਾ. ਵਿ. ਦੂਣਾ, ਦੁਗਣਾ, ਦੋਹਰਾ; ਟੇਢਾ, ਟੇਢਾ; ਕੁੱਬਾ।

[दोता] फ़ा० वि० दुगना, दुहरा; टेढ़ा, वक्र; कुबड़ा।

—دو تارا—[ਦੋ ਤਾਰਾ] ਪੁ. ਇਕ ਪਰਕਾਰ ਦੀ ਦੋ ਤਾਰਾਂ ਵਾਲੀ ਛੋਟੀ ਸਾਰੰਗੀ।

[दो तारा] पु० एक प्रकार की दो तारों वाली छोटी सारंगी।

—دو چار ہونا—[ਦੋ ਚਾਰ ਹੋਣਾ] ਮੁਹਾ. ਆਹਮਣੇ ਸਾਹਮਣੇ ਹੋਣਾ, ਅੱਖਾਂ ਲੜਨਾ ।

[दो चार होना] मुहा० सामने होना, सम्मुख होना, आँखें मिलाना ।

—دو چشمی—[ਦੋ ਚਸ਼-ਮੀ] ਵਿ. ਪੂਰੇ ਚੇਹਰੇ ਵਾਲਾ ਚਿੱਤ੍ਰ ।

[दो चश-मी] स्त्री० पूरे मुख वाला चित्र ।

—دو چند—[ਦੋ ਚੰਦ] ਵਿ. ਦੁਗਣਾ, ਦੂਣਾ, ਦੋਹਰਾ ।

[दो चंद] वि० दुगना, दुहरा ।

—دو چوبہ—[ਦੋ ਚੋਬ:] ਪੁ. ਦੋ ਬਾਂਸਾਂ ਵਾਲਾ ਤੰਬੂ ।

[दो चोब:] पु० दो बांसों वाला तम्बू ।

—دو حرف بھیجنا—[ਦੋ ਹਰਫ਼ ਭੇਜ-ਣਾ] ਮੁਹਾ. ਫਿਟਕਾਰ ਭੇਜਣਾ ।

[दो हर-फ़ भेज-ना] मुहा० फिटकार देना ।

—دو خاتون—[ਦੋ ਖ਼ਾਤੂਨ] ਇ. ਅੱਖਾਂ ਦੀਆਂ ਪੁਤਲੀਆਂ; ਦਿਨ ਰਾਤ ।

[दो ख़ातून] स्त्री० आंखों की पुतलियां; दिन रात ।

—دو دستی—[ਦੋ ਦਸ-ਤੀ] ਇ. ਕੁਸ਼ਤੀ ਦਾ ਇਕ ਪੇਚ ।

[दो दस-ती] स्त्री० कुश्ती का एक दाव ।

—دو دو باتیں—[ਦੋ ਦੋ ਬਾਤੇਂ] ਇ. ਸੰਖੇਪ ਸਵਾਲ ਜਵਾਬ ।

[दो दो बातें] स्त्री० संक्षिप्त प्रश्नोत्तर ।

—دو دو دانے کو پھرنا—[ਦੋ ਦੋ ਦਾਨੇ ਕੋ ਫਿਰ-ਨਾ] ਮੁਹਾ. ਦਾਣੇ ਦਾਣੇ ਦਾ ਮੁਹਤਾਜ ਹੋਣਾ ।

[दो दो दाने को फिर-ना] मुहा० दाना दाना मांगते फिरना ।

—دو رخا—[ਦੋ ਰੁਖ਼ਾ] ਵਿ. ਦੋ ਰੰਗਾ, ਦੋ ਪਾਸਿਆਂ ਵਾਲਾ, ਦੋ ਭੇਸੀਆ ।

[दो रुख़ा] वि० दो रंगा, दो तरफ़ों वाला, दो भेसिया ।

—دو رسا—[ਦੋ ਰਸਾ] ਪੁ. ਦੋ ਕਿਸਮਾਂ ਦਾ ਮਿਲਿਆ ਹੋਇਆ ਤਮਾਕੂ, ਖ਼ਮੀਰ ਮਿਲਿਆ ਹੋਇਆ ਤੰਬਾਕੂ ।

[दो रसा] पु० दो प्रकार का मिला हुआ तम्बाकू, ख़मीर मिला हुआ तम्बाकू ।

—دو رگا—[ਦੋ ਰਗਾ] ਵਿ. ਦੋਗਲਾ, ਜਿਸ ਦੇ ਮਾਂ ਪਿਉ ਦੋ ਵਖਰੀਆਂ ਵਖਰੀਆਂ ਨਸਲਾਂ ਵਿਚੋਂ ਹੋਣ ।

[दो रगा] वि० वर्ण संकर, जिसके माता पिता दोनों पृथक पृथक जातियों में से हों ।

—دو رویہ—[ਦੋ ਰੁਯ:] ਵਿ. ਕ੍ਰਿ. ਵਿ. ਦੋ ਰੁਖਾ, ਦੋ ਰੰਗਾ; ਦੋਹੀਂ ਪਾਸੀਂ ।

[दो रुय:] वि० क्रि० वि० दो तरफ़ा, दो रंगा; दोनों ओर ।

—دو زانو بیٹھنا—[ਦੋ ਜ਼ਾਨੂ ਬੈਠ-ਨਾ] ਮੁਹਾ. ਗੋਡੇ ਟੇਕ ਕੇ ਬਹਿਣਾ, ਸਤਿਕਾਰ ਨਾਲ ਬਹਿਣਾ ।

[दो ज़ानू बैठ-ना] मुहा० घुटने टेक कर बैठना, सत्कार सहित बैठना ।

—دو سار ہونا—[ਦੋ ਸਾਰ ਹੋਣਾ] ਮੁਹਾ. ਆਰ ਪਾਰ ਹੋ ਜਾਣਾ, ਤੀਰ ਜਾਂ ਨੇਜ਼ੇ ਆਦਿ ਦਾ ਸਰੀਰ ਤੋਂ ਆਰ ਪਾਰ ਹੋ ਜਾਣਾ, ਦੁਸਾਰ ਪਾਰ ਹੋਣਾ ।

[दो सार होना] मुहा० आर पार हो जाना, बाण अथवा नेज़े का शरीर के आर पार हो जाना ।

—دو ساکھی—[ਦੋ ਸਾਖੀ] ਵਿ. ਇ. ਦੋ ਫ਼ਸਲੀ, ਉਹ ਜ਼ਮੀਨ ਜੋ ਸਾਲ ਵਿਚ ਦੋ ਫ਼ਸਲਾਂ ਦੇਵੇ; ਉਹ ਧਰਤੀ ਜਿਸ ਦੇ ਉੱਪਰ ਰੇਤ ਤੇ ਹੇਠਾਂ ਸਖ਼ਤ ਮਿੱਟੀ ਹੋਵੇ ।

[दो साखी] वि० स्त्री० दो उपजों वाली भूमि; वह भूमि जो एक वर्ष में दो उपजें दे; वह पृथ्वी जिस के ऊपर रेत और नीचे मिट्टी हो ।

—دو سالہ—[ਦੋ ਸਾਲ:] ਵਿ. ਇ. ਦੋ ਵਰ੍ਹਿਆਂ ਦਾ; ਉਹ ਜ਼ਮੀਨ ਜੋ ਦੂਜੇ ਵਰ੍ਹੇ ਬੀਜੀ ਜਾਵੇ; ਦੋ ਵਰ੍ਹਿਆਂ ਦੀ ਪੁਰਾਣੀ ਸ਼ਰਾਬ ।

[दो साल:] वि० स्त्री० दो सालों का, वह भूमि जो दूसरे वर्ष जोती जाए; दो वर्षों की पुरानी मदिरा ।

—دو شاخہ—[ਦੋ ਸ਼ਾਖ:] ਪੁ. ਦੁਸਾਂਖੜ, ਦੋ ਸ਼ਾਖਾਂ ਵਾਲਾ ਰੁੱਖ, ਜਾਂ ਸ਼ਮਾਦਾਨ, ਦੋਵੇਂ ਲੱਤਾਂ ।

[दो शाख:] पु० दो शाखाओं का एक वृक्ष या चिरागदान, दो लातें ।

—دو ساہی—[ਦੋ ਸਾਹੀ] ਵਿ. ਇ. ਵੇਖੋ : دو ساکھی

[दोसाही] स्त्री० वि० देखो : دو ساکھی

—دو سائی—[ਦੋਸਾਈ] ਵਿ. ਇ. ਵੇਖੋ : دو ساکھی

[दोसाई] वि० स्त्री० देखो : دو ساکھی

—دو شالہ—[ਦੋ ਸ਼ਾਲ:] ਫ਼ਾ. ਪੁ. ਦੁਸ਼ਾਲਾ, ਪਸ਼ਮੀਨੇ ਦੀ ਵਧੀਆ ਦੋਹਰੀ ਚਾਦਰ, ਦੋਹਰੀ ਸ਼ਾਲ ।

[दो शाल:] फ़ा० पु० पश्मीने की बढ़िया दुहरी चादर, दुहरी शाल ।

—دو شالہ میں لپیٹ کر لگانا—[ਦੋਸ਼ਾਲ: ਮੇਂ ਲਪੇਟ ਕਰ ਲਗਾਨਾ] ਮੁਹਾ. ਪਰਦੇ ਵਿਚ ਬੇਇੱਜ਼ਤੀ ਕਰਨੀ, ਮਿੱਠੇ ਸ਼ਬਦਾਂ ਵਿਚ ਨਿਰਾਦਰ ਕਰਨਾ ।

[दो शाल: में लपेट कर लगाना] मुहा० छिपकर अपमान करना, मीठे शब्दों में निरादर करना ।

—دو شنبہ—[ਦੋ ਸ਼ੰਬ:] ਫ਼ਾ. ਪੁ. ਸੋਮਵਾਰ ।

[दो शंब:] फ़ा० पु० सोमवार ।

—دو طرفہ—[ਦੋ ਤਰ-ਫ਼:] ਕ੍ਰਿ. ਵਿ. ਦੋਹੀਂ ਪਾਸੀਂ; ਆਪਸ ਵਿਚ ।

[दो तर-फ़:] क्रि० वि० दोनों ओर; आपस में, परस्पर ।

—دو عملہ—[ਦੋ ‘ਅਮਲ:] ਪੁ. ਦੋ ਆਦਮੀਆਂ ਦੀ ਮਲਕੀਅਤ ਵਾਲੀ ਚੀਜ਼।

[दो ‘अमल:] पु॰ वह वस्तु जिस पर दो मनुष्यों का अधिकार हो।

—دو عملی—[ਦੋ ‘ਅਮਲੀ] ਵਿ. ਦੋ ਹਿੱਸੇਦਾਰੀ, ਦੋ ਧੜਿਆਂ ਦਾ ਰਾਜ।

[दो ‘अमली] स्त्री॰ कुशासन प्रबन्ध का भाव, दो मनुष्यों का शासन।

—دو غزلہ—[ਦੋ ਗ਼ਜ਼ਲ:] ਪੁ. ਇੱਕੋ ਹੀ ਬਹਿਰ ਵਿਚ ਇੱਕੋ ਹੀ ਕਾਫ਼ੀਆ ਤੇ ਰਦੀਫ਼ ਤੇ ਕਹੀਆਂ ਗਈਆਂ ਦੋ ਗ਼ਜ਼ਲਾਂ।

[दो ग़ज़ल:] पु॰ एक ही छन्द अथवा तुक पर कही गईं दो ग़ज़लें।

—دو فصلی—[ਦੋ ਫ਼ਸਲ-ਲੀ] ਵਿ. ਦੋ ਮੌਸਮੀ; ਉਹ ਰੁੱਖ ਜੋ ਸਾਲ ਵਿਚ ਦੋ ਵਾਰੀ ਫਲ ਦੇਵੇ, ਉਹ ਜ਼ਮੀਨ ਜੋ ਸਾਲ ਵਿਚ ਦੋ ਵਾਰੀ ਫ਼ਸਲ ਦੇਵੇ।

[दो फ़स्ल-ली] स्त्री॰ दो मौसमी; वह वृक्ष जो वर्ष में दो बार फल दे, वह भूमि जिस में वर्ष में दो बार उपज हो।

—دو کوڑی کی آبرو کر دینا—[ਦੋ ਕੌਡੀ ਦੀ ਆਬ-ਰੂ ਕਰ ਦੇਣਾ] ਮੁਹਾ. ਨਿਰਾਦਰ ਕਰ ਦੇਣਾ, ਬੇਇੱਜ਼ਤੀ ਕਰ ਦੇਣਾ।

[दो कौड़ी की आब-रू कर देना] मुहा॰ अपमान करना, निरादर करना।

—دو کوڑی کی بات کر دینا—[ਦੋ ਕੌਡੀ ਦੀ ਬਾਤ ਕਰ ਦੇਣਾ] ਮੁਹਾ. ਦੇਖੋ : دو کوڑی کی آبرو کر دینا

[दो कौड़ी की बात कर देना] मुहा॰ देखो : دو کوڑی کی آبرو کر دینا

—دو گڑا—[ਦੋਗਾੜਾ] ਪੁ. ਦੋ ਨਾਲੀ ਬੰਦੂਕ; ਉਹ ਬੰਦੂਕ ਜਿਸ ਵਿੱਚ ਦੋ ਗੋਲੀਆਂ ਭਰੀਆਂ ਜਾਂਦੀਆਂ ਹਨ, ਦੁਨਾਲੀ।

[दोगाड़ा] पु॰ दो नाली बन्दूक; वह बन्दूक जिस में दो गोलियां भरी जाती हैं।

—دو گانہ— [ਦੋਗਾਨ:] ਫ਼ਾ. ਪੁ. ਜੁੜਵੀਂ ਜਾਂ ਦੋਹਰੀ ਚੀਜ਼; ਸ਼ੁਕਰਾਨੇ ਦੀ ਨਮਾਜ਼; ਨਮਾਜ਼ ਦੀਆਂ ਦੋ ਰਿਕਤਾਂ।

[दोगान:] फ़ा॰ पु॰ एक साथ मिली हुई दो चीजें; धन्यवाद की प्रार्थना; नमाज़ की दो रकअत।

—دو گھڑی کا تڑکا—[ਦੋ ਘੜੀ ਦਾ ਤੜ-ਕਾ] ਪੁ. ਪਰਭਾਤ, ਵੱਡੀ ਸਵੇਰ।

[दो घड़ी का तड़-का] पु॰ प्रभात, प्रात: काल।

—دو لتی—[ਦੋਲੱਤੀ] ਵਿ. ਦੇਖੋ : دلتی

[दोलत्ती] स्त्री॰ देखो : دلتی

—دولڑا—[ਦੋਲੜਾ] ਪੁ. ਦੇਖੋ : دلڑا

[दोलड़ा] पु॰ देखो : دلڑا

—دولوہا—[ਦੋਲੋਹਾ] ਪੁ. ਦੋੱਸਾ, ਮੋਟਾ ਖੇਸ, ਇਕ ਪ੍ਰਕਾਰ ਦਾ ਮੋਟਾ ਫ਼ਰਸ਼ੀ ਕਪੜਾ।

[दोलहरा] पु॰ एक प्रकार का मोटा फ़र्शी कपड़ा, एक प्रकार का खेस।

—دو معنی—[ਦੋ ਮਾ‘ਅ-ਨੀ] ਵਿ. ਦੋ-ਅਰਥਾ, ਦੋ ਅਰਥਾਂ ਵਾਲੀ ਗੱਲ, ਭੇਤ ਵਾਲੀ ਗੱਲ।

[दो ‘मा‘अ-नी] वि॰ दो अर्थों वाली बात, भेद वाली बात।

—دو مغزلہ—[ਦੋ ਮਗ਼-ਜ਼ਿਲ:] ਫ਼ਾ. ਪੁ. ਦੋ ਢੰਗਾ, ਦੁਰੰਗਾ, ਦੋ ਢੰਗਾਂ ਵਾਲਾ।

[दो मग़-ज़िल:] फ़ा॰ पु॰ दो रूपा, दो ढंगों वाला।

—دو ملاں میں مرغی حرام—[ਦੋ ਮੁੱਲਾਂ ਮੇਂ ਮੁਰ-ਗ਼ੀ ਹ਼ਰਾਮ] ਅਖੌ. ਜਿਹ ਵਿੱਚ ਹਲਾਲ ਚੀਜ਼ ਨੂੰ ਹਰਾਮ ਕਿਹਾ ਜਾਂ ਸਮਝਿਆ ਜਾਂਦਾ ਹੈ, ਦੋ ਦਾਅਵੇਦਾਰਾਂ ਵਿੱਚ ਕੰਮ ਵਿਗੜ ਜਾਂਦਾ ਹੈ।

[दो मुल्लां में मुर-ग़ी हराम] लोको॰ हठ के कारण हलाल वस्तु भी हराम कही अथवा समझी जाती है, दो दावेदारों में काम बिगड़ जाता है।

—دو منہ ہنس لینا—[ਦੋ ਮੂੰ ਹੱਸ ਲੈਣਾ] ਮੁਹਾ. ਜ਼ਰਾ ਕੁ ਹੱਸ ਖੇਡ ਲੈਣਾ।

[दो मुं हंस लेना] मुहा॰ तनिक हंस खेलना।

—دو میں تیسرا آنکھوں میں ٹھیکرا—[ਦੋ ਮੇਂ ਤੀਸ-ਰਾ ਆਂਖੋਂ ਮੇਂ ਠੀਕ-ਰਾ] ਅਖੌ. ਜਿਹ ਇੱਕੋ ਦੂਜਾ ਚੰਗਾ ਤੀਜਾ ਫਿਟਕੀਆਂ ਦਾ ਫੇਰ, ਤੀਜਾ ਰਲਿਆ ਤੇ ਕੰਮ ਗਲਿਆ।

[दो में तीस-रा आंखों में ठीक-रा] लोको॰ दो की सांझ में तीसरे के आने से काम बिगड़ जाता है।

—دو ورقی—[ਦੋ ਵਰ-ਕੀ] ਵਿ. ਦੋ ਵਰਕਿਆਂ ਦੀ ਕਿਤਾਬ ਜਾਂ ਕਾਪੀ।

[दो वरक़ी] स्त्री॰ दो पन्नों की पुस्तक अथवा कापी।

—دوہاجن—[ਦੋਹਾਜਨ] ਵਿ. ਦੂਜੇ ਖਸਮ ਵਾਲੀ ਤੀਵੀਂ; ਵਿਧਵਾ ਤੀਵੀਂ ਜਿਸ ਨੇ ਦੂਜਾ ਵਿਆਹ ਕਰ ਲਿਆ ਹੋਵੇ।

[दोहाजन] स्त्री॰ दूसरे पति वाली स्त्री; विधवा स्त्री जिस ने दूसरा विवाह कर लिया हो।

—دوہاجو—[ਦੋਹਾਜੂ] ਪੁ. ਵਿ. ਉਹ ਛੜਾ ਜਿਸ ਨੇ ਦੂਜਾ ਵਿਆਹ ਕਰਾਇਆ ਹੋਵੇ, ਦੂਜੀ ਵਹੁਟੀ ਵਾਲਾ।

[दोहाजू] पु॰ वि॰ जिसने पुनर्विवाह कराया हो, दूसरी पत्नी वाला।

دوا—[ਦਵਾ] ਅਰ. ਇ. ਦਾਰੂ, ਦਵਾਈ, ਇਲਾਜ।

[दवा] अर॰ स्त्री॰ औषधि, दवाई, चिकित्सा।

—دوا خانہ—[ਦਵਾ ਖ਼ਾਨ:] ਫ਼ਾ. ਪੁ. ਹਸਪਤਾਲ, ਦਵਾਖ਼ਾਨਾ।

[दवा ख़ान:] फ़ा॰ पु॰ औषधालय, हस्पताल।

—دوا دارو—[ਦਵਾ ਦਾਰੂ] ਪੁ. ਦਾਰੂ ਦਰਮਲ, ਇਲਾਜ ਮਾਲਜਾ।

[दवा दारू] पु॰ औषधि, चिकित्सा।

—دوا درمن—[ਦਵਾ ਦਰ-ਮਨ] ਪੁ. ਵੇਖੋ : دوا دارو

[दवा दर-मन] पु० देखो : دوا دارو

دواب—[ਦਵਾਬ] ਅਰ. ਪੁ. دابه ਦਾ ਬਹੁਵਚਨ, ਚੁਪਾਏ, ਪਸ਼ੂ, ਡੰਗਰ ।

[दवाब] अर० पु० دابه का बहुवचन चौपाये, पशु, जानवर ।

دوات—[ਦਵਾਤ] ਇ. ਕੁਲਤਾ, ਸਿਆਹੀ ਦਾਨੀ, ਘਲੋਟਣੀ ।

[दवात] स्त्री० लिखने की स्याही रखने वाली शीशी अथवा बर्तन, दवात ।

دوا دو—[ਦਵਾ ਦੌ] ਫ਼ਾ. ਇ. ਦੌੜ ਭੱਜ, ਭੱਜ ਨੱਸ ।

[दवा दौ] फ़ा० स्त्री० भाग दौड़, भगदड़ ।

دوا دوش—[ਦਵਾ ਦਵਿਸ਼] ਫ਼ਾ. ਇ. ਵੇਖੋ : دوا دو

[दवा दविश] फ़ा० स्त्री० देखो : دوا دو

دوار—[ਦੱਵਾਰ] ਅਰ. ਵਿ. ਬਹੁਤ ਘੁੰਮਣ ਵਾਲਾ, ਬਹੁਤ ਚੱਕਰ ਲਾਉਣ ਵਾਲਾ; ਬਦਲਣਾ ਰਹਿਣ ਵਾਲਾ ।

[दव्वार] अर० वि० बहुत घूमने वाला, बहुत चक्कर लगाने वाला; परिवर्तनशील ।

دوازدہ—[ਦਵਾ ਜ਼-ਦਾਹ] ਫ਼ਾ. ਵਿ. ਬਾਰਾਂ ੧੨ ।

. [दवा ज़दाह] फ़ा० बारह, १२ ।

—دوازدہ امام—[ਦਵਾਜ਼-ਦਾਹ ਇਮਾਮ] ਪੁ. ਸ਼ੀਆ ਮੁਸਲਮਾਨਾਂ ਦੇ ਬਾਰ੍ਹਾਂ ਇਮਾਮ ।

[दवाज़-दाह इमाम] पु. शीया मुसलमानों के बारह इमाम ।

دوال—[ਦੁਵਾਲ] ਫ਼ਾ. ਪੁ. ਤਸਮਾ, ਰਕਾਬ ਦਾ ਤਸਮਾ ।

[दुवाल] फ़ा० पु० चमड़े की डोरी, रिकाब का तसमा ।

دوال—[ਦਿਵਾਲ:] ਪੁ. ਵੇਖੋ : ديوال

[दिवाल:] पु० देखो : ديوال

دوام—[ਦਵਾਮ] ਅਰ. ਪੁ. ਵਿ. ਸਦੀਵਤਾ; ਸਦੀਵ, ਨਿੱਤ, ਸਦਾ ।

[दवाम] अर० पु० वि० अमरत्वता; अनश्वर, नित्य, सदैव, हमेशा रहने वाला ।

—دوامی—[ਦਵਾਮੀ] ਵਿ. ਸਦੀਵੀ, ਪੱਕਾ, ਹਮੇਸ਼ਾ ਰਹਿਣ ਵਾਲਾ ।

[दवामी] वि० हमेशा का, पक्का, अनश्वर ।

—دوامی بندوبست—[ਦਵਾਮੀ ਬੰਦੋਬਸ-ਤ] ਪੁ. ਭੋਂ ਦਾ ਪੱਕਾ ਬੰਦੋਬਸਤ ।

[दवामी बंदोबस-त] पु० भूमि का पक्का प्रबन्ध ।

دوان—[ਦਵਾਂ] ਫ਼ਾ. ਵਿ. ਭੱਜਦਾ ਹੋਇਆ, ਦੌੜਦਾ ਹੋਇਆ ।

[दवां] फ़ा० वि० दौड़ता हुआ, भागता हुआ ।

دواوين—[ਦਵਾਵੀਨ] ਅਰ. ਪੁ. ديوان ਦਾ ਬਹੁਵਚਨ ।

[दवावीन] अर० पु० ديوان का बहुवचन ।

دواہر—[ਦਵਾਇਰ] ਅਰ. ਪੁ. دائره ਦਾ ਬਹੁਵਚਨ ।

[दवाइर] अर० पु० دائره का बहुवचन ।

دوب—[ਦੂਬ] ਇ. ਇਕ ਕਿਸਮ ਦਾ ਵਧੀਆ ਤੇ ਨਰਮ ਘਾਹ ।

[दूब] स्त्री० एक प्रकार की बढ़िया और कोमल घास ।

دو بدو—[ਦੂ-ਬ-ਦੂ] ਫ਼ਾ. ਕ੍ਰਿ. ਵਿ. ਆਮ੍ਹਣੇ ਸਾਹਮਣੇ, ਰੂਬਰੂ ।

[दू-ब-दू] फ़ा० क्रि० वि० आमने सामने, एक दूसरे के सामने ।

دو بھر—[ਦੂਭਰ] ਵਿ. ਔਖਾ, ਮੁਸ਼ਕਲ ।

[दूभर] वि० कठिन, दुष्कर ।

دوت—[ਦੂਤ] ਪੁ. ਚਿੱਠੀ ਲਿਜਾਣ ਵਾਲਾ, ਏਲਚੀ, ਕਾਸਦ; ਫ਼ਰਿਸ਼ਤਾ; ਚੁਗਲਖੋਰ ।

[दूत] पु० पत्र ले जाने वाला, सन्देश-वाहक; देवता; चुगलखोर ।

دوتی—[ਦੂਤੀ] ਇ. ਚੁਗਲ ਖੋਰ ਤੀਵੀਂ; ਫੋਂਫੇ ਕੁੱਟਣ ।

[दूती] स्त्री० चुगल खोर स्त्री; कुटनी ।

دوخت—[ਦੋਖ਼-ਤ] ਫ਼ਾ. ਇ. ਸੀਊਣ, ਸਿਲਾਈ ।

[दोख़-त] फ़ा० स्त्री० सीवन, सिलाई ।

دود—[ਦੂਦ] ਫ਼ਾ. ਪੁ. ਧੂੰਆਂ ।

[दूद] फ़ा० पु० धुँआ ।

دود کش—[ਦੂਦ-ਕਸ਼] ਪੁ. ਚਿਮਨੀ, ਧੂੰਆਂ ਨਿਕਲਣ ਵਾਲਾ ਛੇਕ ।

[दूद-कश] पु० चिमनी, धुँआँ निकलने वाला छेद ।

دودھ—[ਦੂਧ] ਪੁ. ਦੁੱਧ ।

[दूध] पु० दुग्ध, क्षीर ।

—دودھ بخشنا—[ਦੂਧ ਬਖ਼-ਸ਼-ਨਾ] ਮੁਹਾ. ਦੁੱਧ ਪਿਲਾਉਣ ਦਾ ਹੱਕ ਮਾਫ਼ ਕਰਨਾ ।

[दूध बख़्-श-ना] मुहा० दूध पिलाने का अधिकार क्षमा करना ।

—دودھ بھی پیارا پوت بھی پیارا قسم کس کی کھاؤں—
[ਦੂਧ ਭੀ ਪਿਆਰਾ ਪੂਤ ਭੀ ਪਿਆਰਾ ਕਸਮ ਕਿਸ ਕੀ ਖਾਊਂ] ਅਖੌ. ਜਦੋਂ ਕਿਸੇ ਕੰਮ ਨੂੰ ਨਾ ਕਰਨ ਤੇ ਜੀ ਕਰੇ ਤੇ ਨਾ ਕੀਤੇ ਬਿਨਾ ਗੁਜ਼ਾਰਾ ਹੀ ਹੋਵੇ ਉਦੋਂ ਕਹਿੰਦੇ ਹਨ ।

[दूध भी प्यारा पूत भी प्यारा क़सम किस की खाऊं] लोकोक्ति० जब किसी काम को न करने को मन चाहे और बिना काम भी न चले, तब कहते हैं ।

—دودھ پڑنا—[ਦੂਧ ਪੜ-ਨਾ] ਮੁਹਾ. ਅਨਾਜ ਵਿਚ ਰਸ ਪੈਣਾ ।

[दूध पड़-ना] मुहा० अनाज में रस पैदा होना ।

—دودھ پلائی—[ਦੂਧ ਪਿਲਾਈ] ਇ. ਦਾਈ; ਉਹ ਰਸਮ ਜੋ ਲਾੜਾ ਜੰਞ ਚੜ੍ਹਨ ਵੇਲੇ ਆਪਣੀ ਮਾਂ ਨੂੰ ਦੁੱਧ ਚੁੰਘਾਉਣ ਦੇ ਬਦਲੇ ਦਿੰਦਾ ਹੈ; ਉਹ ਰਸਮ ਜੋ ਲਾੜੀ ਵਾਲਿਆਂ ਦੇ ਘਰੋਂ ਮਹਿੰਦੀ ਵਾਲੇ ਦਿਨ ਲਾੜੇ ਨੂੰ ਘੱਲੀ ਜਾਂਦੀ ਹੈ ।

[दूध पिलाई] स्त्री० दाया; वह धन राशि जो दूल्हा विवाह के समय घोड़ी पर चढ़ते हुए अपनी माता को दूध पिलाने के बदले में देता है; वह धन जो दुल्हिन के घर से मेंहदी वाले दिन दूल्हा को भेजी जाती है।

—دودھ پوت—[ਦੁੱਧ ਪੁੱਤ] ਪੁ. ਧਨ ਦੌਲਤ, ਮਾਲ ਤੇ ਉਲਾਦ।

[दूध पूत] पु० धन दौलत, सम्पत्ति तथा सन्तान।

—دودھ پوت والی—[ਦੁੱਧ ਪੁੱਤ ਵਾਲੀ] ਵਿ. ਉਲਾਦ ਵਾਲੀ, ਰੱਜੀ ਪੁੱਜੀ, ਚੰਗੇ ਨਸੀਬੇ ਵਾਲੀ।

[दूध पूत वाली] वि० सन्तान वाली, सुसम्पन्न, अच्छे भाग्य वाली।

—دودھ پیتا بچہ—[ਦੁੱਧ ਪੀਂਦਾ ਬੱਚਾ] ਪੁ. ਗੋਦੀ ਦਾ ਬਾਲ; ਭੋਲਾ, ਬੇਸਮਝ, ਨਾ-ਤਜਰਬਾਕਾਰ।

[दूध पीता बच्चा] पु० गोदी का बच्चा; भोला, अनुभव हीन मनुष्य।

—دودھ کا جلا چھاچھ پھونک پھونک کر پیتا ہے—[ਦੁੱਧ ਦਾ ਜਲਾ ਛਾਛ ਫੂਕ ਫੂਕ ਕਰ ਪੀਂਦਾ ਹੈ] ਮੁਹਾ. ਸੱਪ ਦਾ ਡੰਗਿਆ ਰੱਸੀ ਤੋਂ ਵੀ ਡਰਦਾ ਹੈ।

[दूध का जला छाछ फूंक फूंक कर पीता है] मुहा० साँप का काटा रस्सी से भी डरता है।

—دودھ کی سی مکھی نکال کر پھینکنا—[ਦੁੱਧ ਦੀ ਸੀ ਮੱਖੀ ਨਿਕਾਲ ਕਰ ਫੈਂਕ-ਨਾ] ਮੁਹਾ. ਕਿਸੇ ਨੂੰ ਮਹਿਫ਼ਲ ਦੀ ਬੇਹਮਲ ਨਾਂ ਕੱਢ ਕਰ ਦੇਣਾ।

[दूध की सी मक्खी निकाल कर फेंक-ना] मुहा० किसी को बड़ी सुविधा से पृथक् कर देना।

—دودھوں نہلیاں کرنا—[ਦੁੱਧੋਂ ਕੁਲਿਆਂ ਕਰ-ਨਾ] ਮੁਹਾ. ਬਹੁਤ ਜ਼ਿਆਦਾ ਧਨ ਪਾਸ ਹੋਣਾ।

[दूधों कुल्लियां कर-ना] मुहा० बहुत सी धन सम्पत्ति होना।

—دودھیا—[ਦੁਧੀਆ] ਵਿ. ਦੁੱਧ ਵਰਗਾ, ਦੁੱਧ ਰੰਗਾ; ਰਸੀਲਾ, ਰਸ ਭਰਿਆ; ਸਫ਼ੈਦ, ਚਿੱਟਾ, ਕੱਚਾ, ਨਰਮ; ਇਕ ਪੱਥਰ ਦਾ ਨਾਮ (ਪੱਥਰ); ਇਕ ਪਰਕਾਰ ਦਾ ਹਲਵਾ।

[दुधिया] वि० दूध के रंग जैसा; रसीला, रस पूर्ण; श्वेत; कच्चा, हरा; एक प्रकार का नर्म पत्थर; एक प्रकार का हलवा।

دور—[ਦੌਰ] ਪੁ. ਘੇਰਾ, ਚੱਕਰ; ਚਾਲ, ਤੋਰ; ਰਾਜ, ਹਕੂਮਤ; ਹਾਸ਼ੀਆ, ਕਿਨਾਰਾ; ਵਾਰੀ; ਸਮਾਂ; ਇਨਕਲਾਬ।

[दौर] पु० घेरा, चक्कर; चाल, गति; राज्य, शासन; हाशिया, किनारा; बार; समय; क्रान्ति।

—دور دورا—[ਦੌਰ ਦੌਰਾ] ਪੁ. ਰਾਜ, ਅਧਿਕਾਰ, ਬਾਦਸ਼ਾਹੀ।

[दौरा दौरा] पु० शासन, अधिकार।

—دور کرنا—[ਦੌਰ ਕਰ-ਨਾ] ਮੁਹਾ. ਦੋਹਾਂ ਆਦਮੀਆਂ ਦਾ ਇਕ ਦੂਜੇ ਦੇ ਸਾਹਮਣੇ ਬਹਿ ਕੇ ਇਕ ਦੂਜੇ ਨੂੰ ਵਾਰੀ ਵਾਰੀ ਕੁਰਾਨ ਸੁਣਾਉਣਾ।

[दौर कर-ना] मुहा० दो मनुष्यों का एक दूसरे के सामने बैठकर एक दूसरे को बारी बारी कुरान सुनाना।

دور—[ਦੂਰ] ਕ੍ਰਿ. ਵਿ. ਫ਼ਾਸਲੇ ਤੇ, ਵਿੱਥ ਤੇ; ਵੱਖਰਾ, ਅਲੱਗ।

[दूर] क्रि० वि० अन्तर पर, पृथक्, अलग, परे।

—دور از کار—[ਦੂਰ ਅਜ਼ ਕਾਰ] ਵਿ. ਮਤਲਬ ਤੋਂ ਦੂਰ; ਨਿਕੰਮਾ।

[दूर अज़ कार] वि० प्रयोजन से परे; निकम्मा।

—دور افتادہ—[ਦੂਰ ਉਫ਼ਤਾਦਹ] ਵਿ. ਇਕੱਲਾ, ਇੱਕਲਵਾਂਝਾ; ਦੁਰਾਡਾ, ਦੂਰ ਰਹਿਣ ਵਾਲਾ।

[दूर उफ़-तादः] वि० एकाकी; दूर का, दूर रहने वाला।

—دور اندیش—[ਦੂਰ-ਅੰਦੇਸ਼] ਫ਼ਾ. ਵਿ. ਸਿਆਣਾ, ਸਮਝਦਾਰ, ਦੂਰ ਦੀ ਸੋਚਣ ਵਾਲਾ, ਹੁਸ਼ਿਆਰ, ਅੱਗਾ ਪਿੱਛਾ ਸੋਚ ਕੇ ਕੰਮ ਕਰਨ ਵਾਲਾ, ਦੂਰ ਦਰਸ਼ੀ।

[दूर-अंदेश] फ़ा० वि० बुद्धिमान, समझदार, दूर दर्शी, चतुर, आगे पीछे सोच कर काम करने वाला।

—دور اندیشی—[ਦੂਰ ਅੰਦੇਸ਼ੀ] ਫ਼ਾ. ਇ. ਦੂਰ ਦਰਿਸ਼ਟੀ, ਅੱਗਾ ਪਿੱਛਾ ਸੋਚ ਕੇ ਕੰਮ ਕਰਨ ਦਾ ਭਾਵ, ਸਿਆਣਪ, ਸਮਝ ਸੋਚ।

[दूर अंदेशी] फ़ा० स्त्री० दूर-दर्शिता, आगे पीछे सोचकर काम करने का भाव, बुद्धिमत्ता।

—دور باش—[ਦੂਰ ਬਾਸ਼] ਫ਼ਾ. ਅਵ. ਪੁ. ਦੂਰ ਹੋ, ਪਰ੍ਹੇ ਹੋ; ਬਾਦਸ਼ਾਹਾਂ ਦੇ ਅੱਗੇ ਅੱਗੇ ਚੱਲਣ ਵਾਲੇ ਚੋਬਦਾਰ ਇਹ ਸ਼ਬਦ ਕਹਿੰਦੇ ਹੁੰਦੇ ਸਨ; ਇਕ ਤਰ੍ਹਾਂ ਦਾ ਨੇਜ਼ਾ।

[दूर बाश] फ़ा० अव्य० पु० दूर हो, हट परे हो; राजाओं के आगे चलने वाले चोबदार यह शब्द कहा करते थे; एक प्रकार का नेज़ा।

—دور بین—[ਦੂਰ ਬੀਨ] ਫ਼. ਇ. ਵਿ. ਦੂਰ ਦੀ ਚੀਜ਼ ਨੂੰ ਵੇਖਣ ਵਾਲਾ ਜੰਤਰ; ਦੂਰ ਦਰਸ਼ੀ, ਦੂਰ ਦੀ ਸੋਚਣ ਵਾਲਾ

[दूर बीन] फ़ा० स्त्री० वि० दूर की वस्तु को देखने का यन्त्र, दूर की सोचने वाला।

—دور پار—[ਦੂਰ ਪਾਰ] ਅਵ. ਪੁ. ਰੱਬ ਨਾ ਕਰੇ; ਖ਼ੁਦਾ ਨਾ ਕਰੇ, ਹੋਸਕਾ।

[दूर पार] अव्य० पु० ईश्वर न करे; निर्मूलक।

—دور دراز—[ਦੂਰ ਦਰਾਜ਼] ਕ੍ਰਿ. ਵਿ. ਦੂਰ ਦਾ, ਦੁਰਾਡਾ, ਕਾਫ਼ੀ ਫ਼ਾਸਲੇ ਤੇ, ਬਹੁਤ ਦੂਰ।

[दूर दराज़] क्रि० वि० दूरस्थ, दूर का, बहुत अन्तर पर स्थित, बहुत दूर।

—دور دست—[ਦੂਰ ਦਸ-ਤ] ਫ਼ਾ ਵਿ. ਬਹੁਤ ਦੂਰ, ਜਿੱਥੇ ਪਹੁੰਚਣਾ ਔਖਾ ਹੋਵੇ।

[दूर दस-त] फ़ा० वि० बहुत दूर; जहां पहुंचना दुष्कर हो।

—دور کا مضمون—[ਦੂਰ ਕਾ ਮਜ਼-ਮੂਨ] ਪੁ. ਬਹੁਤ ਚੰਗਾ ਮਜ਼ਮੂਨ, ਵਿਦਵਤਾ ਭਰਿਆ ਲੇਖ ।

[दूर का मज़-मून] पु० बहुत अच्छा लेख, विद्वता पूर्ण निबन्ध ।

—دور کی کوڑی لانا—[ਦੂਰ ਕੀ ਕੌਡੀ ਲਾਨਾ] ਮੁਹਾ. ਵੱਡਾ ਕੰਮ ਕਰਨਾ, ਮਾਣ ਵਾਲਾ ਕੰਮ ਕਰਨਾ ।

[दूर की कौड़ी लाना] मुहा० बड़ा काम करना, सम्मान का काम करना ।

—دور کی کہنا—[ਦੂਰ ਕੀ ਕਹ-ਨਾ] ਮੁਹਾ. ਸਿਆਣਪ ਦੀ ਗੱਲ ਕਰਨਾ, ਪਤੇ ਦੀ ਕਹਿਣਾ ।

[दूर की कह-ना] मुहा० बुद्धिमत्ता की बात करना, पते की कहना ।

—دور کی ہانکنا—[ਦੂਰ ਕੀ ਹਾਂਕ-ਨਾ] ਮੁਹਾ. ਗੱਪ ਮਾਰਨਾ, ਸ਼ੇਖ਼ੀ ਮਾਰਨਾ, ਫੜ ਮਾਰਨਾ, ਲਿਆਕਤ ਤੋਂ ਵਧੇਰੇ ਦਾਅਵੇ ਕਰਨਾ ।

[दूर की हांक-ना] मुहा० गप्प हांकना, डींग मारना, ऐंठ जताना, योग्यता से अधिक शेख़ी बघारना ।

دوران—[ਦੌਰਾਨ] ਫ਼ਾ. ਪੁ. ਚੱਕਰ, ਗੇੜ; ਜ਼ਮਾਨਾ; ਸਮਾਂ, ਵੇਲਾ, ਵਕਤ; ਉਮਰ, ਆਯੂ ।

[दौरान] फ़ा० पु० चक्कर, चक्र; समय; संसार; आयु, अवस्था ।

—دوران سر—[ਦੌਰਾਨੇ ਸਰ] ਪੁ. ਸਿਰ ਨੂੰ ਚੱਕਰ ਆਉਣ ਦਾ ਰੋਗ, ਸਿਰ ਪੀੜ ।

[दौराने सर] पु० सिर को चक्कर आने का रोग, शिर-पीड़ा ।

دورہ—[ਦੌਰ:] ਫ਼ਾ. ਪੁ. ਚੱਕਰ, ਗੇੜ; ਵਾਰੀ; ਗਸ਼ਤ; ਅਫ਼ਸਰ ਦਾ ਆਪਣੇ ਇਲਾਕੇ ਵਿਚ ਘੁੰਮਣ ਫਿਰਨ ਦਾ ਕੰਮ ।

[दौर:]फ़ा० पु० चक्कर, फेरा; भ्रमण, इधर उधर घूमने की क्रिया, अफ़सर का इलाक़े में जांच पड़ताल के लिए घूमने का काम ।

—دورہ سپرد کرنا—[ਦੌਰ: ਸਿਪੁਰ-ਦ ਕਰ-ਨਾ] ਮੁਹਾ. ਸੈਸ਼ਨ ਸਪੁਰਦ ਕਰਨਾ, ਅਦਾਲਤ ਦੇ ਹਵਾਲੇ ਕਰਨਾ ।

[दौर: सिपुर-द कर-ना] मुहा० सैशन को समर्पित करना; अदालत के हवाले करना ।

دوری—[ਦੌਰੀ] ਇ. ਛੋਟੀ ਟੋਕਰੀ ।

[दौरी] स्त्री० छोटी टोकरी ।

دوری—[ਦੂਰੀ] ਇ. ਫ਼ਾਸਲਾ, ਫ਼ਰਕ; ਜੁਦਾਈ, ਵਿਛੋੜਾ ।

[दूरी] स्त्री० अन्तर, फ़ासला; पृथकता ।

دوڑاک—[ਦੌੜਾਕ] ਵਿ. ਦੌੜਨ ਵਾਲਾ, ਚੰਗਾ ਦੌੜਨ ਵਾਲਾ ।

[दौड़ाक] वि० दौड़ने वाला, अच्छा दौड़ने वाला ।

دوڑ دھوپ—[ਦੌੜ ਧੁਪ] ਇ. ਭੱਜ ਨਠ, ਦੌੜ ਭਜ, ਉੱਦਮ ਜਤਨ ।

[दौड़ धूप] स्त्री० भाग दौड़, निरन्तर प्रयत्न, देख भाल ।

دوزخ—[ਦੋਜ਼ਖ਼] ਫ਼ਾ. ਪੁ. ਨਰਕ, ਪੇਟ, ਢਿੱਡ ।

[दोज़ख़] फ़ा० पु० नरक; पेट, उदर ।

—دوزخ بھرنا—[ਦੋਜ਼ਖ਼ ਭਰ-ਨਾ] ਮੁਹਾ. ਢਿੱਡ ਭਰਨਾ ।

[दोज़ख़ भर-ना] मुहा० पेट भरना ।

—دوزخی—[ਦੋਜ਼ਖ਼ੀ] ਪੁ. ਪਾਪੀ, ਨਰਕਵਾਸੀ ।

[दोज़ख़ी] पु० पापी, नरक-वासी ।

دوست—[ਦੋਸ-ਤ] ਫ਼ਾ. ਪੁ. ਮਿੱਤਰ, ਯਾਰ, ਸਾਥੀ, ਪਿਆਰਾ, ਸੱਜਣ; ਮਸ਼ੂਕ ।

[दोस-त] फ़ा० पु० मित्र; सहचर, परिचित, प्रिय, प्यारा ।

—دوستانہ—[ਦੋਸ-ਤਾਨ:] ਫ਼ਾ. ਪੁ. ਯਾਰੀ, ਮਿੱਤਰਤਾ, ਸੱਜਣਤਾਈ, ਸੱਜਣਤਾਈ, ਪਿਆਰ, ਮੁਹੱਬਤ ।

[दोस-ताना:] फ़ा० पु० मित्रता, दोस्ती, प्रेम, प्यार, प्रीत ।

—دوستدار—[ਦੋਸ-ਤ ਦਾਰ] ਫ਼ਾ. ਪੁ. ਸ਼ੁਭਚਿੰਤਕ, ਭਲਾ ਚਾਹੁਣ ਵਾਲਾ, ਭੇਤੀ, ਦੋਸਤ ।

[दोस-त दार] फ़ा० पु० शुभचिन्तक, भला चाहने वाला, भेदी, मित्र ।

—دوست داری • دوستداری—[ਦੋਸ-ਤ ਦਾਰੀ] ਫ਼ਾ. ਇ. ਭਲਾ ਚਾਹੁਣ ਦਾ ਭਾਵ, ਦੋਸਤੀ, ਮਿੱਤਰਤਾ, ਸੱਜਣਤਾਈ, ਪ੍ਰੇਮ ਭਗਤੀ ।

[दोस-त दारी] फ़ा० स्त्री० भला चाहने का भाव, मित्रता, दोस्ती ।

—دوستی—[ਦੋਸ-ਤੀ] ਇ. ਮਿੱਤਰਤਾ, ਪਿਆਰ ਮੁਹੱਬਤ, ਯਾਰੀ, ਆਸ਼ਨਾਈ, ਦੋਸਤਾਨਾ ।

[दोस-ती] स्त्री० मित्रता, प्रेम, प्यार, प्रीत, दोस्ताना ।

دوسرا—[ਦੂਸ-ਰਾ] ਵਿ. ਦੂਜਾ, ਦੂਸਰਾ, ਹੋਰ; ਓਪਰਾ, ਬਿਗਾਨਾ, ਗ਼ੈਰ ।

[दूस-रा] वि० अन्य, और; अपरिचित, बेगाना, कोई और ।

دوش—[ਦੋਸ਼] ਫ਼ਾ. ਪੁ. ਮੋਢਾ, ਕੰਧਾੜਾ; ਬੀਤੀ ਹੋਈ ਰਾਤ ।

[दोश] फ़ा० पु० कन्धा; बीती हुई रात ।

—دوش بدوش—[ਦੋਸ਼ ਬਦੋਸ਼] ਕ੍ਰਿ. ਵਿ. ਮੋਢੇ ਨਾਲ ਮੋਢਾ ਜੋੜ ਕੇ, ਨਾਲੋ ਨਾਲ, ਨਾਲ ਨਾਲ, ਇਕ ਦੂਜੇ ਦੇ ਨਾਲ ।

[दोश बदोश] क्रि० वि० कन्धे से कन्धा जोड़ कर, साथ ही साथ, एक दूसरे के साथ ।

دوشیزگی—[ਦੋਸ਼ੀਜ਼ਗੀ] ਫ਼ਾ. ਇ. ਕੁੰਵਾਰਾ ਪਨ, ਕੁਮਾਰ ਅਵਸਥਾ ।

[दोशीज़गी] फ़ा० स्त्री० कौमारावस्था, कुमारी होने का भाव ।

دوشیزہ—[ਦੋਸ਼ੀਜ਼:] ਫ਼ਾ. ਇ. ਕੁੰਵਾਰੀ ਲੜਕੀ, ਅਣਵਿਆਹੀ ਕੁੜੀ ।

[दोशीज़:] फ़ा० स्त्री० कुमारी लड़की, अविवाहित लड़की ।

دو شینہ—[ਦੋਸ਼ੀਨ:] ਫ਼ਾ. ਵਿ. ਬੀਤੀ ਹੋਈ ਰਾਤ ਦਾ ।

[दोशीन:] फ़ा० वि० बीती हुई रात का ।

دوغ—[ਦੋਗ਼] ਫ਼. ਪੁ. ਦਹੀਂ; ਲੱਸੀ; ਰਾਇਤਾ ।
[दोग़] स्त्री॰ पु॰ दही; लस्सी; रायता ।

دوغلا—[ਦੋਗ਼ਲਾ] ਫ਼. ਪੁ. ਦੋ ਨਸਲਾ, ਜਿਸ ਦੇ ਮਾਂ ਬਾਪ ਦੋ ਵੱਖ ਵੱਖ ਕੌਮਾਂ ਦੇ ਹੋਣ; ਕਮੀਨਾ, ਨੀਚ, ਭੈੜੇ ਅਸਲੇ ਦਾ ।
[दोग़ला] वि॰ पु॰ वह मनुष्य जिस के माता पिता भिन्न जातियों के हों; वर्ण-संकर का, बुरे वंश का ।

دول—[ਦੁੱਵਿਲ, ਦੁਵਲ, ਦਵਲ] ਅਰ. ਪੁ. دولت ਦਾ ਬਹੁਵਚਨ, ਰਾਜ, ਹਕੂਮਤ, ਸਾਮਰਾਜ ।
[दुविल, दुवल, दवल] अ॰ पु॰ دولت का बहुवचन, राज्य, शासन ।

دولاب—[ਦੋਲਾਬ] ਫ਼ਾ. ਪੁ. ਰਹਟ ।
[दोलाब] फ़ा॰ पु॰ रहट ।

دولت—[ਦੌਲਤ] ਅਰ. ਇ. ਧਨ, ਮਾਇਆ, ਮਾਲ; ਨਸੀਬਾ, ਭਾਗ, ਖ਼ੁਸ਼ਕਿਸਮਤੀ; ਰਾਜ, ਹਕੂਮਤ; ਖ਼ਾਨਦਾਨ ।
[दौलत] अ॰ स्त्री॰ धन, सम्पत्ति, ऐश्वर्य; सौभाग्य; राज्य, शासन; ख़ानदान ।

دولت خانہ - دولتخانہ—[ਦੌਲਤ ਖ਼ਾਨਾ] ਪੁ. ਸਤਿਕਾਰ ਵਜੋਂ ਕਿਸੇ ਦੇ ਘਰ ਨੂੰ ਕਹੀਦਾ ਹੈ; ਕਿਸੇ ਅਮੀਰ ਜਾਂ ਬਾਦਸ਼ਾਹ ਦਾ ਘਰ ।
[दौलत ख़ाना] पु॰ सत्कार के कारण किसी के घर को कहते हैं; किसी धनवान् अथवा राजा का घर ।

دولت سرائے - دولتسرائے—[ਦੌਲਤ ਸਰਾਏ] ਫ਼ਾ. ਇ. ਵੇਖੋ : دولت خانہ
[दौलत सराये] फ़ा॰ स्त्री॰ देखो : دولت خانہ

دولہا—[ਦੂਲ-ਹਾ] ਪੁ. ਲਾੜਾ, ਵਿਆਹ ਵਾਲਾ ਲੜਕਾ, ਢੋਲਾ ।
[दूल-हा] पु॰ वर, विवाह करने वाला लड़का ।

دولہا بھائی—[ਦੂਲ-ਹਾ ਭਾਈ] ਪੁ. ਭੈਣ ਦਾ ਪਤੀ, ਭਣਵਈਆ ।
[दूल-हा भाई] पु॰ बहन का पति, बहनोई ।

دوم—[ਦੁਵੱਮ] ਵਿ. ਦੂਜਾ, ਦੂਸਰਾ, ਹੋਰ ।
[दुव्वम] वि॰ दूसरा, द्वितीय, और ।

دومیں—[ਦੁਵੱਮੀਂ] ਵਿ. ਵੇਖੋ : دوم
[दुव्वमीं] वि॰ देखो : دوم

دوں—[ਦੂੰ] ਵਿ. ਕ੍ਰਿ. ਵਿ. ਕਮੀਨਾ, ਘਟੀਆ, ਨੀਚ; ਹੇਠਾਂ, ਥੱਲੇ; ਬਗ਼ੈਰ, ਬਿਨਾ ।
[दूँ] वि॰ क्रि॰ वि॰ नीच, तुच्छ, घटिया, पतित; नीचे; अतिरिक्त, सिवाय, बिना ।

دوں ہمت—[ਦੂੰ ਹਿੰਮਤ] ਫ਼ਾ. ਪੁ. ਕਮੀਨਾ, ਨਾ ਸ਼ੁਕਰਾ, ਨਿਘਰਿਆ ਹੋਇਆ ।
[दूँ हिम्मत] फ़ा॰ पु॰ नीच, एहसान को न मानने वाला; हत साहस ।

دونا—[ਦੂਣਾ] ਵਿ. ਦੁਗਣਾ, ਦੂਣਾ, ਦੋਹਰਾ; ਵਧ ।
[दूना] वि॰ दुगना; दुहरा; अधिक ।

دونا—[ਦੋਨਾ] ਪੁ. ਡੂਨਾ, ਪੱਤਰਾਂ ਦਾ ਬਣਿਆ ਪਾਤਰ; ਨਿਆਜ਼ ਦੀ ਮਠਿਆਈ ਜੋ ਡੂਨਿਆਂ ਵਿਚ ਪਾਕੇ ਵੰਡੀ ਜਾਂਦੀ ਹੈ ।
[दोना] पु॰ दौना, पत्तों का बना हुआ पात्र; भेंट के रूप में बांटी जाने वाली मिठाई जो दोनों में डाल कर दी जाती है ।

دوہا—[ਦੋਹਾ] ਪੁ. ਦੋਹਰਾ, ਦੋ ਤੁਕਾਂ ਦਾ ਛੰਦ ।
[दोहा] पु॰ दो तुकों का छन्द, दोहा ।

دوہائی—[ਦੋਹਾਈ] ਇ. ਵੇਖੋ : دوھائی
[दोहाई] स्त्री॰ देखो : دوھائی

دوہتا—[ਦੋਹ-ਤਾ] ਪੁ. ਦੋਹਤਰਾ, ਧੀ ਦਾ ਪੁੱਤਰ ।
[दोह-ता] पु॰ अपनी लड़की का पुत्र ।

دوہتی—[ਦੋਹ-ਤੀ] ਇ. ਦੋਹਤਰੀ, ਧੀ ਦੀ ਧੀ ।
[दोह-ती] स्त्री॰ पुत्री की लड़की ।

دوہر—[ਦੋਹਰ] ਇ. ਦੁਲਾਈ, ਦੋਹਰੀ ਚਾਦਰ; ਦਰਿਆ ਦੀ ਪੁਰਾਣੀ ਗਹਿ; ਦੋ ਫ਼ਸਲੀ ਜ਼ਮੀਨ ।
[दोहर] स्त्री॰ दुहरी चादर; नदी की पुरानी तह; दो फ़सली भूमि ।

دوہرا—[ਦੋਹ-ਰਾ] ਪੁ. ਵੇਖੋ : دوہا
[दोह-रा] पु॰ देखो : دوہا

دوہلی—[ਦੂਹ-ਲੀ] ਇ. ਫ਼ਕੀਰਾਂ ਨੂੰ ਦਾਨ ਕਰਕੇ ਦਿੱਤੀ ਭੋਂ ।
[दूह-ली] स्त्री॰ साधुओं को दान में दी गई भूमि ।

ده—[ਦਿਹ] ਫ਼ਾ. ਪੁ. ਪਿੰਡ, ਗਿਰਾਂ, ਬਸਤੀ ।
[दिह] फ़ा॰ पु॰ ग्राम, बस्ती ।

ده بندی—[ਦਿਹ ਬੰਦੀ] ਫ਼ਾ. ਇ. ਹਲਕਾ ਬੰਦੀ, ਪਿੰਡ ਦਾ ਨਕਸ਼ਾ ।
[दिह बंदी] फ़ा॰ स्त्री॰ गांव की हलका बन्दी, गांव चित्र ।

ده—[ਦਹ] ਵਿ. ਦਸ ।
[दह] वि॰ दस ।

ده چند—[ਦਹ ਚੰਦ] ਵਿ. ਦਸ ਗੁਣਾ, ਦਸ ਹਿੱਸੇ ।
[दह चंद] वि॰ दस गुना, दस भाग ।

ده در دنیا ستر در آخرت—[ਦਹ ਦਰ ਦੁਨ-ਯਾ ਸੱਤਰ ਦਰ ਆਖ਼ਿਰਤ] ਅਖੌ. ਦੁਨੀਆਂ ਵਿਚ ਨੇਕ ਕੰਮ ਲਈ ਦਸ ਖ਼ਰਚ ਕਰਨ ਵਾਲੇ ਨੂੰ ਅਗਲੇ ਜਹਾਨ ਸੱਤਰ ਮਿਲਦੇ ।
[दह दर दुन्या सत्तर दर आख़िरत] लोको॰ संसार में भलाई के काम के लिए दस व्यय करने वाले को परलोक में सत्तर मिलेंगे ।

ده در ده—[ਦਹ ਦਰ ਦਹ] ਪੁ. ਦਸ ਗਜ਼ ਮੁਰੱਬਾ, ਦਸ ਹੱਥ ਲੰਮਾ ਤੇ ਦਸ ਹੱਥ ਚੌੜਾ; ਦਸ ਗਜ਼ ਮੁਰੱਬਾ ਤੇ ਇਕ ਗਿਠ ਡੂੰਘਾ ਪਾਣੀ ਜੋ ਇਸਲਾਮ ਅਨੁਸਾਰ ਪਾਕ ਸਮਝਿਆ ਜਾਂਦਾ ਹੈ ।

[दह दर दह] पु० दस गज का वर्ग, दस हाथ लम्बा और दस हाथ चौड़ा स्थान; दस वर्ग गज में और एक जिसका पानी जो इस्लाम के अनुसार पवित्र समझा जाता है।

— دہ یک —[ਦਹ ਯਕ] ਫ਼ਾ. ਪੁ. ਇਕ ਬਟਾ ਦਸ, 1/10, ਦਸਵਾਂ ਹਿੱਸਾ, ਦਸਾਂ ਵਿਚੋਂ ਇਕ, ਦਸ ਫ਼ੀ ਸਦੀ।

[दह यक] फ़ा० पु० दसवाँ भाग 1/10, दस में से एक, दस प्रतिशत।

— دہ یکے —[ਦਹ ਯਕੇ] ਫ਼ਾ. ਇ. ਵੇਖੋ : دہ یک

[दह यके] फ़ा० स्त्री० देखो : دہ یک

دھا —[ਧਹਾ] ਪੁ. ਮੁਹੱਰਮ, ਹਿਜਰੀ ਸਾਲ ਦਾ ਪਹਿਲਾ ਮਹੀਨਾ।

[धहा] पु० मुहर्रम, हिजरी साल का पहला मास।

دھات —[ਧਾਤ] ਇ. ਸੋਨਾ, ਚਾਂਦੀ, ਤਾਂਬਾ, ਲੋਹਾ ਆਦਿ ਕੋਈ ਵਸਤੂ ਜੋ ਖਾਣ ਵਿਚੋਂ ਕੱਢ ਕੇ ਸ਼ੁਧ ਕੀਤੀ ਜਾਂਦੀ ਹੈ; ਮਨੀ, ਵੀਰਜ।

[धात] स्त्री० सोना, चांदी, तांबा, लोहा आदि कोई वस्तु जो खान में से निकाल कर शुद्ध की जाती है; वीर्य।

دھار —[ਧਾਰ] ਇ. ਲੀਕ, ਲਕੀਰ; ਫੁਹਾਰਾ; ਤਲਵਾਰ ਦਾ ਕਾਟ ਕਰਨ ਵਾਲਾ ਹਿੱਸਾ; ਪਾਣੀ ਦਾ ਵਹਿਣ; ਉਹ ਥਾਂ ਜਿੱਥੇ ਦਰਿਆ ਦੇ ਪਾਣੀ ਦਾ ਜ਼ੋਰ ਹੋਵੇ।

[धार] स्त्री० लकीर; फुहारा; तलवार का काटने वाला भाग; पानी का बहाव; वह स्थान जहां नदी के पानी का प्रवाह तेज़ हो।

— دھارا —[ਧਾਰਾ] ਪੁ. ਧਾਰ, ਚਸ਼ਮਾ, ਸੋਮਾ, ਸੋਤਾ, ਮੁਹਾਣਾ, ਝਰਨਾ; ਪਾਣੀ ਦਾ ਵਹਿਣ; ਪਹਾੜਾਂ ਦੀ ਲੜੀ।

[धारा] पु० धार, झरना, स्रोत, मुहाना, पानी का प्रवाह; पहाड़ की चोटी, पर्वतों की लड़ी।

— دھار باندھنا —[ਧਾਰ ਬੰਨ੍ਹ-ਣਾ] ਮੁਹਾ. ਮੰਤਰ ਪੜ੍ਹ ਕੇ ਫੂਕਣਾ ਕਿ ਤਲਵਾਰ ਦੀ ਧਾਰ ਕਾਟ ਨਾ ਕਰ ਸਕੇ, ਮੰਤਰ ਪੜ੍ਹ ਕੇ ਤਲਵਾਰ ਦੀ ਧਾਰ ਨੂੰ ਕੱਟਣ ਜੋਗ ਨਾ ਰਹਿਣ ਦੇਣਾ।

[धार बांध-ना] मुहा० मन्त्र पढ़ कर फूंकना कि खड्ग की धारा काट न सके, मन्त्र पढ़ कर खड्ग की धारा को काटने योग्य न रहने देना।

— دھارم دھار رونا —[ਧਾਰਮ-ਧਾਰ ਰੋਣਾ] ਮੁਹਾ. ਬਹੁਤ ਜ਼ਿਆਦਾ ਰੋਣਾ, ਫੁੱਟ ਫੁੱਟ ਕੇ ਰੋਣਾ।

[धारम-धार रोना] मुहा० बहुत अधिक रोना, फूट फूट कर रोना।

— دھاروں دھار رونا —[ਧਾਰੋਂ ਧਾਰ ਰੋਣਾ] ਮੁਹਾ. ਵੇਖੋ : دھارم دھار رونا

[धारों धार रोना] स्त्री० देखो : دھارم دھار رونا

دھاری —[ਧਾਰੀ] ਇ. ਲੀਕ, ਲਕੀਰ।

[धारी] स्त्री० लकीर।

— دھاری دار —[ਧਾਰੀ ਦਾਰ] ਵਿ. ਧਾਰੀਆਂ ਵਾਲਾ, ਲਕੀਰਾਂ ਵਾਲਾ।

[धारी दार] वि० धारियों वाला, लकीरदार।

دھاڑ —[ਦਹਾੜ] ਇ. ਰੌਲਾ, ਸ਼ੋਰ, ਗਰਜ, ਸ਼ੇਰ ਦੀ ਆਵਾਜ਼।

[दहाड़] स्त्री० शोर, कोलाहल, गर्ज, सिंह की आवाज़।

دھاڑنا —[ਦਹਾੜ-ਨਾ] ਕ੍ਰਿ. ਅਕ. ਗੱਜਣਾ, ਗਰਜਣਾ, ਚੰਘਾੜਨਾ; ਰੌਲਾ ਪਾਉਣਾ; ਬੱਚਿਆਂ ਦਾ ਉੱਚੀ ਆਵਾਜ਼ ਵਿਚ ਰੋਣਾ।

[दहाड़-ना] क्रि० अक० गरजना, चिंघाड़ना; शोर डालना; बच्चों का ऊंची आवाज़ में रोना।

دھاک —[ਧਾਕ] ਇ. ਰੋਹਬ; ਡਰ, ਸਹਿਮ; ਸ਼ੁਹਰਤ, ਦਬਦਬਾ, ਧੁੰਮ।

[धाक] स्त्री० प्रभाव; डर, आतंक; कीर्ति, यश, धूम।

— دھاک بندھنا —[ਧਾਕ ਬੰਧ-ਣਾ] ਮੁਹਾ. ਧੁੰਮ ਪੈਣਾ; ਸ਼ੁਹਰਤ ਹੋਣਾ।

[धाक बंध-ना] मुहा० धूम पड़ना, यश फैलना।

دھاکا —[ਦਹਾਕਾ] ਪੁ. ਦਸਾਂ ਦਾ ਅੰਕ।

[दहाका] पु० दस का अंक, दस चीज़ों का संग्रह।

دھان —[ਧਾਨ] ਪੁ. ਝੋਨਾ, ਛਿਲਕਿਆਂ ਸਮੇਤ ਚਾਵਲ; ਚਾਵਲ ਦਾ ਬੂਟਾ ਜਾਂ ਫ਼ਸਲ।

[धान] पु० छिलकों सहित चावल; चावल का पौधा अथवा फ़सल।

دہان —[ਦਹਾਨ] ਫ਼ਾ. ਪੁ. ਮੂੰਹ; ਛੇਕ, ਸੁਰਾਖ਼, ਮੋਰੀ; ਫੱਟ।

[दहान] फ़ा० पु० मुख; छेद, सुराख़; चोट, ज़ख़्म।

دہانہ — [ਦਹਾਨਹ] ਫ਼ਾ. ਪੁ. ਮੂੰਹ; ਕਿਸੇ ਦਰਿਆ ਦੇ ਸਮੁੰਦਰ ਵਿਚ ਡਿੱਗਣ ਦਾ ਸਥਾਨ; ਨਾਲੀ, ਮੋਰੀ; ਲੋਹੇ ਦਾ ਉਹ ਹਿੱਸਾ ਜਿਹੜਾ ਘੋੜੇ ਦੇ ਮੂੰਹ ਵਿਚ ਰਹਿੰਦਾ ਹੈ, ਕੜਿਆਲਾ।

[दहान:] फ़ा० पु० मुख; किसी नदी के सागर में गिरने का स्थान; नाली, छेद; लगाम में लोहे का वह हिस्सा जो घोड़े के मुख में रहता है।

دھانی —[ਧਾਨੀ] ਵਿ ਪੁ. ਹਲਕਾ ਹਰਾ ਰੰਗ; ਇਕ ਪ੍ਰਕਾਰ ਦਾ ਚਾਵਲ।

[धानी] वि० पु० हलका हरा रंग; एक प्रकार का चावल।

دھاوا — [ਧਾਵਾ] ਪੁ. ਹਮਲਾ, ਹੱਲਾ, ਚੜ੍ਹਾਈ।

[धावा] पु० आक्रमण, चढ़ाई।

دہائی —[ਦਹਾਈ] ਇ. ਦਸਾਂ ਦਾ ਅੰਕ, ਦਹਾਕਾ, ੧੦।

[दहाई] स्त्री० दस का अंक, १०।

دھبا —[ਧੱਬਾ] ਪੁ. ਦਾਗ਼, ਨਿਸ਼ਾਨ; ਐਬ, ਕਲੰਕ।

[धब्बा] पु० कलंक निशान; त्रुटि, दोष।

— دھبا لگانا —[ਧੱਬਾ ਲਗਾਉਣਾ] ਮੁਹਾ. ਐਬ ਮੱਥੇ ਲਾਉਣਾ, ਬਦਨਾਮ ਕਰਨਾ।

[धब्बा लगाना] मुहा० कलंक लगाना, कलंकित करना।

دھبلا —[ਧਬ-ਲਾ] ਪੁ. ਲਹਿੰਗਾ, ਘਗਰਾ ।
[धब-ला] पु॰ लहँगा, घघरा ।
دھت —[ਧਤ] ਇ. ਆਦਤ, ਸ਼ੌਂਕ, ਭੈੜੀ ਵਾਦੀ; ਹਾਥੀ ਨੂੰ ਤੋਰਨ ਦੀ ਆਵਾਜ਼ ।
[धत] स्त्री॰ आदत, बुरी आदत; हाथी को चलाने की आवाज़ ।
دھُت —[ਧੁਤ] ਵਿ. ਨਸ਼ੇ ਵਿਚ ਮਸਤ, ਗੁੱਟ; ਬਦਮਸਤ ; ਟਾਲ ਮਟੋਲ; ਲਾਹਨਤ ਮਲਾਮਤ ।
[धुत] वि॰ नशे में मस्त, मदमस्त; टाल मटोल; फिटकार ।
دھتا —[ਧੱਤਾ] ਪੁ. ਟਾਲ ਮਟੋਲ; ਛਲ, ਕਪਟ, ਧੋਖਾ ।
[धत्ता] पु॰ टाल मटोल, छल कपट, धोखा ।
دھتا بتاؤنا —[ਧੱਤਾ ਬਤਾਉਣਾ] ਮੁਹਾ. ਛਲ ਫ਼ਰੇਬ ਕਰਨਾ, ਧੋਖਾ ਕਰਨਾ ।
[धत्ता बताना] मुहा॰ छल फ़रेब करना, धोखा करना ।
دھتکار —[ਧੁਤ-ਕਾਰ] ਇ. ਝਾੜ ਝੰਬ, ਲਾਹਨਤ ਮਲਾਮਤ ।
[धुत-कार] स्त्री॰ झाड़ झपट, फिटकार ।
دھتکارنا —[ਧੁਤ-ਕਾਰ-ਨਾ] ਕ੍ਰਿ. ਸਕ. ਲਾਹਨਤ ਮਲਾਮਤ ਕਰਨਾ ।
[धुत-कार-ना] क्रि॰ सक॰ फिटकारना ।
دھتورا —[ਧਤੂਰਾ] ਪੁ. ਇਕ ਕੰਡੇਦਾਰ ਜ਼ਹਿਰੀਲਾ ਪੌਦਾ ਤੇ ਉਸਦਾ ਫਲ ।
[धतूरा] पु॰ कनक, एक कांटेदार विषैला पौधा और उसका फल ।
دھتیا —[ਧਤੀਆ] ਵਿ. ਜਿਸਨੂੰ ਆਦਤ ਪਈ ਹੋਵੇ, ਆਦੀ ।
[धतिया] वि॰ जिसे आदत पड़ी हुई हो ।
دھج —[ਧਜ] ਇ. ਪੁ. ਤਰੀਕਾ, ਢੰਗ, ਚਾਲ, ਸ਼ਿੰਗਾਰ, ਸ਼ਕਲ, ਨੁਹਾਰ ।
[धज] स्त्री॰ पु॰ विधि, ढंग, चाल, रीति, आकृति, आकार ।
دھجی —[ਧੱਜੀ] ਇ. ਲੀਰ, ਕਾਤਰ, ਕਪੜੇ ਦਾ ਟੁਕੜਾ ।
[धज्जी] स्त्री॰ कतरन, कपड़े का टुकड़ा ।
دھجیاں اُڈاؤنا —[ਧੱਜੀਆਂ ਉਡਾਉਣਾ] ਮੁਹਾ. ਟੁਕੜੇ ਟੁਕੜੇ ਕਰ ਦੇਣਾ, ਚਕਨਾਚੂਰ ਕਰ ਦੇਣਾ; ਜ਼ਲੀਲ ਕਰਨਾ ।
[धज्जियाँ उड़ाना] मुहा॰ टुकड़े टुकड़े कर देना, चकनाचूर कर देना; अपमानित करना ।
دھجیر —[ਧਜੀਰ] ਇ. ਵੇਖੋ : دھجی ।
[धजीर] स्त्री॰ देखो : دھجی ।
دھجیلا —[ਧਜੀਲਾ] ਵਿ. ਧਜ ਵਾਲਾ, ਛਬੀਲਾ, ਫਬਣ ਵਾਲਾ, ਸੋਹਣਾ, ਬਾਂਕਾ ।
[धजीला] वि॰ शोभा वाला, छवियुक्त, कान्ति युक्त सुन्दर, बाँका ।
دھچکا —[ਧਚ-ਕਾ] ਪੁ. ਸੱਟ, ਧੱਕਾ, ਝਟਕਾ ।
[धच-का] पु॰ चोट, धक्का, झटका ।
دہر —[ਦਹ-ਰ, ਦਹਰ] ਅਰ. ਪੁ. ਜ਼ਮਾਨਾ, ਯੁਗ, ਵਕਤ, ਜਗ, ਦੁਨੀਆਂ ।
[दह-र, दहर] अर॰ पु॰ संसार, समय, विश्व, युग ।
دھُر —[ਧੁਰ] ਪੁ. ਮੁੱਢ, ਆਦਿ, ਸਿਰਾ; ਦੁਨੀਆਂ ਦੇ ਬਣਨ ਦਾ ਸਮਾਂ ਜਾਂ ਦਿਨ ।
[धुर] पु॰ नींव, आदि, सिरा; संसार की उत्पत्ति का समय अथवा दिन ।
دھر دھمکنا —[ਧਰ ਧਮਕ-ਣਾ] ਮੁਹਾ. ਆ ਵੱਜਣਾ; ਆ ਢੁੱਕਣਾ, ਆ ਪੁੱਜਣਾ; ਦੌੜਨਾ, ਭੱਜਣਾ ।
[धर धमक-ना] मुहा॰ आ धमकना, आ पहुँचना; दौड़ना, भागना ।
دھر دھر جلنا —[ਧਰ ਧਰ ਜਲ-ਣਾ] ਮੁਹਾ. ਬੜੇ ਜ਼ੋਰ ਨਾਲ ਸੜਨਾ, ਲਾਟਾਂ ਛੱਡ ਕੇ ਸੜਨਾ ।
[धर धर जल-ना] मुहा॰ बहुत तेज़ी से जलना, लपटों के साथ जलना ।
دوہرا —[ਦੂਹ-ਰਾ] ਵਿ. ਦੋ ਤਹਿਆਂ ਵਾਲਾ; ਦੁਗਣਾ, ਦੂਣਾ; ਮੋਟਾ, ਭਾਰਾ ।
[दुह-रा] वि॰ दो तहों वाला; दुगना; मोटा, भारी ।
دوہرا تیہرا —[ਦੂਹ-ਰਾ ਤਿਹ-ਰਾ] ਵਿ. ਦੂਣਾ ਤੀਣਾ, ਦੋ ਤਿੰਨ ਤਹਿਆਂ ਵਾਲਾ ।
[दुह-रा तिह-रा] वि॰ दुगना, तिगुना, दो तीन तहों वाला ।
دھرا جانا —[ਧਰਾ ਜਾਣਾ] ਮੁਹਾ. ਫੜਿਆ ਜਾਣਾ ।
[धरा जाना] मुहा॰ पकड़ा जाना ।
دھرا ڈھکا —[ਧਰਾ ਢਕਾ] ਵਿ. ਰਖਿਆ ਸਾਂਭਿਆ, ਬਚਿਆ ਖੁਚਿਆ ਹੋਇਆ ।
[धरा ढका] वि॰ रखा हुआ, बचा कर रखा हुआ, शेष रहा हुआ ।
دھرپت —[ਧੁਰ-ਪਤ] ਇ. ਵੇਖੋ : دھرپد ।
[धुर-पत] स्त्री॰ देखो : دھرپد ।
دھرپد —[ਧੁਰ-ਪਦ] ਇ. ਇਕ ਰਾਗ; ਬੱਤੀ ਮਾਤਰਾਂ ਦਾ ਇਕ ਹਿੰਦੀ ਛੰਦ ।
[धुर-पद] स्त्री॰ एक प्रकार का राग; बत्तीस मात्राओं का हिन्दी छन्द ।
دھرتی —[ਧਰ-ਤੀ] ਇ. ਭੋਂ, ਜ਼ਮੀਨ; ਦੁਨੀਆਂ, ਜਹਾਨ ।
[धर-ती] स्त्री॰ भूमि, पृथ्वी, धरा; संसार, विश्व ।
دھرتی دا پھُل —[ਧਰ-ਤੀ ਦਾ ਫੁਲ] ਪੁ. ਖੁੰਬ, ਡੱਡੂ ।
[धर-ती का फूल] पु॰ छत्रक, मेंढक, दादुर ।

دهرم—[ਧਰ-ਮ] ਵਿਸ਼ਵਾਸ, ਫ਼ਰਜ਼, ਹੱਕ; ਨੇਕੀ, ਨਿਆਂ, ਸਚਾਈ; ਕਾਇਦਾ, ਤਰੀਕਾ, ਚੰਗਾ ਪੰਥ, ਮਜ਼੍ਹਬ, ਈਮਾਨ।
[धर-म] पु॰ विश्वास, कर्तव्य, अधिकार; भलाई, न्याय, सत्यपरायणता; विधि, ढंग, रीति; पन्थ, धर्म, सम्प्रदाय।

—دهرم آتما—[ਧਰ-ਮ ਆਤ-ਮਾ] ਵਿ. ਧਰਮੀ; ਖੁਲ੍ਹ ਦਿਲਾ, ਸਖੀ, ਦਾਤਾ।
[धर-म आत-मा] वि॰ धर्मी; उदार, दाता, दानी।

—دهرم بگاڑنا—[ਧਰ-ਮ ਵਿਗਾੜ-ਨਾ] ਮੁਹਾ. ਈਮਾਨ ਖ਼ਰਾਬ ਕਰਨਾ, ਧਰਮ ਭ੍ਰਿਸ਼ਟ ਕਰਨਾ, ਬੇਈਮਾਨੀ ਕਰਨਾ।
[धर-म बिगाड़-ना] मुहा॰ धर्म भ्रष्ट करना, धर्म-च्युत करना, विधर्मी बनाना।

دهریچا—[ਧਰੀਚਾ] ਪੁ. ਵਿਧਵਾ ਤੀਵੀਂ ਦਾ ਦੂਜਾ ਵਿਆਹ।
[धरीचा] विधवा स्त्री का दूसरा विवाह।

دهریہ—[ਦਹ-ਰਿਯਹ] ਅਰ. ਪੁ. ਰੱਬ ਤੋਂ ਮੁਨਕਰ, ਨਾਸਤਕ।
[दह-रियः] अर॰ पु॰ ईश्वर को न मानने वाला, नास्तिक।

دهسا—[ਧੁੱਸਾ] ਪੁ. ਸ਼ਾਲ, ਪਸ਼ਮੀਨੇ ਦੀ ਮੋਟੀ ਚਾਦਰ।
[धुस्सा] पु॰ शाल।

دهش—[ਦਿਹਿਸ਼] ਫ਼ਾ. ਇ. ਦਾਤ, ਬਖ਼ਸ਼ੀਸ਼।
[दिहिश] फ़ा॰ स्त्री॰ दात, दान, दान में दी हुई वस्तु।

دهشت—[ਦਹ-ਸ਼ਤ] ਫ਼ਾ. ਇ. ਡਰ, ਸਹਿਮ, ਖ਼ਤਰਾ।
[दह्-शत] फ़ा॰ स्त्री॰ डर, भय, ख़तरा।

—دهشت انگیز—[ਦਹ-ਸ਼ਤ ਅੰਗੇਜ਼] ਫ਼ਾ. ਵਿ. ਡਰਾਉਣਾ, ਭਿਆਨਕ, ਭੈ ਦਾਇਕ।
[दह्-शत अंगेज़] फ़ा॰ वि॰ भीषण, भयभीत करने वाला, भयानक।

—دهشت زده—[ਦਹ-ਸ਼ਤ ਜ਼ਦਹ] ਫ਼ਾ. ਵਿ. ਡਰਿਆ ਹੋਇਆ, ਸਹਿਮਿਆ ਹੋਇਆ।
[दह्-शत ज़दः] फ़ा॰ वि॰ डरा हुआ, भयभीत।

—دهشت ناک—[ਦਹ-ਸ਼ਤ ਨਾਕ] ਫ਼ਾ. ਵਿ. ਭਿਆਨਕ, ਡਰਾਉਣਾ।
[दह्-शत नाक] फ़ा॰ वि॰ भयानक, भयंकर, भीषण।

دهقان—[ਦਿਹ-ਕ਼ਾਨ, ਦਿਹ-ਕਾਨ] ਅਰ. ਪੁ. ਜ਼ਿਮੀਂਦਾਰ, ਕਿਸਾਨ।
[दिह्-क़ान, दिह्क़ान] अर॰ पु॰ किसान, ज़मींदार।

دهقانی—[ਦਿਹ-ਕ਼ਾਨੀ] ਵਿ. ਪੇਂਡੂ, ਉਜੱਡ।
[दिह्-क़ानी] वि॰ ग्रामीण, गँवारू।

دهک—[ਦਹਕ] ਇ. ਜੋਸ਼, ਤਪਸ਼; ਸਾੜ, ਜਲਨ।
[दहक] स्त्री॰ जोश, प्रकाश; जलन।

دهک—[ਧਕ] ਇ. ਛੋਟੀ ਜੂੰ; ਹੈਰਾਨੀ, ਦਿਲ ਦੀ ਅਚਾਨਕ ਧੜਕਣ।
[धक] स्त्री॰ छोटी जूँ; आश्चर्य, हृदय की अचानक धड़कन

—دهک دهکا—[ਧਕ ਧਕਾ] ਪੁ. ਦਿਲ ਦੀ ਧੜਕਣ।
[धक धका] पु॰ दिल की धड़कन।

—دهک دهکی—[ਧਕ-ਧਕੀ] ਇ. ਘੁਸਮੁਸੀ, ਚਿੰਤਾ, ਫ਼ਿਕਰ, ਸੋਚ।
[धक-धकी] स्त्री॰ दिल की धड़कन, चिन्ता, सोच।

—دهک سے رہ جانا—[ਧਕ ਸੇ ਰਹ ਜਾਨਾ] ਮੁਹਾ. ਹੈਰਾਨ ਰਹਿ ਜਾਣਾ।
[धक से रह जाना] मुहा॰ चकित रह जाना।

دهک—[ਧਿਕ] ਅਵ. ਲਾਹਨਤ ਦੀ ਗੱਲ ਹੈ।
[धिक] अव्य॰ लानत, शर्म।

دهکا پیل—[ਧੱਕਾ ਪੇਲ] ਇ. ਧੱਕਮ ਧੱਕਾ।
[धक्का पेल] स्त्री॰ धक्के पर धक्का।

دهکنا—[ਦਹਕ-ਣਾ] ਕ੍ਰਿ. ਅਕ. ਧੁਖਣਾ; ਹੌਲੀ ਹੌਲੀ ਬਲਣਾ।
[दहक-ना] क्रि॰ अक॰ धीरे धीरे जलना।

دهکیلنا—[ਧਕੇਲ-ਣਾ] ਕ੍ਰਿ. ਸਕ. ਧੱਕਣਾ।
[धकेल-ना] क्रि॰ सक॰ धक्का देना।

دهگدهگی—[ਧੁਗ-ਧੁਗੀ] ਇ. ਵੇਖੋ: دهک دهکی।
[धुग-धुगी] स्त्री॰ देखो: دهک دهکی।

دهگڑا—[ਧਗ-ੜਾ] ਪੁ. ਯਾਰ।
[धग-ड़ा] पु॰ प्रेमी।

دهل—[ਦਹਲ] ਇ. ਡਰ, ਸਹਿਮ, ਖ਼ੌਫ਼।
[दहल] स्त्री॰ डर, भय।

دهل—[ਦੁਹੁਲ] ਫ਼ਾ. ਪੁ. ਢੋਲ, ਨਗਾਰਾ।
[दुहुल] फ़ा॰ पु॰ ढोल, नगाड़ा।

دهلائی—[ਧੁਲਾਈ] ਇ. ਧੁਆਈ।
[धुलाई] स्त्री॰ धुलाई।

دهلنا—[ਦਹਲ-ਣਾ] ਕ੍ਰਿ. ਅਕ. ਸਹਿਮਣਾ, ਡਰਨਾ, ਤ੍ਰਭਕਣਾ।
[दहल-ना] क्रि॰ अक॰ डरना, भयभीत होना।

دهلنا—[ਧੁਲ-ਣਾ] ਕ੍ਰਿ. ਅਕ. ਧੋਤਾ ਜਾਣਾ।
[धुल-ना] क्रि॰ अक॰ धोया जाना।

دهلیز—[ਦਹ-ਲੀਜ਼] ਦਹਲੀਜ਼, ਡਿਓਢੀ, ਦੁਆਰ।
[दह्-लीज़] स्त्री॰ देहरी, चौखट।

—دهلیز کا کتا—[ਦਹ-ਲੀਜ਼ ਦਾ ਕੁੱਤਾ] ਪੁ. ਘਰ ਦਾ ਕੁੱਤਾ; ਦੂਜਿਆਂ ਦੇ ਆਸਰੇ ਜੀਉਣ ਵਾਲਾ ਮਨੁੱਖ।
[दह्-लीज़ का कुत्ता] पु॰ घर का कुत्ता; दूसरों के आश्रय पर जीने वाला मनुष्य।

—دهلیز کی مٹی لے ڈالنا—[ਦਹ-ਲੀਜ਼ ਦੀ ਮਿੱਟੀ ਲੈ ਡਾਲ-ਣਾ] ਮੁਹਾ. ਬਹੁਤ ਆਉਣਾ ਜਾਣਾ, ਬਹੁਤ ਫੇਰੇ ਪਾਉਣਾ।

[दहलीज की मिट्टी ले जाना] मुहा॰ बहुत आना जाना, चक्कर पर चक्कर लगाना।

دهلیز کے ٹھگے سے بیر نہیں جاتا—[ਦਹਲੀਜ਼ ਦੇ ਠਗੇ ਸੇ ਬੈਰ ਨਹੀਂ ਜਾਤਾ] ਅਖੌ. ਮੂਰਖਾਂ ਵਾਲੀਆਂ ਹਰਕਤਾਂ ਨਾਲ ਦੁਖ ਜਾਂ ਗੁੱਸਾ ਦੂਰ ਨਹੀਂ ਹੁੰਦਾ।

[दहलीज के ठगे से बैर नहीं जाता] लोको॰ मूर्खों जैसी चेष्टाओं से दुःख अथवा क्रोध दूर नहीं होता।

دهلیز نہ جهانکنا—[ਦਹਲੀਜ਼ ਨ: ਝਾਂਕ-ਣਾ] ਮੁਹਾ. ਦੁਆਰ ਨਾ ਟੱਪਣਾ, ਕਦੇ ਘਰ ਨਾ ਜਾਣਾ।

[दहलीज न: झांक-ना] मुहा॰ दहलीज न लांघना, कभी घर न जाना।

دهلینڈی—[ਧੁਲੇਂਡੀ] ਇ. ਹੋਲੀ ਦਾ ਦੂਜਾ ਦਿਨ।

[धुलेंडी] स्त्री॰ होली का दूसरा दिन।

دهم—[ਦਹੁਮ] ਵਿ. ਦਸਵਾਂ।

[दहुम] वि॰ दसवां।

دهم—[ਧਮ] ਇ. ਡਿੱਗਣ ਦੀ ਆਵਾਜ਼, ਕੁੱਦਣ ਦੀ ਆਵਾਜ਼, ਛਾਲ ਮਾਰਨ ਦੀ ਆਵਾਜ਼।

[धम] स्त्री॰ गिरने की आवाज़, कूदने की आवाज़, छलांग लगाने की आवाज़।

دهما چوکڑی—[ਧਮਾ ਚੌਕੜੀ] ਇ. ਊਧਮ, ਉੱਛਲ ਕੁੱਦ, ਰੌਲਾ ਰੱਪਾ।

[धमा चौकड़ी] स्त्री॰ उछल कूद, शोर, कोलाहल।

دهما دهم—[ਧਮਾਧਮ] ਇ. ਕੁੱਦਣ ਤੇ ਡਿੱਗਣ ਦੀ ਆਵਾਜ਼; ਲਗਾਤਾਰ ਕੁੱਦਣ ਦੀ ਆਵਾਜ਼।

[धमाधम] स्त्री॰ कूदने और गिरने की आवाज़; निरन्तर कूदने की आवाज़।

دهماکا—[ਧਮਾਕਾ] ਪੁ. ਬੰਦੂਕ ਤੋਪ ਆਦਿ ਦੀ ਆਵਾਜ਼; ਛਾਲ ਮਾਰਨ ਦੀ ਆਵਾਜ਼, ਸਦਮਾ, ਸੱਟ; ਹਾਥੀ ਤੇ ਲੱਦਣ ਵਾਲੀ ਤੋਪ।

[धमाका] पु॰ बन्दूक तोप आदि की आवाज़; छलांग लगाने की आवाज़, शोर, आघात; चोट, हाथी पर लादने वाली तोप।

دهمال—[ਧਮਾਲ, ਧੰਮਾਲ] ਇ. ਟੱਪ ਕੁੱਦ, ਉੱਛਲ ਕੁੱਦ, ਫ਼ਕੀਰਾਂ ਤੇ ਕਲੰਦਰਾਂ ਦਾ ਨੱਚਣਾ ਕੁੱਦਣਾ; ਰੌਲਾ ਰੱਪਾ, ਧੁਮ; ਇਕ ਪ੍ਰਕਾਰ ਦਾ ਰਾਗ।

[धमाल, धम्माल] स्त्री॰ उछल कूद; मदारियों और साधुओं का नाचना कूदना; शोर, कोलाहल, प्रसिद्धि; एक प्रकार का राग।

دهمالیہ—[ਧਮਾਲੀਆ] ਪੁ. ਧਮਾਲ ਪਾਉਣ ਵਾਲਾ; ਅੱਗ ਵਿਚ ਛਾਲ ਮਾਰਨ ਵਾਲਾ ਫ਼ਕੀਰ।

[धमालिया] पु॰ उछल कूद करने वाला; आग में छलांग लगाने वाला साधु।

دهمک—[ਧਮਕ] ਇ. ਪੈਰਾਂ ਦੀ ਆਵਾਜ਼, ਕਿਸੇ ਸਖ਼ਤ ਆਵਾਜ਼ ਨਾਲ ਦਿਲ ਨੂੰ ਪੁੱਜਾ ਸਦਮਾ।

[धमक] स्त्री॰ पांवों की आवाज़, किसी कठोर आवाज़ से हृदय को पहुंचा हुआ आघात।

دهمکانا—[ਧਮ-ਕਾਣਾ] ਕ੍ਰਿ. ਸਕ. ਡਰਾਉਣਾ।

[धम-काना] क्रि॰ सक॰ डराना।

دهمکنا—[ਧਮਕ-ਣਾ] ਕ੍ਰਿ. ਅਕ. ਚੀਸ ਉਠਣਾ, ਦਰਦ ਉਠਣਾ, ਸਹਿਮਣਾ, ਦਹਿਲਣਾ।

[धमक-ना] क्रि॰ अक॰ टीस उठना, पीड़ा उठना, भयभीत होना।

دهمکی—[ਧਮ-ਕੀ] ਇ. ਘੁਰਕੀ, ਡਰਾਵਾ।

[धम-की] स्त्री॰ डरावा, भय।

دهملا—[ਧੁਮ-ਲਾ] ਵਿ. ਧੁੰਦਲਾ।

[धुम-ला] वि॰ धुन्दला।

دهموکا—[ਧਮੂਕਾ] ਪੁ. ਮੁੱਕਾ, ਘਸੁੰਨ, ਧਮੋਕ।

[धमूका] पु॰ मुक्का।

دهن—[ਧੁਨ] ਇ. ਧੁਨੀ; ਰਾਗ, ਗੀਤ; ਧਿਆਨ, ਬਿਰਤੀ, ਸ਼ੌਕ, ਚਾਉ, ਲਗਨ; ਆਦਤ।

[धुन] स्त्री॰ ध्वनि, राग, गीत; ध्यान; वृत्ति; चाव, लगन; आदत।

دهن بهاگ—[ਧਨ ਭਾਗ] ਅਵ. ਖੁਸ਼ਕਿਸਮਤੀ, ਖੁਸ਼ਨਸੀਬੀ; ਵਾਹ ਵਾਹ।

[धन भाग] अव्य॰ अहोभाग्य, सौभाग्य; वाह वाह।

دهنا—[ਧਹਿਣਾ, ਧਹ-ਣਾ] ਵਿ. ਵੇਖੋ ; دهانا।

[धहिना, धह-ना] वि॰ देखो ; دهانا।

دهنا—[ਧੁੰਨਾ] ਪੁ. ਪੇਂਜਾ, ਰੂੰ ਪਿੰਜਣ ਵਾਲਾ।

[धुन्ना] पु॰ रूई धुनने वाला।

دهناسری—[ਧਨਾਸਰੀ] ਇ. ਮਾਲਕੌਂਸ ਦੀ ਇਕ ਰਾਗਣੀ।

[धनासरी] स्त्री॰ मालकौंस की एक रागिनी।

دهنا سیٹھ—[ਧੰਨਾ ਸੇਠ] ਪੁ. ਮਾਲਦਾਰ, ਅਮੀਰ, ਧਨਵਾਨ; ਹੰਕਾਰੀ; ਲੜਾਕਾ, ਫ਼ਸਾਦੀ।

[धन्ना सेठ] पु॰ धनी मनुष्य, धनवान्; अभिमानी; लड़ाका, झगड़ालू।

دهند—[ਧੁੰਦ] ਇ. ਨਜ਼ਰ ਕਮਜ਼ੋਰ ਹੋਣ ਦਾ ਰੋਗ, ਨਜ਼ਰ ਦੀ ਕਮਜ਼ੋਰੀ; ਅਕਾਸ਼ ਤੇ ਛਾਇਆ ਕੁਹਰਾ।

[धुंध] स्त्री॰ दृष्टि की कमज़ोरी, नज़र की कमी; कुहरा।

دهند کار—[ਧੁੰਦ-ਕਾਰ] ਪੁ. ਹਨੇਰਾ, ਘੁਪਕਾਰ।

[धुंध-कार] पु॰ अन्धकार, तम, अंधेरा।

دھندا—[ਧੰਦਾ] ਪੁ. ਕੰਮਕਾਜ, ਕਾਰ ਵਿਹਾਰ, ਰੁਜ਼ਗਾਰ, ਪੇਸ਼ਾ, ਕਿੱਤਾ।
[धंधा] पु० काम काज, व्यवहार, व्यवसाय।

دھندا—[ਧੰਦ-ਲਾ] ਪੁ. ਧੋਖਾ, ਮਕਰ, ਛਲ, ਫ਼ਰੇਬ।
[धंद-ला] पु० धोखा, छल, कपट, प्रवंचना।

دھندلا—[ਧੁੰਦ-ਲਾ] ਵਿ. ਹਨੇਰਾ, ਬੇਨੂਰ, ਧੁੰਏਂ ਰੰਗਾ, ਗੰਧਲਾ।
[धुंध-ला] वि० अंधेरा; ज्योति रहित, धुएं जैसा, गंदला।

دھندلکا—[ਧੁੰਦਲਕਾ] ਪੁ. ਪਰਭਾਤ ਦਾ ਹਨੇਰਾ।
[धुंधलका] पु० उषा काल, प्रभात का अन्धकार।

دھنک—[ਧਨਕ] ਵਿ. ਕਮਾਨ, ਬੱਦਲਾਂ ਦੀ ਪੀਂਘ, ਸਤਰੰਗੀ ਪੀਂਘ; ਪਤਲਾ ਗੋਟਾ; ਇਕ ਪ੍ਰਕਾਰ ਦਾ ਤੀਵੀਆਂ ਦਾ ਦੁਪੱਟਾ।
[धनक] स्त्री० धनुष; इन्द्र धनुष; पतला गोटा, एक प्रकार का पतला दुपट्टा।

دھنک دھاری—[ਧਨਕ ਧਾਰੀ] ਪੁ. ਤੀਰ ਕਮਾਨ ਵਾਲਾ, ਧਨੁਸ਼ਧਾਰੀ।
[धनक धारी] पु० धनुर्धारी, धनुष बाण धारण करने वाला।

دھن کٹی—[ਧਨ ਕੁੱਟੀ] ਇ. ਉੱਖਲੀ ਮੋਹਲਾ, ਛੱਟ ਮੋਹਲਾ।
[धन कुट्टी] स्त्री० धान कूटने की ओखली और मूसल।

دھن کٹی کرنا—[ਧਨ ਕੁੱਟੀ ਕਰ-ਨਾ] ਮੁਹਾ. ਧਨ ਕੁੱਟ ਕੇ ਚਾਉਲ ਕੱਢਣਾ; ਖ਼ੂਬ ਕੁੱਟਣਾ।
[धन कुट्टी कर-ना] मुहा० धान कूट कर चावल निकालना; अच्छी प्रकार कूटना।

دھنکنا—[ਧੁਨਕ-ਣਾ] ਕ੍ਰਿ. ਸਕ. ਪਿੰਜਣਾ, ਰੂੰ ਪਿੰਜ ਕੇ ਸਾਫ਼ ਕਰਨਾ; ਮਾਰ ਕੁਟਾਈ ਕਰਨਾ।
[धुनक-ना] क्रि० सक० धुनना, रूई धुन कर साफ़ करना; मार पीट करना।

دھنکی—[ਧੁਨ-ਕੀ] ਇ. ਪੇਂਜੇ ਦੀ ਰੂੰ ਪਿੰਜਣ ਵਾਲੀ ਕਮਾਣ।
[धुन-की] स्त्री० धुनिये की रूई धीजने वाली कमान, पीजन।

دھننا—[ਧੁਨ-ਨਾ] ਕ੍ਰਿ. ਸਕ. ਪਿੰਜਣਾ; ਮਾਰਨਾ।
[धुन-ना] क्रि० सक० पींजना; पीटना।

دھنی—[ਧਨੀ] ਪੁ. ਅਮੀਰ, ਧਨਵਾਨ; ਭਾਗਵਾਨ; ਖ਼ੁਸ਼ਨਸੀਬ, ਕਰਮਾਂ ਵਾਲਾ; ਪੱਕਾ ਉਸਤਾਦ; ਕਿਸੇ ਗੁਣ ਦਾ ਪੂਰਾ ਪੂਰਾ ਵਾਕਫ਼; ਪਤੀ, ਮਾਲਿਕ, ਮਾਲਕ।
[धनी] पु० धनवान, धनाढ्य; भाग्यशाली, सौभाग्यशाली; निपुण, किसी गुण में पूर्णतया दक्ष; पति, स्वामी, कांत, अमीर।

دھنیا—[ਧੁਨਿਆ] ਪੁ. ਰੂੰ ਪਿੰਜਣ ਵਾਲਾ, ਪੇਂਜਾ।
[धुनिया] पु० रूई धुनने वाला, बेहना।

دھنیت—[ਦੁਹ-ਨੀਯਤ] ਅਰ. ਇ. ਥਿੰਧਾ, ਚਿਕਨਾਈ, ਚਰਬੀ।
[दुह-नीयत] अर० स्त्री० चिकनाई, चिकनाहट, चर्बी।

دھنیے دی کھوپری وچ پانی پیاؤنا—[ਧੁਨਿਏ ਦੀ ਖੋਪਰੀ ਮੇਂ ਪਾਨੀ ਪਿਲਾਨਾ] ਮੁਹਾ. ਬਹੁਤ ਤੰਗ ਕਰਨਾ, ਬੜਾ ਦੁਖੀ ਕਰਨਾ।
[धुनिये की खोपरी में पानी पिलाना] मुहा० बहुत तंग करना, बहुत दुखी करना।

دھواں—[ਧੂਆਂ] ਪੁ. ਕਿਸੇ ਚੀਜ਼ ਦੇ ਸੜਨ ਨਾਲ ਉੱਪਰ ਨੂੰ ਉੱਠਣ ਵਾਲਾ ਕਾਲੇ ਰੰਗ ਦਾ ਗ਼ੁਬਾਰ, ਧੂੰ।
[धुआं] पु० किसी चीज़ के जलने से ऊपर को उठने वाला काले रंग का गुबार, धूम।

دھواں دھار—[ਧੂਆਂ ਧਾਰ] ਵਿ. ਬਹੁਤ ਹੀ ਕਾਲੀ; ਬੇਹੱਦ।
[धुआं धार] वि० बहुत ही काला; अत्यधिक।

دھواں دھار برسنا—[ਧੂਆਂ ਧਾਰ ਬਰਸ-ਣਾ] ਮੁਹਾ. ਬਹੁਤ ਜ਼ੋਰ ਨਾਲ ਵੱਸਣਾ।
[धुआं धार बरस-ना] मुहा० बहुत ज़ोर से बरसना; मूसलाधार वर्षा होना।

دھواں دھار ہونا—[ਧੂਆਂ ਧਾਰ ਹੋਣਾ] ਮੁਹਾ. ਘੁਪ ਹਨੇਰਾ ਹੋਣਾ।
[धुआं धार होना] मुहा० घोर अन्धकार होना।

دھوئیں اڈانا—[ਧੂਏਂ ਉਡਾਨਾ] ਮੁਹਾ. ਪੁਰਜ਼ੇ ਉਡਾਉਣਾ, ਮਾਰ ਕੇ ਖ਼ਰਾਬ ਕਰ ਦੇਣਾ, ਬਰਬਾਦ ਕਰ ਦੇਣਾ।
[धुएं उड़ाना] मुहा० धज्जियां उड़ाना, जला कर राख कर देना, नष्ट कर देना।

دھوئیں بکھیرنا—[ਧੂਏਂ ਬਖੇਰ-ਨਾ] ਮੁਹਾ. ਨੁਕਤਾ ਚੀਨੀ ਕਰਨਾ; ਖ਼ੂਬ ਖ਼ਬਰ ਲੈਣਾ।
[धुएं बखेर-ना] मुहा० आलोचना करना; आड़े हाथों लेना।

دھوئیں دے بادل اڈانا—[ਧੂਏਂ ਕੇ ਬਾਦਲ ਉਡਾਨਾ] ਮੁਹਾ. ਹੁੱਕੇ ਦੇ ਸੂਟੇ ਲਾ ਕੇ ਧੂਆਂ ਉਡਾਉਣਾ; ਫ਼ਜ਼ੂਲੀਆਂ ਗੱਲਾਂ ਕਰਨਾ।
[धुएं के बादल उड़ाना] मुहा० हुक्के के कश से धुआं उड़ाना; व्यर्थ की बातें करना।

دھوبن—[ਧੋਬਣ] ਇ. ਕਪੜੇ ਧੋਣ ਵਾਲੀ ਤੀਵੀਂ, ਧੋਬੀ ਦੀ ਘਰਵਾਲੀ।
[धोबन] स्त्री० कपड़े धोने वाली स्त्री, धोबी की पत्नी।

دھوبی—[ਧੋਬੀ] ਪੁ. ਕਪੜੇ ਧੋਣ ਵਾਲਾ, ਧੋਬਾ।
[धोबी] पु० कपड़े धोने का काम करने वाला, रजक।

دھوبی پاٹ—[ਧੋਬੀ ਪਾਟ] ਪੁ. ਧੋਬੀ ਦਾ ਕਪੜੇ ਧੋਣ ਵਾਲਾ ਪਟੜਾ ਜਾਂ ਫੱਟਾ; ਧੋਬੀ ਪਟੜਾ, ਕੁਸ਼ਤੀ ਦਾ ਇਕ ਦਾਉ।
[धोबी पाट] पु० धोबी का कपड़े धोने वाला पटरा; कुश्ती का एक दांव।

—دھوبی پٹڑا—[ਧੋਬੀ ਪਟ-ੜਾ] ਪੁ. ਦੇਖੋ : دھوبی پاٹ
[धोबी पट-ड़ा] पु० देखो : دھوبی پاٹ

—دھوبی دا چھیلا—[ਧੋਬੀ ਦਾ ਛੈਲਾ] ਪੁ. ਪਰਾਏ ਮਾਲ ਤੇ ਆਪਣਾ ਰਾਅਬ; ਦੂਜੇ ਦੇ ਮਾਲ ਤੇ ਸ਼ੇਖ਼ੀਆਂ ਮਾਰਨ ਵਾਲਾ।
[धोबी का छैला] पु० दूसरे के माल पर अकड़ने वाला; दूसरे के माल पर डींग मारने वाला।

—دھوبی دا کتا—[ਧੋਬੀ ਦਾ ਕੁੱਤਾ] ਵਿ. ਇਧਰ ਦਾ ਨਾ ਉਧਰ ਦਾ।
[धोबी का कुत्ता] वि० न इधर का न उधर का।

—دھوبی دا کتا گھر دا نہ گھاٹ دا—[ਧੋਬੀ ਦਾ ਕੁੱਤਾ ਘਰ ਦਾ ਨਾ ਘਾਟ ਦਾ] ਅਖੌ. ਉਹ ਆਦਮੀ ਜਿਸ ਦਾ ਘਰ ਟਿਕਾਣਾ ਕੋਈ ਨਾ ਹੋਵੇ; ਜਦੋਂ ਕੋਈ ਆਦਮੀ ਕਿਸੇ ਪਾਸੇ ਜੋਗਾ ਨਾ ਰਹੇ ਤਾਂ ਕਹਿੰਦੇ ਹਨ।
[धोबी का कुत्ता घर का न घाट का] लोको० वह मनुष्य जिस का घर बार कोई न हो; जब कोई किसी तरफ़ का न रहे तब ऐसा कहते हैं।

دھوپ—[ਧੁਪ] ਇ. ਧੁੱਪ, ਸੂਰਜ ਦੀ ਰੌਸ਼ਨੀ, ਸੂਰਜ ਦੀ ਗਰਮੀ; ਧੂਪ।
[धूप] स्त्री० धूप, सूर्य का प्रकाश, सूर्य की गर्मी; धूप।

—دھوپ چھاں—[ਧੁਪ ਛਾਂ] ਇ. ਚਾਨਣ ਤੇ ਛਾਂ; ਇਕ ਪਰਕਾਰ ਦਾ ਰੇਸ਼ਮੀ ਕਪੜਾ।
[धूप छाँ] स्त्री० प्रकाश और छाया, एक प्रकार का रेशमी कपड़ा।

—دھوپ چھاؤں—[ਧੁਪ ਛਾਉਂ] ਇ. ਦੇਖੋ : دھوپ چھاں
[धूप छाओं] स्त्री० देखो : دھوپ چھاں

—دھوپ دان—[ਧੂਪ-ਦਾਨ] ਪੁ. ਧੂਪ ਦਾਨ, ਉਹ ਭਾਂਡਾ ਜਿਸ ਵਿਚ ਧੂਪ ਧੁਖਾਉਂਦੇ ਹਨ।
[धूप-दान] पु० धूप दान, वह बरतन जिसमें धूप जलाते हैं।

—دھوپ دانی—[ਧੂਪ ਦਾਨੀ] ਇ. ਦੇਖੋ : دھوپ دان
[धूप दानी] स्त्री० देखो : دھوپ دان

—دھوپ کھانا—[ਧੁਪ ਖਾਣਾ] ਮੁਹਾ. ਗਰਮੀ ਵਿਚ ਬੈਠਣਾ, ਧੁੱਪ ਸੇਕਣਾ।
[धूप खाना] मुहा० गर्मी में बैठना, धूप सेंकना।

—دھوپ لینا—[ਧੁਪ ਲੈਣਾ] ਮੁਹਾ. ਦੇਖੋ : دھوپ کھانا
[धूप लेना] मुहा० देखो : دھوپ کھانا

دھوپ گھڑی—[ਧੁਪ ਘੜੀ] ਇ. ਇਕ ਪਰਕਾਰ ਦੀ ਘੜੀ ਜਿਸ ਉੱਤੇ ਸੂਰਜ ਦੀ ਧੁਪ ਨਾਲ ਵਕਤ ਵੇਖਦੇ ਹਨ, ਧੁੱਪ ਘੜੀ।
[धूप घड़ी] स्त्री० एक प्रकार की घड़ी जिस पर सूर्य की धूप से समय देखते हैं; धूप घड़ी।

دھوتو—[ਧੂਤੂ] ਪੁ. ਬਿਗਲ, ਮੂੰਹ ਨਾਲ ਵਜਾਉਣ ਵਾਲਾ ਵਾਜਾ; ਲਾਊਡ ਸਪੀਕਰ।
[धूतू] पु० बिगल, मुंह से बजाने वाला बाजा; लाउड स्पीकर।

دھوتی—[ਧੋਤੀ] ਇ. ਸਾਧਣੀ, ਤੀਵੀਆਂ ਦੇ ਲੱਕ ਦਾ ਇਕ ਕਪੜਾ।
[धोती] स्त्री० साड़ी, स्त्रियों की शाटिका।

دھورا—[ਧੂੜਾ] ਪੁ. ਧੂੜਾ, ਪੀਸੀ ਹੋਈ ਦਵਾ ਜੋ ਜ਼ਖ਼ਮਾਂ ਆਦਿ ਤੇ ਧੂੜਦੇ ਹਨ।
[धूरा] पु० चूर्ण, पिसी हुई औषधि जो घावों पर लगाई जाती है।

دھوکا—[ਧੋਕਾ] ਪੁ. ਧੋਖਾ, ਛਲ, ਫ਼ਰੇਬ, ਠੱਗੀ; ਭੁਲੇਖਾ।
[धोखा] पु० धोखा, छल, कपट, प्रवंचना, ठगी; भ्रम।

—دھوکا دھی—[ਧੋਕਾ ਦਿਹੀ] ਇ. ਠੱਗੀ, ਫ਼ਰੇਬ ਬਾਜ਼ੀ, ਧੋਖੇ ਤੋਂ ਕਿਰ ਜਾਣ ਦਾ ਭਾਵ।
[धोखा दिही] स्त्री० ठगी, छल, कपट, अपनी बात से मुकरने का भाव।

—دھوکے باز—[ਧੋਕੇ ਬਾਜ਼] ਪੁ. ਠੱਗ, ਛਲੀਆ, ਫ਼ਰੇਬੀ।
[धोखे बाज़] पु० वंचक, बटमार, छलिया, कपटी।

—دھوکے کی ٹٹی—[ਧੋਕੇ ਦੀ ਟੱਟੀ] ਇ. ਦਿਖਾਵੇ ਦੀ ਚੀਜ਼, ਠੱਗਣ ਵਾਲੀ ਚੀਜ਼।
[धोखे की टट्टी] स्त्री० दिखावे की वस्तु, ठगने वाली वस्तु।

دھول—[ਧੂਲ] ਇ. ਧੂੜ, ਗਰਦਾ, ਘੱਟਾ।
[धूल] स्त्री० धूलि, मिट्टी।

دھول اڑانا—[ਧੂਲ ਉਡਾਣਾ] ਮੁਹਾ. ਆਵਾਰਾ ਫਿਰਦੇ ਰਹਿਣਾ; ਬਦਨਾਮ ਕਰਨਾ।
[धूल उड़ाना] मुहा० व्यर्थ घूमना; कलंकित करना।

—دھول جھاڑنا—[ਧੂਲ ਝਾੜ-ਣਾ] ਮੁਹਾ. ਮਾਰਨਾ, ਕੁੱਟਣਾ, ਖ਼ਬਰ ਲੈਣਾ।
[धूल झाड़-ना] मुहा० मारना पीटना, ख़बर लेना।

دھول—[ਧੌਲ] ਇ. ਧੱਫਾ।
[धौल] स्त्री० चपत।

—دھول دھپا—[ਧੌਲ ਧੱਪਾ] ਪੁ. ਥੱਪੜ, ਮੁੱਕਾ, ਚਪੇੜ, ਮਾਰ ਪਿੱਟ।
[धौल धप्पा] पु० चपत, मार पीट।

دھولا—[ਧੌਲਾ] ਵਿ. ਚਿੱਟਾ, ਸਫ਼ੈਦ।
[धौला] वि० सफ़ेद, श्वेत।

دھولیا پیر—[ਧੁਲਿਆ ਪੀਰ] ਪੁ. ਧੋਬੀਆਂ ਦਾ ਇਕ ਮਨੋਕਲਪਤ ਪੀਰ।
[धुलिया पीर] पु० धोबियों का एक मनोकल्पित गुरु।

دھوم—[ਧੂਮ] ਇ. ਧੁੰਮ; ਰੌਲਾ ।
[धूम] स्त्री॰ धूम, प्रसिद्धि; शोर ।

دھوم دھام—[ਧੂਮ ਧਾਮ] ਇ. ਭੀੜ ਭਾੜ, ਰੌਲਾ ਰੱਪਾ, ਧਾਕ, ਰੋਹ ਰੋਹ, ਸ਼ਾਨ ਸ਼ੌਕਤ ।
[धूम धाम] स्त्री॰ भीड़ भाड़, धाक, दबदबा; कोलाहल, शान शौकत ।

دھوم دھڑکا—[ਧੂਮ ਧੜਕਾ] ਪੁ ਵੇਖੋ : دھوم دھام
[धूम धड़का] पु॰ देखो : دھوم دھام

دھوما—[ਧੂਮਾ] ਪੁ. ਇਕ ਪਰਕਾਰ ਦਾ ਕਬੂਤਰ ।
[धूमा] पु॰ एक प्रकार का कबूतर ।

دھوں—[ਧੂੰ] ਇ. ਤੋਪ ਜਾਂ ਬੰਦੂਕ ਦੀ ਆਵਾਜ਼ ।
[धूं] स्त्री॰ तोप अथवा बन्दूक की आवाज़ ।

دھوں—[ਧੌਂਠ] ਪੁ. ਅੱਧਾ ਮਣ, ਵੀਹ ਸੇਰ ।
[धौन] पु॰ आध मन का वज़न, बीस सेर का तोल ।

دھونا—[ਧੂਣਾ] ਪੁ. ਇਕ ਪਰਕਾਰ ਦੀ ਗੂੰਦ ਜਿਸ ਨੂੰ ਬੜੀ ਛੇਤੀ ਅੱਗ ਲਗਦੀ ਹੈ, ਰਾਲ ।
[धूना] पु॰ एक प्रकार की गोंद जिसे बड़ी जल्दी आग लगती है, राल ।

دھونس—[ਧੌਂਸ] ਇ. ਉਹ ਖ਼ਰਚ ਜੋ ਬਕਾਇਆ ਵਸੂਲ ਕਰਨ ਸਬੰਧੀ ਜ਼ਿਮੀਂਦਾਰ ਪਾਸੋਂ ਦਿਵਾਇਆ ਜਾਵੇ; ਧਮਕੀ; ਰੋਅਬ ।
[धौंस] स्त्री॰ वह खर्च जो अवशिष्ट रकम प्राप्त करने के कारण ज़िमींदार से दिलवाया जाता है; धमकी; रोब ।

دھونسا—[ਧੌਂਸਾ] ਪੁ. ਨਗਾਰਾ, ਦਮਾਮਾ ।
[धौंसा] पु॰ नगारा, दमामा ।

دھونسنا—[ਧੌਂਸ-ਣਾ] ਕ੍ਰਿ. ਸਕ. ਦਬਾਉਣਾ, ਠੋਸਣਾ; ਮਾਰਨਾ ਕੁੱਟਣਾ ।
[धौंस-ना] क्रि॰ सका॰ दबाना, ठौंसना; मारना, पीटना ।

دھونسیا—[ਧੌਂਸਿਯਾ] ਪੁ. ਫ਼ਰੇਬੀ, ਛਲੀਆ; ਉਹ ਮਨੁੱਖ ਜੋ ਮਾਲ ਗੁਜ਼ਾਰੀ ਵਸੂਲ ਕਰਨ ਜਾਂਦਾ ਹੈ ਤੇ ਆਪਣਾ ਖ਼ਰਚ ਮਾਲਗੁਜ਼ਾਰ ਪਾਸੋਂ ਵਸੂਲ ਕਰਦਾ ਹੈ ।
[धौंसिया] पु॰ कपटी, छलिया; वह मनुष्य जो मालगुज़ारी लेने जाता है और अपना खर्च लगान देने वाले से लेता है ।

دھونک—[ਧੌਂਕ] ਇ. ਦਮਾ; ਦਿਲ ਦੀ ਗਰਮੀ ਦੇ ਕਾਰਨ ਲੱਗੀ ਬਹੁਤ ਪਿਆਸ ।
[धौंक] स्त्री॰ दमा; दिल की गर्मी के कारण लगी हुई प्यास ।

دھونکنی—[ਧੌਂਕਣੀ] ਇ. ਵੇਖੋ : دھونک
[धौंकनी] स्त्री॰ देखो : دھونک

دھونکنا—[ਧੌਂਕ-ਣਾ] ਕ੍ਰਿ. ਸਕ. ਅੱਗ ਬਾਲਣਾ, ਅੱਗ ਨੂੰ ਫੂਕਣਾ ।
[धौंक-ना] क्रि॰ सका॰ आग जलाना, आग फूँकना ।

دھونکنی—[ਧੌਂਕਣੀ] ਇ. ਅੱਗ ਨੂੰ ਹਵਾ ਦੇਣ ਵਾਲੀ ਖੱਲ ।
[धौंक-नी] स्त्री॰ आग को हवा देने वाली खाल ।

دھونی—[ਧੂਣੀ] ਇ. ਧੂਆਂ, ਫ਼ਕੀਰਾਂ ਦੀ ਅੱਗ ਦਾ ਢੇਰ ।
[धूनी] स्त्री॰ धूआं, फ़कीरों की आग का ढेर ।

دھونی جگانا—[ਧੂਣੀ ਜਗਾਣਾ] ਮੁਹਾ. ਫ਼ਕੀਰ ਹੋਣਾ, ਦੁਨੀਆਂ ਤਿਆਗਣਾ ।
[धूनी जगाना] मुहा॰ साधु बनना, संसार का त्याग करना ।

دھونی رمانا—[ਧੂਣੀ ਰਮਾਣਾ] ਮੁਹਾ. ਵੇਖੋ : دھونی جگانا
[धूनी रमाना] मुहा॰ देखो : دھونی جگانا

دھونی لگانا—[ਧੂਣੀ ਲਗਾਣਾ] ਮੁਹਾ. ਵੇਖੋ : دھونی جگانا
[धूनी लगाना] मुहा॰ देखो : دھونی جگانا

دھویا دیدہ—[ਧੋਤਾ ਦੀਦਾ] ਵਿ. ਬੇਸ਼ਰਮ, ਬੇਗ਼ੈਰਤ, ਬੇਹਯਾ ।
[धोया दीदः] वि॰ निर्लज्ज, बेशरम, लज्जा रहित ।

دھے—[ਦਹੇ] ਪੁ. ਮੁਹੱਰਮ ਦਾ ਦਸਵਾਂ ਦਿਨ, ਤਾਜ਼ੀਏ ।
[दहे] पु॰ मुहर्रम का दसवां दिन, ताज़िये ।

دھیانی—[ਧਿਆਣੀ] ਇ ਵਿ. ਧਿਆਨ ਲਾਉਣ ਵਾਲਾ; ਬਿਰਤੀ ਲਾਉਣ ਵਾਲਾ; ਧੀ, ਭੈਣ, ਭਤੀਜੀ ਆਦਿ ।
[ध्यानी] वि॰ स्त्री॰ ध्यान लगाने वाला; वृत्ति लगाने वाला; लड़की, बहन; भतीजी आदि ।

دھیر—[ਧੀਰ] ਇ. ਧੀਰਜ, ਸ਼ਾਂਤੀ, ਸਬਰ ।
[धीर] स्त्री॰ धैर्य, शांति, सन्तोष ।

دھیرا—[ਧੀਰਾ] ਇ. ਸ਼ਾਂਤੀ ਵਾਲਾ, ਧੀਰਜ ਵਾਲਾ, ਧੀਮਾ ।
[धीरा] वि॰ धैर्यवान, सन्तोषी, शांत प्रकृति का ।

دھیرج—[ਧੀਰਜ] ਪੁ. ਸ਼ਾਂਤੀ, ਸਬਰ ।
[धीरज] पु॰ शांति, सन्तोष ।

دھیرج دھرنا—[ਧੀਰਜ ਧਰ-ਣਾ] ਮੁਹਾ. ਸਬਰ ਕਰਨਾ ।
[धीरज धर-ना] मुहा॰ सन्तोष करना ।

دھیرے دھیرے—[ਧੀਰੇ ਧੀਰੇ] ਕ੍ਰਿ. ਵਿ. ਹੌਲੀ ਹੌਲੀ, ਸਹਿਜੇ ਸਹਿਜੇ, ਦਰਜਾ ਬਦਰਜਾ ।
[धीरे धीरे] क्रि॰ वि॰ शनैः शनैः, आहिस्ता आहिस्ता, क्रमशः ।

دھیز—[ਦਿਹੇਜ, ਦ-ਹੇਜ] ਪੁ. ਦਾਜ ।
[दिहेज, द-हेज] पु॰ दहेज ।

دھیما—[ਧੀਮਾ] ਇ. ਸੁਸਤ, ਹਲਕਾ, ਮੱਧਮ, ਨੀਵਾਂ ।
[धीमा] वि॰ सुस्त, हल्का, मन्द, साधारण से नीचा ।

دھیمر—[ਧੀਮਰ] ਪੁ. ਵਿ. ਝਾਂਬਾ ਕਲੇਜਾ, ਹਬਸ਼ੀ; ਕਹਾਰ; ਮਾਛੀ, ਮਾਹੀਗੀਰ ।

[धीमर] पु० वि० काला, जंगली; कहार; धीवर; मछुआ, मछली पकड़ने और बेचने वाला।

دھینگ—[ਧੀਂਗ] ਵਿ. ਪੁ. ਮੁਸ਼ਟੰਡਾ, ਮੋਟਾ, ਤਾਜ਼ਾ।

[धींग] वि० पु० हृष्ट पुष्ट, मोटा, शक्तिशाली।

—دھینگا—[ਧੀਂਗਾ] ਵਿ. ਪੁ. ਮੁਸ਼ਟੰਡਾ, ਮੋਟਾ, ਤਾਜ਼ਾ।

[धींगा] वि० पु० हृष्ट पुष्ट, बलवान, शक्तिशाली।

—دھینگا دھینگی—[ਧੀਂਗਾ ਧੀਂਗੀ] ਕ੍ਰਿ. ਵਿ. ਜ਼ਬਰਦਸਤੀ, ਅੰਨ੍ਹੇਵਾਹੀ, ਜ਼ੋਰ ਨਾਲ।

[धींगा धींगी] क्रि० वि० जबरदस्ती, उचित अनुचित का विचार न करते हुए, बल प्रयोग करते हुए।

—دھینگا مشتی—[ਧੀਂਗਾ ਮੁਸ਼-ਤੀ] ਇ. ਧੱਕੇ ਧਾਣੀ, ਮੁੱਕੋ ਘਸੁੰਨੀ, ਕੁਸ਼ਤੀ।

[धींगा मुश-ती] स्त्री० हाथापाई, भिड़ंत; कुश्ती।

دھیوت—[ਧੈਵਤ] ਪੁੰ. ਪੁ. ਸੱਤਾਂ ਵਿੱਚੋਂ ਇਕ ਸੁਰ।

[धैवत] सं० पु० सात सुरों में से एक सुर।

دی—[ਦੀ] ਫ਼ਾ. ਪੁ. ਕਲ੍ਹ, ਬੀਤਿਆ ਹੋਇਆ ਕਲ੍ਹ ਦਾ ਦਿਨ।

[दी] फ़ा० कल, बीता हुआ कल का दिन।

دے—[ਦੇ] ਫ਼ਾ. ਪੁ. ਚੰਨ ਦਾ ਦਸਵਾਂ ਮਹੀਨਾ।

[दै] फ़ा० पु० चांद का दसवां मास।

دیا—[ਦਿਆ, ਦੀਆ] ਪੁ. ਦੀਵਾ, ਜੋਤ।

[दिया, दीआ] पु० दीपक, ज्योति।

—دیا بتی کرنا—[ਦਿਆ ਬੱਤੀ ਕਰ-ਨਾ] ਮੁਹਾ. ਦੀਵਾ ਜਗਾਉਣਾ।

[दिया बत्ती कर-ना] मुहा० दीपक जलाना।

—دیا سلائی—[ਦਿਆ ਸਲਾਈ] ਇ. ਅੱਗ ਬਾਲਣ ਵਾਲੀ ਤੀਲੀ; ਲੜਾਈ ਦੀ ਅੱਗ ਭੜਕਾਉਣ ਵਾਲੀ ਤੀਵੀਂ।

[दिया सलाई] स्त्री० आग जलाने वाली तीली; कलह की आग भड़काने वाली स्त्री।

دیار—[ਦਿਆਰ] ਫ਼ਾ. ਪੁ. ਇ. ਮੁਲਕ, ਦੇਸ; ਇਕ ਪਰਕਾਰ ਦੀ ਇਮਾਰਤੀ ਲਕੜੀ।

[दियार] फ़ा० पु० स्त्री० देश; एक प्रकार की इमारती लकड़ी।

دیارا—[ਦਿਆਰਾ] ਪੁ. ਉਹ ਭੋਂ ਜੋ ਦਰਿਆ ਦੇ ਪਿੱਛੇ ਹੱਟ ਜਾਣ ਨਾਲ ਬਣਦੀ ਹੈ।

[दियारा] पु० वह भूमि जो नदी के पीछे हट जाने से बन जाती है।

دیا قوزہ - دیا قوزا—[ਦਿਆ ਕੂਜ਼ਾ:, (ਕੂਜ਼ਾ)] ਪੁ. ਖੰਘ ਲਈ ਇਕ ਮਾਜੂਨ।

[दिया कूज़ः (कूज़ा)] पु० खांसी के लिए एक किस्म का माजून।

دیانت—[ਦਿਆਨਤ] ਅਰ. ਇ. ਈਮਾਨਦਾਰੀ, ਸਚਾਈ।

[दियानत] अर० स्त्री० ईमानदारी, सत्य निष्ठा।

—دیانتدار—[ਦਿਆਨਤ ਦਾਰ] ਵਿ. ਈਮਾਨਦਾਰ; ਧਰਮੀ, ਸੱਚਾ।

[दियानतदार] वि० ईमानदार, धर्मी, सच्चा।

—دیانتداری—[ਦਿਆਨਤ ਦਾਰੀ] ਇ. ਈਮਾਨਦਾਰੀ, ਸਚਾਈ।

[दियानतदारी] स्त्री० ईमानदारी, सच्चाई।

دیبا—[ਦੇਬਾ, ਦੀਬਾ] ਫ਼ਾ. ਪੁ. ਫੁੱਲਾਂ ਬੂਟਿਆਂ ਵਾਲਾ ਇਕ ਬਰੀਕ ਰੇਸ਼ਮੀ ਕਪੜਾ, ਅਤਲਸ।

[देबा, दीबा] फ़ा० पु० बेल बूटों वाला एक पतला रेशमी कपड़ा।

دیباجہ—[ਦੀਬਾਜਾ:] ਅਰ. ਪੁ. ਭੂਮਿਕਾ।

[दीबाजः] अर० पु० भूमिका।

دیباچہ—[ਦੀਬਾਚਾ:] ਫ਼ਾ. ਪੁ. ਭੂਮਿਕਾ।

[दीबाचः] फ़ा० पु० भूमिका।

دیپک—[ਦੀਪਕ] ਪੁ. ਦੀਵਾ, ਜੋਤ, ਚਾਨਣ; ਇਕ ਪਰਕਾਰ ਦੀ ਆਤਸ਼ਬਾਜ਼ੀ; ਇਕ ਰਾਗ ਦਾ ਨਾਂ।

[दीपक] पु० दिया, ज्योति, प्रकाश; एक प्रकार की आतिश-बाजी; एक राग का नाम।

دیپ مالا—[ਦੀਪ-ਮਾਲਾ] ਇ. ਦਿਵਾਲੀ।

[दीप-माला] स्त्री० दीवाली।

دیجور—[ਦੈਜੂਰ] ਫ਼ਾ. ਪੁ. ਵਿ. ਹਨੇਰੀ ਰਾਤ, ਹਨੇਰਾ; ਕਾਲਾ, ਸਿਆਹ।

[दैजूर] फ़ा० पु० वि० अंधेरी रात; काला।

دید—[ਦੀਦ] ਫ਼ਾ ਇ. ਦਰਸ਼ਨ, ਦੀਦਾਰ, ਨਜ਼ਾਰਾ, ਨਜ਼ਰ, ਨਿਗਾਹ।

[दीद] फ़ा० स्त्री० दर्शन, साक्षात्कार; दृश्य; दृष्टि, नजर, निगाह।

—دید نہ شنید—[ਦੀਦ ਨ: ਸ਼ੁਨੀਦ] ਫ਼ਾ. ਵਿ. ਵੇਖਿਆ ਨਾ ਸੁਣਿਆ, ਅਨੋਖਾ, ਅਦਭੁਤ।

[दीद न: शुनीद] फ़ा० वि० देखा न सुना, अनुपम, अद्भुत।

—دیدار—[ਦੀਦਾਰ] ਫ਼ਾ. ਪੁ. ਦਰਸ਼ਨ, ਸੂਰਤ, ਸ਼ਕਲ, ਚਿਹਰਾ, ਜਲਵਾ।

[दीदार] फ़ा० पु० दर्शन, साक्षात्कार, शक्ल, सूरत; आकार; मुख, जलवा।

—دیدار بازی—[ਦੀਦਾਰ ਬਾਜ਼ੀ] ਇ. ਘੂਰਾ ਘਾਰੀ, ਨਜ਼ਾਰਾ ਬਾਜ਼ੀ, ਵੇਖਣ ਦਾ ਭਾਵ।

[दीदार बाज़ी] स्त्री० देखा देखी, देखने का भाव।

—دیدارو—[ਦੀਦਾਰੂ] ਵਿ. ਸੋਹਣਾ, ਸੁਨੱਖਾ, ਸੋਹਣੀ ਸ਼ਕਲ ਵਾਲਾ।

[दीदारू] वि० सुन्दर, सुन्दर आकृति वाला

دیدان—[ਦੀਦਾਨ] ਫ਼ਾ. ਪੁ. ਕੀੜੇ; ਸਿਆਲੇ ਦਾ ਪਹਿਲਾ ਮਹੀਨਾ।
[दीदान] फ़ा० पु० कीड़े; जाड़े की ऋतु का प्रथम मास।
دیدوں کی صفائی—[ਦੀਦੇਂ ਦੀ ਸਫ਼ਾਈ] ਇ. ਨਿਰਲੱਜਤਾ, ਬੇਸ਼ਰਮੀ, ਬੇਹਯਾਈ, ਨਿਲੱਜਤਾ।
[दीदों की सफ़ाई] स्त्री० निर्लज्जता, बेशर्मी, लज्जा रहित होने का भाव।
دیدہ—[ਦੀਦ:] ਫ਼ਾ. ਪੁ. ਵਿ. ਅੱਖ, ਨੈਣ; ਵੇਖੀ ਹੋਈ ਚੀਜ਼।
[दीदः] फ़ा० पु० आँख, नेत्र, देखी हुई वस्तु।
—دیدہ پھٹی—[ਦੀਦ: ਫਟੀ] ਵਿ. ਇ. ਵੱਡੀਆਂ ਵੱਡੀਆਂ ਅੱਖੀਆਂ ਵਾਲੀ ਤੀਵੀਂ।
[दीदः फटी] वि० स्त्री० बड़ी बड़ी आँखों वाली स्त्री।
—دیدہ دلیل—[ਦੀਦ: ਦਲੇਲ] ਵਿ. ਢੀਠ, ਨਿਰਲੱਜ, ਬੇਸ਼ਰਮ।
[दीदः दलेल] वि० ढीठ, निर्लज्ज, बेशर्म।
—دیدہ دھوئی—[ਦੀਦ: ਧੋਈ] ਵਿ. ਇ. ਨਿਰਲੱਜ ਇਸਤਰੀ, ਬੇਹਯਾ ਔਰਤ।
[दीदः धोई] वि० स्त्री० निर्लज्ज स्त्री, बेशर्म औरत।
—دیدہ ریزی—[ਦੀਦ: ਰੇਜ਼ੀ] ਇ. ਅੱਖਾਂ ਲਈ ਬਰੀਕੀ ਵਾਲਾ ਕੰਮ।
[दीदः रेज़ी] स्त्री० आँखों के लिये बारीकी का काम।
—دیدہ و دانستہ—[ਦੀਦ: ਓ ਦਾਨਿਸ-ਤ:] ਕ੍ਰਿ. ਵਿ. ਜਾਣ ਬੁੱਝ ਕੇ, ਜਾਣਦਿਆਂ ਬੁੱਝਦਿਆਂ।
[दीदः ओ दानिस-तः] क्रि० वि० जान बूझ कर, समझ बूझ कर।
—دیدہ ور—[ਦੀਦ: ਵਰ] ਵਿ. ਦੂਰ ਦਰਸ਼ੀ, ਗਹਿਰੀ ਨਜ਼ਰ ਵਾਲਾ, ਸਿਆਣਾ।
[दीदःवर] वि० दूरदर्शी, सूक्ष्मदृष्टा, बुद्धिमान।
—دیدہ وری—[ਦੀਦ: ਵਰੀ, ਦੀਦਾਵਰੀ] ਇ. ਅੱਖਾਂ ਦੀ ਜੋਤ, ਵੇਖਣ ਸ਼ਕਤੀ; ਸਿਆਣਪ।
[दीदःवरी, दीदावरी] फ़ा० नेत्र-ज्योति, देखने की शक्ति; बुद्धिमत्ता।
—دیدے پتھم ہونا—[ਦੀਦੇ ਪਟਮ ਹੋਣਾ] ਮੁਹਾ. ਅੰਨ੍ਹਾ ਹੋਣਾ, ਅੱਖਾਂ ਦਾ ਜਾਂਦੇ ਰਹਿਣਾ।
[दीदे पटम होना] मुहा० अंधा होना, नेत्र हीन होना।
—دیدے کا پانی ڈھل جانا—[ਦੀਦੇ ਦਾ ਪਾਣੀ ਢਲ ਜਾਣਾ] ਮੁਹਾ. ਨਿਰਲੱਜ ਹੋ ਜਾਣਾ।
[दीदे का पानी ढल जाना] मुहा० निर्लज्ज होना।
—دیدے کی صفائی—[ਦੀਦੇ ਦੀ ਸਫ਼ਾਈ] ਇ. ਨਿਰਲੱਜਤਾ, ਢੀਠੀ, ਬੇਸ਼ਰਮੀ।
[दीदे की सफ़ाई] स्त्री० निर्लज्जता, ढिठाई, बेशर्मी।
دیر—[ਦੈਰ] ਫ਼ਾ. ਪੁ. ਬੁਤਸ਼ਾਲਾ, ਮੰਦਰ।
[दैर] फ़ा० पु० मूर्ति-पूजा का स्थान, मन्दिर।
دیر—[ਦੇਰ] ਫ਼ਾ. ਇ. ਦੇਰੀ, ਢਿੱਲ।
[देर] फ़ा० स्त्री० विलम्ब; ढील।
—دیر آید درست آید—[ਦੇਰ ਆਯਦ ਦੁਰੁਸ-ਤ ਆਯਦ] ਫ਼ਾ. ਅਖੌ. ਸਹਿਜ ਪਕੇ ਸੋ ਮੀਠਾ ਹੋ।
[देर आयद दुरुस-त आयद] फ़ा० लोको० सहज पके सो मीठा होवे।
دیر پا—[ਦੇਰ-ਪਾ] ਫ਼ਾ. ਵਿ. ਚਿਰਕਾਲ ਤਕ, ਪੱਕਾ।
[देर-पा] फ़ा० वि० अधिक चलने वाला, चिरस्थायी, पक्का।
دیرینہ—[ਦੇਰੀਨ:, ਦੀਰੀਨ:] ਵਿ. ਪੁਰਾਣਾ, ਕਦੀਮੀ; ਤਜਰਬੇਕਾਰ, ਘੁਰਾਂਟ।
[देरीनः, दीरीनः] वि० पुराना, प्राचीन; अनुभवी, घुराँट।
دیس—[ਦੇਸ] ਪੁ. ਵਤਨ, ਮੁਲਕ; ਇਕ ਰਾਗ ਦਾ ਨਾਂ।
[देस] पु० देश, प्रान्त, प्रदेश; एक राग का नाम।
—دیس بھاشا—[ਦੇਸ ਭਾਸ਼ਾ] ਇ. ਦੇਸ ਦੀ ਬੋਲੀ, ਮੁਲਕ ਦੀ ਜ਼ਬਾਨ।
[देस भाषा] स्त्री० प्रादेशिक भाषा, देश की भाषा।
—دیس بھاکھا—[ਦੇਸ-ਭਾਖਾ] ਇ. ਵੇਖੋ : دیس بھاشا।
[देस भाखा] स्त्री० देखो : دیس بھاشا।
—دیس چوری پردیس بھیک—[ਦੇਸ ਚੋਰੀ ਪਰ-ਦੇਸ ਭੀਖ] ਅਖੌ. ਦੇਸ ਚੋਰੀ ਪਰਦੇਸ ਭਿਛਿਆ; ਦੇਸ ਵਿਚ ਚੋਰੀ ਕਰਨ ਨਾਲੋਂ ਪਰਦੇਸ ਵਿਚ ਮੰਗ ਖਾਣਾ ਚੰਗਾ ਹੈ।
[देस चोरी पर-देस भीख] लोको० अपने देश में चोरी पराये देश में भिक्षा; अपने देश में चोरी करने से पराये देश में भिक्षा माँग कर खाना अच्छा है।
دیسا—[ਦੇਸਾ] ਪੁ. ਬਦਨਾਮੀ, ਬਖੇੜਾ, ਦਸੂੰ।
[देसा] पु० बदनामी, बखेड़ा।
دیسی—[ਦੇਸੀ] ਵਿ. ਵਤਨੀ, ਵਤਨ ਦਾ, ਆਪਣੇ ਦੇਸ ਵਿਚ ਘੜਿਆ ਹੋਇਆ।
[देसी] वि० स्वदेशी, देश का, अपने देश में बना हुआ।
دیش—[ਦੇਸ਼] ਪੁ. ਵੇਖੋ : دیس।
[देश] पु० देखो : دیس
—دیش بھاشا—[ਦੇਸ਼ ਭਾਸ਼ਾ] ਇ. ਵੇਖੋ : دیس بھاشا।
[देश भाषा] देखो : دیس بھاشا।
دیکھ بھال—[ਦੇਖ ਭਾਲ] ਇ. ਢੂੰਡ, ਤਲਾਸ਼; ਖੋਜ; ਪੜਤਾਲ, ਦੇਖਣ ਦਾ ਭਾਵ।
[देख भाल] स्त्री० खोज, तलाश, प्रयत्न; निरीक्षण, देखने का भाव।

ديكها بهالا—[ਦੇਖਾ ਭਾਲਾ] ਵਿ. ਅਜ਼ਮਾਇਆ ਹੋਇਆ, ਵੇਖਿਆ ਸੁਣਿਆ ।
[देखा भाला] वि॰ परखा हुआ, देखा सुना ।

ديكها بهالى—[ਦੇਖਾ ਭਾਲੀ] ਇ. ਭਾਲ, ਢੂੰਡ, ਤਲਾਸ਼; ਨਜ਼ਾਰਾ, ਦੀਦਾਰ ਬਾਜ਼ੀ ।
[देखा भाली] स्त्री॰ खोज, तलाश; देखने की क्रिया, दर्शन, देखते रहने का भाव ।

ديكهئے اونٹ كس كروٹ بيٹهتا ہے—[ਦੇਖੀਏ ਊਂਟ ਕਿਸ ਕਰਵਟ ਬੈਠ-ਤਾ ਹੈ] ਅਖੌ. ਦੇਖ ਸਾਡੇ ਕੀ ਸਿੱਟਾ ਨਿਕਲਦਾ ਹੈ ?
[देखिये ऊंट किस करवट बैठ-ता है] लोको॰ ईश्वर जाने क्या परिणाम निकलता है ।

ديگ—[ਦੇਗ] ਫ਼. ਇ. ਖਾਣਾ ਰਿੰਨ੍ਹਣ ਵਾਸਤੇ ਵੱਡਾ ਭਾਂਡਾ ।
[देग] फ़ा॰ स्त्री॰ खाने पकाने का बड़ा बरतन ।

ديگچه—[ਦੇਗ-ਚ:] ਫ਼ਾ. ਪੁ. ਛੋਟੀ ਦੇਗ, ਪਤੀਲਾ ।
[देग-च:] फ़ा॰ पु॰ छोटी देग, बड़ा पतीला ।

ديگچى—[ਦੇਗ-ਚੀ] ਫ਼ਾ. ਇ. ਪਤੀਲੀ ।
[देग-ची] फ़ा॰ स्त्री॰ पतीली ।

ديمک—[ਦੀਮਕ] ਫ਼ਾ. ਇ. ਸਿਉਂਕ, ਧੀਕ ।
[दीमक] फ़ा॰ स्त्री, वल्मीक ।

دين—[ਦੀਨ] ਅਰ. ਪੁ. ਮਜ਼੍ਹਬ, ਧਰਮ; ਵਿਸ਼ਵਾਸ; ਅਕੀਦਾ ।
[दीन] अर॰ पु॰ मज़हब, धर्म; विश्वास; निश्चय ।

دين پناه—[ਦੀਨ ਪਨਾਹ] ਵਿ. ਮੁਸਲਮਾਨ ਬਾਦਸ਼ਾਹ ਦਾ ਸਤਿਕਾਰਵਾਚੀ ਪਦ; ਦੀਨ ਦਾ ਰਾਖਾ ।
[दीन पनाह] वि॰ मुसलमान बादशाह का आदर सूचक पद; दीन का रक्षक ।

دين دار—[ਦੀਨਦਾਰ] ਵਿ. ਪੁ. ਮਜ਼੍ਹਬ ਦਾ ਪੱਕਾ, ਪਰਹੇਜ਼ਗਾਰ ।
[दीनदार] वि॰ पु॰ शरअ का पक्का, इस्लाम धर्म के सिद्धान्तों पर कट्टरता सहित अनुसरण करने वाला ।

دينداری—[ਦੀਨ-ਦਾਰੀ] ਇ. ਪਰਹੇਜ਼ਗਾਰੀ, ਧਰਮ ਦੀ ਪਰਪੱਕਤਾ, ਮਜ਼੍ਹਬ ਦੀ ਪਾਬੰਦੀ ।
[दीन-दारी] स्त्री॰ परहेज़गारी, धर्म की दृढ़ता, इस्लाम के धार्मिक सिद्धान्तों की पाबन्दी ।

دين—[ਦੇਨ] ਇ. ਦਾਤ, ਬਖ਼ਸ਼ਸ਼, ਦੇਣ ।
[देन] स्त्री॰ दान, अनुदान, योगदान ।

دين—[ਦੇਨ] ਅਰ. ਪੁ. ਕਰਜ਼, ਉਧਾਰ ।
[देन] अर॰ पु॰ ऋण, उधार ।

دين دار—[ਦੇਨ-ਦਾਰ] ਵਿ. ਪੁ. ਦੇਣਦਾਰ, ਜਿਸ ਨੇ ਕਰਜ਼ ਲਿਆ ਹੋਵੇ ।
[देन-दार] वि॰ पु॰ देने वाला, जिसने ऋण लिया हो, ऋणी ।

دينا—[ਦੇਨਾ] ਕ੍ਰਿ. ਸਕ. ਸੌਂਪਣਾ; ਹਵਾਲੇ ਕਰਨਾ; ਵੇਚਣਾ; ਨਿਯਤ ਕਰਨਾ; ਜਣਨਾ, ਬੱਚੇ ਜੰਮਣਾ; ਪੇਸ਼ ਕਰਨਾ; ਚੁਕਾਉਣਾ (ਹਿਸਾਬ ਨੂੰ ਬਰਾਬਰ) ; ਮਾਰਨਾ; ਭਰਨਾ; ਡੰਡ ਭੁਗਤਣਾ ।
[देना] क्रि॰ सक॰ सौंपना; बेचना; नियत करना; जन्म देना; प्रस्तुत करना; जनना; हिसाब चुकाना; मारना; दण्ड भरना ।

دينار—[ਦੀਨਾਰ] ਅਰ. ਪੁ. ਸੋਨੇ ਦਾ ਇਕ ਸਿੱਕਾ ਜੋ ਢਾਈ ਰੁਪਏ ਦਾ ਹੁੰਦਾ ਹੈ ।
[दीनार] अर॰ पु॰ सोने का एक सिक्का जो ढाई रुपये का होता है ।

دينار سرخ—[ਦੀਨਾਰੇ ਸੁਰਖ਼] ਪੁ. ਸੋਨੇ ਦਾ ਇਕ ਸਿੱਕਾ ।
[दीनारे सुर्ख़] पु॰ सोने का एक सिक्का ।

دينى—[ਦੀਨੀ] ਵਿ. ਦੀਨ ਸੰਬੰਧੀ, ਦੀਨ ਨਾਲ ਸਬੰਧਤ, ਮਜ਼੍ਹਬੀ ।
[दीनी] वि॰ दीन, सम्बन्धी, धर्म से सम्बन्धित, मज़हबी ।

دينى باپ—[ਦੀਨੀ ਬਾਪ] ਪੁ. ਈਸਾਈਆਂ ਵਿਚ ਉਹ ਬਜ਼ੁਰਗ ਜੋ ਬੱਚੇ ਨੂੰ ਈਸਾਈ ਮਤ ਅਨੁਸਾਰ ਬਪਤਿਸਮਾ ਦੇਂਦਾ ਹੈ ।
[दीनी बाप] पु॰ ईसाईयों में वह बुज़ुर्ग जो बच्चे को ईसाई मतानुसार बपतिस्मा देता है ।

دينى بهائى—[ਦੀਨੀ ਭਾਈ] ਪੁ. ਧਰਮ ਭਰਾ, ਹਮ ਮਜ਼੍ਹਬ, ਧਰਮ ਦਾ ਭਰਾ ।
[दीनी भाई] पु॰ धर्म भाई, सहधर्मी, एक ही धर्म से सम्बन्ध रखने वाला ।

دينى بہن—[ਦੀਨੀ ਬਹਨ] ਇ. ਆਪਣੇ ਮਜ਼੍ਹਬ ਦੀ ਉਹ ਤੀਵੀਂ ਜਿਸ ਨੂੰ ਭੈਣ ਮੰਨ ਲਿਆ ਜਾਵੇ, ਧਰਮ ਭੈਣ ।
[दीनी बहन] स्त्री॰ अपने धर्म की वह स्त्री जिस को बहन मान लिया जाए, धर्म-बहन ।

دينيات—[ਦੀਨੀਯਾਤ] ਅਰ. ਇ. ਦੀਨ ਨਾਲ ਸੰਬੰਧ ਰੱਖਣ ਵਾਲੀਆਂ ਗੱਲਾਂ ।
[दीनीयात] अर॰ स्त्री॰ दीनों से सम्बन्धित बातें ।

ديو—[ਦੇਵ] ਫ਼ਾ. ਪੁ. ਜਿੰਨ, ਭੂਤ, ਜਿੰਨ; ਭਾਰੇ ਸਰੀਰ ਵਾਲਾ ਆਦਮੀ ।
[देव] फ़ा॰ पु॰ जिन्न, भूत प्रेत; भारी शरीर वाला मनुष्य ।

ديو زاد—[ਦੇਵ ਜ਼ਾਦ] ਫ਼ਾ. ਪੁ. ਜਿੰਨ ਦਾ ਜੰਮਿਆ ਹੋਇਆ, ਜਿੰਨ ਦਾ ਪੁੱਤਰ; ਭਾਰੇ ਸਰੀਰ ਵਾਲਾ ਮਨੁੱਖ ।
[देव ज़ाद] फ़ा॰ पु॰ राक्षस की सन्तान, देव का पुत्र; भारी शरीर वाला मनुष्य ।

ديوار—[ਦੀਵਾਰ] ਇ. ਕੰਧ ।
[दीवार] स्त्री॰ भीत ।

—دیوار اُٹھانا—[ਦੀਵਾਰ ਉਠਾਣਾ] ਮੁਹਾ. ਕੰਧ ਉਸਾਰਨਾ ।

[दीवार उठाना] मुहा० दीवार खड़ी करना ।

—دیوار چُننا—[ਦੀਵਾਰ ਚੁਨ-ਨਾ] ਮੁਹਾ. ਕੰਧ ਉਸਾਰਨਾ ।

[दीवार चुन-ना] मुहा० दीवार बनाना ।

